Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

All International Channels
MR IPTV
"Entertainment" is his middle name!
THE ULTIMATE IPTV SERVICES
*Live TV *4K Channels *Sports *Movies
*Documentaries *PPV *News
*Bollywood/Hollywood Movies
*Web Series *Music *Local Channels
ਆਈ ਪੀ ਟੀ ਵੀ ਲਾਓ ਅਤੇ ਆਪਣੇ ਪਸੰਦੀਦਾ ਪ੍ਰੋਗਰਾਮ ਘਰ ਬੈਠੇ ਦੇਖੋ!
CALL OR TEXT BOBBY: +1-909-278-7147

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 32; August 9, 2025
20451 N. Plum Grove Rd., Palatine, IL 60074
Ph:847-359-0746, Fax:847-705-9388

## ਟਰੰਪ ਦੀ ਟੈਰਿਫ਼ ਧਮਕੀ ਦਾ ਭਾਰਤ ਵਲੋਂ ਕਰਾਰਾ ਜਵਾਬ



**ਨਵੀਂ ਦਿੱਲੀ:** ਭਾਰਤ ਦੇ ਹਿੱਤਾਂ ਖ਼ਿਲਾਫ਼ ਲਗਾਤਾਰ ਬਿਆਨਬਾਜ਼ੀ ਕਰ ਰਹੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹੁਣ ਕੂਟਨੀਤੀ ਦੀਆਂ ਸਾਰੀਆਂ ਸੀਮਾਵਾਂ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕਾਰੋਬਾਰੀ ਸਮਝੌਤੇ ਨੂੰ ਲੈ ਕੇ ਭਾਰਤ ਸਰਕਾਰ ਦੇ ਦ੍ਰਿੜ੍ਹ ਰਵੱਈਏ ਨੂੰ ਦੇਖਦਿਆਂ ਟਰੰਪ ਨੇ ਹੁਣ ਧਮਕੀ ਦਿੱਤੀ ਹੈ ਕਿ ਉਹ ਭਾਰਤੀ ਦਰਾਮਦ 'ਤੇ ਟੈਕਸ ਦੀਆਂ ਦਰਾਂ ਵਿਚ ਹੋਰ ਵਾਧਾ ਕਰਨਗੇ। ਹਾਲਾਂਕਿ, ਆਪਣੇ ਪੁਰਾਣੇ ਰਵੱਈਏ ਦੇ ਅਨੁਸਾਰ, ਉਨ੍ਹਾਂ ਨਾ ਤਾਂ ਇਹ ਦੱਸਿਆ ਹੈ ਕਿ ਟੈਕਸ ਦੀਆਂ ਦਰਾਂ ਵਿਚ ਇਹ ਵਾਧਾ ਕਿੰਨਾ ਹੋਵੇਗਾ ਅਤੇ ਨਾ ਹੀ ਇਹ ਪਿਛਲੀ ਵਾਰ ਟਰੰਪ ਵੱਲੋਂ ਭਾਰਤ 'ਤੇ ਲਗਾਈ ਗਈ ਪੈਨਲਟੀ ਦੇ ਫ਼ੈਸਲੇ ਤੋਂ ਵੱਖਰਾ ਹੋਵੇਗਾ ਪਰ ਇਸ ਵਾਰ ਭਾਰਤ ਨੇ ਟਰੰਪ ਦੇ ਪੁਰਾਣੇ ਬਿਆਨਾਂ ਦੀ ਸਿੱਧੀ ਪ੍ਰਤੀਕਿਰਿਆ ਨਹੀਂ ਦਿੱਤੀ, ਸਗੋਂ ਇਸਨੂੰ ਸਿੱਧਾ ਖਾਰਜ ਕਰਦਿਆਂ ਅਨਿਆਪੂਰਨ ਅਤੇ ਅਕਾਰਨ ਕਰਾਰ ਦਿੱਤਾ ਹੈ। ਭਾਰਤ ਨੇ ਅਮਰੀਕਾ ਅਤੇ ਯੂਰਪੀ ਦੇਸ਼ਾਂ ਨੂੰ ਇਹ ਵੀ ਦਿਖਾਇਆ ਹੈ ਕਿ ਉਹ ਕਿਵੇਂ ਆਪਣੀਆਂ ਜ਼ਰੂਰਤਾਂ ਲਈ ਅਜੇ ਵੀ ਰੂਸ ਨਾਲ ਕਾਰੋਬਾਰ ਕਰ ਰਹੇ ਹਨ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਕਿਹਾ ਹੈ ਕਿ ਯੂਕਰੇਨ ਜੰਗ ਦੀ ਸ਼ੁਰੂਆਤ ਤੋਂ ਬਾਅਦ ਅਮਰੀਕਾ ਅਤੇ ਯੂਰਪੀ ਦੇਸ਼ ਭਾਰਤ 'ਤੇ ਨਿਸ਼ਾਨਾ ਲਗਾ ਰਹੇ ਹਨ। ਅਸਲ 'ਚ ਭਾਰਤ ਨੇ ਰੂਸ ਤੋਂ ਤੇਲ ਖਰੀਦਣ ਦੀ ਸ਼ੁਰੂਆਤ ਉਸ ਸਮੇਂ ਕੀਤੀ ਜਦੋਂ ਯੂਕਰੇਨ ਜੰਗ ਦੇ ਬਾਅਦ ਦੁਨੀਆ ਦੇ ਰਵਾਇਤੀ ਤੇਲ ਬਾਜ਼ਾਰਾਂ ਤੋਂ ਕੱਚਾ ਤੇਲ ਯੂਰਪ ਭੇਜਿਆ ਜਾਣ ਲੱਗਾ। ਭਾਰਤ, ਰੂਸ ਤੋਂ ਇਸ ਲਈ ਤੇਲ ਖਰੀਦਦਾ ਹੈ ਤਾਂ ਜੋ ਉਹ ਆਪਣੀ ਜਨਤਾ ਨੂੰ ਕਿਫਾਇਤੀ ਦਰਾਂ 'ਤੇ ਇੰਧਨ ਉਪਲੱਬਧ ਕਰਵਾ ਸਕੇ ਪਰ ਇਹ ਸੱਚ ਹੈ ਕਿ ਜੋ ਦੇਸ਼ ਭਾਰਤ 'ਤੇ ਦੋਸ਼ ਲਗਾ ਰਹੇ ਹਨ, ਉਹ ਖ਼ੁਦ ਹੀ ਰੂਸ ਨਾਲ ਕਾਰੋਬਾਰ ਕਰ ਰਹੇ ਹਨ। ਜਦਕਿ, ਇਹ ਉਨ੍ਹਾਂ ਲਈ ਰਾਸ਼ਟਰੀ ਹਿੱਤ ਦੀ ਗੱਲ ਨਹੀਂ ਹੈ। ਯੂਰਪੀ ਯੂਨੀਅਨ ਦਾ ਸਾਲ 2024 ਵਿਚ ਰੂਸ ਨਾਲ 67.5 ਅਰਬ ਯੂਰੋ ਦਾ ਦੋਪੱਖੀ ਕਾਰੋਬਾਰ ਸੀ।

ਇਹ ਭਾਰਤ ਦੇ ਰੂਸ ਨਾਲ ਕੁੱਲ ਕਾਰੋਬਾਰ ਤੋਂ ਵੱਧ ਸੀ। ਯੂਰਪ ਅਤੇ ਰੂਸ ਵਿਚ ਅਜੇ ਵੀ ਖਾਦ, ਮਾਈਨਿੰਗ ਉਤਪਾਦ, ਰਸਾਇਣ, ਲੋਹਾ ਅਤੇ ਇਸਪਾਤ ਆਦਿ ਦਾ ਕਾਰੋਬਾਰ ਹੋ ਰਿਹਾ ਹੈ। ਜਿੱਥੋਂ ਤੱਕ ਅਮਰੀਕਾ ਦੀ ਗੱਲ ਹੈ, ਉਹ ਅਜੇ ਵੀ ਰੂਸ ਤੋਂ ਯੂਰੇਨੀਅਮ ਦੀ ਖ਼ਰੀਦ ਕਰ ਰਿਹਾ ਹੈ ਅਤੇ ਆਪਣੀ ਇਲੈਕਟ੍ਰਿਕ ਵਾਹਨ ਉਦਯੋਗ ਲਈ ਰੂਸ ਤੋਂ ਪੈਲੇਡੀਅਮ ਖਰੀਦ ਰਿਹਾ ਹੈ। ਇਸ ਪਿਛੋਕੜ ਵਿਚ ਭਾਰਤ ਨੂੰ ਨਿਸ਼ਾਨਾ ਬਣਾਉਣਾ ਅਨਿਆਪੂਰਨ ਅਤੇ ਗ਼ਲਤ ਹੈ।

(ਬਾਕੀ ਸਫ਼ਾ 6 'ਤੇ)

### ਭਾਰਤ ਬਾਰੇ ਟਰੰਪ ਦੀ ਟਿੱਪਣੀ ਅਪਮਾਨਜਨਕ

**ਨਵੀਂ ਦਿੱਲੀ:** ਕਾਂਗਰਸੀ ਨੇਤਾ ਤੇ ਸਾਬਕਾ ਵਣਜ ਮੰਤਰੀ ਆਨੰਦ ਸ਼ਰਮਾ ਨੇ ਸੋਮਵਾਰ ਨੂੰ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਭਾਰਤ ਤੇ ਉਸਦੇ ਅਰਥਚਾਰੇ 'ਤੇ ਟਿੱਪਣੀਆਂ 'ਅਪਮਾਨਜਨਕ ਤੇ ਸਵੀਕਾਰਯੋਗ ਨਹੀਂ ਹਨ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਟਰੰਪ ਦੀ 'ਧਮਕੀ ਭਰੀ ਰਣਨੀਤੀ ਦੇ ਅੱਗੇ ਨਾ ਝੁਕੇ ਤੇ ਇਕ ਗ਼ੈਰ-ਲੁੜੀਂਦੇ ਵਪਾਰ ਸਮਝੌਤੇ 'ਤੇ ਦਸਤਖ਼ਤ ਨਾ ਕਰੇ। ਉਨ੍ਹਾਂ ਕਿਹਾ ਕਿ ਭਾਰਤ ਨੂੰ ਆਪਣੀ ਪ੍ਰਭੂਸੱਤਾ ਤੇ ਸਰਬਉੱਚ ਰਾਸ਼ਟਰੀ ਹਿੱਤਾਂ ਨੂੰ ਕਾਇਮ ਰੱਖਣਾ ਚਾਹੀਦਾ ਹੈ ਤੇ ਅਮਰੀਕਾ ਨਾਲ ਕਿਸੇ ਵੀ ਸਮਝੌਤੇ 'ਤੇ ਸੰਸਦ ਦੇ ਨਾਲ ਨਾਲ ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾਵਾਂ ਨੂੰ ਵਿਸ਼ਵਾਸ 'ਚ ਲੈਣਾ ਚਾਹੀਦਾ ਹੈ।

(ਬਾਕੀ ਸਫ਼ਾ 6 'ਤੇ)

## ਸੁਧਾਰ ਲਹਿਰ ਦਾ ਇਜਲਾਸ ਰੋਕਣ ਲਈ ਹੁਕਮਰਾਨੇ ਨਾਲ ਛੇੜਛਾੜ ਸੰਭਵ?

**ਚੰਡੀਗੜ੍ਹ:** ਅਕਾਲੀ ਦਲ ਦੀ ਸੁਧਾਰ ਲਹਿਰ, ਜਿਸ ਵਲੋਂ ਸਿੰਘ ਸਾਹਿਬਾਨ ਦੇ 2 ਦਸੰਬਰ, 2024 ਦੇ ਹੁਕਮਨਾਮਿਆਂ ਅਨੁਸਾਰ ਅਕਾਲੀ ਦਲ ਦੀ 15 ਲੱਖ ਦੀ ਭਰਤੀ ਕੀਤੀ ਗਈ ਹੈ ਅਤੇ ਪਾਰਟੀ ਦੇ ਡੈਲੀਗੇਟ ਇਜਲਾਸ ਲਈ 11 ਅਗਸਤ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਤੇਜਾ ਸਿੰਘ ਸਮੁੰਦਰੀ ਹਾਲ ਵੀ ਮੰਗਿਆ ਗਿਆ ਹੈ, ਪਰ ਸ਼੍ਰੋਮਣੀ ਕਮੇਟੀ ਵਲੋਂ ਇਹ ਮਾਮਲਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਭੇਜ ਦਿੱਤੇ ਜਾਣ ਕਾਰਨ ਪੰਥਕ ਹਲਕਿਆਂ ਵਿਚ ਚਰਚੇ ਸ਼ੁਰੂ ਹੋ ਗਏ ਹਨ ਕਿ ਕੀ ਸਿੰਘ ਸਾਹਿਬ ਇਸ ਮਾਮਲੇ ਵਿਚ ਦਖ਼ਲ ਦਿੰਦਿਆਂ ਇਜਲਾਸ ਨੂੰ ਰੋਕ ਸਕਦੇ ਹਨ ਜਾਂ ਕੀ ਉਹ 2 ਦਸੰਬਰ ਦੇ ਹੁਕਮਨਾਮੇ ਨਾਲ ਵੀ ਕਿਸੇ ਤਰ੍ਹਾਂ ਦੀ ਛੇੜਛਾੜ ਜਾਂ ਉਸਦੀ ਨਵੀਂ ਵਿਆਖਿਆ ਕਰ ਸਕਦੇ ਹਨ। ਹੁਕਮਨਾਮੇ ਵਿਚ ਸਾਰੇ ਧੜਿਆਂ ਨੂੰ ਆਪਣੀਆਂ ਵੱਖ-ਵੱਖ ਦੁਕਾਨਾਂ ਬੰਦ ਕਰਨ ਲਈ ਕਿਹਾ ਗਿਆ ਸੀ ਅਤੇ ਇਹ ਵੀ ਸਪੱਸ਼ਟ ਕੀਤਾ ਸੀ ਕਿ ਮੌਜੂਦਾ ਲੀਡਰਸ਼ਿਪ ਪੰਥ ਦੀ ਅਗਵਾਈ ਦਾ ਹੱਕ ਗੁਆ ਚੁੱਕੀ ਹੈ। ਇਸ ਤੋਂ ਸਪੱਸ਼ਟ ਸੀ ਕਿ ਸਿੰਘ ਸਾਹਿਬਾਨ ਵਲੋਂ ਨਵੀਂ ਭਰਤੀ ਤੋਂ ਬਾਅਦ ਪੰਥ ਦੀ ਅਗਵਾਈ ਲਈ ਨਵੇਂ ਚਿਹਰੇ ਅੱਗੇ ਲਿਆਉਣ ਦੀ ਗੱਲ ਕਹੀ ਗਈ ਸੀ।

ਪਰ ਇਸ ਦੇ ਬਾਵਜੂਦ ਅਕਾਲੀ ਦਲ (ਬ) ਵਲੋਂ ਆਪਣੇ ਤੌਰ 'ਤੇ ਆਪਣੀ ਭਰਤੀ ਕਰ ਕੇ ਪਾਰਟੀ ਦਾ ਨਵਾਂ ਢਾਂਚਾ ਖੜ੍ਹਾ ਕਰ ਲਿਆ ਸੀ। ਪਰ ਕੀ ਮੌਜੂਦਾ ਸਿੰਘ ਸਾਹਿਬ ਦੂਜੇ ਧੜਿਆਂ, ਜਿਨ੍ਹਾਂ ਵਿਚ ਬਾਦਲ ਦਲ ਤੋਂ ਇਲਾਵਾ ਸਿਮਰਨਜੀਤ ਸਿੰਘ ਮਾਨ ਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੇ ਧੜਿਆਂ ਨੂੰ ਵੀ ਇਕ ਪਲੇਟਫਾਰਮ 'ਤੇ ਲਿਆਉਣ ਅਤੇ ਪੰਥ ਦੀ ਅਗਵਾਈ ਲਈ ਨਵੇਂ ਚਿਹਰਿਆਂ ਨੂੰ ਅੱਗੇ ਲਿਆਉਣ ਵੱਲ ਅੱਗੇ ਵਧ ਸਕਣਗੇ, ਕਿਉਂਕਿ ਅਗਰ ਉਹ ਸੁਧਾਰ ਲਹਿਰ ਨੂੰ ਨਵਾਂ ਜਥੇਬੰਦਕ ਢਾਂਚਾ ਬਣਾਉਣ ਤੋਂ ਰੋਕਣਾ ਚਾਹੁਣ ਤਾਂ ਉਨ੍ਹਾਂ ਨੂੰ 2 ਦਸੰਬਰ ਦੇ ਮੌਜੂਦਾ ਲੀਡਰਸ਼ਿਪ ਨੂੰ ਨਕਾਰਨ ਅਤੇ ਨਵਾਂ ਜਥੇਬੰਦਕ ਢਾਂਚਾ ਤੇ ਨਵੇਂ ਚਿਹਰੇ ਸਾਹਮਣੇ ਲਿਆਉਣ ਦੇ ਆਦੇਸ਼ਾਂ ਨੂੰ ਵੀ ਅਮਲ ਹੇਠ ਲਿਆਉਣਾ ਪਵੇਗਾ।

**ਸੂਚਨਾ ਅਨੁਸਾਰ ਸੁਧਾਰ ਲਹਿਰ ਦੇ ਆਗੂ ਇਸ ਮੌਕੇ ਜਥੇਦਾਰ ਅਕਾਲ ਤਖ਼ਤ ਸਾਹਿਬ ਨਾਲ ਕਿਸੇ ਤਰ੍ਹਾਂ ਦਾ ਟਕਰਾਅ ਨਹੀਂ ਚਾਹੁੰਦੇ, ਹਾਲਾਂਕਿ ਅਗਰ ਉਨ੍ਹਾਂ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਅੰਦਰ ਇਜਲਾਸ ਕਰਨ ਦੀ ਇਜਾਜ਼ਤ ਨਹੀਂ ਮਿਲਦੀ ਤਾਂ ਉਨ੍ਹਾਂ ਵਲੋਂ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਕਿਸੇ ਹੋਰ ਥਾਂ ਵੀ ਆਪਣਾ ਡੈਲੀਗੇਟ ਇਜਲਾਸ ਕੀਤਾ ਜਾ ਸਕਦਾ ਹੈ।**

ਸੂਚਨਾ ਅਨੁਸਾਰ ਸੁਧਾਰ ਲਹਿਰ ਦੇ ਆਗੂ ਇਸ ਮੌਕੇ ਜਥੇਦਾਰ ਅਕਾਲ ਤਖ਼ਤ ਸਾਹਿਬ ਨਾਲ ਕਿਸੇ ਤਰ੍ਹਾਂ ਦਾ ਟਕਰਾਅ ਨਹੀਂ ਚਾਹੁੰਦੇ, ਹਾਲਾਂਕਿ ਅਗਰ ਉਨ੍ਹਾਂ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਅੰਦਰ ਇਜਲਾਸ ਕਰਨ ਦੀ ਇਜਾਜ਼ਤ ਨਹੀਂ ਮਿਲਦੀ ਤਾਂ ਉਨ੍ਹਾਂ ਵਲੋਂ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਕਿਸੇ ਹੋਰ ਥਾਂ ਵੀ ਆਪਣਾ ਡੈਲੀਗੇਟ ਇਜਲਾਸ ਕੀਤਾ ਜਾ ਸਕਦਾ ਹੈ। ਚਰਚਾ ਇਹ ਵੀ ਹੈ ਕਿ ਸੁਧਾਰ ਲਹਿਰ ਵਲੋਂ ਵੀ ਸਿੰਘ ਸਾਹਿਬਾਨ ਵਲੋਂ ਮੌਜੂਦਾ ਆਗੂਆਂ ਨੂੰ ਪੰਥ ਦੀ ਅਗਵਾਈ


(ਬਾਕੀ ਸਫ਼ਾ 6 'ਤੇ)

Sukhsimranjit Singh LLB, LLM, Ph.D
Mediator and Arbitrator, JAMS
ਸਿਵਲ, ਬਿਜ਼ਨਸ, ਪਰਿਵਾਰਕ, ਠੇਕੇ ਜਾਂ ਜਾਇਦਾਦ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਝਗੜੇ ਦੇ ਹੱਲ ਲਈ ਅਤੇ ਆਪਣੇ ਪੈਸੇ ਤੇ ਰਿਸ਼ਤਿਆਂ ਨੂੰ ਬਚਾਉਣ ਲਈ ਮੀਡੀਏਟਰ ਅਤੇ ਆਰਬੀਟਰੇਟਰ ਸੁਖਸਿਮਰਨਜੀਤ ਸਿੰਘ ਨਾਲ ਸੰਪਰਕ ਕਰੋ।
Do you have Civil, Business, Family, Contractual or Property Disputes?
Winner of SCMA Peacemaker Award, Dr. Singh is an internationally Acclaimed Mediator and Arbitrator.
Call: 503-910-8767
Case Manager: Julie McCool ,Email: jmccool@jamsadr.com
Mediation helps save money, completed within a day and save your relationship!
Four Locations: LOS ANGELES, SAN FRANCISCO, SACRAMENTO, VISALIA/ FRESNO, NEW YORK



Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS



18 years of experience
Services
-We do Same day
IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880




Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com


# ਪੰਜਾਬੀ ਲਿਖ਼ਾਰੀ ਸਭਾ ਸਿਆਟਲ ਵਲੋਂ ਨਵੀਂ ਪੁਲਾਂਘ !

ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਲੰਘੇ ਦਿਨੀਂ ਕੈਂਟ ਸ਼ਹਿਰ ਦੇ ਰੰਧਾਵਾ ਫਾਊਂਡੇਸ਼ਨ ਹਾਲ ਵਿਚ ਸਭਾ ਦੇ ਸਰਪ੍ਰਸਤ ਸ਼ਿੰਗਾਰ ਸਿੰਘ ਸਿੱਧੂ ਅਤੇ ਵਾਸਦੇਵ ਸਿੰਘ ਪਰਹਾਰ ਦੀ ਅਗਵਾਈ ਹੇਠ ਕਵੀ ਦਰਬਾਰ ਤੇ ਸਾਹਿਤਕ ਵਿਚਾਰਾਂ 'ਤੇ ਆਧਾਰਤ ਪ੍ਰੋਗਰਾਮ ਕਰਵਾਇਆ ਗਿਆ। ਜਿਸ ਦਾ ਸੰਚਾਲਨ ਅਵਤਾਰ ਸਿੰਘ ਆਦਮਪੁਰੀ ਨੇ ਆਪਣੇ ਸਾਥੀ ਤੇ ਸਭਾ ਦੇ ਮੋਢੀ ਰਹੇ ਮਰਹੂਮ ਗ਼ਜ਼ਲਗੋ ਸ. ਹਰਭਜਨ ਸਿੰਘ ਬੈਂਸ ਨੂੰ ਯਾਦ ਕਰਦਿਆਂ 2 ਮਿੰਟ ਦਾ ਮੌਨ ਧਾਰਨ ਕਰ ਕੇ ਕੀਤਾ ਅਤੇ ਸਭਾ ਦੇ ਇਤਿਹਾਸ ਉੱਪਰ ਪੰਛੀ ਝਾਤ ਮਾਰਦਿਆਂ ਸਭਾ ਦੇ ਮਕਸਦਾਂ ਬਾਰੇ ਗੱਲਬਾਤ ਕੀਤੀ। ਲਿਖਾਰੀ ਸਭਾ ਦੀ ਕਮਾਂਡ ਪ੍ਰਬੰਧਕੀ ਬੋਰਡ ਕੋਲ ਬਰਕਰਾਰ ਰੱਖਦਿਆਂ ਅਵਤਾਰ ਸਿੰਘ ਆਦਮਪੁਰੀ ਨੇ ਦੁਹਰਾਇਆ ਕਿ ਲਿਖਾਰੀ ਸਭਾ ਹਰਦਿਆਲ ਸਿੰਘ ਚੀਮਾ, ਸਾਧੂ ਸਿੰਘ ਝੱਜ, ਮੰਗਤ ਰਾਏ ਕੁਲਜਿੰਦ, ਗੁਰਪ੍ਰੀਤ ਸਿੰਘ ਸੋਹਲ ਅਤੇ ਹਰਪਾਲ ਸਿੰਘ ਸਿੱਧੂ ਦੀ ਅਗਵਾਈ ਵਿਚ ਕੰਮ ਕਰੇਗੀ। ਇਸ ਵਪਾਰੀ ਤੇ ਸ਼ਿਕਾਰੀ ਯੁੱਗ ਵਿਚਲੀ ਚਕਾਚੌਂਧ ਦੇ ਫੋਕੇ ਦਿਖਾਵਿਆਂ ਤੇ ਅਹੁਦਿਆਂ ਤੋਂ ਬਚ ਕੇ ਕੰਮ ਕਰਨ ਦੀ ਤਾਕੀਦ 'ਤੇ ਹਾਜ਼ਰ ਮੈਂਬਰਾਂ ਤੇ ਸਰੋਤਿਆਂ ਨੇ ਸਹਿਮਤੀ ਜਤਾਈ।

ਪ੍ਰੋਗਰਾਮ ਦੀ ਸ਼ੁਰੂਆਤ ਵਿਚ ਨਸੀਹਤਨਾਮਾ ਪੜ੍ਹਦਿਆਂ ਸ. ਸ਼ਿੰਗਾਰ ਸਿੰਘ ਸਿੱਧੂ ਨੇ ਗੀਤ 'ਧੀਆਂ ਪੁੱਤਰਾਂ ਦੇ ਕੋਲ ਰਹਿਣ ਵਾਲਿਓ, ਬਣ ਕੇ ਸਿਆਣੇ ਰਹਿਣਾ ਪਊਗਾ' ਪੇਸ਼ ਕੀਤਾ ਤੇ ਤਾੜੀਆਂ ਦੀ ਗੂੰਜ ਵਿਚ ਵਾਹ-ਵਾਹ ਖੱਟੀ। ਸਾਧੂ ਸਿੰਘ ਝੱਜ ਨੇ ਅਹੁਦੇਦਾਰੀਆਂ ਦੀ ਦੌੜ 'ਚ ਲੱਗੇ ਅਯੋਗ ਲੋਕਾਂ 'ਤੇ ਤਨਜ਼ ਕੱਸਦਾ ਗੀਤ 'ਪੱਤੇ ਜੋ ਖੜ ਖੜ ਕਰਦੇ ਨੇ ਭੁੰਜੇ ਛੇਤੀ ਹੀ ਡਿੱਗ ਆਉਂਦੇ, ਭੁੱਖੇ ਜੋ ਸ਼ੁਹਰਤ ਦੇ ਚੜ੍ਹ ਸਟੇਜਾਂ 'ਤੇ ਰੌਲਾ ਪਾਉਂਦੇ' ਗਾਇਆ। ਸਭਾ ਦੇ ਮੁਢਲੇ ਮੈਂਬਰ ਤੇ ਨਾਮਵਰ ਸ਼ਾਇਰ ਕਰਨੈਲ ਸਿੰਘ ਕੈਲ ਨੇ ਸਮਾਜਕ ਸੱਚ ਬਿਆਨ ਕਰਦੀ ਰਚਨਾ 'ਜ਼ਮਾਨਾ ਉਸਦਾ ਏ' ਕਹਿ ਕੇ ਪ੍ਰਸ਼ੰਸਾ ਖੱਟੀ। ਸੁਰੀਲੀ ਅਵਾਜ਼ ਦੇ ਮਾਲਕ ਸ਼ਿੰਦਰਪਾਲ ਔਜਲਾ ਨੇ ਆਪਣਾ ਗੀਤ 'ਕਿਉਂਕਿ ਅਸੀਂ ਮਿੱਤਰੋ ਗੰਦਾ ਮੰਦਾ ਗਾਉਂਦੇ ਨਹੀਂ, ਅਸੀਂ ਮਾੜਾ ਗਾਉਂਦੇ ਨਹੀਂ' ਗਾ ਕੇ ਸਭ ਨੂੰ ਕੀਲ ਕੇ ਰੱਖ ਦਿੱਤਾ ਤੇ ਪ੍ਰੋਗਰਾਮ ਦਾ ਉੱਤਮ ਪੇਸ਼ਕਰਤਾ ਹੋ ਨਿੱਬੜਿਆ। ਦੇਸ਼ ਵਿਦੇਸ਼ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਸਿਆਟਲ ਦੀ ਕੋਇਲ ਲਿਖਾਰੀ ਸਭਾ ਦੀ ਸਾਬਕਾ ਪ੍ਰਧਾਨ ਮਨਜੀਤ ਗਿੱਲ ਨੇ ਆਪਣੀਆਂ ਰਚਨਾਵਾਂ ਦੇ ਇੱਕ ਤੋਂ ਵੱਧ ਬੰਦ ਪੇਸ਼ ਕੀਤੇ ਤੇ ਸੱਚੇ ਮਾਲਕ ਤੋਂ 'ਉੱਚਾ ਸੁੱਚਾ ਬੋਲ' ਮੰਗਿਆ। ਗੁਰਪ੍ਰੀਤ ਸਿੰਘ ਸੋਹਲ ਜੋ 'ਅੱਖਰਕਾਰੀ' ਮੈਗਜ਼ੀਨ ਵੀ ਕੱਢਦਾ ਹੈ ਆਪਣੇ ਜਾਦੂਈ ਸ਼ਬਦਾਂ ਨਾਲ ਅਸ਼-ਅਸ਼ ਕਰਵਾ ਗਿਆ ਤੇ ਕੁੱਝ ਰਚਨਾਵਾਂ ਦੇ ਬੰਦ ਪੇਸ਼ ਕਰਦਿਆਂ ਉਸ ਨੇ 'ਮੈਂ ਤਾਂ ਆਪਣੇ ਖ਼ੂਨ ਨਾਲ ਨਜ਼ਮਾਂ ਲਿਖਦਾ ਹਾਂ, ਤੂੰ ਪਹਿਲੇ ਫ਼ਿਕਰੇ ਕਹਿ ਦਿੰਨੀ ਏਂ ਕੋਈ ਖਾਸ ਨਹੀਂ", ਨਾਲ ਮਿਜ਼ਾਜ ਤੋਂ ਸਮਾਜਕ ਫ਼ਿਕਰ ਨੂੰ ਜ਼ਬਾਨ ਦਿੱਤੀ। ਅਨੇਕਾਂ ਪੁਸਤਕਾਂ ਦੇ ਰਚੇਤਾ ਇਤਿਹਾਸਕਾਰ ਵਿਦਵਾਨ ਵਾਸਦੇਵ ਸਿੰਘ ਪਰਹਾਰ ਨੇ ਗਲਪਕਾਰੀ ਦੀ ਗੱਲ ਕਰਦਿਆਂ ਮੰਚ ਤੋਂ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਬਹੁ-ਭਾਸ਼ਾਈ ਕਾਵਿਕ ਰੰਗ ਦਾ ਮਾਲਕ ਨਵੀਨ ਰਾਏ ਜ਼ਿੰਦਗੀ ਦੇ ਰੰਗਾਂ ਨੂੰ ਜਜ਼ਬਾਤੀ ਲਹਿਜ਼ੇ ਵਿਚ ਢਾਲ ਕੇ ਸਹੀ ਦਿਸ਼ਾ ਵਿਚ ਤੁਰਨ ਤੋਰਨ ਦੀ ਰਾਏ ਪੇਸ਼ ਕਰਨ ਵਿਚ ਕਾਮਯਾਬ ਰਿਹਾ। ਆਲੋਚਕ ਤੇ ਲੇਖਕ ਡਾ. ਸੁਖਵੀਰ ਬੀਹਲਾ ਨੇ ਸਿੱਖੀ ਤੇ ਖੇਤੀ ਨੂੰ ਵੱਡੀ ਦੌਲਤ ਦੱਸਦਿਆਂ 'ਅਸੀਂ ਧੁਰ ਤੋਂ ਲੜਦੇ ਆਏ ਹਾਂ ਜ਼ਬਰ ਜ਼ੁਲਮ ਦੇ ਨਾਲ' ਗੀਤ ਸਰੋਦੀ ਅਵਾਜ਼ ਵਿਚ ਗਾ ਕੇ ਸਿੱਖੀ ਦੀ ਇਤਿਹਾਸਕ ਪੇਸ਼ਕਾਰੀ ਕੀਤੀ।




ਸਾਡਾ ਟੀ.ਵੀ. ਤੇ ਸਾਡਾ ਰੇਡੀਓ ਯੂ.ਐਸ.ਏ. ਵਾਲੇ ਅਨੇਕਾਂ ਪੰਜਾਬੀ ਫਿਲਮਾਂ ਦੇ ਲੇਖਕ ਤੇ ਨਿਰਮਾਤਾ ਸਿਮਰਨ ਸਿੰਘ ਨੇ ਸੁਰੀਲੀ ਆਵਾਜ਼ ਵਿਚ ਔਰਤ ਮਨ ਦੀ ਵੇਦਨਾ ਪੇਸ਼ ਕਰਦੀ ਬਿਰਤਾਂਤਕ ਕਵਿਤਾ ਪੇਸ਼ ਕੀਤੀ। ਵਿਚਾਰ ਚਰਚਾ ਵਿਚ ਨੌਜਵਾਨ ਸ਼ਾਇਰ ਗੋਬਿੰਦ ਕੰਗ, ਦੀਪਕ ਘੁੰਮਣ ਸ਼ਾਮਲ ਹੋਏ। ਅਮਰਜੀਤ ਸਿੰਘ ਚੌਹਾਨ, ਸਤਿੰਦਰ ਕੌਰ, ਢਾਡੀ ਸ. ਹਰਜਿੰਦਰ ਸਿੰਘ ਨਾਗੋਕੇ, ਜਰਨੈਲ ਸਿੰਘ ਘੁੰਮਣ, ਬਲਜੀਤ ਸਿੰਘ ਅਤੇ ਰਾਮ ਸਿੰਘ ਧਾਲੀਵਾਲ ਨੇ ਪ੍ਰਬੰਧਕੀ ਬੋਰਡ ਦੀ ਅਗਵਾਈ ਹੇਠ ਸਭਾ ਨੂੰ ਵਧ-ਚੜ੍ਹ ਕੇ ਵਧੀਆ ਕੰਮ ਕਰਨ ਦੀ ਨਸੀਹਤ ਤੇ ਹੱਲਾਸ਼ੇਰੀ ਦਿੱਤੀ।

ਅਵਤਾਰ ਸਿੰਘ ਬਿਲਿੰਗ, ਹਰਪਾਲ ਸਿੰਘ ਸਿੱਧੂ, ਜੀਤਾ ਉੱਪਲ ਨਵੇਂ ਪਿੰਡੀਆ, ਹਰਨਾਮ ਸਿੰਘ, ਅਮਰਜੀਤ ਸਿੰਘ ਤਰਸਿੱਕਾ, ਮਲਕੀਤ ਕੌਰ, ਈਸ਼ਰ ਸਿੰਘ ਗਰਚਾ ਅਤੇ ਸੁਖਦੀਪ ਸਿੰਘ ਗਰੇਵਾਲ ਨੇ ਆਪਣੇ ਨਿੱਜੀ ਰੁਝੇਵਿਆਂ ਕਾਰਨ ਪਹੁੰਚ ਨਾ ਸਕਣ ਕਰਕੇ ਫੋਨ ਰਾਹੀਂ ਹਾਜ਼ਰੀ ਲਗਵਾਈ।

ਅਖ਼ੀਰ ਵਿਚ ਅਵਤਾਰ ਸਿੰਘ ਆਦਮਪੁਰੀ ਨੇ ਆਏ ਸਭਨਾਂ ਦਾ ਧੰਨਵਾਦ ਕੀਤਾ ਅਤੇ ਰੰਧਾਵਾ ਫਾਊਂਡੇਸ਼ਨ ਵਿਚ ਸਥਾਪਤ ਲਾਇਬ੍ਰੇਰੀ ਦੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਅਤੇ ਰੰਧਾਵਾ ਫਾਊਂਡੇਸ਼ਨ ਵਾਲੇ ਸ. ਅਮਰੀਕ ਸਿੰਘ ਰੰਧਾਵਾ ਦਾ ਧੰਨਵਾਦ ਕੀਤਾ। ਸੰਚਾਰ ਮੀਡੀਏ ਰਾਹੀਂ ਹਾਜ਼ਰੀ ਲਵਾਉਣ ਲਈ ਸਾਡਾ ਟੀ.ਵੀ. ਦੇ ਸਿਮਰਨ ਸਿੰਘ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਸਮੇਂ ਨੌਜਵਾਨ ਪੇਂਟਰ ਸਿਮਰਨ ਸਿੰਘ ਦੁਆਰਾ ਫੱਟੀ ਉੱਪਰ ਉਕਰਿਤ ਪੈਂਤੀ ਅੱਖਰੀ ਦੀ ਪੇਂਟਿੰਗ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਇਸ ਸਮੇਂ ਮੈਗਜ਼ੀਨ ਅੱਖਰਕਾਰੀ ਦੀ ਪ੍ਰਦਰਸ਼ਨੀ ਵੀ ਲਾਈ ਗਈ। ਪ੍ਰੋਗਰਾਮ ਦੀ ਸੋਸ਼ਲ ਮੀਡੀਆ ਤੱਕ ਰਸਾਈ ਡਾ. ਸੁਖਵੀਰ ਬੀਹਲਾ ਨੇ ਕੀਤੀ। ਸਭ ਨੇ ਚਾਹ ਪਾਣੀ, ਸਨੈਕਸ ਅਤੇ ਪੀਜ਼ੇ ਦਾ ਅਨੰਦ ਵੀ ਮਾਣਿਆ।

# ਹਰਭਜਨ ਮਾਨ ਦੀ ਕਾਰ ਕੁਰੂਕਸ਼ੇਤਰ ਨੇੜੇ ਪਲਟੀ





**ਕੁਰੂਕਸ਼ੇਤਰ:** ਪੰਜਾਬੀ ਗਾਇਕ ਹਰਭਜਨ ਮਾਨ ਦੀ ਕਾਰ ਸੋਮਵਾਰ ਸਵੇਰੇ ਤੜਕੇ ਕੁਰੂਕਸ਼ੇਤਰ ਦੇ ਪਿਪਲੀ ਨੇੜੇ ਅਵਾਰਾ ਪਸ਼ੂ ਨਾਲ ਟਕਰਾਉਣ ਮਗਰੋਂ ਪਲਟ ਗਈ। ਹਰਭਜਨ ਮਾਨ, ਆਪਣੇ ਪੁੱਤਰ ਅਵਕਾਸ਼ ਮਾਨ ਨਾਲ ਦਿੱਲੀ 'ਚ ਸ਼ੋਅ ਕਰਨ ਮਗਰੋਂ ਇਨੋਵਾ ਕਾਰ 'ਚ ਸਵਾਰ ਹੋ ਕੇ ਵਾਪਸ ਆ ਰਹੇ ਸਨ। ਸਵੇਰੇ ਚਾਰ ਵਜੇ ਦੇ ਕਰੀਬ ਪਿਪਲੀ ਨੇੜੇ ਉਨ੍ਹਾਂ ਦੀ ਕਾਰ ਅਵਾਰਾ ਪਸ਼ੂ ਨਾਲ ਟਕਾਰਉਣ ਤੋਂ ਬਾਅਦ ਡਿਵਾਈਡਰ 'ਚ ਵੱਜੀ ਤੇ ਫਿਰ ਪਲਟ ਗਈ। ਇਸ ਨਾਲ ਕਾਰ ਦੇ ਅਗਲੇ ਹਿੱਸੇ ਤੇ ਪਰਖੱਚੇ ਉੱਡ ਗਏ। ਹਾਦਸੇ 'ਚ ਹਰਭਜਨ ਮਾਨ, ਉਨ੍ਹਾਂ ਦੇ ਪੁੱਤਰ ਨੂੰ ਮਾਮੂਲੀ ਸੱਟਾਂ ਲੱਗੀਆਂ। ਕਾਰ ਚਾਲਕ ਤੇ ਸੁਰੱਖਿਆ ਮੁਲਾਜ਼ਮ ਨੂੰ ਕਾਫੀ ਸੱਟਾਂ ਲੱਗੀਆਂ ਹਨ। ਮੌਕੇ 'ਤੇ ਪੁੱਜੇ ਪੁਲਿਸ ਮੁਲਾਜ਼ਮਾਂ ਨੇ ਸਾਰਿਆਂ ਨੂੰ ਦੂਜੀ ਕਾਰ ਰਾਹੀਂ ਮੋਹਾਲੀ ਸਥਿਤ ਫੋਰਟਿਜ਼ ਹਸਪਤਾਲ ਪਹੁੰਚਾਇਆ।


ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# Matrimonials

## ਲੜਕੇ ਦੀ ਲੋੜ ਹੈ

Sikh Rajput Kanda family seeks a suitable match in the USA for their convent educated MBBS Doctor daughter, 5'4", October 1989 born. Younger sister is also a Doctor. Please call us at : 98150-66773 or Whatsapp at: 224-392-6613

32-35

Seeking a professional match green card/citizen only, for U.S. born Dhillon girl 29, 5'4", masters in Environmental Science. Working in university. Brother is Doctor in Stanford. Parents are well educated. Caste no bar. Please call us at: 817 929 6405 or E-Mail at: Dhillon3531@gmail.com .

30-33

Ramgarhia Sikh family seeking a suitable match for their Doctor daughter, 30, 5'6". MBBS (Silver Medalist) from India. Presently in first year of fellowship after Residency (internal medicine) in USA. Father retired as Colonel from Indian Army. Mother working as Lecturer. Caste no bar. Contact us at: +91 9471004633 and +1 (570) 880-0136.

29-32

Looking for a suitable match for our Canadian Citizen Ramgarhia Sikh daughter 32, 5'-8" beautiful, family oriented with Bachelor of Commerce. The boy must be from the USA or Canada, professionally qualified, good-natured, well settled, and with good family values. Serious inquiries only. Please respond to kalsi.construction@gmail.com with biodata.

29-32

## ਲੜਕੀ ਦੀ ਲੋੜ ਹੈ

Seeking an educated and professional match (American citizen or Permanent Resident) for a 1992-born in Punjab boy (Ramdasia and others), 5'8" Education: B.Tech, MBA(IIT Delhi), MS in Business Analytics (University of Colorado). Currently working as a Business Analyst in Chicago, USA. Belongs to a well-educated and reputed family. Caste No bar. Please contact at +91-7589242016 (Whatsapp) or +1-7204996020.

32-35

Ramgarhia Sikh family seeking a suitable match for their son, 28, 5'11", with a Bachelor's degree. Currently residing in the USA with his family. The prospective bride should be from the USA, vegetarian, and willing to live in a joint family. Contact: kaur082024@gmail.com

32-35

Jatt Sikh Cheema (Namdhari) family seeking a suitable match from the USA for their, 28, 5'11'' son. He is Divorced and presently living in San Jose USA. He is running his own business. Parents lives in Mohali (Punjab). Interested call us at: +91 8054553958 or E-mail: rajinder2573@gmail.com

31-32

Jatt Sikh Shergill family seeking an equally qualified USA citizen match for their, 28, 6'1'' son. He has done B.E. Electrical from PU Chandigarh (PEC) and working as a senior analyst at United Airline Gurgaon. He has 10 years USA visitor visa and comes USA frequently through company. Elder brother is married and doing business in the USA. Mother is a central govt. employee in Chandigarh. Residence is at Mohali. Interested please call us at: 317-430-6545 or email at csahi1949@gmail.com

31-34

Well settled Gursikh Amritdhari boy in USA, 1987 born, 5'-11" tall, MS Degree holder, works as Software Product Leader, Green Card petition approved in 2016. Home Owner in San Francisco, Bay Area, California since 2021, innocently divorced, issueless, family oriented, seeks Amritdhari (Keskidhari/ ready to tie Keski), educated, vegetarian, family oriented Girl. Preference to girls living in USA & CANADA. Marriage Bureau stay away. Please contact us at +1-510-399-4085 or +91-98993-79442 (whatsapp) or E-mail at cjsingh55@gmail.com

30-33

Sikh family looking for a suitable match for their US citizen, son (wears turban), 24, 5'7", BS (Computer Science) and Masters (Computer Information System) from UWM. He is well settled and working full time in Wisconsin for a renowned MNC and earning a decent package. We are a well settled family living in Wisconsin. Caste Ramdasia (Caste No Bar). Boy lives with grandparents, parents and sister in Wisconsin. If interested, please call at +1 714 699 4754 (Father) or Email: satnamsingh18@hotmail.com

29-32

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

Jatt Sikh family looking for a suitable match for their US citizen, son, 25, 5'10" tall, holding a degree in Chemical Engineering from UT, Austin-TX. He is currently working in San Francisco. He belongs to a well-settled, respected Jatt Sikh family in the USA. He is the only child with no siblings. if interested, please contact: 501-580-7305 or email: sarabjitb27@gmail.com

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment

Homeopathic Natural Medicines Serving Since 1973



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA





Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org



ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746





UMA TRAVELS
2541 W. Devon Ave., Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

# ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਅਮਰੀਕਾ ਨੂੰ ਮਿਲਿਆ 24 ਖੇਡ ਕਲੱਬਾਂ ਦਾ ਸਮਰਥਨ

## ਤੀਰਥ ਗਾਖਲ ਫੈਡਰੇਸ਼ਨ ਦੀ ਅਗਵਾਈ 'ਚ ਟੋਰਾਂਟੋ ਕਬੱਡੀ ਕੱਪ 'ਚ ਲਵਾਂਗੇ ਭਾਗ: ਬਲਜੀਤ ਸੰਧੂ

***ਸਾਨ ਫਰਾਂਸਿਸਕੋ-(ਐਸ ਅਸ਼ੋਕ ਭੌਰਾ):*** ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਅਮਰੀਕਾ ਦੀ ਵਿਸ਼ੇਸ਼ ਇਕੱਤਰਤਾ ਇਥੇ ਮਡੈਸਟੋ ਵਿਖੇ ਪ੍ਰਧਾਨ ਤੀਰਥ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਪ੍ਰਧਾਨ ਵਲੋਂ ਮੁੱਖ ਵਾਲੀ ਗੱਲ ਹੈ ਕਿ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਨਾਲ ਅਮਰੀਕਾ ਦੀਆਂ 24 ਖੇਡ ਕਲੱਬਾਂ ਜੁੜ ਗਈਆਂ ਨੇ ਜੋ ਵਿਸ਼ਵ ਵਿਚ ਕਬੱਡੀ ਨੂੰ ਹੋਰ ਬੇਹਤਰੀਨ ਸੇਵਾਵਾਂ ਦੇਣ ਲਈ ਫੈਡਰੇਸ਼ਨ ਦਾ ਸਹਿਯੋਗ ਕਰਨਗੀਆਂ। ਬਲਜੀਤ ਸਿੰਘ ਸੰਧੂ ਨੇ ਦੀ ਰੂਪ-ਰੇਖਾ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ ਨੂੰ ਸਾਰਿਆਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ।

ਇਸ ਮੌਕੇ ਕਬੱਡੀ ਪ੍ਰਮੋਟਰ ਬਾਬਾ ਜੋਹਨ ਸਿੰਘ ਗਿੱਲ ਤੇ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ



*ਮੀਟਿੰਗ 'ਚ ਸ਼ਾਮਲ ਮਾਂ ਖੇਡ ਕਬੱਡੀ ਨੂੰ ਸਮਰਪਿਤ ਅਹਿਮ ਸ਼ਖਸੀਅਤਾਂ।*

ਸੂਪਰਸਤ ਸ. ਸਤਵੰਤ ਸਿੰਘ ਸੰਘੇੜਾ ਤੇ ਸਲਾਹਕਾਰ ਕਮੇਟੀ ਤੇ ਹਾਜ਼ਰ ਖੇਡ ਕਲੱਬਾਂ ਦੇ ਮੁਖੀਆਂ, ਕਬੱਡੀ ਪ੍ਰੇਮੀਆਂ ਤੇ ਫੈਡਰੇਸ਼ਨ ਦੇ ਅਹੁਦੇਦਾਰਾਂ ਦਾ ਧੰਨਵਾਦ ਕਰਨ ਉਪਰੰਤ ਕਬੱਡੀ ਦੀ ਬਿਹਤਰੀ ਤੇ ਆਉਣ ਵਾਲੇ ਸਮੇਂ ਵਿਚ ਹੋਣ ਵਾਲੇ ਵਿਸ਼ਵ ਕਬੱਡੀ ਕੱਪਾਂ ਨੂੰ ਨਵੀਂ ਰੂਪ-ਰੇਖਾ ਦੇਣ 'ਤੇ ਵਿਚਾਰ ਕਰਨ ਲਈ ਫੈਡਰੇਸ਼ਨ ਦੇ ਜਨਰਲ ਸਕੱਤਰ ਬਲਜੀਤ ਸਿੰਘ ਸੰਧੂ ਨੂੰ ਅਗਲੀ ਕਾਰਵਾਈ ਕਰਨ ਲਈ ਕਿਹਾ।

ਸ. ਸੰਧੂ ਨੇ ਮਾਂ ਖੇਡ ਕਬੱਡੀ ਲਈ ਸਿਰਜੇ ਜਾ ਰਹੇ ਇਤਿਹਾਸਕ ਕਾਰਜ 'ਚ ਸਹਿਯੋਗ ਕਈ ਸਾਰਿਆਂ ਨੂੰ ਸਤਿਕਾਰ ਦੇਂਦਿਆਂ ਕਿਹਾ ਕਿ ਮਾਣ ਸਾਰੀਆਂ ਕਲੱਬਾਂ ਦਾ ਧੰਨਵਾਦ ਕਰਦਿਆਂ ਇਹ ਅਹਿਦ ਲਿਆ ਕਿ ਸਾਰੇ ਪ੍ਰਧਾਨ ਤੀਰਥ ਸਿੰਘ ਗਾਖਲ ਨਾਲ ਕਬੱਡੀ ਦੀ ਬੇਹਤਰੀ ਲਈ ਕੀਤੇ ਜਾ ਰਹੇ ਕਾਰਜਾਂ 'ਚ ਮੋਢੇ ਨਾਲ ਮੋਢਾ ਲਾ ਕੇ ਹਰ ਤਰ੍ਹਾਂ ਦਾ ਸਹਿਯੋਗ ਕਰਨਗੇ। ਮੀਟਿੰਗ ਵਿੱਚ ਫੈਡਰੇਸ਼ਨ ਦੇ ਬਾਕੀ ਅਹੁਦੇਦਾਰਾਂ ਦੀ ਚੋਣ ਕਰਨ ਦੇ ਨਾਲ ਨਾਲ ਸਮੂਹਿਕ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਹਿਯੋਗੀ ਕਲੱਬਾਂ ਵੱਲੋਂ ਫੰਡ ਦੇਣਾ, ਟੋਰਾਂਟੋ ਵਿਚ ਹੋਣ ਵਾਲੇ ਵਿਸ਼ਵ ਕਬੱਡੀ ਕੱਪ ਵਿਚ ਫੈਡਰੇਸ਼ਨ ਦੀ ਅਗਵਾਈ 'ਚ ਸ਼ਾਮਿਲ ਹੋਣਾ ਤੇ ਅਗਲੇ ਮਹੀਨਿਆਂ ਵਿਚ ਉੱਤਰੀ ਅਮਰੀਕਾ 'ਚ ਹੋਣ ਵਾਲੇ ਵਿਸ਼ਵ ਕਬੱਡੀ ਕੱਪਾਂ ਸੁਰਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਨਵੀਂ ਫੈਡਰੇਸ਼ਨ ਤੀਰਥ ਸਿੰਘ ਗਾਖਲ ਦੀ ਅਗਵਾਈ ਹੇਠ ਕਬੱਡੀ ਦੇ ਵਿਕਾਸ ਤੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਲਈ ਯੋਗ ਅਗਵਾਈ ਦੇਣ ਦੇ ਪੂਰਨ ਸਮਰੱਥ ਹੈ ਤੇ ਸਾਰਿਆਂ ਨੂੰ ਫੈਡਰੇਸ਼ਨ ਨਾਲ ਹਰ ਤਰ੍ਹਾਂ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ। ਜਨਰਲ ਸਕੱਤਰ ਬਲਜੀਤ ਸੰਧੂ ਨੇ ਕਿਹਾ ਕਿ ਪਿਛਲੇ ਲੰਬੇ ਅਰਸੇ ਤੋਂ ਉਹ ਕਬੱਡੀ ਨੂੰ ਸਮਰਪਿਤ ਨੇ ਤੇ ਉਹ ਇਸ ਅਹਿਮ ਜ਼ਿੰਮੇਵਾਰੀ ਨੂੰ ਨਿਭਾ ਕੇ ਹੋਰ ਖੁਸ਼ੀ ਮਹਿਸੂਸ ਕਰਨਗੇ ਤੇ ਤੀਰਥ ਸਿੰਘ ਗਾਖਲ ਨਾਲ ਕੰਮ ਕਰ ਕੇ ਕਬੱਡੀ ਨੂੰ ਹੋਰ ਅੱਗੇ ਲੈ ਕੇ ਜਾਣ ਵਿਚ ਉਨ੍ਹਾਂ ਨੂੰ ਹੌਸਲਾ ਤੇ ਬਲ ਵੀ ਮਿਲੇਗਾ।

# ਜੱਪ੍ਰੀਤ ਸਿੰਘ ਗਿੱਲ ਨੇ ਨਿੱਕੀ ਉਮਰ ਵਿਚ ਰਚਿਆ ਇਤਿਹਾਸ

## ਗ੍ਰੈਜੂਏਸ਼ਨ ਅਤੇ ਬੈਚਲਰ ਇਕੱਠੇ ਪੂਰੇ ਕਰਕੇ ਹੁਣ ਕਰੇਗਾ ਲਾਅ

ਫਰਿਜ਼ਨੋ: (ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ): ਇੱਥੋਂ ਦੇ ਨਿਵਾਸੀ ਤੇ ਮਸ਼ਹੂਰ ਸਾਈਕਲਿਸਟ ਕਿੱਟੀ ਗਿੱਲ ਦੇ ਬੇਟੇ ਜੱਪ੍ਰੀਤ ਸਿੰਘ ਗਿੱਲ ਨੇ ਇਤਿਹਾਸ ਰਚ ਦਿੱਤਾ ਹੈ। ਸਿਰਫ਼ 15 ਸਾਲ ਦੀ ਉਮਰ ਵਿਚ ਜੱਪ੍ਰੀਤ ਨੇ ਆਪਣੀ ਹਾਈ ਸਕੂਲ ਗ੍ਰੈਜੂਏਸ਼ਨ ਅਤੇ ਬੈਚਲਰ ਡਿਗਰੀ ਇਕੱਠੀਆਂ ਪੂਰੀਆਂ ਕਰ ਕੇ ਅਮਰੀਕਾ ਵਿਚ ਵੱਸਦੇ ਪੰਜਾਬੀ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ। ਉਸਦੇ ਇਸ ਕਾਰਨਾਮੇ ਨੇ ਉਸਦੀ ਪੜ੍ਹਾਈ ਦੇ ਅੱਠ ਸਾਲ ਘੱਟ ਕਰ ਦਿੱਤੇ ਹਨ।

ਹੁਣ ਜੱਪ੍ਰੀਤ ਲਾਅ ਦੀ ਡਿਗਰੀ ਲਈ ਯੂਨੀਵਰਸਿਟੀ ਵਿਚ ਦਾਖਲਾ ਲੈ ਚੁੱਕਾ ਹੈ ਅਤੇ 18 ਸਾਲ ਦੀ ਉਮਰ ਵਿਚ ਵਕੀਲ ਬਣਨ ਦੀ ਤਿਆਰੀ ਵਿਚ ਹੈ। ਇਹ ਪ੍ਰਾਪਤੀ ਅਮਰੀਕਨ ਭਾਰਤੀਆਂ ਵਿਚ ਪਹਿਲੀ ਵਾਰੀ ਵੇਖਣ ਨੂੰ ਮਿਲ ਰਹੀ ਹੈ। ਕਾਲੇ-ਗੋਰੇ ਵੀ ਜੱਪ੍ਰੀਤ ਦੀ ਕਾਬਲੀਅਤ 'ਤੇ ਹੈਰਾਨ ਹਨ।

ਜੱਪ੍ਰੀਤ ਸਿੰਘ ਗਿੱਲ ਦੀ ਇਹ ਉਪਲੱਬਧੀ ਸਿਰਫ਼ ਉਸਦੇ ਪਰਿਵਾਰ ਲਈ ਨਹੀਂ, ਸਗੋਂ ਪੂਰੇ ਭਾਰਤੀ ਅਤੇ ਪੰਜਾਬੀ ਸਮਾਜ ਲਈ ਪ੍ਰੇਰਣਾ ਹੈ।

ਉਸਦੇ ਪਿਤਾ ਕਿੱਟੀ ਗਿੱਲ ਆਪਣੇ ਸਮੇਂ ਦੇ ਮਸ਼ਹੂਰ ਸਾਈਕਲਿਸਟ ਰਹੇ ਹਨ। ਉਨ੍ਹਾਂ ਨੇ ਮਾਹਾਰਾਜਾ ਰਣਜੀਤ ਸਿੰਘ ਅਵਾਰਡ ਜਿੱਤਿਆ, ਏਸ਼ਿਆਈ ਖੇਡਾਂ ਵਿਚ ਭਾਗ ਲਿਆ ਅਤੇ ਉਲੰਪਿਕ ਲਈ ਕੁਆਲੀਫਾਈ ਕੀਤਾ। ਪੰਜਾਬ



ਦੇ ਅਬੋਹਰ ਸ਼ਹਿਰ ਨਾਲ ਸਬੰਧਤ ਕਿੱਟੀ ਗਿੱਲ ਲੰਮੇ ਸਮੇਂ ਤੋਂ ਆਪਣੀ ਪਤਨੀ ਨਾਲ ਮਿਲ ਕੇ ਫਰਿਜ਼ਨੋ ਵਿਖੇ "ਸੰਧੂ ਕਲੀਨਿਕ" ਚਲਾ ਰਹੇ ਹਨ। ਉਹ ਲੋੜਵੰਦ ਲੋਕਾਂ ਦੀ ਮਦਦ ਲਈ ਹਰ ਪਲ਼ ਤਿਆਰ ਰਹਿੰਦੇ ਹਨ।

ਜੱਪ੍ਰੀਤ ਦੀ ਕਾਮਯਾਬੀ ਉੱਤੇ ਹਰ ਪਾਸਿਓਂ ਗਿੱਲ ਪਰਿਵਾਰ ਨੂੰ ਵਧਾਈਆਂ ਮਿਲ ਰਹੀਆਂ ਹਨ। ਸਾਡੇ ਵੱਲੋਂ ਵੀ ਜੱਪ੍ਰੀਤ ਲਈ ਸ਼ੁਭਕਾਮਨਾਵਾਂ।

# 'ਤੀਆਂ ਫਰਿਜ਼ਨੋ ਦੀਆਂ' ਨੇ ਵਿਰਾਸਤੀ ਰੰਗ ਵਿਚ ਰੰਗਿਆ ਕਾਰਨੀ ਪਾਰਕ

**ਫਰਿਜ਼ਨੋ:** ਇੱਥੇ ਲਗਭਗ ਤਿੰਨ ਦਹਾਕੇ ਪਹਿਲਾਂ ਰਾਜਪਾਲ ਕੌਰ ਬਰਾੜ, ਗੁੱਡੀ ਰਾਣੂ, ਗੁੱਡੀ ਸਿੱਧੂ ਅਤੇ ਹੋਰ ਸਹੇਲੀਆਂ ਨੇ ਸਮੂਹ ਪੰਜਾਬੀ ਔਰਤਾਂ ਨਾਲ ਰਲ ਕੇ ਸ਼ਹਿਰ ਦੀ ਸੰਘਣੀ ਵਸੋਂ ਤੋਂ ਦੂਰ 'ਕਾਰਨੀ ਪਾਰਕ' ਦੇ ਦਰੱਖਤਾਂ ਦੀ ਸੰਘਣੀ ਛਾਂ ਹੇਠ ਤੀਆਂ ਦੀ ਸ਼ੁਰੂਆਤ ਕੀਤੀ ਸੀ, ਜੋ ਅੱਜ ਵੀ ਬਰਕਰਾਰ ਹੈ। ਬੇਸ਼ੱਕ ਅੱਜ ਪਿੱਪਲਾਂ ਜਾਂ ਬਰੋਟਿਆਂ ਦੀ ਪੰਜਾਬ ਵਾਂਗ ਛਾਂ ਨਹੀਂ ਹੈ। ਪਰ ਹੋਰ ਬਹੁਤ ਸੋਹਣੇ ਸੰਘਣੇ ਦਰੱਖਤਾਂ ਦੀ ਛਾਂ ਅਤੇ ਆਪਸੀ ਸੱਭਿਆਚਾਰ ਪ੍ਰਤੀ ਪਿਆਰ ਸਦਕਾ ਅੱਜ ਵੀ ਉਸੇ ਤਰ੍ਹਾਂ ਇਹ ਤੀਆਂ ਪਰੰਪਰਾਗਤ ਤਰੀਕੇ ਨਾਲ ਹਰ ਸਾਲ ਲਗਦੀਆਂ ਹਨ। ਜਿੱਥੇ ਵੱਖ-ਵੱਖ ਸ਼ਹਿਰਾਂ ਤੋਂ ਬੀਬੀਆਂ ਭੈਣਾਂ ਰਲ ਕੇ ਆਪਣੇ ਗਰੁੱਪਾਂ ਵਿਚ ਗੀਤ ਗਾ, ਗਿੱਧੇ ਦੇ ਮੁਕਾਬਲੇ ਦਾ ਭਰਪੂਰ ਅਨੰਦ ਮਾਣਦੀਆਂ ਹੋਈਆਂ ਆਪਣੀਆਂ ਸਹੇਲੀਆਂ ਨੂੰ ਵੀ ਮਿਲਦੀਆਂ ਹਨ। ਤੀਆਂ ਦੌਰਾਨ ਪਾਰਕ ਵਿਚ ਪੈ ਰਹੇ ਗਿੱਧੇ ਅਤੇ ਬੋਲੀਆਂ ਪੰਜਾਬ ਦੇ ਅਮੀਰ ਵਿਰਸੇ ਨੂੰ ਸਿਰਜ ਕੇ ਮਾਹੌਲ ਨੂੰ ਪੰਜਾਬੀਅਤ ਦੇ ਰੰਗ ਵਿਚ ਰੰਗ ਦਿੰਦੀਆਂ ਹਨ। ਤੀਆਂ ਦੇਖਣ ਅਤੇ ਹਿੱਸਾ ਲੈਣ ਆਈਆਂ ਮੁਟਿਆਰਾਂ ਦੀਆਂ ਰੰਗ-ਬਰੰਗੀਆਂ ਪੁਸ਼ਾਕਾਂ, ਲਹਿੰਗੇ, ਘੱਗਰੇ ਅਤੇ ਗਹਿਣੇ ਤੀਆਂ ਦੀ ਰੌਣਕ ਨੂੰ ਚਾਰ ਚੰਨ ਲਾਉਂਦੇ ਹਨ।

ਤੀਆਂ ਦੌਰਾਨ ਪ੍ਰਬੰਧਕਾਂ ਵੱਲੋਂ ਸਮਾਪਤੀ 'ਤੇ ਖੁੱਲ੍ਹੇ ਗਿੱਧੇ ਅਤੇ ਬੋਲੀਆਂ ਤੋਂ ਇਲਾਵਾ ਨਵੀਂ ਪੀੜ੍ਹੀ ਦੀ ਮੰਗ 'ਤੇ ਡੀ.ਜੇ. ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ। ਇਸ ਸਾਲ ਹਮੇਸ਼ਾ ਵਾਂਗ ਤੀਆਂ ਦਾ ਮਾਹੌਲ ਪੰਜਾਬ ਦੇ ਕਿਸੇ ਇਤਿਹਾਸਕ ਮੇਲੇ ਦੀ ਯਾਦ ਦਿਵਾ ਰਿਹਾ ਸੀ। ਜਿੱਥੇ ਇੱਕ ਹਜ਼ਾਰ ਦੇ ਲਗਭਗ ਬੀਬੀਆਂ-ਭੈਣਾਂ ਅਤੇ ਬੱਚੀਆਂ ਨੇ ਲਾਈਵ ਗਿੱਧੇ ਅਤੇ ਬੋਲੀਆਂ ਰਾਹੀਂ ਅਮੀਰ ਪੰਜਾਬੀ ਸੱਭਿਆਚਾਰ ਵਿਰਸੇ ਨੂੰ ਸਿਜਦਾ ਕਰਦੇ ਹੋਏ ਖੂਬ ਰੌਣਕਾਂ ਲਾਈਆਂ। ਅਜੋਕੇ ਸਮੇਂ ਅੰਦਰ ਅਜਿਹੇ ਤਿਉਹਾਰਾਂ ਨੂੰ ਪਰੰਪਰਾਗਤ ਤਰੀਕੇ ਨਾਲ ਮਨਾਉਣ ਦੀ ਲੋੜ ਵੀ ਹੈ, ਤਾਂ ਜੋ ਨਵੀਂ ਪੀੜ੍ਹੀ ਨੂੰ ਸਹੀ ਢੰਗ ਨਾਲ ਆਪਣੇ ਪਿਛੋਕੜ ਤੋਂ ਜਾਣੂ ਕਰਵਾਉਂਦੇ ਹੋਏ ਜੀਵਤ ਰੱਖਿਆ ਜਾ ਸਕੇ।

ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਗੁੱਡੀ ਰਾਣੂ, ਰਾਜਪਾਲ ਕੌਰ ਬਰਾੜ, ਰਾਜਿੰਦਰ ਕੌਰ ਢਿੱਲੋਂ, ਪਰਮਜੀਤ ਕੌਰ ਅਤੇ ਸਮੂਹ ਸਹਿਯੋਗੀ ਬੀਬੀਆਂ ਨੂੰ ਜਾਂਦਾ ਹੈ, ਜਿਨ੍ਹਾਂ



ਨੇ ਆਪਣੇ ਯਤਨਾਂ ਅਤੇ ਅਣਥੱਕ ਮਿਹਨਤ ਰਾਹੀਂ ਪੰਜਾਬੀ ਸੱਭਿਆਚਾਰ ਦੀ ਇਸ ਰਵਾਇਤ ਨੂੰ ਕਾਇਮ ਰੱਖਦੇ ਹੋਏ, ਤੀਆਂ ਦੇ ਇਕੱਠ ਨੂੰ ਯਾਦਗਾਰੀ ਬਣਾਇਆ। ਅੰਤ ਆਪਸੀ ਮੇਲ-ਮਿਲਾਪ ਦੀਆਂ ਸਾਂਝਾਂ ਪਾਉਂਦਾ ਇਹ ਰਵਾਇਤੀ ਤੀਆਂ ਦਾ ਇਕੱਠ ਫਿਰ ਤੋਂ ਅਗਲੇ ਸਾਲ ਮਿਲਣ ਦੇ ਵਾਅਦੇ ਨਾਲ ਯਾਦਗਾਰੀ ਹੋ ਨਿਬੜਿਆ।

***-ਰਿਪੋਰਟ: ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ***

# ਪਾਕਿ 'ਚ ਹੜ੍ਹ ਦੌਰਾਨ 299 ਲੋਕਾਂ ਦੀ ਮੌਤ

**ਇਸਲਾਮਾਬਾਦ:** ਰਾਸ਼ਟਰੀ ਆਫਤ ਮੈਨੇਜਮੈਂਟ ਅਥਾਰਟੀ (ਐੱਨਡੀਏਐੱਮਏ) ਨੇ ਐਤਵਾਰ ਨੂੰ ਕਿਹਾ ਕਿ ਜੂਨ ਦੇ ਅੰਤ ਤੋਂ ਪਾਕਿਸਤਾਨ ਦੇ ਕਈ ਹਿੱਸਿਆਂ 'ਚ ਆਏ ਹੜ੍ਹ ਤੇ ਮੋਹਲੇਧਾਰ ਮੀਂਹ ਕਾਰਨ 140 ਬੱਚਿਆਂ ਸਮੇਤ 299 ਲੋਕਾਂ ਦੀ ਮੌਤ ਹੋ ਗਈ ਤੇ 700 ਤੋਂ ਵੱਧ ਹੋਰ ਜ਼ਖ਼ਮੀ ਹੋ ਗਏ। ਐੱਨਡੀਏਐੱਮਏ ਨੇ ਕਿਹਾ ਕਿ 26 ਜੂਨ ਤੋਂ ਸ਼ੁਰੂ ਹੋਏ ਹੜ੍ਹ ਨੇ ਪੂਰੇ ਦੇਸ਼ 'ਚ ਤਬਾਹੀ ਦਾ ਮੰਜ਼ਰ ਛੱਡ ਦਿੱਤਾ ਹੈ। ਮਰਨ ਵਾਲਿਆਂ 'ਚ 102 ਮਰਦ, 57 ਔਰਤਾਂ ਤੇ 140 ਬੱਚੇ ਸ਼ਾਮਲ ਹਨ, ਜਦਕਿ ਜ਼ਖ਼ਮੀਆਂ 'ਚ 239 ਬੱਚੇ, 204 ਔਰਤਾਂ ਤੇ 272 ਮਰਦ ਸ਼ਾਮਲ ਹਨ।



# ਰੂਸ ਲਈ ਲੜ ਰਹੇ ਹਨ ਚੀਨ, ਪਾਕਿਸਤਾਨ ਤੇ ਹੋਰਨਾਂ ਦੇਸ਼ਾਂ ਦੇ ਕਿਰਾਏ ਦੇ ਫ਼ੌਜੀ: ਜ਼ੇਲੈਂਸਕੀ

**ਕੀਵ:** ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੇ ਸੋਮਵਾਰ ਨੂੰ ਕਿਹਾ ਕਿ ਉੱਤਰ-ਪੂਰਬੀ ਯੂਕਰੇਨ 'ਚ ਯੂਕਰੇਨੀ ਫ਼ੌਜੀ ਚੀਨ, ਪਾਕਿਸਤਾਨ ਤੇ ਅਫਰੀਕਾ ਦੇ ਕੁਝ ਹਿੱਸਿਆਂ ਸਮੇਤ ਵੱਖ ਵੱਖ ਦੇਸ਼ਾਂ ਦੇ ਵਿਦੇਸ਼ੀ ਕਿਰਾਏ ਦੇ ਫ਼ੌਜੀਆਂ ਨਾਲ ਲੜ ਰਹੇ ਹਨ। ਨਾਲ ਹੀ ਉਨ੍ਹਾਂ ਕਿਹਾ ਕਿ ਇਸਦਾ ਕਰਾਰ ਜਵਾਬ ਦੇਣਗੇ। ਜੈਲੈਂਸਕੀ ਨੇ ਪਹਿਲਾਂ ਮਾਸਕੋ 'ਤੇ ਯੂਕਰੇਨ ਦੇ ਖ਼ਿਲਾਫ਼ ਜੰਗੀ ਕੋਸ਼ਿਸ਼ਾਂ ਲਈ ਚੀਨੀ ਲੜਾਕਿਆਂ ਦੀ ਭਰਤੀ ਕਰਨ ਦਾ ਦੋਸ਼ ਲਗਾਇਆ ਸੀ, ਹਾਲਾਂਕਿ ਬੀਜਿੰਗ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ। ਉੱਤਰੀ ਕੋਰੀਆ ਨੇ ਵੀ ਰੂਸ ਦੇ ਕੁਰਸਕ ਖੇਤਰ 'ਚ ਆਪਣੇ ਹਜ਼ਾਰਾਂ ਫ਼ੌਜੀ ਤਾਇਨਾਤ ਕੀਤੇ ਹਨ। ਜ਼ੇਲੈਂਸਕੀ ਨੇ ਉੱਤਰ-ਪੂਰਬੀ ਖਾਰਕੀਵ ਖੇਤਰ ਦੇ ਇਕ ਅਗਾਊਂ ਖੇਤਰ ਦਾ ਦੌਰਾਨ ਕਰਨ ਤੋਂ ਬਾਅਦ ਐਕਸ 'ਤੇ ਲਿਖਿਆ ਕਿ ਅਸੀਂ ਕਮਾਂਡਰਾਂ ਨੂੰ ਅਗਲੇ ਮੋਰਚੇ ਦੀ 4 ਹਾਲਤ, ਵੋਵਚਾਂਸਕ ਦੀ ਰੱਖਿਆ ਤੇ ਜੰਗ ਦੀ ਰਫ਼ਤਾਰ ਦੇ ਸਬੰਧ 'ਚ ਗੱਲ ਕੀਤੀ।

ਸਾਡੇ ਯੋਧੇ ਚੀਨ, ਤਜ਼ਾਕਿਸਤਾਨਾ, ਉਜ਼ਬੇਕਿਸਤਾਨ, ਪਾਕਿਸਤਾਨ ਤੇ ਅਫਰੀਕੀ ਦੇਸ਼ਾਂ ਦੇ ਕਿਰਾਏ ਦੇ ਫ਼ੌਜੀਆਂ ਦੀ ਹਿੱਸੇਦਾਰੀ ਦੀ ਸੂਚਨਾ ਦੇ ਰਹੇ ਹਨ। ਰੂਸ ਨੇ ਜ਼ੇਲੈਂਸਕੀ ਦੇ ਦਾਅਵੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਇਸ ਵਿਚਾਲੇ, ਯੂਕਰੇਨ ਨੇ ਫ਼ੌਜ ਲਈ ਡ੍ਰੋਨ ਤੇ ਜੈਮਿੰਗ ਯੰਤਰਾਂ ਦੀ ਖ਼ਰੀਦ 'ਚ ਗ਼ਬਨ ਦੇ ਲਈ ਇਕ ਸੰਸਦ ਮੈਂਬਰ ਤੇ ਇਕ ਸਰਕਾਰੀ ਅਧਿਕਾਰੀ ਸਮੇਤ ਛੇ 'ਤੇ ਦੋਸ਼ ਲਗਾਇਆ ਹੈ।

## ਯੂਕਰੇਨੀ ਹਮਲੇ 'ਚ ਇਕ ਰੂਸੀ ਫ਼ੌਜੀ ਜਹਾਜ਼ ਤਬਾਹ

ਯੂਕਰੇਨ ਨੇ ਦਾਅਵਾ ਕੀਤਾ ਹੈ ਕਿ ਰੂਸ ਦੇ ਕਬਜ਼ੇ ਵਾਲੇ ਕ੍ਰੀਮੀਆ 'ਤੇ ਰਾਤ ਭਰ ਡ੍ਰੋਨ ਹਮਲੇ 'ਚ ਇਕ ਰੂਸੀ ਲੜਾਕੂ ਜਹਾਜ਼ ਪੂਰੀ ਤਰ੍ਹਾਂ ਤਬਾਹ ਹੋ ਗਿਆ ਤੇ ਚਾਰ ਹੋਰ ਜਹਾਜ਼ਾਂ ਨੂੰ ਵੀ ਨੁਕਸਾਨ ਪੁੱਜਾ ਹੈ। ਇਕ ਫ਼ੌਜੀ ਹਵਾਬਾਜ਼ੀ ਡਿਪੂ 'ਤੇ ਹਮਲਾ ਕੀਤਾ ਗਿਆ, ਜਿਸ ਨਾਲ ਇਕ ਸੂ-30 ਜਹਾਜ਼ ਪੂਰੀ ਤਰ੍ਹਾਂ ਨਸ਼ਟ ਹੋ ਗਿਆ ਤੇ ਹੋਰ ਨੁਕਸਾਨੇ ਗਏ। ਉਥੇ ਹੀ ਤਿੰਨ ਸੂ-24 ਜੈੱਟ ਬੰਬਾਰ ਵੀ ਨੁਕਸਾਨੇ ਗਏ।

ਉਥੇ ਹੀ, ਵੋਲਗੋਗ੍ਰਾਦ 'ਚ ਹਮਲੇ 'ਚ ਰਾਤ ਭਰ ਲਈ ਬਿਜਲੀ ਲਾਈਨ ਬੰਦ ਰਹੀ ਤੇ ਇਕ ਰੇਲਵੇ ਸਟੇਸ਼ਿਨ ਦੀ ਇਮਾਰਤ 'ਚ ਅੱਗ ਲੱਗ ਗਈ। ਕਈ ਟ੍ਰੇਨਾਂ ਦੇਰੀ ਨਾਲ ਚੱਲੀਆਂ। ਡ੍ਰੋਨ ਹਮਲਿਆਂ ਨੂੰ ਦੇਖਦੇ ਹੋਏ ਵੋਲਗੋਗ੍ਰਾਦ 'ਚ ਹਵਾਈ ਉਡਾਣਾਂ ਵੀ ਪ੍ਰਭਾਵਿਤ ਹੋਈਆਂ। ਵੋਲਗੋਗ੍ਰਾਦ ਦੇ ਗਵਰਨਰ ਆਂਦਰੇ ਬੋਚਾਰੋਵ ਨੇ ਕਿਹਾ ਕਿ ਕੋਈ ਜ਼ਖ਼ਮੀ ਨਹੀਂ ਹੋਇਆ। ਇਸ ਵਿਚਾਲੇ ਐਤਵਾਰ ਨੂੰ ਦੱਖਣੀ-ਪੂਰਬੀ ਜਪੋਰੀਜੀਆ ਖੇਤਰ 'ਚ ਰੂਸੀ ਹਮਲੇ 'ਚ ਤਿੰਨ ਲੋਕਾਂ ਦੀ ਮੌਤ ਹੋ ਗਈ।

# ਮਜੀਠੀਆ ਅਜੇ ਜੇਲ੍ਹ ਵਿਚ ਹੀ ਰਹੇਗਾ



**ਐੱਸ. ਏ. ਐੱਸ. ਨਗਰ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅੱਜ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਤੋਂ ਵੀਡੀਓ ਕਾਨਫ਼ਰੰਸਿੰਗ ਜ਼ਰੀਏ ਮੁਹਾਲੀ ਅਦਾਲਤ 'ਚ ਪੇਸ਼ ਕੀਤਾ ਗਿਆ। ਇਸ ਮੌਕੇ ਜੱਜ ਹਰਦੀਪ ਸਿੰਘ ਦੀ ਅਦਾਲਤ ਨੇ ਮਜੀਠੀਆ ਦੀ ਨਿਆਂਇਕ ਹਿਰਾਸਤ ਵਿਚ ਵਾਧਾ ਕਰਦਿਆਂ ਉਕਤ ਮਾਮਲੇ ਨੂੰ 14 ਅਗਸਤ ਲਈ ਮੁਲਤਵੀ ਕਰ ਦਿੱਤਾ। ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ 'ਚ ਪਿਛਲੇ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਨਜ਼ਰਬੰਦ ਬਿਕਰਮ ਸਿੰਘ ਮਜੀਠੀਆ ਨੂੰ ਅੱਜ ਤੀਸਰੀ ਵਾਰ ਅਦਾਲਤ ਵਲੋਂ ਨਿਆਂਇਕ ਹਿਰਾਸਤ ਵਿਚ ਭੇਜਣ ਦੇ ਹੁਕਮ ਸੁਣਾਏ ਗਏ ਹਨ। ਦੱਸ ਦਈਏ ਕਿ ਬਿਕਰਮ ਸਿੰਘ ਮਜੀਠੀਆ ਨੂੰ ਅਦਾਲਤ ਵਿਖੇ ਆਗਾਮੀ ਤਰੀਕਾਂ 'ਤੇ ਨਿੱਜੀ ਤੌਰ 'ਤੇ ਪੇਸ਼ ਕਰਨ ਸੰਬੰਧੀ ਅਰਜ਼ੀ 'ਤੇ ਸੁਣਵਾਈ ਵੀ 14 ਅਗਸਤ ਨੂੰ ਹੋਵੇਗੀ। ਇਸ ਕਰਕੇ ਅਦਾਲਤ ਨੇ ਆਜ਼ਾਦੀ ਦਿਵਸ ਮੌਕੇ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਦੀਆਂ ਡਿਊਟੀਆਂ ਨੂੰ ਧਿਆਨ 'ਚ ਰੱਖਦਿਆਂ 14 ਅਗਸਤ ਨੂੰ ਮਜੀਠੀਆ ਦੀ ਹੋਣ ਵਾਲੀ ਪੇਸ਼ੀ ਨੂੰ ਵੀਡੀਓ ਕਾਨਫ਼ਰੰਸਿੰਗ ਜ਼ਰੀਏ ਹੀ ਕਰਵਾਉਣ ਦੇ ਨਿਰਦੇਸ਼ ਦਿੱਤੇ। ਹਨ।

# ਅਮਰੀਕਾ ਨੂੰ ਖੇਤੀ, ਡੇਅਰੀ ਪਦਾਰਥਾਂ 'ਤੇ ਰਿਆਇਤ ਦੇਣ ਨੂੰ ਤਿਆਰ ਨਹੀਂ ਹੈ ਭਾਰਤ




**ਨਵੀਂ ਦਿੱਲੀ:** ਭਾਰਤ ਅਮਰੀਕਾ ਨਾਲ ਪ੍ਰਸਤਾਵਿਤ ਦੁਵੱਲੇ ਵਪਾਰ ਸਮਝੌਤੇ (ਬੀ.ਟੀ.ਏ.) 'ਚ ਖੇਤੀ ਉਤਪਾਦਾਂ, ਡੇਅਰੀ ਅਤੇ ਜੀ ਐਮ ਅਤੇ ਖਾਣ ਵਾਲੀਆਂ ਵਸਤਾਂ 'ਤੇ ਟੈਰਿਫ਼ ਰਿਆਇਤ ਦੇਣ ਨੂੰ ਤਿਆਰ ਨਹੀਂ ਹੈ। ਭਾਰਤ ਨੇ ਇਸ ਮੁੱਦੇ 'ਤੇ ਆਪਣਾ ਰੁਖ਼ ਸਪੱਸ਼ਟ ਕਰਦਿਆਂ ਕਿਹਾ ਕਿ ਖੇਤੀ ਸਿਆਸੀ ਅਤੇ ਆਰਥਿਕ ਤੌਰ 'ਤੇ ਸੰਵੇਦਨਸ਼ੀਲ ਖੇਤਰ ਹੈ। ਭਾਰਤ ਦੀ ਦਿਹਾਤੀ ਅਰਥਵਿਵਸਥਾ 'ਚ 70 ਕਰੋੜ ਤੋਂ ਵੱਧ ਲੋਕ ਇਸ ਖੇਤਰ 'ਤੇ ਨਿਰਭਰ ਹਨ। ਜੇਕਰ ਭਾਰਤ ਟੈਰਿਫ਼ ਹਟਾਉਂਦਾ ਹੈ ਤਾਂ ਆਲਮੀ ਕੀਮਤਾਂ 'ਚ ਗਿਰਾਵਟ ਦੌਰਾਨ ਸਸਤੇ, ਸਬਸਿਡੀ ਵਾਲੇ ਅਮਰੀਕੀ ਅਨਾਜ ਭਾਰਤੀ ਬਾਜ਼ਾਰਾਂ 'ਚ ਭਰ ਸਕਦੇ ਹਨ। ਜਿਥੇ ਅਮਰੀਕਾ 'ਚ ਖੇਤੀ ਦਾ ਵਪਾਰੀਕਰਨ ਹੋ ਚੁੱਕਿਆ ਹੈ, ਭਾਰਤ 'ਚ ਖੇਤੀ ਰੋਜ਼ੀ ਰੋਟੀ ਨਾਲ ਜੁੜਿਆ ਮਾਮਲਾ ਹੈ। ਭਾਰਤ ਨੇ ਕਿਹਾ ਕਿ ਛੋਟੇ ਕਿਸਾਨਾਂ ਦੀ ਸੁਰੱਖਿਆ, ਅਸਥਿਰਤਾ ਨੂੰ ਕਾਬੂ ਕਰਨ ਅਤੇ ਅਨਾਜ ਸੁਰੱਖਿਆ ਯਕੀਨੀ ਬਣਾਉਣ ਲਈ ਟੈਰਿਫ਼ ਬਹੁਤ ਜ਼ਰੂਰੀ ਹੈ। ਡੇਅਰੀ ਨੂੰ ਲੈ ਕੇ ਵੀ ਭਾਰਤੀ ਨੇਮ ਧਾਰਮਿਕ ਸੰਵੇਦਨਸ਼ੀਲਤਾ ਤੋਂ ਪ੍ਰਭਾਵਿਤ ਹਨ, ਜਿਸ ਕਾਰਨ ਪਸ਼ੂਆਂ ਦੇ ਮਾਸ ਵਾਲੇ ਖਾਣੇ ਤੋਂ ਹਾਸਿਲ ਪਸ਼ੂਆਂ ਦੇ ਦਰਾਮਦਜ 'ਤੇ ਪਾਬੰਦੀ ਲਗਾਉਂਦੇ ਹਨ। ਮਿਸਾਲ ਵਜੋਂ ਗਊ ਦੇ ਮਾਸ ਤੋਂ ਮਿਲੇ ਮੱਖਣ 'ਤੇ। ਭਾਰਤ ਇਸ ਨੀਤੀ ਨੂੰ ਸਮਝੌਤਾ ਕਰਨ ਦੇ ਯੋਗ ਨਹੀਂ ਮੰਨਦਾ। ਜੀ.ਐਮ. ਪਦਾਰਥਾਂ ਨੂੰ ਲੈ ਕੇ ਵੀ। ਭਾਰਤ ਦਾ ਨਜ਼ਰੀਆ ਇੰਝ ਹੈ। ਪਸ਼ੂਆਂ ਦੇ ਅਹਾਰ ਲਈ ਸੋਇਆਬੀਨ ਅਨਾਜ ਅਤੇ ਘੁਲਣਸ਼ੀਲ ਪਦਾਰਥਾਂ ਦੇ ਨਾਲ ਸੁੱਕੇ ਅਨਾਜ ਜਿਹੇ ਜੀ.ਐਮ. ਉਤਪਾਦਾਂ ਦੇ ਦਰਾਮਦ ਦੀ ਇਜਾਜ਼ਤ ਦੇਣ ਨਾਲ ਯੂਰਪੀਅਨ ਯੂਨੀਅਨ ਨਾਲ ਭਾਰਤ ਦੇ ਖੇਤੀ ਬਰਾਮਦ 'ਤੇ ਅਸਰ ਪਵੇਗਾ। ਜ਼ਿਕਰਯੋਗ ਹੈ ਕਿ ਭਾਰਤ ਅਮਰੀਕਾ ਦਰਮਿਆਨ ਦੁਵੱਲੇ ਵਪਾਰ ਸਮਝੌਤੇ 'ਚ ਅਮਰੀਕਾ ਕੁਝ ਉਦਯੋਗਿਕ ਵਸਤਾਂ, ਆਟੋਮੋਬਾਈਲ, ਖੇਤੀ ਵਸਤਾਂ, ਡੇਅਰੀ ਵਸਤਾਂ, ਸੇਬ ਅਤੇ ਜੀ.ਐਮ. ਫ਼ਸਲਾਂ 'ਤੇ ਟੈਰਿਫ਼ 'ਚ ਰਿਆਇਤ ਚਾਹੁੰਦਾ ਹੈ, ਜਦਕਿ ਭਾਰਤ ਇਸ ਵਾਧੂ ਟੈਰਿਫ਼ (ਮੌਜੂਦਾ ਸਮੇਂ 'ਚ 25 ਫ਼ੀਸਦੀ) ਨੂੰ ਹਟਾਉਣ ਅਤੇ ਆਟੋ, ਇਸਪਾਤ, ਐਲੂਮੀਨੀਅਮ, ਕੱਪੜਾ, ਚਮੜੇ ਦੇ ਸਾਮਾਨ, ਕੱਪੜੇ, ਪਲਾਸਟਿਕ, ਰਸਾਇਣ, ਅੰਗੂਰ ਅਤੇ ਕੇਲੇ 'ਤੇ ਟੈਰਿਫ਼ 'ਚ ਕਟੌਤੀ ਦੀ ਮੰਗ ਕਰ ਰਿਹਾ ਹੈ, ਪਰ ਭਾਰਤ ਡੇਅਰੀ, ਖੇਤੀ ਉਤਪਾਦਾਂ ਅਤੇ ਜੀ.ਐਮ. ਪਦਾਰਥਾਂ 'ਤੇ ਅਮਰੀਕਾ ਨੂੰ ਟੈਰਿਫ਼ 'ਤੇ ਕੋਈ ਵੀ ਰਿਆਇਤ ਨਹੀਂ ਦੇਣਾ ਚਾਹੁੰਦਾ।

# ਸ਼ਹੀਦੀ ਦਿਹਾੜਾ ਮਨਾਉਣ 'ਚ ਸ਼੍ਰੋਮਣੀ ਕਮੇਟੀ ਕਰੇ ਸਹਿਯੋਗ: ਦਿੱਲੀ ਕਮੇਟੀ

**ਨਵੀਂ ਦਿੱਲੀ:** ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਸਬੰਧੀ ਸਮਾਗਮ ਕਰਵਾਉਣ ਨੂੰ ਲੈ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐੱਸਜੀਐੱਮਸੀ) ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਵਿਚਾਲੇ ਵਿਵਾਦ ਹਾਲੇ ਦੂਰ ਨਹੀਂ ਹੋਇਆ। ਦੋਵਾਂ ਹੀ ਸਿੱਖ ਸੰਸਥਾਵਾਂ ਨੇ ਵੱਖ-ਵੱਖ ਸਮਾਗਮ ਕਰਵਾਉਣ ਦਾ ਐਲਾਨ ਕੀਤਾ ਹੈ।

ਡੀਐੱਸਜੀਐੱਮਸੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਐੱਸਜੀਪੀਸੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਪੱਤਰ ਲਿਖ ਕੇ ਦਿੱਲੀ 'ਚ ਕਰਵਾਏ ਜਾਣ ਵਾਲੇ ਸਮਾਗਮ 'ਚ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਐੱਸਜੀਪੀਸੀ ਨੂੰ ਵੱਡੇ ਭਰਾ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਕਾਹਲੋਂ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਨਾਲ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦਾ ਸ਼ਹੀਦੀ ਸਥਲ ਦਿੱਲੀ ਵਿਚ ਹੈ।

ਉਨ੍ਹਾਂ ਦਾ ਅੰਤਮ ਸੰਸਕਾਰ ਵੀ ਦਿੱਲੀ 'ਚ ਹੀ ਹੋਇਆ ਸੀ। ਇਸ ਲਈ ਸ਼ਹੀਦੀ ਦਿਹਾੜੇ ਸਬੰਧੀ ਸਮਾਗਮ ਕਰਵਾਉਣ ਦੀ ਜ਼ਿੰਮੇਵਾਰੀ ਡੀਐੱਸਜੀਐੱਮਸੀ ਦੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਸਥਾਨ ਦੇ ਮਹੱਤਵ ਮੁਤਾਬਕ ਸਿੱਖ ਧਰਮ ਨਾਲ ਜੁੜੇ ਸ਼ਤਾਬਦੀ ਸਮਾਗਮ ਕਰਵਾਏ ਗਏ ਹਨ।

ਇਨ੍ਹਾਂ ਸਾਰੇ ਸਮਾਗਮਾਂ ਵਿੱਚ ਸਾਰੀਆਂ ਜਥੇਬੰਦੀਆਂ ਨੇ ਇਕੱਠੇ ਹੋ ਕੇ ਸਹਿਯੋਗ ਦਿੱਤਾ ਸੀ। ਇਸ ਨੂੰ ਧਿਆਨ ਵਿਚ ਰਖਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਸਬੰਧੀ ਸਮਾਗਮ ਦਿੱਲੀ ਵਿਚ ਕਰਵਾਇਆ ਜਾਣਾ ਚਾਹੀਦਾ ਹੈ। 2 15 ਅਪ੍ਰੈਲ ਨੂੰ ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ 'ਚ ਹੋਈ ਮੀਟਿੰਗ ਵਿਚ ਵੀ ਇਹੀ, ਫੈਸਲਾ ਹੋਇਆ ਸੀ।

# ਜੇਤਲੀ ਬਾਰੇ ਰਾਹੁਲ ਦੇ ਬਿਆਨ ਨੂੰ ਜੇਤਲੀ ਦੇ ਬੇਟੇ ਨੇ ਕੀਤਾ ਖਾਰਜ



**ਨਵੀਂ ਦਿੱਲੀ:** ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸਨਿਚਰਵਾਰ ਨੂੰ ਵੱਡਾ ਦਾਅਵਾ ਕਰਦਿਆਂ ਕਿਹਾ ਕਿ ਸਰਕਾਰ ਨੇ ਤਿੰਨੋਂ ਖੇਤੀ ਕਾਨੂੰਨਾਂ ਖ਼ਿਲਾਫ਼ ਵਿਰੋਧੀ ਧਿਰਾਂ ਦੀ ਮੁਖ਼ਾਲਫ਼ਤ ਨੂੰ ਲੈ ਕੇ ਸਾਬਕਾ ਕੇਂਦਰੀ ਮੰਤਰੀ ਅਰੁਣ ਜੇਤਲੀ ਨੂੰ ਉਨ੍ਹਾਂ (ਰਾਹੁਲ) ਕੋਲ ਧਮਕਾਉਣ ਲਈ ਭੇਜਿਆ ਸੀ। ਹਾਲਾਂਕਿ, ਅਰੁਣ ਜੇਤਲੀ ਦੇ ਬੇਟੇ ਰੋਹਨ ਜੇਤਲੀ ਨੇ ਇਸ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪਿਤਾ ਦਾ ਦਿਹਾਂਤ 2019 'ਚ ਹੋਇਆ ਸੀ ਅਤੇ ਕਾਨੂੰਨ 2020 'ਚ ਲਿਆਂਦੇ ਗਏ। ਰਾਹੁਲ ਗਾਂਧੀ ਨੇ ਸਾਲਾਨਾ ਕਾਨੂੰਨੀ ਸੰਮੇਲਨ 2025 'ਚ ਬੋਲਦਿਆਂ ਕਿਹਾ ਕਿ ਜਦੋਂ ਉਹ ਕਿਸਾਨ ਵਿਰੋਧੀ ਕਾਨੂੰਨਾਂ ਦੇ ਖ਼ਿਲਾਫ਼ ਲੜ ਰਹੇ ਸਨ ਤਾਂ ਅਰੁਣ ਜੇਤਲੀ ਨੂੰ ਉਨ੍ਹਾਂ ਨੂੰ ਧਮਕਾਉਣ ਲਈ ਭੇਜਿਆ ਗਿਆ। ਜੇਤਲੀ ਨੇ ਉਨ੍ਹਾਂ (ਰਾਹੁਲ) ਨੂੰ ਕਿਹਾ ਕਿ ਜੇਕਰ ਉਹ ਸਰਕਾਰ ਖ਼ਿਲਾਫ਼ ਵਿਰੋਧ ਕਰਨਾ ਜਾਰੀ ਰੱਖਣਗੇ ਤਾਂ ਉਨ੍ਹਾਂ ਦੇ ਖ਼ਿਲਾਫ਼ ਕਾਰਵਾਈ ਕੀਤੀ ਜਾਏਗੀ। ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਨੇ ਇਸ ਧਮਕੀ 'ਤੇ ਅਰੁਣ ਜੇਤਲੀ ਵੱਲ ਤਿੱਖੀ ਨਜ਼ਰ ਨਾਲ ਵੇਖ ਕੇ ਕਿਹਾ ਕਿ ਤੁਹਾਨੂੰ (ਅਰੁਣ ਜੇਤਲੀ) ਕੁਝ ਵੀ ਅਹਿਸਾਸ ਨਹੀਂ ਹੈ ਕਿ ਤੁਸੀਂ ਕਿਸ ਨਾਲ ਗੱਲ ਕਰ ਰਹੇ ਹੋ।

## ਜੇਤਲੀ ਦੇ ਬੇਟੇ ਨੇ ਦੋਸ਼ਾਂ ਨੂੰ ਕੀਤਾ ਖਾਰਜ

ਰਾਹੁਲ ਗਾਂਧੀ ਵਲੋਂ ਲਾਏ ਦੋਸ਼ਾਂ ਨੂੰ ਅਰੁਣ ਜੇਤਲੀ ਦੇ ਬੇਟੇ ਅਤੇ ਦਿੱਲੀ ਤੇ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਦੇ ਮੁਖੀ ਰੋਹਨ ਜੇਤਲੀ ਨੇ ਖਾਰਜ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪਿਤਾ ਕਿਸੇ ਨੂੰਧਮਕਾਉਣ 'ਚ ਵਿਸ਼ਵਾਸ ਨਹੀਂ ਰੱਖਦੇ ਸਨ। ਉਹ ਲੋਕਤੰਤਰ 'ਚ ਯਕੀਨ ਰੱਖਦੇ ਸਨ ਅਤੇ ਹਮੇਸ਼ਾ ਚਰਚਾ ਅਤੇ ਸਹਿਮਤੀ ਨਾਲ ਹੱਲ ਕੱਢਣ ਦੀ ਕੋਸ਼ਿਸ਼ 'ਚ ਯਕੀਨ ਰੱਖਦੇ ਸਨ। ਜੇਤਲੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪਾਏ ਸੰਦੇਸ਼ 'ਚ ਕਿਹਾ ਕਿ ਰਾਹੁਲ ਗਾਂਧੀ ਕਹਿ ਰਹੇ ਹਨ ਕਿ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ (ਰਾਹੁਲ ਗਾਂਧੀ) ਨੂੰ ਧਮਕਾਇਆ। ਰੋਹਨ ਜੇਤਲੀ ਨੇ ਕਿਹਾ ਕਿ ਪਰ ਸੱਚਾਈ ਇਹ ਹੈ ਕਿ ਉਨ੍ਹਾਂ ਦੇ ਪਿਤਾ ਦਾ ਦਿਹਾਂਤ 2019 'ਚ ਹੋਇਆ ਸੀ ਅਤੇ ਕਾਨੂੰਨ 2020 'ਚ ਲਿਆਂਦਾ ਗਿਆ। ਰੋਹਨ ਜੇਤਲੀ ਨੇ ਕਿਹਾ ਕਿ ਅਜਿਹੇ ਲੋਕ ਜੋ ਸਾਡੇ ਦਰਮਿਆਨ ਨਹੀਂ ਹਨ, ਉਨ੍ਹਾਂ ਬਾਰੇ ਬੋਲਦੇ ਸਮੇਂ ਸੋਚ ਸਮਝ ਕੇ ਬੋਲਣਾ ਚਾਹੀਦਾ ਹੈ। ਰਾਹੁਲ ਗਾਂਧੀ ਨੇ ਪਹਿਲਾਂ ਵੀ ਮਨੋਹਰ ਪਾਰੀਕਰ ਦੇ ਅੰਤਿਮ ਦਿਨਾਂ 'ਤੇ ਵੀ ਸਿਆਸਤ ਕੀਤੀ ਸੀ, ਜੋ ਬਹੁਤ ਹੀ ਗਲਤ ਸੀ।

# ਰੂਸ ਤੋਂ ਤੇਲ ਖ਼ਰੀਦਣਾ ਜਾਰੀ ਰੱਖੇਗਾ ਭਾਰਤ



**ਨਵੀਂ ਦਿੱਲੀ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਜੁਰਮਾਨੇ ਦੀਆਂ ਧਮਕੀਆਂ ਦੇ ਬਾਵਜੂਦ ਭਾਰਤ ਰੂਸ ਤੋਂ ਤੇਲ ਖ਼ਰੀਦਣਾ ਜਾਰੀ ਰੱਖੇਗਾ। ਭਾਰਤ ਸਰਕਾਰ ਦੇ ਸੂਤਰਾਂ ਨੇ ਕਿਹਾ ਕਿ ਇਹ ਲੰਬੇ ਸਮੇਂ ਦਾ ਤੇਲ ਸਮਝੌਤਾ ਹੈ। ਰਾਤੋ-ਰਾਤ ਖ਼ਰੀਦਦਾਰੀ ਬੰਦ ਕਰਨਾ ਏਨਾ ਆਸਾਨ ਨਹੀਂ ਹੈ। ਟਰੰਪ ਨੇ ਪਿਛਲੇ ਮਹੀਨੇ ਟਰੁੱਥ ਸੋਸ਼ਲ 'ਤੇ ਇਕ ਪੋਸਟ 'ਚ ਸੰਕੇਤ ਦਿੱਤਾ ਸੀ ਕਿ ਰੂਸੀ ਹਥਿਆਰ ਤੇ ਤੇਲ ਖ਼ਰੀਦਣ ਲਈ ਭਾਰਤ ਨੂੰ ਹੋਰ ਪੈਨਲਟੀ ਦਾ ਸਾਹਮਣਾ ਕਰਨਾ ਪਵੇਗਾ ਪਰ ਅਮਰੀਕਾ ਦੇ ਨਾਲ ਜਾਰੀ ਟੈਰਿਫ਼ ਵਾਰ ਵਿਚਾਲੇ ਰੂਸ ਤੋਂ ਤੇਲ ਖ਼ਰੀਦ ਜਾਰੀ ਰੱਖਣ ਨੂੰ ਭਾਰਤ ਸਰਕਾਰ ਦਾ ਕਰਾਰਾ ਜਵਾਬ ਮੰਨਿਆ ਜਾ ਰਿਹਾ ਹੈ। ਭਾਰਤ ਰੂਸੀ ਕੱਚੇ ਤੇਲ ਦਾ ਸਭ ਤੋਂ ਵੱਡਾ ਖ਼ਰੀਦਦਾਰ ਹੈ।

ਭਾਰਤ ਨੇ ਰਸਮੀ ਰੂਪ ਨਾਲ ਇਸ ਮੁੱਦੇ 'ਤੇ ਕੁਝ ਨਹੀਂ ਕਿਹਾ ਪਰ ਸਰਕਾਰੀ ਸੂਤਰਾਂ ਨੇ ਸਪੱਸ਼ਟ ਕੀਤਾ ਕਿ ਰੂਸ ਤੋਂ ਤੇਲ ਦਰਾਮਦ 'ਤੇ ਕੋਈ ਰੋਕ ਨਹੀਂ ਹੈ। ਭਾਰਤ ਦੀ ਊਰਜਾ ਖ਼ਰੀਦ ਰਾਸ਼ਟਰੀ ਹਿਤਾਂ ਤੇ ਬਾਜ਼ਾਰ ਦੀਆਂ ਤਾਕਤਾਂ 'ਤੇ ਆਧਾਰਿਤ ਹੈ। ਸਾਡੇ ਕੋਲ ਭਾਰਤੀ ਤੇਲ ਕੰਪਨੀਆਂ ਵਲੋਂ ਰੂਸੀ ਦਰਾਮਦ ਰੋਕਣ ਦੀ ਕੋਈ ਰਿਪੋਰਟ ਨਹੀਂ ਹੈ। ਕੁਝ ਰਿਪੋਰਟਾਂ 'ਚ ਕਿਹਾ ਗਿਆ ਸੀ ਕਿ ਭਾਰਤੀ ਰਿਫਾਇਨਰੀਆਂ (ਇੰਡੀਅਨ ਆਇਲ ਕਾਰਪੋਰੇਸ਼ਨ, ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ, ਭਾਰਤ ਪੈਟਰੋਲੀਅਮ ਰਾਜ ਗੁਰਦਾਸਪਦੀ ਕਾਰਪੋਰੇਸ਼ਨ ਤੇ ਮੈਂਗਲੋਰ ਰਿਫਾਇਨਰੀ ਪੈਟਰੋ ਕੈਮੀਕਲ ਲਿਮਟਿਡ) ਨੇ ਪਿਛਲੇ ਹਫ਼ਤੇ ਰੂਸੀ ਤੇਲ ਖ਼ਰੀਦਣਾ ਬੰਦ ਕਰ ਦਿੱਤਾ। ਸੂਤਰਾਂ ਦੇ ਹਵਾਲੇ ਤੋਂ ਪਤਾ ਲੱਗਾ ਹੈ ਕਿ ਚਾਰੋ ਰਿਫਾਇਨਰੀਆਂ ਨਿਯਮਤ ਰੂਪ ਨਾਲ ਮੰਗ ਦੇ ਆਧਾਰ 'ਤੇ ਰੂਸੀ ਤੇਲ ਖ਼ਰੀਦਦੀਆਂ ਹਨ ਅਤੇ ਬਦਲਵੇਂ ਰੂਪ 'ਚ ਪੱਛਮੀ ਏਸ਼ੀਆ ਤੇ ਅਫਰੀਕੀ ਬਾਜ਼ਾਰਾਂ ਦਾ ਰੁਖ਼ ਕਰ ਰਹੀਆਂ ਹਨ। ਭਾਰਤ ਆਪਣੀਆਂ ਊਰਜਾ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਿਸ਼ਵ ਬਾਜ਼ਾਰ ਦੀਆਂ ਪੇਸ਼ਕਸ਼ਾਂ ਦੇ ਆਧਾਰ 'ਤੇ ਤੇਲ ਖ਼ਰੀਦਦਾ ਹੈ। ਨਿਊਯਾਰਕ ਟਾਈਮਜ਼ ਨੇ

ਦੋ ਸੀਨੀਅਰ ਭਾਰਤੀ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ ਭਾਰਤ ਸਰਕਾਰ ਦੀ ਨੀਤੀ 'ਚ ਕੋਈ ਬਦਲਾਅ ਨਹੀਂ ਹੋਇਆ ਹੈ। ਇਕ ਅਧਿਕਾਰੀ ਨੇ ਕਿਹਾ ਕਿ ਸਰਕਾਰ ਨੇ ਰੂਸ ਤੋਂ ਦਰਾਮਦ ਘੱਟ ਕਰਨ ਲਈ ਤੇਲ ਕੰਪਨੀਆਂ ਨੂੰ ਕੋਈ ਨਿਰਦੇਸ਼ ਨਹੀਂ ਦਿੱਤਾ। ਅਮਰੀਕੀ ਖ਼ਬਰ ਏਜੰਸੀ ਰਾਇਟਰ ਨੇ ਇਸੇ ਹਫ਼ਤੇ ਕਿਹਾ ਸੀ ਕਿ ਜੁਲਾਈ 'ਚ ਛੋਟ ਘੱਟ ਹੋਣ ਤੋਂ ਬਾਅਦ ਭਾਰਤ ਦੀਆਂ ਸਰਕਾਰੀ ਤੇਲ ਰਿਫਾਇਨਰੀਆਂ ਨੇ ਰੂਸੀ ਤੇਲ ਖ਼ਰੀਦਣਾ ਬੰਦ ਕਰ ਦਿੱਤਾ ਹੈ। ਇਸ ਦੌਰਾਨ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਸੁਣਿਆ ਹੈ ਕਿ ਭਾਰਤ ਹੁਣ ਰੂਸ ਤੋਂ ਤੇਲ ਨਹੀਂ ਖ਼ਰੀਦੇਗਾ। ਉਨ੍ਹਾਂ ਨੇ ਇਸ ਨੂੰ ਇਕ ਚੰਗਾ ਕਦਮ ਦੱਸਿਆ, ਪਰ ਨਾਲ ਹੀ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਪੂਰੀ ਜਾਣਕਾਰੀ ਨਹੀਂ ਹੈ। ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ ਕਿ ਮੈਨੂੰ ਪਤਾ ਲੱਗਾ ਹੈ ਕਿ ਭਾਰਤ ਹੁਣ ਰੂਸ ਤੋਂ ਤੇਲ ਨਹੀਂ ਖ਼ਰੀਦੇਗਾ। ਮੈਂ ਇਹੀ ਸੁਣਿਆ ਹੈ। ਮੈਨੂੰ ਨਹੀਂ ਪਤਾ ਕਿ ਇਹ ਸਹੀ ਹੈ ਜਾਂ ਗਲਤ, ਪਰ ਇਹ ਇਕ ਚੰਗਾ ਕਦਮ ਹੈ। ਦੇਖਦੇ ਹਾਂ ਕੀ ਹੁੰਦਾ ਹੈ। ਭਾਰਤ ਅਮਰੀਕੀ ਰਾਸ਼ਟਰਪਤੀ ਦੇ ਅਜਿਹੇ ਬਿਆਨਾਂ 'ਤੇ ਕਿਸੇ ਵੀ ਤਰ੍ਹਾਂ ਦੀ ਸਿੱਧੀ ਪ੍ਰਤੀਕਿਰਿਆ ਨਹੀਂ ਦੇ ਰਿਹਾ ਹੈ ਅਤੇ ਪੈਟਰੋਲੀਅਮ ਮੰਤਰਾਲਾ ਵੀ ਇਸ 'ਤੇ ਫ਼ਿਲਹਾਲ ਆਪਣੇ ਪੱਤੇ ਨਹੀਂ ਖੋਲ੍ਹ ਰਿਹਾ ਹੈ।

## ਰੂਸ ਨਾਲ ਭਾਰਤ ਦੀ ਸਥਿਰ ਭਾਈਵਾਲੀ: ਜਾਇਸਵਾਲ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮੌਜੂਦਾ ਰਵੱਈਏ ਅਤੇ ਰੂਸ ਤੋਂ ਤੇਲ ਖ਼ਰੀਦ ਦੇ ਮੁੱਦੇ 'ਤੇ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਸ਼ੁੱਕਰਵਾਰ ਨੂੰ ਰੈਗੂਲਰ ਪ੍ਰੈੱਸ ਬ੍ਰੀਫਿੰਗ ਦੌਰਾਨ ਪੱਤਰਕਾਰਾਂ ਨੂੰ ਕਿਹਾ ਸੀ ਕਿ ਊਰਜਾ ਜ਼ਰੂਰਤਾਂ ਦੇ



ਸੰਦਰਭ 'ਚ ਅਸੀਂ ਬਾਜ਼ਾਰ 'ਚ ਉਪਲਬਧ ਬਦਲਾਂ ਅਤੇ ਮੌਜੂਦਾ ਕੌਮਾਂਤਰੀ ਹਾਲਾਤ 'ਤੇ ਨਜ਼ਰ ਰੱਖਦੇ ਹਾਂ। ਰੂਸ ਨਾਲ ਭਾਰਤ ਦੀ ਸਥਿਰ ਭਾਈਵਾਲੀ ਹੈ, ਜਿਹੜੀ ਸਮੇਂ ਦੀ ਕਸੌਟੀ 'ਤੇ ਖਰੀ ਉਤਰੀ ਹੈ। ਵੱਖ-ਵੱਖ ਦੇਸ਼ਾਂ ਨਾਲ ਨਵੀਂ ਦਿੱਲੀ ਦੇ ਸਬੰਧ ਆਪੋ-ਆਪਣੀ ਯੋਗਤਾ ਦੇ ਆਧਾਰ 'ਤੇ ਹਨ। ਇਨ੍ਹਾਂ ਨੂੰ ਕਿਸੇ ਤੀਜੇ ਦੇਸ਼ ਦੇ ਨਜ਼ਰੀਏ ਨਾਲ ਨਹੀਂ ਦੇਖਿਆ ਜਾਣਾ ਚਾਹੀਦਾ। ਅਜਿਹੇ ਵਿਚ ਭਾਰਤ ਆਪਣੀਆਂ ਤਰਜੀਹਾਂ ਵੱਲ ਵਧੇਰੇ ਧਿਆਨ ਦੇ ਰਿਹਾ ਹੈ।

## ਅਮਰੀਕਾ 'ਚ ਅੱਠ ਨਵੇਂ ਦੂਤਘਰ ਬਿਨੈ ਕੇਂਦਰ ਖੋਲ੍ਹੇ



**ਨਿਊਯਾਰਕ:** ਭਾਰਤ ਨੇ ਅਮਰੀਕਾ 'ਚ ਅੱਠ ਨਵੇਂ ਵਣਜ ਦੂਤਘਰ ਬਿਨੈ ਕੇਂਦਰ ਖੋਲ੍ਹੇ। ਅਮਰੀਕਾ 'ਚ ਭਾਰਤ ਦੇ ਰਾਜਦੂਤ ਵਿਨੈ ਕਵਾਤਰਾ ਨੇ ਸ਼ੁੱਕਰਵਾਰ ਨੂੰ ਬੋਸਟਨ, ਕੋਲੰਬਸ, ਡਲਾਸ, ਡੇਟ੍ਰਾਇਟ, ਐਡੀਸਨ, ਆਰਲੈਂਡੋ, ਰੈਲੇ ਤੇ ਸੈਨ ਹੋਜ਼ੇ 'ਚ ਨਵੇਂ ਭਾਰਤੀ ਵਣਜ ਦੂਤਘਰ ਬਿਨੈ ਕੇਂਦਰਾਂ (ਆਈਸੀਏਸੀ) ਦਾ ਵਰਚੂਅਲ ਉਦਘਾਟਨ ਕੀਤਾ। ਪਹਿਲੀ ਅਗਸਤ ਤੋਂ ਸਾਰੀਆਂ ਵਪਾਰਕ ਸੇਵਾਵਾਂ, ਜਿਨ੍ਹਾਂ 'ਚ ਪਾਸਪੋਰਟ, ਵੀਜ਼ਾ, ਓਸੀਆਈ ਸਰੰਡਰ ਸਰਟੀਫਿਕੇਟ, ਜੀਵਨ ਪ੍ਰਮਾਣ ਪੱਤਰ, ਜਨਮ/ਵਿਆਹ ਪ੍ਰਮਾਣ ਪੱਤਰ, ਪੁਲਿਸ ਕਲੀਅਰੈਂਸ ਤੇ ਹੋਰ ਸਹੂਲਤਾਂ ਸ਼ਾਮਲ ਹਨ, ਸਿਰਫ਼ ਵੀਐੱਫਐੱਸ ਗਲੋਬਲ ਕੇਂਦਰਾਂ ਰਾਹੀਂ ਪ੍ਰਦਾਨ ਕੀਤੀਆਂ ਜਾਣਗੀਆਂ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਰੂਸ ਅਤੇ ਈਰਾਨ ਤੋਂ ਤੇਲ ਦੀ ਖ਼ਰੀਦ ਅਮਰੀਕਾ-ਚੀਨ ਕਰਾਰ 'ਚ ਅੜਿੱਕਾ

**ਵਾਸ਼ਿੰਗਟਨ:** ਅਮਰੀਕਾ ਤੇ ਚੀਨ ਵਿਚਾਲੇ ਉਂਜ ਤਾਂ ਕਈ ਮੁੱਦਿਆਂ 'ਤੇ ਵੱਡੇ ਪੱਧਰ 'ਤੇ ਰੌਲੇ ਹਨ ਪਰ ਦੋਵਾਂ ਦੇਸ਼ਾਂ ਦੇ ਅਧਿਕਾਰੀ ਮਤਭੇਦਾਂ ਨੂੰ ਸੁਲਝਾ ਕੇ ਇਕ ਵਪਾਰਕ ਸਮਝੌਤੇ 'ਤੇ ਪਹੁੰਚ ਸਕਦੇ ਹਨ ਤੇ ਸਜ਼ਾਯੋਗ ਟੈਕਸਾਂ ਤੋਂ ਬਚ ਸਕਦੇ ਹਨ ਪਰ ਦੋਵਾਂ ਵਿਚਾਲੇ ਸਮਝੌਤੇ 'ਚ ਵੱਡੀ ਰੁਕਾਵਟ ਰੂਸ ਤੋਂ ਤੇਲ ਦੀ ਖ਼ਰੀਦ ਹੈ। ਚੀਨ ਨੇ ਅਮਰੀਕਾ ਦੀ ਉਸ ਮੰਗ ਨੂੰ ਠੁਕਰਾ ਦਿੱਤਾ ਹੈ, ਜਿਸ ਵਿਚ ਰੂਸ ਤੇ ਈਰਾਨ ਤੋਂ ਤੇਲ ਦੀ ਖ਼ਰੀਦ ਬੰਦ ਕਰਨ ਦੀ ਗੱਲ ਕਹੀ ਗਈ ਹੈ। ਚੀਨ ਨੇ ਦੋ ਟੁੱਕ ਕਿਹਾ ਹੈ ਕਿ ਉਹ ਆਪਣੀਆਂ ਊਰਜਾ ਲੋੜਾਂ ਦੇ ਹਿਸਾਬ ਨਾਲ ਤੈਅ ਕਰੇਗਾ ਕਿ ਉਹ ਕਿਹੜੇ ਦੇਸ਼ ਤੋਂ ਤੇਲ ਦੀ ਖ਼ਰੀਦ ਕਰੇਗਾ।

ਹੈਰਾਨੀਜਨਕ ਹੈ ਕਿ ਅਮਰੀਕਾ ਦੇ ਚੀਨ 1 'ਤੇ 100 ਫ਼ੀਸਦੀ ਟੈਰਿਫ ਲਗਾਉਣ ਦੀ 1 ਧਮਕੀ ਦਿੱਤੀ ਹੈ। ਸਟਾਕਹਾਮ 'ਚ ਦੋ ਦਿਨਾ ਵਪਾਰਕ ਗੱਲਬਾਤ ਤੋਂ ਬਾਅਦ ਚੀਨ ਦੇ ਵਿਦੇਸ਼ ਮੰਤਰਾਲੇ






ਨੇ ਐਕਸ 'ਤੇ ਪੋਸਟ ਕੀਤੀ, 'ਚੀਨ ਹਮੇਸ਼ਾ ਆਪਣੀ ਊਰਜਾ ਸਪਲਾਈ ਨੂੰ ਅਜਿਹੇ ਤਰੀਕਿਆਂ ਨਾਲ ਯਕੀਨੀ ਕਰੇਗਾ, ਜੋ ਸਾਡੇ ਕ ਰਾਸ਼ਟਰੀ ਹਿੱਤਾਂ ਦੀ ਪੂਰਤੀ ਕਰਨ।' ਇਹ ਪੋਸਟ ਅਮਰੀਕਾ ਦੀ 100 ਫ਼ੀਸਦੀ ਟੈਰਿਫ ਲਗਾਉਣ ਦੀ ਧਮਕੀ ਦੀ ਪ੍ਰਤੀਕਿਰਿਆ ਵਜੋਂ ਕੀਤੀ ਗਈ ਹੈ। ਮੰਤਰਾਲੇ ਨੇ ਕਿਹਾ, 'ਜ਼ਬਰਦਸਤੀ ਤੇ ਦਬਾਅ ਤੋਂ ਕੁਝ ਹਾਸਲ ਨਹੀਂ ਹੋਵੇਗਾ। ਚੀਨ ਆਪਣੀ ਪ੍ਰਭੂਸੱਤਾ, ਸੁਰੱਖਿਆ ਤੇ ਵਿਕਾਸ ਹਿੱਤਾਂ ਦੀ ਦ੍ਰਿੜ੍ਹਤਾ ਨਾਲ ਰੱਖਿਆ ਕਰੇਗਾ।'

ਇਹ ਪ੍ਰਤੀਕਿਰਿਆ ਬੇਹੱਦ ਅਹਿਮ ਮੰਨੀ ਜਾ ਰਹੀ ਹੈ। ਇਹ ਅਜਿਹੇ ਸਮੇਂ 'ਚ ਆਈ ਹੈ, ਜਦੋਂ ਅਸਮਾਨ ਛੂੰਹਦੇ ਟੈਰਿਫ ਤੇ ਸਖ਼ਤ ਵਪਾਰ ਪਾਬੰਦੀਆਂ ਤੋਂ ਰਾਹਤ ਮਿਲਣ ਤੋਂ ਬਾਅਦ ਬੀਜਿੰਗ ਤੇ ਵਾਸ਼ਿੰਗਟਨ ਦੋਵੇਂ ਹੀ ਦੁਨੀਆ ਦੀਆਂ ਦੇ ਦੋ ਸਭ ਤੋਂ ਵੱਡੇ ਅਰਥਚਾਰਿਆਂ ਵਿਚਾਲੇ ਵਪਾਰਕ ਸਬੰਧਾਂ ਨੂੰ ਸਥਿਰ ਰੱਖਣ ਲਈ ਇਕ ਸਮਝੌਤੇ 'ਤੇ ਪਹੁੰਚਣ ਨੂੰ ਲੈ ਕੇ ਉਮੀਦ ਤੇ ਸਦਭਾਵਨਾ ਦਾ ਸੰਕੇਤ ਦੇ ਰਹੇ ਹਨ। ਇਹ ਟਰੰਪ ਪ੍ਰਸ਼ਾਸਨ ਦੇ ਨਾਲ ਡੀਲ ਕਰਦੇ ਸਮੇਂ ਚੀਨ ਦੇ ਸਖ਼ਤ ਰੁਖ਼ ਅਪਣਾਉਣ ਦੇ ਆਤਮਵਿਸ਼ਵਾਸ ਨੂੰ ਰੇਖਾਂਕਿਤ ਕਰਦਾ ਹੈ, ਖ਼ਾਸ ਕਰਕੇ ਉਦੋਂ ਜਦੋਂ ਟ੍ਰੇਡ ਉਸ ਦੀਆਂ ਊਰਜਾ ਤੇ ਵਿਦੇਸ਼ ਨੀਤੀਆਂ ਨਾਲ ਜੁੜਿਆ ਹੋਵੇ। ਅਮਰੀਕੀ ਵਿੱਤ ਮੰਤਰੀ ਸਕਾਟ ਬੇਸੈਂਟ ਨੇ ਕਿਹਾ ਕਿ ਜਦੋਂ ਰੂਸ ਤੋਂ ਤੇਲ ਦੀ ਖ਼ਰੀਦ ਦੀ ਗੱਲ ਆਉਂਦੀ ਹੈ ਤਾਂ ਚੀਨ ਆਪਣੀ ਪ੍ਰਭੂਸੱਤਾ ਨੂੰ ਬਹੁਤ ਗੰਭੀਰਤਾ ਨਾਲ ਲੈਂਦਾ ਹੈ। ਕਿਹਾ, 'ਅਸੀਂ ਉਨ੍ਹਾਂ ਦੀ ਪ੍ਰਭੂਸੱਤਾ 'ਚ ਰੁਕਾਵਟ ਨਹੀਂ ਪਾਉਣਾ ਚਾਹੁੰਦੇ, ਇਸ ਲਈ 100% ਟੈਰਿਫ ਦੇਣਗੇ।

## ਭਾਰਤ ਬਾਰੇ ਟਰੰਪ...

(ਪਹਿਲੇ ਸਫ਼ੇ ਦਾ ਬਾਕੀ)

ਕਾਂਗਰਸ ਦੇ ਸੀਨੀਅਰ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਵੀ ਕਿਹਾ ਹੈ ਕਿ ਟਰੰਪ ਦੀ ਟਿੱਪਣੀ ਅਪਮਾਨਜਨਕ ਸੀ ਤੇ ਇਸ ਨੂੰ ਸ਼ਬਦੀ ਅਰਥ ਨਹੀਂ ਲਿਆ ਜਾਣਾ ਚਾਹੀਦਾ। ਜਦੋਂ ਕੁਝ ਸਭ ਤੋਂ ਵੱਡੀਆਂ ਤਾਕਤਾਂ ਦੀ ਸਰਗਰਮ ਹਿੱਸੇਦਾਰੀ ਨਾਲ ਜੰਗ ਲੜੀ ਜਾ ਰਹੇ ਹੋਵੇ ਤੇ ਵਿਸ਼ਵ ਵਿਵਸਥਾ ਨੂੰ ਕਾਇਮ ਰੱਖਣ ਵਾਲੇ ਲੋਕ ਅਰਥਚਾਰੇ ਨੂੰ ਹੱਲਾਸ਼ੇਰੀ ਦੇ ਰਹੇ ਹੋਣ ਤਾਂ ਭਾਰਤ ਨੂੰ ਆਪਣੇ ਰਾਸ਼ਟਰੀ ਹਿੱਤਾਂ ਦੇ ਸਬੰਧ 'ਚ ਬਹੁਤ ਸਪੱਸ਼ਟ ਹੋਣਾ ਚਾਹੀਦਾ ਹੈ। ਆਨੰਦ ਸ਼ਰਮਾ ਨੇ ਇਕ ਬਿਆਨ 'ਚ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਆਪਣੇ ਬਿਆਨਾਂ ਤੇ ਕੰਮਾਂ ਨਾਲ ਵਿਸ਼ਵ ਵਿਵਸਥਾ 'ਚ ਉਥਲ-ਪੁਥਲ ਮਚਾ ਦਿੱਤੀ ਹੈ ਤੇ ਵਿਲੱਖਣ ਰੁਕਾਵਟ ਪੈਦਾ ਕੀਤੀ ਹੈ। ਭਾਰਤ ਤੇ ਉਸਦੇ ਅਰਥਚਾਰੇ 'ਤੇ ਉਨ੍ਹਾਂ ਦੀਆਂ ਟਿੱਪਣੀਆਂ ਅਪਮਾਨਜਨਕ ਤੇ ਸਵੀਕਾਰਯੋਗ ਨਹੀਂ ਹਨ। ਉਨ੍ਹਾਂ ਦੀ ਇਹ ਟਿੱਪਣੀ ਟਰੰਪ ਵੱਲੋਂ ਭਾਰਤ 'ਤੇ 25 ਫ਼ੀਸਦੀ ਟੈਰਿਫ ਤੇ ਜੁਰਮਾਨਾ ਲਗਾਉਣ ਦੇ ਐਲਾਨ ਤੇ ਭਾਰਤ ਤੇ ਰੂਸ ਨੂੰ ਡੈੱਡ ਇਕੋਨਾਮੀ ਕਹਿਣ ਦੇ ਕੁਝ ਦਿਨਾਂ ਬਾਅਦ ਆਈ ਹੈ। ਭਾਰਤੀ ਅਰਥਚਾਰੇ ਦੀ ਟਰੰਪ ਵੱਲੋਂ ਨਿਖੇਧੀ ਨੂੰ





ਦੁਹਰਾਉਂਦੇ ਹੋਏ ਰਾਹੁਲ ਗਾਂਧੀ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਛੱਡ ਕੇ ਸਾਰੇ ਜਾਣਦੇ ਹਨ ਕਿ ਦੇਸ਼ ਦਾ ਅਰਥਚਾਰਾ ਮਰੇ ਬਰਾਬਰ ਹੈ।

ਫਿਲਹਾਲ, ਸ਼ਰਮਾ ਨੇ ਕਿਹਾ ਕਿ ਭਾਰਤ ਨੇ ਅਤੀਤ 'ਚ ਦਬਾਵਾਂ ਤੇ ਖ਼ਤਰਿਆਂ ਦਾ ਸਾਹਮਣਾ ਕੀਤਾ ਤੇ ਮਜ਼ਬੂਤੀ ਨਾਲ ਉੱਭਰਿਆ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਟਰੰਪ ਇਹ ਗ਼ਲਤਫਹਿਮੀ 'ਚ ਹਨ ਕਿ ਭਾਰਤ ਕੋਲ ਬਦਲ ਨਹੀਂ ਹਨ। ਚੌਥਾ ਸਭ ਤੋਂ ਵੱਡਾ ਅਰਥਚਾਰਾ ਹੋਣ ਦੇ ਨਾਅਤੇ ਭਾਰਤ 'ਚ ਸਮਾਨਤਾ ਤੇ ਬਰਾਬਰ ਸਨਮਾਨ ਦੇ ਸਿੱਧਾਂਤਾਂ 'ਤੇ ਦੁਨੀਆ ਨਾਲ ਜੁੜਨ ਦਾ ਲਚੀਲਾਪਣ ਤੇ ਤਾਕਤ ਹੈ।

## ਜਿੱਥੇ ਅਮਰੀਕਾ ਅਤੇ ਰੂਸ ਵਿਚ ਦੂਰੀ ਸਿਰਫ਼ 4.8 ਕਿਲੋਮੀਟਰ; ਪਰ ਸਮੇਂ ਵਿਚ 21 ਘੰਟੇ ਦਾ ਫ਼ਰਕ

**ਵਾਸ਼ਿੰਗਟਨ:** ਦੁਨੀਆਂ ਵਿੱਚ ਇਹ ਇਕ ਅਜਿਹੀ ਵਿਲੱਖਣ ਥਾਂ ਵੀ ਹੈ ਜਿੱਥੇ ਤੁਸੀਂ ਇਕ ਟਾਪੂ 'ਤੇ ਖੜ੍ਹੇ ਹੋ ਕੇ ਦੂਜੇ ਟਾਪੂ ਨੂੰ ਵੇਖ ਕੇ "ਅੱਜ" ਜਾਂ "ਕੱਲ੍ਹ" ਨੂੰ ਦੇਖ ਸਕਦੇ ਹੋ। ਇਹ ਦੋ ਟਾਪੂ ਹਨ- ਬਿਗ ਡਾਇਓਮੀਡ (ਭਗਿ ਧੀਂਮਿੲਦੲ), ਜੋ ਰੂਸ ਦਾ ਹਿੱਸਾ ਹੈ ਅਤੇ ਲਿਟਲ ਡਾਇਓਮੀਡ (.ਂ ਟਿ ਟ ਲ ੲ ਧੀਂਮਿੲਦੲ), ਜੋ ਅਮਰੀਕਾ ਦਾ ਹਿੱਸਾ ਹੈ। ਇਨ੍ਹਾਂ ਦੇ ਵਿਚਕਾਰ ਸਿਰਫ਼ ਲਗਭਗ 4.8 ਕਿਲੋਮੀਟਰ ਦੀ ਦੂਰੀ ਹੈ, ਪਰ ਇਨ੍ਹਾਂ ਵਿਚਕਾਰੋਂ ਇੰਟਰਨੈਸ਼ਨਲ ਡੇਟ ਲਾਈਨ ਲੰਘਦੀ ਹੈ। ਇਸੇ ਕਰਕੇ ਇਨ੍ਹਾਂ ਦੋਵਾਂ ਵਿਚਕਾਰ ਲਗਭਗ 21 ਘੰਟਿਆਂ ਦਾ ਸਮੇਂ ਦਾ ਅੰਤਰ ਹੈ।ਅਰਥਾਤ, ਜੇ ਤੁਸੀਂ ਅਮਰੀਕਾ ਵਾਲੇ ਟਾਪੂ 'ਤੇ ਖੜੇ ਹੋ, ਤਾਂ ਤੁਸੀਂ ਰੂਸ ਵਾਲੇ ਟਾਪੂ ਨੂੰ ਵੇਖ ਕੇ "ਕੱਲ੍ਹ" ਨੂੰ ਦੇਖ ਰਹੇ ਹੁੰਦੇ ਹੋ। ਤੇ ਜੇ ਤੁਸੀਂ ਰੂਸ ਵਾਲੇ ਟਾਪੂ 'ਤੇ ਹੋ, ਤਾਂ ਤੁਸੀਂ "ਬੀਤਿਆ ਹੋਇਆ ਕੱਲ੍ਹ" ਆਪਣੀਆਂ ਅੱਖਾਂ ਨਾਲ ਵੇਖ ਰਹੇ ਹੁੰਦੇ ਹੋ। ਸਰਦੀਆਂ ਵਿੱਚ, ਜਦੋਂ ਸਮੁੰਦਰ ਜਮ ਜਾਂਦਾ ਹੈ,




ਤਾਂ ਇਨ੍ਹਾਂ ਦੋ ਟਾਪੂਆਂ ਵਿਚਕਾਰ ਬਰਫ਼ ਦੀ ਪਰਤ ਬਣ ਜਾਂਦੀ ਹੈ, ਜਿਸ 'ਤੇ ਤੁਰ ਕੇ ਇਕ ਟਾਪੂ ਤੋਂ ਦੂਜੇ ਟਾਪੂ ਤੱਕ ਪਹੁੰਚਣਾ ਸੰਭਵ ਹੋ ਸਕਦਾ ਹੈ। ਹਾਲਾਂਕਿ, ਰੂਸ ਵਾਲਾ ਟਾਪੂ ਇਕ ਸੈਨਾ ਇਲਾਕਾ ਹੈ ਅਤੇ ਉਥੇ ਆਮ ਲੋਕਾਂ ਨੂੰ ਜਾਣ ਦੀ ਇਜਾਜ਼ਤ ਨਹੀਂ।

## ਟਰੰਪ ਦੀ ਟੈਰਿਫ਼ ਧਮਕੀ...

(ਪਹਿਲੇ ਸਫ਼ੇ ਦਾ ਬਾਕੀ)

ਹੋਰ ਦੇਸ਼ਾਂ ਦੀ ਤਰ੍ਹਾਂ, ਭਾਰਤ ਵੀ ਆਪਣੇ ਰਾਸ਼ਟਰੀ ਹਿੱਤਾਂ ਅਤੇ ਆਰਥਿਕ ਸੁਰੱਖਿਆ ਮੁਤਾਬਕ ਕਦਮ ਚੁੱਕੇਗਾ। ਭਾਰਤ ਦੀ ਪ੍ਰਤੀਕਿਰਿਆ ਟਰੰਪ ਵੱਲੋਂ ਸੋਸ਼ਲ ਮੀਡੀਆ ਸਾਈਟ ਟਰੁੱਥ ਸੋਸ਼ਲ 'ਤੇ ਲਿਖੇ ਗਏ ਸੁਨੇਹੇ ਤੋਂ ਬਾਅਦ ਆਈ ਹੈ। ਇਸ ਵਿਚ ਟਰੰਪ ਨੇ ਆਪਣੇ ਜਾਣੂ ਅੰਦਾਜ਼ ਵਿਚ ਲਿਖਿਆ ਹੈ ਕਿ ਭਾਰਤ ਨਾ ਸਿਰਫ ਰੂਸ ਤੋਂ ਵੱਡੀ ਮਾਤਰਾ ਵਿਚ ਤੇਲ ਖਰੀਦ ਰਿਹਾ ਹੈ, ਸਗੋਂ ਇਸ ਖਰੀਦੇ ਗਏ ਤੇਲ ਦੇ ਬਹੁਤ ਸਾਰੇ ਹਿੱਸੇ ਨੂੰ ਖੁੱਲ੍ਹੇ ਬਾਜ਼ਾਰ ਵਿਚ ਵੇਚ ਕੇ ਭਾਰੀ ਮੁਨਾਫਾ ਕਮਾ ਰਿਹਾ ਹੈ। ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਯੂਕਰੇਨ ਵਿਚ ਕਿੰਨੇ ਲੋਕ ਰੂਸੀ ਹਥਿਆਰਾਂ ਨਾਲ ਮਾਰੇ ਜਾ ਰਹੇ ਹਨ। ਇਸ ਕਾਰਨ ਮੈਂ ਭਾਰਤ 'ਤੇ ਟੈਕਸ ਵਿਚ ਭਾਰੀ ਵਾਧਾ ਕਰਨ ਜਾ ਰਿਹਾ ਹਾਂ।

ਟਰੰਪ ਪਿਛਲੇ 8-9 ਦਿਨਾਂ ਤੋਂ ਲਗਾਤਾਰ ਭਾਰਤ ਨੂੰ ਲੈ ਕੇ ਇਸ ਤਰ੍ਹਾਂ ਦੀ ਇਤਰਾਜ਼ਯੋਗ ਬਿਆਨਬਾਜ਼ੀ ਟਰੁੱਥ ਸੋਸ਼ਲ ਰਾਹੀਂ ਕਰ ਰਹੇ ਹਨ। ਪਿਛਲੇ ਹਫ਼ਤੇ ਦੀ ਸ਼ੁਰੂਆਤ ਵਿਚ ਜਦੋਂ ਟਰੰਪ ਨੇ ਭਾਰਤ 'ਤੇ ਰੂਸ ਤੋਂ ਤੇਲ ਖਰੀਦਣ ਦਾ ਦੋਸ਼ ਲਗਾਇਆ ਸੀ, ਉਦੋਂ ਵਿਦੇਸ਼ ਮੰਤਰਾਲੇ ਨੇ ਇਸ 'ਤੇ ਬਹੁਤ ਹੀ ਸਿੱਧੀ ਪ੍ਰਤੀਕਿਰਿਆ ਦਿੱਤੀ ਸੀ। ਜਿਸ ਦਿਨ ਅਮਰੀਕੀ ਪ੍ਰਸ਼ਾਸਨ ਨੇ ਭਾਰਤੀ ਦਰਾਮਦ 'ਤੇ 25 ਫੀਸਦ ਦਾ ਟੈਕਸ ਲਾਇਆ ਸੀ, ਉਸ ਦਿਨ ਟਰੰਪ ਨੇ ਭਾਰਤ ਦੇ ਖ਼ਿਲਾਫ਼ ਖਾਸ ਤੌਰ 'ਤੇ ਇਕ ਪੋਸਟ ਕੀਤਾ ਸੀ।

ਉਸ ਵਿਚ ਉਨ੍ਹਾਂ ਨੇ ਲਿਖਿਆ ਸੀ ਕਿ ਭਾਰਤ ਅਤੇ ਰੂਸ ਆਪਣੀ ਮਰ ਚੁੱਕੀ ਅਰਥਵਿਵਸਥਾ ਨਾਲ ਡੁੱਬ ਜਾਣ, ਮੈਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਹੈ। ਭਾਰਤ ਨੇ ਜਿਸ ਤਰ੍ਹਾਂ ਸੋਮਵਾਰ ਨੂੰ ਜਵਾਬ ਦਿੱਤਾ ਹੈ, ਉਸ ਨਾਲ ਸਾਫ਼ ਹੈ ਕਿ ਹੁਣ ਉਹ ਕੂਟਨੀਤੀ ਦੇ ਮਾਮਲੇ ਵਿਚ ਕੋਈ ਵੀ ਸਾਥ ਨਹੀਂ ਦੇਣ ਜਾ ਰਿਹਾ।

## ਸੁਧਾਰ ਲਹਿਰ ਦਾ...

(ਪਹਿਲੇ ਸਫ਼ੇ ਦਾ ਬਾਕੀ)

ਕਰਨ ਤੋਂ ਵਰਜੇ ਜਾਣ ਕਾਰਨ ਸੁਧਾਰ ਲਹਿਰ ਵਲੋਂ ਵੀ ਪਾਰਟੀ ਦੀ ਅਗਵਾਈ ਲਈ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਤੇ ਸ਼ਹੀਦ ਭਾਈ ਅਮਰੀਕ ਸਿੰਘ ਦੀ ਬੇਟੀ ਬੀਬੀ ਸਤਵੰਤ ਕੌਰ ਦੇ ਨਾਵਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ, ਜਦੋਂ ਕਿ ਪਾਰਟੀ 'ਚ ਇਕ ਇਹ ਵੀ ਵਿਚਾਰ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਕਿਉਂਕਿ 2 ਦਸੰਬਰ ਦੇ ਹੁਕਮਨਾਮਿਆਂ ਦੇ ਕਰਤਾ-ਧਰਤਾ ਸਮਝੇ ਜਾਂਦੇ ਹਨ, ਨੂੰ ਇਸ ਮੌਕੇ ਅੱਗੇ ਲਿਆਉਣਾ ਵਿਵਾਦਿਤ ਤਾਂ ਨਹੀਂ ਬਣਾਇਆ ਜਾ ਸਕਦਾ। ਪਾਰਟੀ ਦੇ ਸੂਤਰਾਂ ਅਨੁਸਾਰ ਭਾਈ ਅਮਰੀਕ ਸਿੰਘ ਦੀ ਬੇਟੀ ਦੀ ਅਗਵਾਈ ਨੂੰ ਪ੍ਰਵਾਨ ਕਰਨ ਲਈ ਭਾਈ ਅੰਮ੍ਰਿਤਪਾਲ ਸਿੰਘ ਦੇ ਧੜੇ ਦੇ ਨਾਲ ਭਾਈ ਰਣਜੀਤ ਸਿੰਘ ਅਤੇ ਸਿਮਰਨਜੀਤ ਸਿੰਘ ਮਾਨ ਦਾ ਅਕਾਲੀ ਦਲ ਵੀ ਤਿਆਰ ਹੋ ਸਕਦਾ ਹੈ। ਸੁਧਾਰ ਲਹਿਰ ਦੇ ਆਗੂਆਂ ਵਲੋਂ ਦੂਜੇ ਅਕਾਲੀ ਧੜਿਆਂ ਨਾਲ ਕੁਝ ਮੁੱਢਲੀ ਗੱਲਬਾਤ ਵੀ ਕੀਤੀ ਗਈ ਹੈ। ਪਰ ਬਹੁਤੇ ਆਗੂਆਂ ਦਾ ਕਹਿਣਾ ਹੈ ਕਿ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਜਲਦੀ ਹੋਂਦ ਵਿਚ ਲਿਆਂਦਾ ਜਾਣਾ ਜ਼ਰੂਰੀ ਹੈ ਤਾਂ ਜੋ ਪਾਰਟੀ ਸ਼੍ਰੋਮਣੀ ਕਮੇਟੀ ਦੀਆਂ ਚਾਲੂ ਸਾਲ, ਦੌਰਾਨ ਹੀ ਹੋਣ ਵਾਲੀਆਂ ਚੋਣਾਂ ਲਈ ਆਪਣੇ- ਆਪ ਨੂੰ ਤਿਆਰ ਤੇ ਜਥੇਬੰਦ ਕਰ ਸਕੇ। ਚਰਚਾ ਹੈ ਕਿ ਮੌਜੂਦਾ ਜਥੇਦਾਰ ਅਕਾਲ ਤਖ਼ਤ ਸਾਹਿਬ ਤੇ ਸਿੰਘ ਸਾਹਿਬਾਨ ਵੀ ਇਸ ਲਈ ਭਾਰੀ ਦਬਾਅ ਹੇਠ ਹੋ ਸਕਦੇ ਹਨ ਕਿ ਅਕਾਲੀ ਦਲ ਦੇ ਮੁਕਾਬਲੇ ਨਵੇਂ ਧੜੇ ਨੂੰ ਖੜ੍ਹੇ ਹੋਣ ਤੋਂ ਰੋਕਿਆ ਜਾਵੇ। ਪਰ ਕੀ ਅਜਿਹਾ ਕੋਈ ਦਖ਼ਲ ਸੰਭਵ ਹੋਵੇਗਾ ਜਾਂ ਸੁਧਾਰ ਲਹਿਰ ਦੇ ਜਥੇਬੰਦਕ ਢਾਂਚੇ ਨੂੰ ਹੋਂਦ ਵਿਚ ਆਉਣ ਤੋਂ ਕਿੰਨੀ ਦੇਰ ਤੱਕ ਰੋਕਿਆ ਜਾ ਸਕੇਗਾ, ਇਹ ਤਾਂ ਸਮਾਂ ਹੀ ਦੱਸੇਗਾ। ਪਰ ਅਕਾਲੀ ਰਾਜਨੀਤੀ ਲਈ ਆਉਣ ਵਾਲੇ ਕੁਝ ਦਿਨ ਅਤਿ ਮਹੱਤਵਪੂਰਨ ਤੇ ਦਿਲਚਸਪੀ ਵਾਲੇ ਹੋਣਗੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ 'ਸ਼ਹੀਦ ਊਧਮ ਸਿੰਘ: ਸਵੈ-ਮਾਣ ਅਤੇ ਆਜ਼ਾਦੀ ਦਾ ਮੁਜੱਸਮਾਂ' ਵਿਸ਼ੇ 'ਤੇ ਸੈਮੀਨਾਰ ਕਰਵਾਇਆ






**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਰਾਜਨੀਤੀ ਵਿਗਿਆਨ ਵਿਭਾਗ ਵਿੱਚ ਸਥਾਪਿਤ ਸ਼ਹੀਦ ਊਧਮ ਸਿੰਘ ਚੇਅਰ ਵੱਲੋਂ ਸ਼ਹੀਦ ਊਧਮ ਸਿੰਘ ਜੀ ਦੀ ਸ਼ਹਾਦਤ ਨੂੰ ਸਮਰਪਿਤ 'ਸ਼ਹੀਦ ਊਧਮ ਸਿੰਘ: ਸਵੈ-ਮਾਣ ਅਤੇ ਆਜ਼ਾਦੀ ਦਾ ਮੁਜੱਸਮਾਂ' ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਵਾਈਸ ਚਾਂਸਲਰ ਡਾ.ਜਗਦੀਪ ਸਿੰਘ ਵੱਲੋਂ ਕੀਤੀ ਗਈ। ਇਸ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਰਿਟਾਇਰਡ ਪ੍ਰੋਫੈਸਰ ਡਾ. ਸੁਖਦੇਵ ਸਿੰਘ ਸੋਹਲ ਨੇ ਸਪੀਕਰ ਵਜੋਂ ਅਤੇ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲੁਧਿਆਣਾ ਦੇ ਪ੍ਰਧਾਨ ਉੱਘੇ ਲੇਖਕ ਡਾ.ਲਖਵਿੰਦਰ ਸਿੰਘ ਜੌਹਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ. ਇਸ ਮੌਕੇ ਡਾ.ਜਸਵਿੰਦਰ ਸਿੰਘ ਬਰਾੜ ਡੀਨ ਸੋਸ਼ਲ ਸਾਇੰਸਿਜ਼ ਵੀ ਸ਼ਾਮਿਲ ਰਹੇ। ਸ਼ੁਰੂਆਤ ਚ ਸ਼ਹੀਦ ਊਧਮ ਸਿੰਘ ਚੇਅਰ ਦੇ ਇੰਚਾਰਜ ਤੇ ਰਾਜਨੀਤੀ ਵਿਗਿਆਨ ਵਿਭਾਗ ਦੇ ਮੁਖੀ ਡਾ.ਪਰਮਜੀਤ ਕੌਰ ਗਿੱਲ ਨੇ ਆਏ ਮਹਿਮਾਨਾਂ ਅਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ। ਡਾ.ਗਿੱਲ ਨੇ ਸ਼ਹੀਦ ਊਧਮ ਸਿੰਘ ਜੀ ਵਲੋਂ ਗ਼ੁਲਾਮੀ ਦੇ ਖ਼ਿਲਾਫ਼ ਕੀਤੇ ਸੰਘਰਸ਼ ਤੇ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਊਧਮ ਸਿੰਘ ਜੀ ਦਾ ਮੁੱਖ ਟੀਚਾ ਸਿਰਫ ਗੁਲਾਮੀ ਦੀਆਂ ਜੰਜੀਰਾਂ ਤੋੜਨਾ ਹੀ ਨਹੀਂ ਸੀ ਬਲਕਿ ਇੱਕ ਅਜਿਹਾ ਸਿਸਟਮ ਕਾਇਮ ਕਰਨਾ ਜਿਸ ਚ ਕਿਸੇ ਦੇ ਵੀ ਵਿਰੁੱਧ ਜ਼ੁਲਮ ਨਾ ਹੋਵੇ। ਸ਼ਹੀਦ ਊਧਮ ਸਿੰਘ ਜੀ ਨੇ 21 ਸਾਲ ਦੀ ਘਾਲਣਾ ਤੋਂ ਬਾਅਦ ਆਪਣਾ ਟੀਚਾ ਪੂਰਾ ਕੀਤਾ। ਡਾ. ਪਰਮਜੀਤ ਕੌਰ ਗਿੱਲ ਨੇ ਸ਼ਹੀਦ ਊਧਮ ਸਿੰਘ ਚੇਅਰ ਦੁਆਰਾ ਕੀਤੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਅਤੇ ਉਹਨਾਂ ਕਿਹਾ ਕੇ ਇਹ ਚੇਅਰ ਆਉਣ ਵਾਲੇ ਸਮੇ ਚ ਸ਼ਹੀਦ ਊਧਮ ਸਿੰਘ ਜੀ ਨਾਲ ਸੰਬੰਧਿਤ ਦਸਤਾਵੇਜਾਂ ਨੂੰ ਇਕੱਠਾ ਕਰਨ ਲਈ ਉਪਰਾਲੇ ਕਰੇਗੀ।

ਮੁੱਖ ਬੁਲਾਰੇ ਡਾ.ਸੁਖਦੇਵ ਸਿੰਘ ਸੋਹਲ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ 'ਚ ਇਸ ਗੱਲ ਤੇ ਚਿੰਤਾ ਜ਼ਾਹਿਰ ਕੀਤੀ ਕਿ ਸ਼ਹੀਦ ਊਧਮ ਸਿੰਘ ਨੂੰ ਆਜ਼ਾਦੀ ਦੇ ਬਾਅਦ ਲਿਖੇ ਸਿੱਖ ਇਤਿਹਾਸ ਚੋਂ ਗਾਇਬ ਰੱਖਿਆ ਗਿਆ। ਇਸ ਲਈ ਉਹਨਾਂ ਬਾਰੇ ਇਤਿਹਾਸ ਨੂੰ ਸੰਭਾਲਣ ਦੀ ਸਾਡੀ ਪੀੜੀ ਦੀ ਵੱਡੀ ਜ਼ਿੰਮੇਵਾਰੀ ਬਣ ਜਾਂਦੀ ਹੈ। ਊਧਮ ਸਿੰਘ ਦੇ ਜੀਵਨ ਤੇ ਉਸ ਸਮੇ ਦੀ ਘਟਨਾਵਾਂ ਨੇ ਡੂੰਘੀ ਛਾਪ ਛੱਡੀ ਜਿਹਨਾਂ ਵਿੱਚੋ ਜਲਿਆਂਵਾਲੇ ਬਾਗ਼ ਦੀ ਘਟਨਾ ਪ੍ਰਮੁੱਖ ਸੀ। ਡਾ. ਸੋਹਲ ਮੁਤਾਬਕ ਇਸ ਘਟਨਾ ਸਥਾਨ 'ਤੇ ਸ਼ਹੀਦ ਊਧਮ ਸਿੰਘ ਵੀ ਸ਼ਾਮਿਲ ਸਨ ਅਤੇ ਉਹ ਵੀ ਜ਼ਖਮੀ ਹੋਏ ਸਨ। ਸ਼ਹੀਦ ਊਧਮ ਸਿੰਘ ਨੇ 21 ਸਾਲਾਂ ਦੀ ਘਾਲਣਾ ਤੋਂ ਬਾਅਦ ਕੈਕਸਟਨ ਹਾਲ 'ਚ ਇਸ ਘਟਨਾ ਦਾ ਬਦਲਾ ਲਿਆ। ਇਸ ਘਟਨਾ ਨੂੰ ਅੰਜ਼ਾਮ ਦੇਣ ਤੋਂ ਬਾਅਦ ਊਧਮ ਸਿੰਘ ਦਾ ਬਿਆਨ ਬੜਾ ਹੀ ਅਹਿਮ ਸੀ ਕਿ "ਮੈਂ ਬ੍ਰਿਟਿਸ਼ ਸਾਮਰਾਜ ਅਧੀਨ ਭਾਰਤ ਵਿੱਚ ਲੋਕਾਂ ਨੂੰ ਮਰਦੇ ਦੇਖਿਆ ਹੈ"। ਉਹਨਾਂ ਮੁਤਾਬਕ ਆਪਣੇ ਦੇਸ਼ ਅਤੇ ਲੋਕਾਂ ਲਈ ਮਰਨਾ ਹੀ ਸਭ ਤੋਂ ਵੱਡਾ ਖਿਤਾਬ ਹੈ। ਆਪਣੇ ਭਾਸ਼ਣ ਦੇ ਆਖਿਰ ਚ ਉਹਨਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਸ਼ਹੀਦ ਊਧਮ ਸਿੰਘ ਨਾਲ ਸੰਬੰਧਿਤ ਇਤਿਹਾਸਿਕ ਵਸਤਾਂ ਸੰਭਾਲਣ ਦੀ ਜ਼ਰੂਰਤ ਹੈ।

ਸੈਮੀਨਾਰ ਦੇ ਮੁੱਖ ਮਹਿਮਾਨ ਲਖਵਿੰਦਰ ਸਿੰਘ ਜੌਹਲ ਨੇ ਵੀ ਇਸ ਗੱਲ 'ਤੇ ਚਿੰਤਾ ਜ਼ਾਹਿਰ ਕੀਤੀ ਕਿ ਸਾਡੇ ਬਹੁਤ ਸਾਰੇ ਨਾਇਕਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ। ਉਹਨਾਂ ਕਿਹਾ ਸਾਡੇ ਨਾਇਕਾਂ ਜਿਵੇਂ ਕਿ ਮਦਨ ਲਾਲ ਢੀਂਗਰਾ, ਮੇਵਾ ਸਿੰਘ ਲੋਪੋਕੇ ਅਤੇ ਸ਼ਹੀਦ ਊਧਮ ਸਿੰਘ ਜੀ ਨੇ ਵਿਦੇਸ਼ ਦੀ ਧਰਤੀ ਤੇ ਜਾ ਕੇ ਅੰਗ੍ਰੇਜ਼ੀ ਹਕੂਮਤ ਦੁਆਰਾ ਕੀਤੇ ਤਸ਼ੱਦਦ ਦਾ ਬਦਲਾ ਲਿਆ। ਕੈਕਸਟਨ ਹਾਲ ਦੀ ਘਟਨਾ ਦਾ ਵਰਨਣ ਕਰਦੇ ਹੋਏ ਡਾ.ਜੌਹਲ ਨੇ ਦੱਸਿਆ ਕਿ ਮਾਈਕਲ ਓ'ਡਵਾਇਰ ਜਲਿਆਂ ਵਾਲੇ ਬਾਗ਼ ਦੀ ਘਟਨਾ ਨੂੰ ਆਪਣੀ ਪ੍ਰਾਪਤੀ ਦੱਸਦਾ ਸੀ. ਊਧਮ ਸਿੰਘ ਨੇ ਮਾਈਕਲ ਓ'ਡਵਾਇਰ ਨੂੰ ਮੌਤ ਦੇ ਘਾਟ ਉਤਾਰ ਕੇ ਜਲਿਆਂ ਵਾਲੇ ਬਾਗ਼ ਦੀ ਘਟਨਾ ਦਾ ਬਦਲਾ ਲਿਆ। ਡਾ. ਜੌਹਲ ਨੇ ਦੱਸਿਆ ਕਿ ਊਧਮ ਸਿੰਘ ਨੇ ਉੱਥੇ ਹਾਜ਼ਰ ਬੰਬੇ ਦੇ ਸਾਬਕਾ ਗਵਰਨਰ ਨੂੰ ਵੀ ਮਾਰਨਾ ਸੀ ਪਰ ਔਰਤਾਂ ਅਤੇ ਬੱਚਿਆਂ ਦਾ ਘੇਰਾ ਹੋਣ ਕਾਰਨ ਉਹਨਾਂ ਨੂੰ ਆਪਣੀ ਯੋਜਨਾ ਰੱਦ ਕਰਨੀ ਪਈ ਸੀ ਕਿਉਂਕਿ ਊਧਮ ਸਿੰਘ ਕਿਸੇ ਮਾਸੂਮ ਤੇ ਵਾਰ ਨਹੀਂ ਸੀ ਕਰਨਾ ਚਾਹੁੰਦਾ। ਡਾ. ਜੌਹਲ ਨੇ ਅੱਗੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਨੇ ਬਦਲਾ ਲੈਣ ਦੀ ਯੋਜਨਾ ਇੰਗਲੈਂਡ ਰਹਿੰਦੇ ਆਪਣੇ ਦੋਸਤ ਸ਼ਿਵ ਸਿੰਘ ਜੌਹਲ ਨਾਲ ਸਾਂਝੀ ਕੀਤੀ ਸੀ ਅਤੇ ਬਦਲਾ ਲੈਣ ਤੋਂ ਇਕ ਦਿਨ ਪਹਿਲਾਂ 12 ਮਾਰਚ 1940 ਨੂੰ ਲੰਡਨ 'ਚ ਇੱਕ ਪਾਰਟੀ ਰੱਖੀ ਸੀ,ਜਿਸ 'ਚ ਉਹਨਾਂ ਕਿਹਾ ਕਿ "ਕੱਲ੍ਹ ਯਾਨੀ ਤੇਰਾਂ ਮਾਰਚ ਨੂੰ ਲੰਡਨ 'ਚ ਇਕ ਚਮਤਕਾਰ ਹੋਵੇਗਾ।"

ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ.ਜਗਦੀਪ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਚ ਸ਼ਹੀਦ ਊਧਮ ਸਿੰਘ ਦੇ ਜੀਵਨ ਤੇ ਚਾਨਣਾ ਪਾਇਆ। ਉਹਨਾਂ ਇਹ ਸਮਾਗਮ ਕਰਵਾਉਣ ਲਈ ਸ਼ਹੀਦ ਊਧਮ ਸਿੰਘ ਚੇਅਰ ਦੇ ਇੰਚਾਰਜ ਡਾ.ਪਰਮਜੀਤ ਕੌਰ ਗਿੱਲ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਜੀ ਦੀਆਂ ਡਾਇਰੀਆਂ, ਚਿੱਠੀਆਂ ਆਦਿ ਤੋਂ ਇੱਕ ਸੰਪੂਰਨ ਦਸਤਾਵੇਜ਼ ਤਿਆਰ ਕੀਤਾ ਜਾਵੇਗਾ। ਆਖਿਰ ਚ ਯੂਨੀਵਰਸਿਟੀ ਦੇ ਡੀਨ ਸੋਸ਼ਲ ਸਾਇੰਸਜ਼ ਪ੍ਰੋ ਜਸਵਿੰਦਰ ਬਰਾੜ ਨੇ ਆਏ ਮਹਿਮਾਨਾਂ, ਯੂਨੀਵਰਸਿਟੀ ਦੇ ਟੀਚਿੰਗ ਤੇ ਨਾਨ ਟੀਚਿੰਗ ਸਟਾਫ਼ ਮੈਂਬਰਾਂ , ਖੋਜਾਰਥੀਆਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

**Homeopathicvibes**



**Harminder Singh Gill**

Homeopathic Consultant and Practitioner

*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*

## ਸਿੱਖ ਧਰਮ ਤੇ ਇਤਿਹਾਸ ਸਬੰਧੀ ਕਿਤਾਬਾਂ ਖਰੀਦੋ

*ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਤ ਕਿਤਾਬਾਂ ਖਰੀਦਣ ਦੇ ਚਾਹਵਾਨ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਇਹ ਕਿਤਾਬਾਂ ਘਰ ਬੈਠਿਆਂ ਉਨ੍ਹਾਂ ਦੇ ਸਿਰਨਾਵੇਂ 'ਤੇ ਪਹੁੰਚਾਈਆਂ ਜਾ ਸਕਦੀਆਂ ਹਨ।*

*ਇਨ੍ਹਾਂ ਕਿਤਾਬਾਂ ਵਿਚ*

**ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਤ:**

* ਸਿੱਖ ਤਵਾਰੀਖ਼ 1469-2022 (5 ਜਿਲਦਾਂ) US $ 70 (including courier charges)
* ਨਵਾਂ ਤੇ ਵੱਡਾ ਮਹਾਨ ਕੋਸ਼ 2748 ਸਫ਼ੇ, ਸੈਂਕੜੇ ਰੰਗੀਨ ਤਸਵੀਰਾਂ (4 ਜਿਲਦਾਂ) US $ 120 (including courier charges)
* ਸਿੱਖ ਇਤਿਹਾਸ ਵਿਚ ਅੱਜ ਦਾ ਦਿਨ (2 ਜਿਲਦਾਂ) US $ 40 (including courier charges)
* 100 ਸਿੱਖ ਬੀਬੀਆਂ US $ 20 (incluidng courier charges)
* ਨਾਨਕਸ਼ਾਹੀ ਕੈਲੰਡਰ ਤੇ ਹੋਰ ਲੇਖ US $ 20 (including courier charges)
* ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ, 40 ਮੁਕਤੇ US $ 20 (including courier charges)
* ਜਪੁਜੀ ਸਾਹਿਬ ਟੀਕਾ US $ 20 (including courier charges)
* ਕੀਰਤਪੁਰ ਸਾਹਿਬ ਇਤਿਹਾਸ US $ 20 (including courier charges)

**ਬੀਬੀ ਜਗਦੀਸ਼ ਕੌਰ ਪ੍ਰਯਾਗਰਾਜ ਲਿਖਤ**

*101 ਮਹਾਨ ਹਸਤੀਆਂ: ਜਿਨ੍ਹਾਂ ਨੇ ਸਿੱਖ ਇਤਿਹਾਸ ਸਿਰਜਿਆ US $ 25 (including courier charges)

**ਪ੍ਰਿੰਸੀਪਲ ਕਿਰਨਜੀਤ ਰੰਧਾਵਾ ਲਿਖਤ**

* 550 ਸਵਾਲ (ਗੁਰੂ ਨਾਨਕ ਸਾਹਿਬ ਸਬੰਧੀ) US $ 20 (including courier charges)

**English books: (by Dr Harjinder Singh Dilgeer)**

* Guru Granth Sahib (English translation) 7 volumes. US $ 125 (including courier charges)
* Sikh History in 10 Volumes. US $ 100 (including courier charges)
* Amritsar & Darbar Sahib (Illustrated. with dozens of precious coloured photos of Darbar Sahib) US$ 40 (including courier charges)
* Heritage of the Punjab (with dozens of precious photos of historical buildings of Punjab) US $ 50 (including courier charges)
* Encyclopedia of Jalandhar District (with dozens of precious photos of historical buildings of Punjab) US $ 50 (including courier charges)
* Historical Sikh Shrines (with hundreds of precious photos of historical Gurdwaras of all the Gurus) US $ 125 (including courier charges)

**All books will be delivered to you at your door.**

**ਜਸਪ੍ਰੀਤ ਕੌਰ ਫੋਨ: 224-422-4773, ਹਰਜਿੰਦਰ ਸਿੰਘ ਦਿਲਗੀਰ ਫੋਨ: +44 777 549 9320**

# ਮੋਦੀ ਅਤੇ ਭਾਗਵਤ ਨੂੰ ਫਸਾਉਣ ਲਈ ਮੈਨੂੰ ਦਿੱਤੇ ਤਸੀਹੇ: ਸਾਧਵੀ ਪ੍ਰਗਿਆ

**ਮੁੰਬਈ:**ਮਾਲੇਗਾਓ ਧਮਾਕਾ' ਮਾਮਲੇ 'ਚ ਬਰੀ ਕੀਤੀ ਗਈ ਸਾਬਕਾ ਭਾਜਪਾ ਤੇ ਸੰਸਦ ਮੈਂਬਰ ਸਾਧਵੀ ਪ੍ਰਗਿਆ ਸਿੰਘ ਠਾਕੁਰ ਓ ਨੇ ਸ਼ਨਿਚਰਵਾਰ ਨੂੰ ਦਾਅਵਾ ਕੀਤਾ ਕਿ ਜਾਂਚ ਅਧਿਕਾਰੀਆਂ ਨੇ ਉਨ੍ਹਾਂ ਨੂੰ ਤਸੀਹੇ ਦਿੱਤੇ ਤੇ ਨੂੰ ਉਨ੍ਹਾਂ ਨੂੰ ਗੁਜਰਾਤ ਦੇ ਤਤਕਾਲੀ ਸੀਐੱਮ 5. ਨਰਿੰਦਰ ਮੋਦੀ ਤੇ ਆਰਐੱਸਐੱਸ ਮੁਖੀ ਮੋਹਨ ਭਾਗਵਤ ਸਮੇਤ ਕਈ ਲੋਕਾਂ ਦਾ ਨਾਂ ਲੈਣ 1 ਲਈ ਕਿਹਾ। ਇਹ ਪਹਿਲੀ ਵਾਰੀ ਹੈ ਜਦੋਂ 4 ਸਾਧਵੀ ਪ੍ਰਗਿਆ ਨੇ ਇਹ ਸਨਸਨੀਖੇਜ਼ ਦਾਅਵਾ ਕੀਤਾ ਹੈ। ਵਿਸ਼ੇਸ਼ ਐੱਨਆਈਏ ਅਦਾਲਤ ਨੇ ਇਸ ਮਾਮਲੇ ਵਿਚ ਸਾਧਵੀ ਪ੍ਰਗਿਆ ਸਮੇਤ ਸਾਰੇ ਸੱਤ ਮੁਲਜ਼ਮਾਂ ਨੂੰ ਬਰੀ ' ਕਰ ਦਿੱਤਾ ਸੀ। ਹਾਲਾਂਕਿ ਵਿਸ਼ੇਸ਼ ਜੱਜ ਏਕੇ ਲਾਹੋਟੀ ਨੇ ਆਪਣੇ ਫੈਸਲੇ 'ਚ ਪ੍ਰਗਿਆ ਠਾਕੁਰ ਨੂੰ ਤਸੀਹੇ ਦੇਣ ਅਤੇ ਦੁਰਵਿਹਾਰ ਦੇ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਸੀ।



ਸਾਬਕਾ ਭਾਜਪਾ ਸੰਸਦ ਮੈਂਬਰ ਸ਼ਨਿਚਰਵਾਰ ਨੂੰ ਆਪਣੀ ਜ਼ਮਾਨਤ ਦੀ ਰਸਮਾਂ ਪੂਰੀ ਕਰਨ ਲਈ ਇੱਥੇ ਸੈਸ਼ਨ ਕੋਰਟ ਵਿਚ ਪੇਸ਼ ਹੋਈ। ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਪੁੱਛਗਿੱਛ ਦੌਰਾਨ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ। ਉਨ੍ਹਾਂ ਕਿਹਾ, 'ਅਧਿਕਾਰੀਆਂ ਨੇ ਮੈਨੂੰ ਮੋਦੀ ਜੀ ਦਾ ਨਾਂ ਲੈਣ ਲਈ ਕਿਹਾ ਸੀ ਕਿਉਂਕਿ ਉਸ ਸਮੇਂ ਮੈਂ ਸੂਰਤ ਵਿਚ ਰਹਿ ਰਹੀ ਸੀ। ਭਾਗਵਤ (ਆਰਐੱਸਐੱਸ ਮੁਖੀ) ਵਰਗੇ ਕਈ ਨਾਂ ਹਨ। ਪਰ ਮੈਂ ਕਿਸੇ ਦਾ ਨਾਂ ਨਹੀਂ ਲਿਆ ਕਿਉਂਕਿ ਮੈਂ ਝੂਠ ਨਹੀਂ ਬੋਲਣਾ ਚਾਹੁੰਦੀ ਸੀ। ਸਾਧਵੀ ਪ੍ਰਗਿਆ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਮੈਨੂੰ ਤੰਗ ਪਰੇਸ਼ਾਨ ਕਰਨਾ ਸੀ। ਉਨ੍ਹਾਂ ਕਿਹਾ ਕਿ ਜੇਕਰ ਮੈਂ ਨਾਂ ਨਹੀਂ ਲਏ ਤਾਂ ਉਹ ਮੈਨੂੰ ਤੰਗ-ਪਰੇਸ਼ਾਨ ਕਰਨਗੇ। ਇਨ੍ਹਾਂ ਨਾਵਾਂ ਵਿਚ ਯੋਗੀ ਆਦਿੱਤਿਆਨਾਥ, ਸੁਦਰਸ਼ਨ ਜੀ., ਇੰਦਰੇਸ਼ ਜੀ, ਰਾਮ ਮਾਧਵ ਤੇ ਕਈ ਹੋਰ ਨਾਂ ਸ਼ਾਮਲ ਹਨ ਜਿਨ੍ਹਾਂ ਨੂੰ ਮੈਂ ਹੁਣ ਯਾਦ ਨਹੀਂ ਕਰ ਪਾ ਰਹੀ। ਉਨ੍ਹਾਂ ਕਿਹਾ ਕਿ ਮੈਨੂੰ ਹਸਪਤਾਲ ਵਿਚ ਵੀ ਗ਼ੈਰ-ਕਾਨੂੰਨੀ ਤੌਰ 'ਤੇ ਕੈਦ ਕੀਤ ਗਿਆ ਜਿੱਥੇ ਮੈਂ ਬੇਹੋਸ਼ ਹੋ ਗਈ ਤੇ ਮੇਰੇ ਫੇਫ ਖ਼ਰਾਬ ਹੋ ਗਏ।

ਉਨ੍ਹਾਂ ਕਿਹਾ ਕਿ ਮੈਂ ਆਪਣੀ ਕਹਾਣੀ ਲਿ ਰਹੀ ਹਾਂ ਜਿਸ ਵਿਚ ਮੈਂ ਇਹ ਸਭ ਦੱਸਾਂਗੀ ਸੱਚਾਈ ਸਾਹਮਣੇ ਆਵੇਗੀ। ਇਹ ਧਰਮ ਦ ਜਿੱਤ ਹੈ, ਸਨਾਤਨ ਦੀ ਜਿੱਤ ਹੈ ਤੇ ਹਿੰਦੂਤਵ ਦ ਜਿੱਤ ਹੈ। ਇਹ ਇਕ ਸਨਾਤਨੀ ਰਾਸ਼ਟਰ ਹੈ ਤ ਇਸ ਦੀ ਹਮੇਸ਼ਾ ਜਿੱਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਤਸੀਹੇ ਦੇਣ ਅਤੇ ਦੇਸ਼ ਦੇ ਸਾਰੇ ਭਗਤ ਨੂੰ ਇਸ ਵਿਚ ਸ਼ਾਮਲ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਗਈ.. ਅਸੀਂ ਕੋਸ਼ਿਸ਼ ਕਰਾਂਗੇ ਕਿ ਉਣ ਨੂੰ ਸਜ਼ਾ ਮਿਲੇ। ਉਨ੍ਹਾਂ ਮਹਾਰਾਸ਼ਟਰ ਏਟੀਐੱਸ ਦੇ ਤੱਤਕਾਲੀ ਸਹਾਇਕ ਪੁਲਿਸ ਕਮਿਸ਼ਨਰ ਪਰਮਬੀਰ ਸਿੰਘ ਨੂੰ ਇਕ ਦੁਸ਼ਟ ਵਿਅਕਤੀ ਦੱਸਿਆ। ਉਨ੍ਹਾਂ ਕਿਹਾ ਕਿ ਪਰਮਬੀਰ ਸਿੰਘ ਹੇਮੰਤ ਕਰਕਰੇ ਤੇ ਸੁਖਵਿੰਦਰ ਸਿੰਘ ਨੇ ਮੈਨੂੰ ਤੰਗ-ਪਰੇਸ਼ਾਨ ਕੀਤਾ ਅਤੇ ਮੈਨੂੰ ਝੂਠ ਬੋਲਣ ਲਈ ਕਿਹਾ ਪਰ ਮੈਂ ਨਾਂਹ ਕਰ ਦਿੱਤੀ।

# ਭਾਰਤ ਸਰਕਾਰ ਦਾ ਅਸ਼ਲੀਲਤਾ 'ਤੇ ਵੱਡਾ ਵਾਰ; 25 ਐਪਾਂ 'ਤੇ ਲਾਈ ਪਾਬੰਦੀ

**ਨਵੀਂ ਦਿੱਲੀ:**ਭਾਰਤ ਸਰਕਾਰ ਨੇ ਹਾਲ ਹੀ ਵਿਚ ਇਤਰਾਜ਼ਯੋਗ ਅਤੇ ਅਸ਼ਲੀਲ ਸਮੱਗਰੀ ਪ੍ਰਸਾਰਿਤ ਕਰਨ ਵਾਲੇ 25 ਐਪਸ 'ਤੇ ਪਾਬੰਦੀ ਲਗਾਈ ਹੈ। ਸੂਚਨਾ ਅਤੇ ਪ੍ਰਸਾਰਨ ਮੰਤਰੀ ਨੇ ਪੋਰਨੋਗ੍ਰਾਫਿਕ ਸਮੱਗਰੀ ਅਤੇ ਇਤਰਾਜ਼ਯੋਗ ਇਸ਼ਤਿਹਾਰ ਦਿਖਾਉਣ ਵਾਲੇ ਐਪਸ ਦੀ ਪਛਾਣ ਕਰਦਿਆਂ ਇਹ ਕਦਮ ਚੁੱਕਿਆ ਹੈ। ਆਸਟ੍ਰੇਲੀਆ ਵੀ ਇਸ ਦਿਸ਼ਾ ਵਿਚ ਕੁਝ ਵੱਡੀਆਂ ਪਹਿਲਾਂ ਕਰ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਓਵਰ- ਦਿ-ਟਾਪ (ਓਟੀਟੀ) ਪਲੇਟਫਾਰਮਾਂ ਦੇ ਉਭਾਰ ਨੇ ਨੌਜਵਾਨ ਵਰਗ ਦੀ ਮਾਨਸਿਕਤਾ 'ਤੇ ਡੂੰਘਾ ਪ੍ਰਭਾਵ ਪਾਇਆ ਹੈ। ਇਕ ਅਧਿਐਨ ਅਨੁਸਾਰ ਔਸਤ ਭਾਰਤੀ ਨੌਜਵਾਨ ਹਰ ਰੋਜ਼ ਘੰਟਿਆਂਬੱਧੀ ਸਟ੍ਰੀਮਿੰਗ ਮੀਡੀਆ ਦੇਖਦਾ ਹੈ ਜੋ ਕਿ ਵਿਸ਼ਵ ਔਸਤ ਤੋਂ ਵੱਧ ਹੈ। ਓਟੀਟੀ ਪਲੇਟਫਾਰਮਾਂ ਨੇ ਟੈਲੀਵਿਜ਼ਨ ਸਕਰੀਨ ਤੋਂ ਲੈ ਕੇ ਛੋਟੇ ਮੋਬਾਈਲਾਂ ਤੱਕ ਆਪਣਾ ਕਬਜ਼ਾ ਜਮਾਇਆ ਹੋਇਆ ਹੈ ਅਤੇ ਨੌਜਵਾਨ ਪੀੜ੍ਹੀ ਦੇ ਨਾਲ-ਨਾਲ ਹਰ ਉਮਰ ਦੇ ਲੋਕਾਂ ਨੂੰ ਅਜਿਹਾ ਨੁਕਸਾਨ ਪਹੁੰਚਾ ਰਹੇ ਹਨ ਜਿਸ ਦੀ ਭਰਪਾਈ ਸੰਭਵ ਨਹੀਂ। ਅਸ਼ਲੀਲ ਸਮੱਗਰੀ ਪ੍ਰਦਾਨ ਕਰਨ ਵਾਲੇ ਇਹ ਪਲੇਟਫਾਰਮ ਬੱਚਿਆਂ, ਕਿਸ਼ੋਰਾਂ, ਬਾਲਗਾਂ ਅਤੇ ਇੱਥੋਂ ਤੱਕ ਕਿ ਘਰੇਲੂ ਮਹਿਲਾਵਾਂ ਤੱਕ ਸਹਿਜੇ ਹੀ ਆਪਣੀ ਪਹੁੰਚ ਬਣਾ ਰਹੇ ਹਨ। ਇਸ ਵਿਚ ਡਿਜੀਟਲ ਮੀਡੀਆ ਪਲੇਟਫਾਰਮ ਵੀ ਸਹਾਇਕ ਬਣ ਰਹੇ ਹਨ। ਐਕਸ, ਇੰਸਟਾਗ੍ਰਾਮ ਵਰਗੇ ਪਲੇਟਫਾਰਮਾਂ 'ਤੇ ਵੀ ਅਸ਼ਲੀਲ ਸਮੱਗਰੀ ਦੀ ਭਰਮਾਰ ਹੈ। ਆਪਣੇ ਵਪਾਰਕ ਹਿੱਤਾਂ ਲਈ ਇਹ ਪਲੇਟਫਾਰਮ ਬੱਚਿਆਂ ਨੂੰ ਛੋਟੀ ਉਮਰ ਵਿਚ ਹੀ ਵੱਡੇ ਬਣਨ ਦੀ ਦਿਸ਼ਾ ਵਿਚ ਧੱਕ ਰਹੇ ਹਨ। ਸੋਫੀ ਬਿਸ਼ਨੋਨੈਟ ਦੀ ਡਾਕੂਮੈਂਟਰੀ 'ਸੈਕਸੀ ਇੰਕ ਅਵਰ ਚਿਲਡਰਨ ਅੰਡਰ ਇੰਫਲੂਐਂਸ-ਯੂਥ ਵਰਜਨ ਅਤਿ-ਕਾਮੁਕਤਾ ਅਤੇ ਨੌਜਵਾਨਾਂ 'ਤੇ ਇਸ ਦੇ ਹਾਨੀਕਾਰਕ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਦੀ ਹੈ। ਜਰਨਲ ਆਫ ਪੀਡੀਐਟ੍ਰਿਕ ਹੈਲਥਕੇਅਰ ਦੇ ਇਕ ਅਧਿਐਨ ਅਨੁਸਾਰ ਸੱਤ-ਅੱਠ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਕਰੀਨ ਅਤੇ ਵਾਸਤਵਿਕ ਜੀਵਨ ਵਿਚ ਕੀ ਹੋ ਰਿਹਾ ਹੈ, ਇਸ ਦਾ ਫ਼ਰਕ ਕਰਨ ਵਿਚ ਮੁਸ਼ਕਲ ਹੁੰਦੀ ਹੈ। ਇਸ ਨਾਲ ਸਮੱਸਿਆਗ੍ਰਸਤ ਸੈਕਸ ਵਿਵਹਾਰ (ਪੀਬੀਐੱਸ) ਹੋ ਸਕਦਾ ਹੈ। ਇਹ ਦੂਜਿਆਂ ਨਾਲ 'ਗੱਲ ਕਰਨ ਦੀ ਸਮਰੱਥਾ ਨੂੰ ਪ੍ਰਭਾਵਿਤ ਕਰ ਸਕਦਾ ਹੈ। ਪੀਬੀਐੱਸ ਕਿਸੇ ਦੇ ਜੀਵਨ ਨੂੰ ਦੇਖਣ ਦੇ ਤਰੀਕੇ ਨੂੰ ਬਹੁਤ ਪ੍ਰਭਾਵਿਤ ਕਰ ਸਕਦਾ ਹੈ ਜਿਸ ਨਾਲ ਕਿਸੇ ਲਈ ਇਹ ਸਮਝਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ ਕਿ ਕੀ ਹਕੀਕਤ ਹੈ ਤੇ ਕੀ ਨਹੀਂ। ਅਸ਼ਲੀਲ ਸਮੱਗਰੀ ਬੱਚਿਆਂ ਤੇ ਨੌਜਵਾਨਾਂ ਵਿਚ ਮਨੋਬਿਰਤੀ ਸਬੰਧੀ ਉਣਤਾਈਆਂ ਨੂੰ ਜਨਮ ਦਿੰਦੀ ਹੈ ਤੇ ਉਹ ਹਿੰਸਾ ਤੇ ਅਸ਼ਲੀਲਤਾ ਨੂੰ ਆਪਣੇ ਜੀਵਨ ਵਿਚ ਆਸਾਨੀ ਨਾਲ ਸਵੀਕਾਰ ਕਰ ਲੈਂਦੇ ਹਨ।



# ਮਾਲੇਗਾਉਂ ਧਮਾਕੇ ਦੇ ਦੋਸ਼ੀ ਬਰੀ; ਭਗਵੇਂ ਅੱਤਵਾਦ ਦੇ ਹਊਆ ਦੀ ਚਰਚਾ

**ਨਵੀਂ ਦਿੱਲੀ:**ਅੱਤਵਾਦ ਦੇ ਇਕ ਹੋਰ ਚਰਚਿਤ ਮਾਮਲੇ ਵਿਚ ਅਦਾਲਤ ਨੇ ਇਹ ਦੇਖਿਆ ਕਿ ਜਾਂਚ ਏਜੰਸੀ ਨੇ ਜਿਨ੍ਹਾਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਅਤੇ ਜਿਹੜੇ ਲੰਬੇ ਸਮੇਂ ਤੱਕ ਜੇਲ੍ਹ ਵਿਚ ਰਹੇ, ਉਹ ਸ਼ੱਕ ਦਾ ਲਾਭ ਹਾਸਲ ਕਰਨ ਦੇ ਹੱਕਦਾਰ ਹਨ। ਇਸ ਵਾਰ ਅਜਿਹਾ ਮਾਲੇਗਾਓਂ ਧਮਾਕਾ ਕਾਂਡ ਵਿਚ ਐੱਨਆਈਏ ਦੀ ਵਿਸ਼ੇਸ਼ ਅਦਾਲਤ ਨੇ ਦੇਖਿਆ। ਉਸ ਨੇ ਇਹ ਕਹਿੰਦੇ ਹੋਏ ਸਾਰੇ ਸੱਤਾਂ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ।ਕਿ ਇਸਤਗਾਸਾ ਦੋਸ਼ ਸਾਬਿਤ ਨਹੀਂ ਕਰ ਸਕਿਆ। ਸੰਨ 2008 ਦੀ ਇਸ ਘਟਨਾ ਵਿਚ ਛੇ ਵਿਅਕਤੀਆਂ ਦੀ ਮੌਤ ਹੋਈ ਸੀ ਅਤੇ ਲਗਪਗ ਸੌ ਜ਼ਖ਼ਮੀ ਹੋਏ ਸਨ।

ਕੁਝ ਦਿਨ ਪਹਿਲਾਂ ਬਾਂਬੇ ਹਾਈ ਕੋਰਟ ਨੇ ਅੱਤਵਾਦ ਦੀ ਬੇਹੱਦ ਗੰਭੀਰ 'ਤੇ ਬਹੁਤ ਵੱਡੀ ਘਟਨਾ ਮੁੰਬਈ ਟ੍ਰੇਨ ਧਮਾਕਾ ਕਾਂਡ ਦੀ ਸੁਣਵਾਈ ਕਰਦੇ ਹੋਏ ਸਾਰੇ 12 ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਸੀ। ਇਨ੍ਹਾਂ ਨੂੰ ਇਕ ਸਮੇਂ ਮਹਾਰਾਸ਼ਟਰ ਅਪਰਾਧ ਕੰਟਰੋਲ ਐਕਟ ਯਾਨੀ ਮਕੋਕਾ ਦੀ ਵਿਸ਼ੇਸ਼ ਅਦਾਲਤ ਨੇ ਦੋਸ਼ੀ ਮੰਨਿਆ ਸੀ। ਇਸ ਫ਼ੈਸਲੇ ਕਾਰਨ ਦੇਸ਼ ਦੰਗ ਰਹਿ ਗਿਆ ਸੀ ਕਿਉਂਕਿ ਇਸ ਭਿਆਨਕ ਅੱਤਵਾਦੀ ਘਟਨਾ ਵਿਚ 180 ਤੋਂ ਵੱਧ ਲੋਕ ਮਾਰੇ ਗਏ ਸਨ ਤੇ ਅੱਠ ਸੌ ਤੋਂ ਵੱਧ ਜ਼ਖ਼ਮੀ ਹੋਏ ਸਨ। ਇਹ ਠੀਕ ਹੈ ਕਿ ਸੁਪਰੀਮ ਕੋਰਟ ਨੇ ਬਾਂਬੇ ਹਾਈ ਕੋਰਟ ਦੇ ਫ਼ੈਸਲੇ 'ਤੇ ਰੋਕ ਲਗਾ ਦਿੱਤੀ ਪਰ ਪ੍ਰਸ਼ਨ ਇਹ ਹੈ ਕਿ ਆਖ਼ਰ ਆਪਣੇ ਦੇਸ਼ ਵਿਚ ਅੱਤਵਾਦ ਦੇ ਗੰਭੀਰ ਮਾਮਲਿਆਂ ਦੀ ਜਾਂਚ ਅਤੇ ਉਨ੍ਹਾਂ ਦੀ ਸੁਣਵਾਈ ਵਿਚ ਹੋ ਕੀ ਰਿਹਾ ਹੈ?



ਜੇਕਰ ਅੱਤਵਾਦ ਵਿਰੋਧੀ ਦਸਤੇ ਅਤੇ ਐੱਨਆਈਏ ਵਰਗੀਆਂ ਏਜੰਸੀਆਂ ਅੱਤਵਾਦ ਦੇ ਮਾਮਲਿਆਂ ਦੀ ਸਹੀ ਤਰ੍ਹਾਂ ਜਾਂਚ ਨਹੀਂ ਕਰ ਸਕਣਗੀਆਂ ਤਾਂ ਇਨਸਾਫ਼ ਕਿਵੇਂ ਮਿਲੇਗਾ। ਮਾਲੇਗਾਓਂ ਧਮਾਕੇ ਮਾਮਲੇ ਵਿਚ ਐੱਨਆਈਏ ਦੀ ਵਿਸ਼ੇਸ਼ ਅਦਾਲਤ ਉਸ ਨਤੀਜੇ 'ਤੇ ਪੁੱਜੀ ਜਿਸ 'ਤੇ ਬਾਂਬੇ ਹਾਈ ਕੋਰਟ ਟ੍ਰੇਨ ਧਮਾਕਾ ਕਾਂਡ ਦੀ ਸੁਣਵਾਈ ਕਰਦੇ ਹੋਏ ਪੁੱਜਿਆ ਸੀ। ਅਜਿਹਾ ਕਈ ਅੱਤਵਾਦੀ ਘਟਨਾਵਾਂ ਦੇ ਮਾਮਲੇ ਵਿਚ ਹੋ ਚੁੱਕਾ ਹੈ। ਇਸ ਤੋਂ ਇਹੀ ਪਤਾ ਲੱਗਦਾ ਹੈ ਕਿ ਕਦੇ ਜਾਂਚ ਏਜੰਸੀਆਂ, ਕਦੇ ਅਦਾਲਤਾਂ ਅਤੇ ਕਦੇ ਦੋਵੇਂ ਹੀ ਆਪਣਾ ਕੰਮ ਸਹੀ ਤਰ੍ਹਾਂ -ਤੇ ਸਮੇਂ ਸਿਰ ਨਹੀਂ ਕਰਦੀਆਂ।


ਜਾਂਚ ਤੇ ਫਿਰ ਅਦਾਲਤੀ ਕਾਰਵਾਈ ਵਿਚ ਦੇਰੀ ਅਤੇ ਢਿੱਲ-ਮੱਠ ਇਕ ਵੱਡੀ ਸਮੱਸਿਆ ਹੈ। ਇਹ ਸਮਝ ਆਉਂਦਾ ਹੈ ਕਿ ਵੱਡੀਆਂ ਅੱਤਵਾਦੀ ਘਟਨਾਵਾਂ ਦੀ ਡੂੰਘਾਈ ਨਾਲ ਜਾਂਚ ਵਿਚ ਏਜੰਸੀਆਂ ਥੋੜ੍ਹਾ ਸਮਾਂ ਲੈਣ ਪਰ ਆਖ਼ਰ ਵਿਸ਼ੇਸ਼ ਤੇ ਉੱਚ ਅਦਾਲਤਾਂ ਸਾਲਾਂ ਅਤੇ ਦਹਾਕਿਆਂ ਦਾ ਸਮਾਂ ਕਿਉਂ ਲੈ ਲੈਂਦੀਆਂ ਹਨ? ਨੀਤੀ ਘਾੜਿਆਂ ਵੱਲੋਂ ਇਸ 'ਤੇ ਚਿੰਤਾ ਪ੍ਰਗਟਾਉਣਾ ਵਿਅਰਥ ਹੈ ਕਿਉਂਕਿ ਸਮੱਸਿਆ ਦਾ ਹੱਲ ਤਾਂ ਹੋ ਨਹੀਂ ਰਿਹਾ। ਇਸ ਕਾਰਨ ਜਿਹੜੇ ਲੋਕ ਅੱਤਵਾਦੀ ਘਟਨਾਵਾਂ ਵਿਚ ਮਾਰੇ ਜਾਂਦੇ ਹਨ, ਉਨ੍ਹਾਂ ਦੇ ਵਾਰਿਸ ਖ਼ੁਦ ਨੂੰ ਠੱਗਿਆ ਹੋਇਆ ਮਹਿਸੂਸ ਕਰਦੇ ਹਨ ਤੇ ਅੱਤਵਾਦੀਆਂ ਨੂੰ ਤਾਕਤ ਮਿਲਦੀ ਹੈ। ਅੱਤਵਾਦ ਦੇ ਮਾਮਲਿਆਂ ਦੀ ਜਾਂਚ ਵਿਚ ਇਹ ਵੀ ਕੋਈ ਲੁਕੀ-ਛੁਪੀ ਗੱਲ ਨਹੀਂ ਹੈ ਕਿ ਸੌੜੇ ਸਿਆਸੀ ਹਿੱਤ ਅੜਿੱਕਾ ਬਣਦੇ ਹਨ। ਅੱਤਵਾਦੀ ਘਟਨਾਵਾਂ ਨੂੰ ਸਿਆਸੀ ਰੰਗ ਦਿੱਤਾ ਜਾਂਦਾ ਹੈ।

ਮਾਲੇਗਾਓਂ ਧਮਾਕਾ ਕਾਂਡ ਵਿਚ ਪ੍ਰਗਿਆ ਠਾਕੁਰ, ਸੁਧਾਕਰ ਦਿਵੇਦੀ ਆਦਿ ਦੀ ਗ੍ਰਿਫ਼ਤਾਰੀ ਦੇ ਆਧਾਰ 'ਤੇ ਹਿੰਦੂ ਤੇ ਭਗਵਾ ਅੱਤਵਾਦ ਦਾ ਜੁਮਲਾ ਉਛਾਲਿਆ ਗਿਆ। ਇਸ ਦਾ ਮਕਸਦ ਕਥਿਤ ਭਗਵਾ ਅੱਤਵਾਦ ਨੂੰ ਜਹਾਦੀ ਅੱਤਵਾਦ ਵਰਗਾ ਦੱਸਣਾ ਸੀ। ਇਹ ਹਿੰਦੂਆਂ ਵਿਰੁੱਧ ਹੀ ਨਹੀਂ, ਦੇਸ਼ ਵਿਰੁੱਧ ਵੀ ਸਾਜ਼ਿਸ਼ ਸੀ। ਇਸ ਦਾ ਲਾਹਾ ਪਾਕਿਸਤਾਨ ਨੂੰ ਮਿਲਿਆ ਕਿਉਂਕਿ'' ਕਾਂਗਰਸ ਦੇ ਕਈ ਨੇਤਾਵਾਂ ਨੇ ਸਮਝੌਤਾ ਐਕਸਪ੍ਰੈੱਸ ਕਾਂਡ ਵਿਚ ਵੀ ਏਜੰਸੀਆਂ ਦੇ ਸਹਾਰੇ ਭਗਵਾ ਅੱਤਵਾਦ ਦੀ ਫ਼ਰਜ਼ੀ ਕਹਾਣੀ ਘੜੀ ਸੀ।

# ਅਵਾਰਾ ਕੁੱਤਿਆਂ ਦਾ ਕਹਿਰ ਬਰਕਰਾਰ, ਕੁੰਭਕਰਨੀ ਨੀਂਦ ਸੁੱਤੀ ਸਰਕਾਰ

**ਜਲੰਧਰ:**ਅਵਾਰਾ ਕੁੱਤਿਆਂ ਤੇ ਲਾਵਾਰਸ ਪਸ਼ੂਆਂ ਕਾਰਨ ਵਾਪਰ ਰਹੇ ਹਾਦਸਿਆਂ ਦੀਆਂ ਖ਼ਬਰਾਂ ਅਖ਼ਬਾਰਾਂ 'ਚ ਛਪਦੀਆਂ ਰਹਿੰਦੀਆ ਹਨ। ਅਵਾਰਾ ਕੁੱਤਿਆ ਅਤੇ ਪਸ਼ੂਆਂ ਨੇ ਲੋਕਾਂ ਦਾ ਜੀਣਾ ਮੁਹਾਲ ਕਰ ਦਿੱਤਾ ਹੈ। ਪੰਜਾਬ ਦੇ ਖੰਨਾ ਸ਼ਹਿਰ ਵਿਚ ਅਜਿਹੀਆ ਸਭ ਤੋਂ ਵੱਧ ਸੱਤ ਘਟਨਾਵਾਂ ਵਾਪਰੀਆ ਹਨ ਅਤੇ ਕਈ ਬੱਚੇ ਰੱਬ ਨੂੰ ਪਿਆਰੇ ਹੋ ਗਏ ਹਨ। ਕੁਝ ਦਿਨਾਂ ਵਿਚ ਵਾਪਰੇ ਦਿਲ ਕੰਬਾਊ ਹਾਦਸਿਆਂ ਦਾ ਜ਼ਿਕਰ ਜ਼ਰੂਰੀ ਹੈ ਤਾਂ ਜੋ ਕੁੰਭਕਰਨੀ ਨੀਂਦ ਸੁੱਤੀ ਪਈ ਸਰਕਾਰ ਦੇ ਕੰਨਾਂ 'ਤੇ ਜੂੰ ਸਰਕ ਸਕੇ। ਬਹੁਤ ਹੀ ਮੰਦਭਾਗੀ ਗੱਲ ਹੈ ਕਿ ਸਦਨ ਦੇ ਕਈ ਦਿਨ ਹੋਏ ਇਜਲਾਸ 'ਚ ਕਿਸੇ ਵੀ ਮੰਤਰੀ ਜਾਂ ਵਿਧਾਇਕ ਨੇ ਅਵਾਰਾ ਕੁੱਤਿਆਂ ਅਤੇ ਲਾਵਾਰਸ ਪਸ਼ੂਆਂ ਦੇ ਦਿਨ-ਬ-ਦਿਨ ਵਧ ਰਹੇ ਹਾਦਸਿਆਂ ਨੂੰ ਰੋਕਣ ਲਈ ਕੋਈ ਗੱਲ ਤੱਕ ਨਹੀਂ ਕੀਤੀ ਜਦਕਿ ਸਦਨ ਵਿਚ ਇਸ 'ਤੇ ਪੂਰੀ ਬਹਿਸ ਹੋਣੀ ਚਾਹੀਦੀ ਸੀ। ਪਿਛਲੇ ਦਿਨੀਂ ਖੰਨਾ ਦੀ ਨਵੀਂ ਆਬਾਦੀ ਇਲਾਕੇ 'ਚ ਇਕ ਖੂੰਖਾਰ ਕੁੱਤੇ ਨੇ ਸੇਵਾ ਮੁਕਤ 70 ਸਾਲਾ ਕਰਮਚਾਰੀ ਬਲਵੀਰ ਸਿੰਘ 'ਤੇ ਹਮਲਾ ਕਰ ਦਿੱਤਾ। ਉਸ 'ਤੇ ਉਸ ਸਮੇਂ ਹਮਲਾ ਕੀਤਾ ਗਿਆ ਜਦੋਂ ਉਹ ਨਹਾ ਕੇ ਬਾਥਰੂਮ ਵਿੱਚੋਂ ਬਾਹਰ ਆ ਰਿਹਾ ਸੀ। ਜਿਉਂ ਹੀ ਕੁੱਤੇ ਨੇ ਹਮਲਾ ਕੀਤਾ ਤਾਂ ਬਲਵੀਰ ਸਿੰਘ ਡਿੱਗ ਪਿਆ ਤੇ ਉਸ ਨੂੰ ਲੱਤਾਂ-ਬਾਹਾਂ ਅਤੇ ਪੇਟ 'ਤੇ ਕੁੱਤੇ ਨੇ ਵੱਢ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ। ਦੂਸਰੀ ਘਟਨਾ ਵੀ ਖੰਨਾ ਦੇ ਪਿੰਡ ਇਕੋਲਾਹੀ ਦੀ ਹੈ ਜਿੱਥੇ ਅਵਾਰਾ ਕੁੱਤਿਆਂ ਦੇ ਝੁੰਡ ਨੇ ਅਚਾਨਕ 5 ਸਾਲਾ ਬੱਚੇ 'ਤੇ ਹਮਲਾ ਕਰ ਦਿੱਤਾ।


ਬੱਚਾ ਆਪਣੇ ਪਿਤਾ ਨਾਲ ਖੇਤਾਂ 'ਚ ਗਿਆ ਹੋਇਆ ਸੀ। ਪਿਤਾ ਕੁਝ ਸਮੇਂ ਲਈ ਕੁਝ ਦੂਰ ਗਿਆ ਤਾਂ ਪਹਿਲਾਂ ਹੀ ਘੁੰਮ ਰਹੇ 7-8 ਕੁੱਤਿਆਂ ਦੇ ਝੁੰਡ ਨੇ ਬੱਚੇ 'ਤੇ ਹਮਲਾ ਕਰ ਦਿੱਤਾ। ਬੱਚੇ ਦੀ



ਗਰਦਨ, ਪੇਟ ਅਤੇ ਹੋਰ ਥਾਵਾਂ 'ਤੇ ਗੰਭੀਰ ਜ਼ਖ਼ਮ ਸਨ ਜਿਨ੍ਹਾਂ ਨੂੰ ਵੇਖਦਿਆਂ ਸਿਵਲ ਹਸਪਤਾਲ ਖੰਨਾ ਨੇ ਬੱਚੇ ਨੂੰ ਪਟਿਆਲੇ ਭੇਜ ਦਿੱਤਾ। ਇਕ ਹੋਰ ਘਟਨਾ 'ਚ ਮਨਜੀਤ ਸਿੰਘ ਨਵਾਂਸ਼ਹਿਰ ਆਪਣੇ ਟਿੱਪਰ ਦੀ ਮੁਰੰਮਤ ਕਰਵਾਉਣ ਲਈ ਟਾਟਾ ਮੋਟਰਜ਼ ਖੰਨਾ ਆਇਆ ਹੋਇਆ ਸੀ। ਉਸ ਨੇ ਰਾਤ ਉੱਥੇ ਹੀ ਰੁਕਣਾ ਸੀ। ਇਸ ਲਈ ਜਦ ਉਹ 10:30 ਵਜੇ ਖਾਣਾ ਖਾਣ ਲਈ ਜਾਣ ਲੱਗਾ ਤਾਂ ਸੜਕ ਦੇ ਕਿਨਾਰੇ 7-8 ਕੁੱਤਿਆਂ ਦੇ ਝੁੰਡ ਨੇ ਉਸ 'ਤੇ ਹਮਲਾ ਕਰ ਦਿੱਤਾ। ਕੁੱਤਿਆਂ ਨੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਅਤੇ ਉਸ ਨੇ ਮਸਾਂ ਜਾਨ ਬਚਾਈ। ਉਸ ਨੂੰ ਸਰਕਾਰੀ ਹਸਪਤਾਲ ਸੈਕਟਰ-32, ਚੰਡੀਗੜ੍ਹ ਭੇਜ ਦਿੱਤਾ ਗਿਆ। ਅਵਾਰਾ ਪਸ਼ੂ ਵੀ ਕਈਆਂ ਦੀ ਮੌਤ ਦਾ ਕਾਰਨ ਬਣ ਰਹੇ ਹਨ। ਰਾਮਾਮੰਡੀ ਦਾ ਪਰਿਵਾਰ ਬਜ਼ੁਰਗ ਕ੍ਰਿਸ਼ਨ ਲਾਲ (82) ਨੂੰ ਪੀਜੀਆਈ ਚੰਡੀਗੜ੍ਹ ਦਵਾਈ ਦਿਵਾਉਣ ਲਈ ਜਾ ਰਿਹਾ ਸੀ। ਬਠਿੰਡਾ ਜ਼ੀਰਕਪੁਰ ਹਾਈਵੇ 'ਤੇ ਉਨ੍ਹਾਂ ਦੀ ਕਾਰ ਅੱਗੇ ਲਾਵਾਰਸ ਪਸ਼ੂ ਆਉਣ ਨਾਲ ਬੇਕਾਬੂ ਹੋਈ ਕਾਰ ਸੜਕ ਕਿਨਾਰੇ ਲੱਗੇ ਲੋਹੇ ਦੇ ਖੰਬੇ 'ਚ ਜਾ ਵੱਜੀ। ਹਾਦਸੇ ਵਿਚ ਕਾਰ ਸਵਾਰ ਬਜ਼ੁਰਗ ਕ੍ਰਿਸ਼ਨ ਲਾਲ (82) ਪੁੱਤਰ ਜਤਿੰਦਰ ਕੁਮਾਰ ਅਤੇ 55 ਸਾਲਾ ਪੁੱਤਰ ਰਵੀ ਕੁਮਾਰ ਵਾਸੀ ਰਾਮਾਮੰਡੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸਰਦੂਲਗੜ੍ਹ ਕੌਮੀ ਮਾਰਗ 'ਤੇ ਘੁੰਮ ਰਹੇ ਅਵਾਰਾ ਪਸ਼ੂਆਂ ਨੇ ਇਕ ਹੋਰ ਜਾਨ ਲੈ ਲਈ। ਬਾਈਕ ਸਵਾਰ ਨਵਦੀਪ ਸਿੰਘ ਵਾਸੀ ਵਾਰਡ ਨੰਬਰ 2, ਸਰਦੂਲਗੜ੍ਹ ਦੀ ਢੱਠੇ ਨਾਲ ਟੱਕਰ ਹੋ ਜਾਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ। ਨਵਦੀਪ ਸਿੰਘ ਆਪਣੇ ਮਾਂ-ਪਿਉ ਦਾ ਇਕਲੌਤਾ ਪੁੱਤਰ ਸੀ। ਪਠਾਨਕੋਟ ਦੇ ਨਜ਼ਦੀਕ ਪਿੰਡ ਲਾੜੋਚੱਕ 'ਚ ਘਰ 'ਚ ਰਿਸ਼ਤੇਦਾਰਾਂ ਵੱਲੋਂ ਰੱਖੇ ਪਿੱਟਬੁੱਲ ਕੁੱਤੇ ਨੇ 13 ਸਾਲਾ ਬੱਚੇ 'ਤੇ ਹਮਲਾ ਕਰ ਕੇ ਉਸ ਦੇ ਸਿਰ ਨੂੰ ਜਬਾੜਿਆਂ 'ਚ ਘੁੱਟ ਕੇ ਫੜ ਲਿਆ। ਬੱਚੇ ਨੂੰ ਬੁਰੀ ਤਰਾਂ ਨੋਚਿਆ ਅਤੇ ਉਸ ਦੇ ਸਿਰ 'ਤੇ ਕਈ ਟਾਂਕੇ ਲੱਗੇ।

# ਉਪ ਕੁਲਪਤੀ ਬਾਰੇ ਪ੍ਰਚਾਰ ਸੱਚਾਈ ਤੋਂ ਕੋਹਾਂ ਦੂਰ: ਲੋਕ ਸੰਪਰਕ ਵਿਭਾਗ

**ਅੰਮ੍ਰਿਤਸਰ:**ਮੀਡੀਆ ਵਿੱਚ ਉਪ ਕੁਲਪਤੀ ਡਾ ਕਰਮਜੀਤ ਸਿੰਘ ਸੰਬੰਧੀ ਚੱਲ ਰਹੇ ਵਾਦ ਵਿਵਾਦ ਸੰਬੰਧੀ ਯੂਨੀਵਰਸਿਟੀ ਦੇ ਲੋਕ ਸੰਪਰਕ ਵਿਭਾਗ ਵਲੋਂ ਜਾਰੀ ਪ੍ਰੈਸ ਨੋਟ ਵਿੱਚ ਦੱਸਿਆ ਗਿਆ ਹੈ ਕਿ ਜੋ ਪ੍ਰਚਾਰ ਉਪ ਕੁਲਪਤੀ ਸਾਹਿਬ ਬਾਰੇ ਕੀਤਾ ਜਾ ਰਿਹਾ ਹੈ,ਉਹ ਸੱਚਾਈ ਤੋਂ ਕੋਹਾਂ ਦੂਰ ਹੈ। ਲੋਕ ਸੰਪਰਕ ਵਿਭਾਗ ਅਨੁਸਾਰ ਬੀਤੇ ਸਮੇਂ ਵਿੱਚ ਅੰਮ੍ਰਿਤਾ ਯੂਨੀਵਰਸਿਟੀ ਕੋਚੀ ਦੇ ਸੱਦੇ ਉੱਤੇ ਵੱਖ ਵੱਖ ਯੂਨੀਵਰਸਿਟੀ ਦੇ ਦੇ ਉਪ ਕੁਲਪਤੀਆਂ ਦੀ ਵਿਸ਼ੇਸ਼ ਇਕੱਤਰਤਾ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੀ ਸ਼ਾਮਲ ਹੋਏ ਸਨ। ਜਿਸ ਵਿਚ ਸਾਰੇ ਵਾਈਸ ਚਾਂਸਲਰਾਂ ਵਲੋਂ ਆਪੋ ਆਪਣੀਆਂ ਯੂਨੀਵਰਸਿਟੀ ਵਲੋਂ ਕੀਤੇ ਜਾ ਰਹੇ ਕਾਰਜਾਂ ਸਬੰਧੀ ਐਸੋਸੀਏਸ਼ਨ ਦੇ ਪ੍ਰਧਾਨ ਨਾਲ ਜਾਣਕਾਰੀ ਸਾਂਝੀ ਕੀਤੀ ਗਈ ਸੀ। ਇਸੇ ਦੇ ਅੰਤਰਗਤ ਉਪ ਕੁਲਪਤੀ ਡਾ ਕਰਮਜੀਤ ਸਿੰਘ ਵਲੋਂ ਯੂਨੀਵਰਸਿਟੀ ਵਿੱਚ ਪੰਜਾਬੀ ਭਾਸ਼ਾ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਡਿਜੀਟਾਈਜੇਸ਼ਨ ਕਰਾਉਣ, ਗੁਰੂ ਹਰਿ ਰਾਇ ਜੀ ਵਲੋਂ ਵਾਤਾਵਰਣ ਸਬੰਧੀ ਕੀਤੇ ਗਏ ਕਾਰਜਾਂ ਅਤੇ ਸਿੱਖ ਚੇਅਰ ਸਥਾਪਿਤ ਕਰਨ ਸਬੰਧੀ ਐਸੋਸੀਏਸ਼ਨ ਦੇ ਪ੍ਰਧਾਨ ਨਾਲ ਜਾਣਕਾਰੀ ਸਾਂਝੀ ਕੀਤੀ ਗਈ ਸੀ,ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਨੂੰ ਕੋਈ ਰਿਪੋਰਟ ਪੇਸ਼ ਕੀਤੀ ਗਈ ਹੈ। ਲੋਕ ਸੰਪਰਕ ਵਿਭਾਗ ਵਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਮੁੱਖ ਮਹਿਮਾਨ ਅਤੇ ਹੋਰ ਵਿਅਕਤੀਆਂ ਨੂੰ ਸੱਦਾ ਪੱਤਰ ਅੰਮ੍ਰਿਤਾ ਯੂਨੀਵਰਸਿਟੀ ਦੇ ਪ੍ਰਬੰਧਕਾਂ ਵਲੋਂ ਭੇਜੇ ਗਏ ਸਨ। ਜਿਸ ਵਿਚ ਉਪ ਕੁਲਪਤੀ ਸਾਹਿਬ ਦੀ ਕੋਈ ਭੂਮਿਕਾ ਨਹੀਂ।



# ਫ਼ਰਜ਼ੀ ਪੁਲਿਸ ਮੁਕਾਬਲੇ ਦੇ ਦੋਸ਼ 'ਚ ਸਾਬਕਾ ਐੱਸ.ਐੱਸ.ਪੀ. ਸਣੇ ਪੰਜ ਨੂੰ ਉਮਰ ਕੈਦ



**ਮੋਹਾਲੀ:** ਸਾਲ 1993 ਵਿਚ ਤਰਨਤਾਰਨ ਜ਼ਿਲ੍ਹੇ ਵਿਚ ਹੋਏ ਇਕ ਫ਼ਰਜ਼ੀ ਐਨਕਾਊਂਟਰ ਕੇਸ ਵਿਚ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਸੋਮਵਾਰ ਨੂੰ ਸਭਾ ਸੁਣਾਉਂਦਿਆਂ 5 ਪੁਲਿਸ ਅਧਿਕਾਰੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਹ ਸਜ਼ਾ ਉਨ੍ਹਾਂ ਨੂੰ ਆਈਪੀਸੀ ਦੀ ਧਾਰਾ 302 (ਬਡਲ) ਭਜੇ 120- ਘੀ (ਭਧਠਪਿਨ ਸਾਜ਼ਿਸ਼) ਹੇਠ ਦਿੱਤੀ ਗਈ ਹੈ। ਇਨ੍ਹਾਂ ਵਿਚ ਰਿਟਾਇਰਡ ਐਸਐਸਪੀ ਭੁਪਿੰਦਰਜੀਤ ਸਿੰਘ, ਡੀਐੱਸਪੀ ਦਵਿੰਦਰ ਸਿੰਘ, ਇੰਸਪੈਕਟਰ ਸੂਬਾ ਸਿੰਘ, ਏਐਸਆਈ ਗੁਲਬਰਗ ਸਿੰਘ ਅਤੇ ਏਐਸਆਈ ਰਘਬੀਰ ਸਿੰਘ ਸ਼ਾਮਲ ਹਨ। ਇਨ੍ਹਾਂ 'ਤੇ ਸੱਤ ਲੋਕਾਂ ਦੀ ਹੱਤਿਆ ਕਰਨ ਤੇ ਉਸ ਨੂੰ ਮੁਕਾਬਲੇ ਦਾ ਰੂਪ ਦੇਣ ਦਾ ਦੇਸ਼ ਸੀ। ਸੀਬੀਆਈ ਮੁਤਾਬਕ ਇਹ ਐਨਕਾਊਂਟਰ ਗਰਜ਼ੀ ਸੀ। ਮਾਰੇ ਗਏ ਲੋਕਾਂ ਨੂੰ ਪੁਲਿਸ ਨੇ ਨਾਜਾਇਜ਼ ਹਿਰਾਸਤ ਵਿਚ ਲੈ ਕੇ ਗੋਲੀ ਮਾਰ ਦਿੱਤੀ ਸੀ। ਇਹ ਮਾਮਲਾ 12 ਜੁਲਾਈ 1993 ਨੂੰ ਤਰਨਤਾਰਨ ਜ਼ਿਲ੍ਹੇ ਦਾ ਸੀ। ਜਦੋਂ ਪੁਲਿਸ - ਪਿੰਡ ਸੰਗਤਪੁਰਾ ਦੇ ਕੋਲ ਤਿੰਨ ਸਪੈਸ਼ਲ ਲਿਸ ਅਫਸਰਾਂ (ਐੱਸਪੀਓ) ਸਣੇ ਸੱਤ ਤਜਵਾਨਾਂ ਨੂੰ ਫਰਜ਼ੀ ਮੁਕਾਬਲੇ ਵਿਚ ਮੌਤ ਦੇ ਘਾਟ ਉਤਾਰ ਦਿੱਤਾ ਸੀ। ਸੀਬੀਆਈ ਨੇ ਜਾਮਲੇ ਦੀ ਜਾਂਚ ਕੀਤੀ, ਜਿਸ ਵਿਚ ਕੁੱਲ ਦਸ ਪੁਲਿਸ ਅਧਿਕਾਰੀ ਤੇ ਮੁਲਾਜ਼ਮ ਦੋਸ਼ੀ ਖਾਏ ਗਏ। ਸੁਣਵਾਈ ਦੌਰਾਨ ਪੰਜ ਮੁਲਜ਼ਮਾਂ ਵਰਦੇਵ ਸਿੰਘ, ਗਿਆਨ ਚੰਦ, ਜਗੀਰ ਸਿੰਘ, ਮਹਿੰਦਰ ਸਿੰਘ ਤੇ ਉੜ ਸਿੰਘ ਦੀ ਮੌਤ ਹੋ ਚੁੱਕੀਹੈ। ਘਟਨਾ ਦੇ ਦਿਨ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਰਾਣੀ ਵਾਲਾ ਨਾਲ ਸਬੰਧਤ ਐੱਸਪੀਓ ਸ਼ਿੰਦਰ ਸਿੰਘ ਉਰਫ਼ ਸ਼ਿੰਦਾ, ਸੁਖਦੇਵ ਸਿੰਘ ਤੇ ਦੇਸਾ ਸਿੰਘ ਦੀ ਡਿਊਟੀ ਸ਼ਰਾਬ ਠੇਕੇਦਾਰ ਜੋਗਿੰਦਰ ਸਿੰਘ ਦੇ ਨਾਲ ਸੀ। ਇਸੇ ਪਿੰਡ ਨਾਲ ਸਬੰਧਤ ਕਾਲਾ ਸਿੰਘ ਘਰੇਲੂ ਕੰਮਕਾਜ ਕਰਦਾ ਸੀ। ਥਾਣਾ ਸਰਹਾਲੀ ਤੇ ਗੋਇੰਦਵਾਲ ਸਾਹਿਬ ਵਿਚ ਹੋਈਆਂ ਵਾਰਦਾਤਾਂ ਦੇ ਸਬੰਧਤ ਵਿਚ ਪੁਲਿਸ ਨੇ ਸੁਖਦੇਵ ਸਿੰਘ, ਦੇਸਾ ਸਿੰਘ ਤੇ ਕਾਲਾ ਸਿੰਘ ਨੂੰ ਨਾਜਾਇਜ਼ ਹਿਰਾਸਤ ਵਿਚ ਰੱਖਿਆ। ਬਾਅਦ ਵਿਚ ਉਨ੍ਹਾਂ ਖ਼ਿਲਾਫ਼ ਅੱਤਵਾਦੀ ਵਾਰਦਾਤਾਂ ਨੂੰ ਅੰਜਾਮ ਦੇਣ ਦੇ ਮਾਮਲੇ ਦਰਜ ਕੀਤੇ ਗਏ। ਪੁਲਿਸ ਨੇ ਉਸਸਮੇਂ ਦਾਅਵਾ ਕੀਤਾ ਸੀ ਕਿ ਇਨ੍ਹਾਂ ਨੂੰ ਅਸਲੇ ਦੀ ਬਰਾਮਦਗੀ ਲਈ ਲੈ ਕੇ ਜਾਇਆ ਜਾ ਰਿਹਾ ਸੀ ਤਾਂ ਚਾਰ ਅੱਤਵਾਦੀਆਂ ਨੇ ਘਾਤ ਲਾ ਕੇ ਹਮਲਾ ਕਰ ਦਿੱਤਾ ਸੀ। ਮੁਕਾਬਲੇ ਵਿਚ ਚਾਰ ਅੱਤਵਾਦੀ ਤੇ ਤਿੰਨ ਐੱਸਪੀਓ ਮਾਰੇ ਗਏ ਸਨ। ਉਸ ਤੋਂ ਬਾਅਦ ਪੁਲਿਸ ਨੇ ਲਾਸ਼ਾਂ ਨੂੰ ਲਾਵਾਰਿਸ ਕਰਾਰ ਦੇ ਕੇ ਤਰਨਤਾਨਰ ਦੇ ਸ਼ਮਸ਼ਾਨ ਘਾਟ ਵਿਚ ਅੰਤਿਮ ਸੰਸਕਾਰ ਕਰ ਦਿੱਤਾ ਸੀ।

ਸੁਪਰੀਮ ਕੋਰਟ ਦੇ 12 ਦਸੰਬਰ 1996 ਦੇ ਹੁਕਮਾਂ ਤੋਂ ਬਾਅਦ ਇਸ ਕੇਸ ਦੀ ਜਾਂਚ ਸੀਬੀਆਈ ਨੂੰ ਸੌਂਪੀ ਗਈ ਸੀ। ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਮਾਰਨ ਤੋਂ ਪਹਿਲਾਂ ਉਨ੍ਹਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਸੀ। ਮੁਕਾਬਲੇ ਵਿਚ ਵਰਤੇ ਗਏ ਹਥਿਆਰਾਂ 'ਚ ਕਈ ਤਰ੍ਹਾਂ ਦੀਆਂ ਗੜਬੜੀਆਂ ਪਾਈਆਂ ਗਈਆਂ ਸਨ, ਜੋ ਮੁਕਾਬਲੇ ਨੂੰ ਫ਼ਰਜ਼ੀ ਸਾਬਤ ਕਰਦੀਆਂ ਸਨ। ਇੰਨਾ ਹੀ ਨਹੀਂ, ਪੀੜਤਾਂ ਦੀ ਪਛਾਣ ਮੌਜੂਦ ਹੋਣ ਦੇ ਬਾਵਜੂਦ ਉਨ੍ਹਾਂ ਦੀਆਂ ਲਾਸ਼ਾਂ ਨੂੰ 'ਲਾਵਾਰਿਸ' ਦੱਸ ਕੇ ਸਸਕਾਰ ਕਰ ਦਿੱਤਾ ਗਿਆ ਸੀ। ਮ੍ਰਿਤਕ ਸ਼ਿੰਦਰ ਸਿੰਘ ਦੀ ਪਤਨੀ ਨਰਿੰਦਰ ਕੌਰ ਦੀ ਸ਼ਿਕਾਇਤ 'ਤੇ ਸੀਬੀਆਈ ਨੇ 1999 ਵਿਚ ਮਾਮਲਾ ਦਰਜ ਕੀਤਾ ਸੀ। ਸੀਬੀਆਈ ਨੇ ਇਸ ਮਾਮਲੇ ਵਿਚ 30 ਮਈ 2002 ਨੂੰ ਚਾਰਜਸ਼ੀਟ ਦਾਖ਼ਲ ਕੀਤੀ ਸੀ।

## ਜ਼ਿਲ੍ਹਾ ਅਦਾਲਤਾਂ 'ਚ ਸਿੱਧੀ ਭਰਤੀ 'ਤੇ ਰੋਕ




**ਚੰਡੀਗੜ੍ਹ:** ਪੰਜਾਬ, ਹਰਿਆਣਾ ਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੀਆਂ ਜ਼ਿਲ੍ਹਾ ਅਦਾਲਤਾਂ ਵਿਚ ਗਰੁੱਪ-ਡੀ ਦੀ ਪੋਸਟਾਂ 'ਤੇ ਸਿੱਧੀ ਭਰਤੀ 'ਤੇ ਰੋਕ ਲਗਾ ਦਿੱਤੀ ਗਈ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਵੱਲੋਂ ਜਾਰੀ ਪੱਤਰ ਵਿਚ ਕਿਹਾ ਗਿਆ ਹੈ ਕਿ ਚੀਫ ਜਸਟਿਸ ਨੇ ਤੁਹਾਨੂੰ ਅਗਲੇ ਹੁਕਮਾਂ ਤੱਕ ਗਰੁੱਪ-ਡੀ ਦੇ ਅਹੁਦਿਆਂ 'ਤੇ ਸਿੱਧੀ ਭਰਤੀ ਦੀ ਪ੍ਰਕਿਰਿਆ ਸ਼ੁਰੂ ਨਾ ਕਰਨ ਦਾ ਹੁਕਮ ਦਿੱਤਾ ਹੈ। ਇਹ ਹੁਕਮ ਤੁਰੰਤ ਪ੍ਰਭਾਵ ਨਾਲ ਲਾਗੂ ਕੀਤੇ ਗਏ ਹਨ। ਧਿਆਨ ਰਹੇ ਕਿ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਚੱਲਦੇ ਮੋਹਾਲੀ ਦੀ ਜ਼ਿਲ੍ਹਾ ਅਦਾਲਤ ਵਿਚ 34 ਪੋਸਟਾਂ 'ਤੇ ਹੋਣ ਵਾਲੀ ਚਪੜਾਸੀ ਭਰਤੀ ਪ੍ਰਕਿਰਿਆ ਬੀਤੇ ਦਿਨੀਂ ਰੱਦ ਕਰ ਦਿੱਤੀ ਗਈ ਸੀ। ਹਾਈ ਕੋਰਟ ਨੂੰ ਇਸ ਭਰਤੀ ਪ੍ਰਕਿਰਿਆ ਵਿਚ ਭ੍ਰਿਸ਼ਟਾਚਾਰ ਹੋਣ ਦੀਆਂ ਸ਼ਿਕਾਇਤਾਂ ਮਿਲੀਆਂ ਸਨ, ਜਿਸ ਤੋਂ ਬਾਅਦ ਭ੍ਰਿਸ਼ਟਾਚਾਰ ਖ਼ਿਲਾਫ਼ ਜ਼ੀਰੋ ਟਾਲਰੈਂਸ ਅਪਣਾਉਂਦੇ ਹੋਏ। ਚੀਫ ਜਸਟਿਸ ਨੇ ਮੋਹਾਲੀ ਦੇ ਜ਼ਿਲ੍ਹਾ ਸੈਸ਼ਨ ਜੱਜ ਨੂੰ ਫੌਰਨ ਕਾਰਵਾਈ ਕਰਨ ਦੇ ਹੁਕਮ ਦਿੱਤੇ ਸਨ। ਨਿਰਦੇਸ਼ ਮਿਲਣ ਤੋਂ ਬਾਅਦ ਫੌਰਨ ਕਾਰਵਾਈ ਕਰਦੇ ਹੋਏ ਭਰਤੀ ਨੂੰ ਲੈ ਕੇ ਹੁਨਰ ਮੁਲਾਂਕਣ ਪ੍ਰੀਖਿਆ, ਇੰਟਰਵਿਊ ਰੱਦ ਕਰ ਦਿੱਤੀ ਗਈ ਹੈ। 34 ਪੋਸਟਾਂ ਲਈ 11,000 ਤੋਂ ਵੱਧ ਨੌਜਵਾਨਾਂ ਨੇ ਬਿਨੈ ਕੀਤਾ ਸੀ, ਜਿਨ੍ਹਾਂ ਵਿਚੋਂ ਲਗਪਗ 10,528 ਨੌਜਵਾਨਾਂ ਨੇ ਹੁਨਰ ਮੁਲਾਂਕਣ ਪ੍ਰੀਖਿਆ, ਇੰਟਰਵਿਊ ਲਈ ਕੁਆਲੀਫਾਈ ਕੀਤਾ ਸੀ ਜਦਕਿ 868 ਨੌਜਵਾਨਾਂ ਦੇ ਬਿਨੈ ਪੱਤਰ ਕਿਸੇ ਨਾ ਕਿਸੇ ਗ਼ਲਤੀ ਕਾਰਨ ਰੱਦ ਹੋ ਗਏ।

## ਪਲਾਸਟਿਕ ਦੇ ਮਾੜੇ ਪ੍ਰਭਾਵ ਨੂੰ ਹਲਕੇ 'ਚ ਲਿਆ ਜਾ ਰਿਹੈ



**ਵਾਸ਼ਿੰਗਟਨ:** ਭਾਵੇਂ ਸਬਜ਼ੀ ਲਿਆਉਣੀ ਹੋਵੇ ਜਾਂ ਕੱਪ 'ਚ ਚਾਹ ਪੀਣੀ ਹੋਵੇ, ਹਰ ਥਾਂ ਪਲਾਸਟਿਕ ਨੇ ਆਪਣੀ ਥਾਂ ਬਣਾ ਲਈ ਹੈ। ਇਸ ਕਾਰਨ ਸਿਹਤ 'ਤੇ ਕਈ ਗੰਭੀਰ ਪ੍ਰਭਾਵ ਵੀ ਪੈਂਦੇ ਹਨ ਪਰ ਲੋਕ ਸਹੂਲਤ ਨੂੰ ਦੇਖਦੇ ਹੋਏ ਇਸਦੀ ਵਰਤੋਂ ਤੋਂ ਨਹੀਂ ਟਲਦੇ। ਦਿ ਲੈਸੇਟ ਮੈਗਜ਼ੀਨ 'ਚ ਪ੍ਰਕਾਸ਼ਿਤ ਇਕ ਖੋਜ 'ਚ ਕਿਹਾ ਗਿਆ ਹੈ ਕਿ ਪਲਾਸਟਿਕ ਪ੍ਰਦੂਸ਼ਣ ਨਾਲ ਹੋਣ ਵਾਲੇ ਨੁਕਸਾਨ ਨੂੰ ਮਨੁੱਖੀ ਤੇ ਧਰਤੀ ਦੋਵਾਂ ਦੀ ਸਿਹਤ 'ਤੇ ਹੋਣ ਵਾਲੇ ਨੁਕਸਾਨ ਨੂੰ ਘੱਟ ਸਮਝਿਆ ਗਿਆ ਹੈ। ਖੋਜ ਦੀ ਅਗਵਾਈ ਅੰਤਰਰਾਸ਼ਟਰੀ ਮਾਹਿਰਾਂ ਦੇ ਇਕ ਸਮੂਹ ਨੇ ਕੀਤੀ ਹੈ।

ਅਮਰੀਕਾ ਦੇ ਬੌਸਟਨ ਕਾਲਜ ਦੇ ਪ੍ਰੋਫੈਸਰ ਫਿਲਿਪ ਜੇ. ਲੈਂਡਿਗਨ ਨੇ ਕਿਹਾ ਕਿ ਪਲਾਸਟਿਕ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਬਿਮਾਰੀਆਂ ਤੇ ਮੌਤਾਂ ਦਾ ਕਾਰਨ ਬਣਦਾ ਹੈ ਤੇ ਸਾਲਾਨਾ 1.5 ਟ੍ਰਿਲੀਅਨ ਡਾਲਰ ਤੋਂ ਵੱਧ ਦੇ ਸਿਹਤ ਸਬੰਧੀ ਨੁਕਸਾਨ ਲਈ ਜ਼ਿੰਮੇਵਾਰ ਹੈ। ਖੋਜ 'ਚ ਦੱਸਿਆ ਗਿਆ ਹੈ। ਕਿ ਪਲਾਸਟਿਕ ਹਰ ਪੜਾਅ 'ਚ ਮਨੁੱਖੀ ਸਿਹਤ ਨੂੰ ਖ਼ਤਰੇ 'ਚ ਪਾਉਂਦੇ ਹਨ। ਭਾਵੇਂ ਉਹ ਉਤਪਾਦਨ ਹੋਵੇ, ਵਰਤੋਂ ਜਾਂ ਇਸਦਾ ਨਿਪਟਾਰਾ। ਇਹ ਦਿਖਾਇਆ ਗਿਆ ਹੈ। ਕਿ ਪਲਾਸਟਿਕ ਉਤਪਾਦਨ ਨਾਲ ਹਵਾ 'ਚ ਪੈਦਾ ਹੋਣ ਵਾਲੇ ਪਦਾਰਥਾਂ 'ਚ ਪਾਰਟੀਕੁਲੇਟ ਮੈਟਰ, ਸਲਫਰ ਡਾਈਆਕਸਾਈਡ ਤੇ ਨਾਈਟ੍ਰੋਜਨ ਆਕਸਾਈਡ ਸ਼ਾਮਲ ਹਨ। ਨਾਲ ਹੀ ਖ਼ਤਰਨਾਕ ਰਸਾਇਣ ਵੀ ਹਨ, ਜਿਨ੍ਹਾਂ ਦੇ ਸੰਪਰਕ ਦਾ ਗੰਭੀਰ ਪ੍ਰਭਾਵ ਪਲਾਸਟਿਕ ਲੇਬਰ 'ਤੇ ਪੈ ਸਕਦਾ ਹੈ। ਅਮਰੀਕਾ, ਸਵਿਟਜ਼ਰਲੈਂਡ, ਜਰਮਨੀ ਤੇ ਆਸਟ੍ਰੇਲੀਆ ਦੇ ਮਾਹਿਰਾਂ ਨੇ ਪਲਾਸਟਿਕ 'ਚ ਮੌਜੂਦ ਰਸਾਇਣਾਂ, ਉਨ੍ਹਾਂ ਦੇ ਉਤਪਾਦਨ ਦੀ ਮਾਤਰਾ, ਵਰਤੋਂ ਤੇ ਜਾਣੂ ਜਾਂ ਸੰਭਾਵੀ ਜ਼ਹਿਰਾਂ ਦੇ ਸਬੰਧ 'ਚ ਪਾਰਦਰਸ਼ਤਾ ਦੀ ਘਾਟ 'ਤੇ ਧਿਆਨ ਦਿੱਤਾ।

ਕਈ ਪਲਾਸਟਿਕ ਰਸਾਇਣ ਮਨੁੱਖੀ ਜੀਵਨ ਦੇ ਸਾਰੇ ਪੜਾਵਾਂ 'ਚ ਕਈ ਸਿਹਤ ਪ੍ਰਭਾਵਾਂ ਨਾਲ ਜੁੜੇ ਹੋਏ ਹਨ। ਇਸ ਵਿਚ ਕਿਹਾ ਗਿਆ ਹੈ ਕਿ ਮਾਈਕ੍ਰੋਪਲਾਸਟਿਕ ਮਨੁੱਖੀ ਟਿਸ਼ੂਜ਼ ਤੇ ਸਰੀਰ ਦੇ ਤਰਲ ਪਦਾਰਥਾਂ 'ਚ ਪਾਏ ਗਏ ਹਨ। ਇਕ ਅੰਦਾਜ਼ਾ ਹੈ ਕਿ ਜੇ ਬਦਲਾਅ ਨਾ ਕੀਤੇ ਗਏ ਤਾਂ 2019 ਤੋਂ 2060 ਵਿਚਾਲੇ ਪਲਾਸਟਿਕ ਉਤਪਾਦਨ ਲਗਪਗ ਤਿੰਨ ਗੁਣਾ ਵੱਧ ਜਾਵੇਗਾ

## ਲੈਂਡ ਪੂਲਿੰਗ ਨੀਤੀ ਦੇ ਵਿਰੋਧ 'ਚ 'ਆਪ' ਆਗੂ ਨੇ ਦਿੱਤਾ ਅਸਤੀਫ਼ਾ



**ਮੋਗਾ:** ਅੱਜ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ, ਲੈਂਡ ਪੂਲਿੰਗ ਦੀ ਨੀਤੀ ਦੇ ਵਿਰੋਧ ਵਿਚ ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਹਰਮਨਜੀਤ ਸਿੰਘ ਬਰਾੜ ਨੇ ਆਪਣੀ ਚੇਅਰਮੈਨੀ ਤੋਂ ਅਸਤੀਫ਼ਾ ਦੇ ਦਿੱਤਾ।

ਹਰਮਨਜੀਤ ਸਿੰਘ ਬਰਾੜ ਨੇ ਕਿਹਾ ਕਿ ਸਭ ਤੋਂ ਪਹਿਲਾਂ ਪੰਜਾਬ ਦੇ ਹਿਤ ਪਿਆਰੇ ਹਨ ਤੇ ਲੈਂਡ ਪੂਲਿੰਗ ਦੀ ਨੀਤੀ ਪੂਰੀ ਤਰ੍ਹਾਂ ਕਿਸਾਨ ਵਿਰੋਧੀ ਹੈ ਤੇ ਸਰਕਾਰ ਨੂੰ ਇਸ 'ਤੇ ਪੁਨਰਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਇਕ ਹਰਮਨਜੀਤ ਸਿੰਘ ਬਰਾੜ ਬਦਲਾਅ ਦੇ ਰੂਪ ਵਿਚ ਲਿਆਂਦਾ ਸੀ ਪਰ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰੀ ਤੇ ਸੂਬੇ ਦੇ ਲੋਕ ਨਿਰਾਸ਼ਾ ਦੇ ਆਲਮ ਵਿਚ ਹਨ।ਬਰਾੜ ਨੇ ਕਿਹਾ ਕਿ ਅੱਜ ਸਰਕਾਰ ਤੇ ਦਿੱਲੀ ਦੇ ਲੋਕ ਕਾਬਜ਼ ਹਨ ਤੇ ਅੱਜ ਸੂਬੇ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਹੀਂ ਸਗੋਂ 'ਅਰਵਿੰਦ ਕੇਜਰੀਵਾਲ ਚਲਾ ਰਹੇ ਹਨ ਤੇ। ਉਨ੍ਹਾਂ ਨੂੰ ਪੰਜਾਬ ਦੇ ਹਿਤਾਂ ਨਹੀਂ ਸਗੋਂ ਆਪਣੇ ਹਿਤ ਜ਼ਰੂਰੀ ਹਨ। ਇਸੇ ਲਈ ਲੈਂਡ ਪੂਲਿੰਗ ਵਰਗੀਆਂ 'ਨੀਤੀਆਂ ਬਣਾਈਆਂ ਜਾ ਰਹੀਆਂ ਹਨ ਜੋ ਖੇਤੀਬਾੜੀ ਸੂਬੇ ਲਈ ਕਿਸਾਨ ਵਿਰੋਧੀ ਹੈ ਤੇ ਹੁਣ ਉਹ ਸੂਬੇ ਦੇ ਕਿਸਾਨਾਂ ਨਾਲ ਖੜਨਗੇ ਤੇ ਲੈਂਡ ਪੂਲਿੰਗ ਨੀਤੀ ਦਾ ਵਿਰੋਧ ਕਰਨਗੇ। ਉਨ੍ਹਾਂ ਨੇ ਆਪਣੀ ਸਾਂਝੀ ਕੀਤੀ ਪੋਸਟ ਵਿਚ ਲਿਖਿਆ ਹੈ ਕਿ ਉਹ ਇਕ ਵਲੰਟੀਅਰ ਵਜੋਂ ਪਾਰਟੀ ਵਿਚ ਕੰਮ ਕਰਦੇ ਰਹਿਣਗੇ।

## ਨਵਜੋਤ ਕੌਰ ਸਿੱਧੂ ਨਾਲ ਠੱਗੀ ਮਾਰਨ ਵਾਲੇ ਨੂੰ ਹਾਈ ਕੋਰਟ ਤੋਂ ਨਹੀਂ ਮਿਲੀ ਰਾਹਤ



**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੰਤਰੀ ਤੇ ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਦੀ ਧਰਮਪਤਨੀ ਨਵਜੋਤ ਕੌਰ ਸਿੱਧੂ ਨਾਲ ਨਿਵੇਸ਼ ਦਾ ਲਾਲਚ ਦੇ ਕੇ 10.5 ਕਰੋੜ ਰੁਪਏ ਦੀ ਠੱਗੀ ਮਾਰਨ ਦੇ ਦੋਸ਼ੀ ਗਗਨਦੀਪ ਸਿੰਘ ਨੂੰ ਹਾਈ ਕੋਰਟ ਤੋਂ ਕੋਈ ਰਾਹਤ ਨਹੀਂ ਮਿਲੀ ਹੈ। ਦੋਸ਼ੀ ਗਗਨਦੀਪ ਸਿੰਘ ਇਸ ਸਮੇਂ ਦੁਬਈ 'ਚ ਲੁਕਿਆ ਹੋਇਆ ਹੈ, ਹਾਈ ਕੋਰਟ ਨੇ ਗਗਨਦੀਪ ਸਿੰਘ ਨੂੰ ਅਗਲੇ ਮੰਗਲਵਾਰ ਤੋਂ ਪਹਿਲਾਂ ਦੇਸ਼ ਵਾਪਸ ਆਉਣ ਤੇ ਆਪਣਾ ਪਾਸਪੋਰਟ ਜਮ੍ਹਾ ਕਰਵਾਉਣ ਦਾ ਹੁਕਮ ਦਿੱਤਾ ਤਾਂ ਹੀ ਉਸ ਦੀ ਪਟੀਸ਼ਨ 'ਤੇ ਵਿਚਾਰ ਕੀਤਾ ਜਾ ਸਕਦਾ ਹੈ। ਨਵਜੋਤ ਕੌਰ ਸਿੱਧੂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਕਰਨ ਸਚਦੇਵਾ ਨੇ ਅਦਾਲਤ ਨੂੰ ਦੱਸਿਆ ਕਿ ਦੋਸ਼ੀ ਗਗਨਦੀਪ ਸਿੰਘ, ਜੋਕਿ ਇਕ ਬਿਲਡਰ ਹੋਣ ਦਾ ਦਾਅਵਾ ਕਰਦਾ ਹੈ, ਨੇ ਨਵਜੋਤ ਕੌਰ ਸਿੱਧੂ ਨੂੰ ਇਕ ਸ਼ੋਅਰੂਮ 'ਚ ਨਿਵੇਸ਼ ਕਰਨ ਦਾ ਲਾਲਚ ਦਿੱਤਾ ਤੇ ਭਾਰੀ ਮੁਨਾਫ਼ੇ ਦਾ ਵਾਅਦਾ ਕੀਤਾ। ਇਸ ਵਿਸ਼ਵਾਸ 'ਤੇ ਨਵਜੋਤ ਕੌਰ ਸਿੱਧੂ ਨੇ 10 ਕਰੋੜ ਰੁਪਏ ਦਾ ਨਿਵੇਸ਼ ਕੀਤਾ। ਜਦੋਂ ਪੈਸੇ ਵਾਪਸ ਕਰਨ ਦੀ ਗੱਲ ਆਈ ਤਾਂ ਦੋਸ਼ੀ ਟਾਲ-ਮਟੋਲ ਕਰਦਾ ਰਿਹਾ ਤੇ ਅਖੀਰ 'ਚ ਦੇਸ਼ ਛੱਡ ਕੇ ਦੁਬਈ ਭੱਜ ਗਿਆ। ਜਿਸ ਤੋਂ ਬਾਅਦ ਸ਼ਿਕਾਇਤਕਰਤਾ ਨੇ 24 ਅਕਤੂਬਰ 2024 ਨੂੰ ਪਟਿਆਲਾ ਪੁਲਿਸ ਕੋਲ ਧੋਖਾਧੜੀ ਦੀ ਸ਼ਿਕਾਇਤ ਦਰਜ ਕਰਵਾਈ। ਹਾਈ ਕੋਰਟ ਨੇ ਦੋਸ਼ੀ ਗਗਨਦੀਪ ਸਿੰਘ ਨੂੰ ਅਗਲੇ ਮੰਗਲਵਾਰ ਤੱਕ ਆਪਣਾ ਪਾਸਪੋਰਟ ਅਦਾਲਤ 'ਚ ਜਮ੍ਹਾ ਕਰਵਾਉਣ ਦਾ ਹੁਕਮ ਦਿੱਤਾ ਹੈ। ਮਾਮਲੇ ਦੀ ਅਗਲੀ ਸੁਣਵਾਈ 20 ਅਗਸਤ ਨੂੰ ਹੋਵੇਗੀ।

## ਸੰਸਦ ਮੈਂਬਰ ਆਰ. ਸੁਧਾ ਦੀ ਸੋਨੇ ਦੀ ਚੇਨ ਖੋਹੀ



**ਨਵੀਂ ਦਿੱਲੀ:** ਤਾਮਿਲਨਾਡੂ ਲੋਕ ਸਭਾ ਹਲਕੇ ਤੋਂ ਕਾਂਗਰਸ ਸੰਸਦ ਮੈਂਬਰ ਆਰ. ਸੁਧਾ ਦੇ ਨਾਲ ਅੱਜ ਸਵੇਰੇ ਦਿੱਲੀ ਦੇ ਚਾਣਕਿਆ ਪੁਰੀ ਇਲਾਕੇ 'ਚ ਲੁੱਟ ਦੀ ਵਾਰਦਾਤ ਹੋ ਗਈ। ਉਨ੍ਹਾਂ ਦੱਸਿਆ ਕਿ ਪੋਲੈਂਡ ਅੰਬੈਸੀ ਕੋਲ ਅੱਜ ਸਵੇਰ ਦੀ ਸੈਰ ਕਰਦੇ ਸਮੇਂ ਉਨ੍ਹਾਂ ਦੀ ਸੋਨੇ ਦੀ ਚੇਨ ਖੋਹ ਲਈ ਗਈ ਅਤੇ ਇਸ ਦੌਰਾਨ ਉਹ ਜ਼ਖ਼ਮੀ ਵੀ ਹੋ ਗਈ। ਸੰਸਦ ਮੈਂਬਰ ਆਰ, ਸੁਧਾ ਨੇ ਚਿੱਠੀ ਲਿਖ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਸ ਮਾਮਲੇ ਦੀ ਜਾਣਕਾਰੀ ਦਿੱਤੀ। ਉਨ੍ਹਾਂ ਆਪਣੀ ਚਿੱਠੀ 'ਚ ਕਿਹਾ ਕਿ ਦਿੱਲੀ ਵਰਗੇ ਵੀ.ਆਈ.ਪੀ. ਖੇਤਰ ਵਿਚ ਅਜਿਹੀ ਘਟਨਾ ਬਹੁਤ ਚਿੰਤਾਜਨਕ ਹੈ। ਉਨ੍ਹਾਂ ਗ੍ਰਹਿ ਮੰਤਰੀ ਨੂੰ ਬੇਨਤੀ ਕੀਤੀ ਹੈ ਕਿ ਉਹ ਪੁਲਿਸ ਨੂੰ ਦੋਸ਼ੀ ਨੂੰ ਜਲਦੀ ਤੋਂ ਜਲਦੀ ਫੜਨ ਦੇ ਨਿਰਦੇਸ਼ ਦੇਣ। ਦਰਅਸਲ, . ਕਾਂਗਰਸ ਸੰਸਦ ਮੈਂਬਰ ਆਰ. ਸੁਧਾ ਚਾਣਕਿਆ ਪੁਰੀ 'ਚ ਸਵੇਰ ਦੀ ਸੈਰ ਲਈ ਨਿਕਲੀ ਸੀ। ਇਸ ਦੌਰਾਨ ਉਨ੍ਹਾਂ ਦੀ ਸੋਨੇ ਦੀ ਚੇਨ ਲੁੱਟ ਲਈ ਗਈ।

ਪੰਜਾਬ ਟਾਈਮਜ਼

9 ਅਗਸਤ, ਸ਼ਨਿਚਰਵਾਰ

# ਟਰੰਪ ਦੀ ਟੈਰਿਫ਼ ਧਮਕੀ

ਭਾਰਤ ਅਤੇ ਅਮਰੀਕਾ ਦੇ ਸੰਬੰਧਾਂ ਵਿਚ ਦਿਨ-ਬ-ਦਿਨ ਪੈਦਾ ਹੋ ਰਹੀ ਅਨਿਸ਼ਚਤਾ ਬੇਹੱਦ ਗੁੰਝਲਦਾਰ ਹੁੰਦੀ ਜਾ ਰਹੀ ਹੈ। ਅਮਰੀਕਾ ਦੇ ਇਸੇ ਸਾਲ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕਾ ਨੂੰ ਵੱਖ-ਵੱਖ ਦੇਸ਼ਾਂ ਵਲੋਂ ਹੋਣ ਵਾਲੀਆਂ ਬਰਾਮਦਾਂ 'ਤੇ ਵਧੇਰੇ ਟੈਕਸ ਲਗਾਉਣ ਦੇ ਆਪਣੇ ਵਲੋਂ ਕੀਤੇ ਐਲਾਨਾਂ ਨੂੰ ਜਿਵੇਂ-ਜਿਵੇਂ ਅਮਲੀ ਰੂਪ ਦੇਣਾ ਸ਼ੁਰੂ ਕੀਤਾ ਹੈ, ਉਵੇਂ ਉਵੇਂ ਅਮਰੀਕਾ ਨਾਲ ਦੂਸਰੇ ਦੇਸ਼ਾਂ ਦਾ ਤਣਾਓ ਨਵੀਂਆਂ ਦਿਸ਼ਾਵਾਂ ਵਲ ਸੇਧਿਤ ਹੋ ਰਿਹਾ ਹੈ। ਭਾਰਤ 'ਤੇ ਵੀ 25 ਫ਼ੀਸਦੀ ਟੈਕਸ ਲਗਾਉਣ ਦੇ ਐਲਾਨ ਦੇ ਨਾਲ ਹੀ ਟਰੰਪ ਨੇ ਇਹ ਵੀ ਧਮਕੀ ਦਿੱਤੀ ਹੈ ਕਿ ਉਹ ਰੂਸ ਤੋਂ ਤੇਲ ਨਾ ਖਰੀਦੇ ਨਹੀਂ ਤਾਂ ਉਸ ਨੂੰ ਹੋਰ ਵੀ ਜੁਰਮਾਨਾ ਦੇਣਾ ਪਵੇਗਾ। ਇਸ ਐਲਾਨ ਤੋਂ ਬਾਅਦ ਖ਼ਬਰਾਂ ਇਹ ਵੀ ਆਈਆਂ ਸਨ ਕਿ ਭਾਰਤੀ ਤੇਲ ਕੰਪਨੀਆਂ ਨੇ ਰੂਸ ਤੋਂ ਘੱਟ ਤੇਲ ਦਰਾਮਦ ਕਰਨ ਦੀ ਯੋਜਨਾ ਬਣਾਈ ਹੈ। ਪਰ ਉਸ ਤੋਂ ਬਾਅਦ ਸਰਕਾਰੀ ਬੁਲਾਰੇ ਨੇ ਇਨ੍ਹਾਂ ਖ਼ਬਰਾਂ ਨੂੰ ਨਿਰਾਧਾਰ ਦੱਸਦਿਆਂ ਸਪੱਸ਼ਟ ਰੂਪ ਵਿਚ ਕਿਹਾ ਹੈ ਕਿ ਭਾਰਤ ਰੂਸ ਤੋਂ ਤੇਲ ਪਹਿਲਾਂ ਵਾਂਗ ਹੀ ਦਰਾਮਦ ਕਰਦਾ ਰਹੇਗਾ।

ਜਿਥੋਂ ਤੱਕ ਰੂਸ ਦਾ ਸੰਬੰਧ ਹੈ ਭਾਰਤ ਨਾਲ ਇਸ ਦਾ ਚਿਰਾਂ ਪੁਰਾਣਾ ਰਿਸ਼ਤਾ ਹੀ ਨਹੀਂ, ਸਗੋਂ ਬਹੁਤੇ ਖੇਤਰਾਂ ਵਿਚ ਵੱਡਾ ਮਿਲਵਰਤਣ ਬਣਿਆ ਰਿਹਾ ਹੈ। ਭਾਰਤ ਵਲੋਂ ਰੂਸ ਦਾ ਸਾਥ ਦਹਾਕਿਆਂ ਤੋਂ ਪਰਖਿਆ ਹੋਇਆ ਹੈ।

ਇਸ ਦੇ ਨਾਲ ਹੀ ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਸਮਾਰੋਹ ਵਿਚ ਬੋਲਦਿਆਂ ਮੁੜ ਇਸ ਗੱਲ ਨੂੰ ਦੁਹਰਾਇਆ ਹੈ ਕਿ ਦੇਸ਼ ਨੂੰ ਸਵਦੇਸ਼ੀ ਉਤਪਾਦਨ 'ਤੇ ਜ਼ੋਰ ਦੇਣਾ ਚਾਹੀਦਾ ਹੈ। ਕਦੀ ਸਮਾਂ ਸੀ ਜਦੋਂ ਭਾਰਤ ਕਣਕ ਤੱਕ ਅਮਰੀਕਾ ਅਤੇ ਹੋਰ ਦੇਸ਼ਾਂ ਤੋਂ ਮੰਗਵਾਉਣ ਲਈ ਮਜਬੂਰ ਸੀ। ਇਹ ਵੀ ਕਿ ਆਪਣੀ ਡੋਲਦੀ ਆਰਥਿਕਤਾ ਦੇ ਮੱਦੇਨਜ਼ਰ ਇਸ ਨੇ ਆਪਣੇ ਸੋਨੇ ਦੇ ਭੰਡਾਰ ਵੀ ਗਿਰਵੀ ਰੱਖਣੇ ਸ਼ੁਰੂ ਕਰ ਦਿੱਤੇ ਸਨ, ਪਰ ਅੱਜ ਭਾਰਤ ਦੁਨੀਆ ਦੀ ਵੱਡੀ ਅਰਥ-ਵਿਵਸਥਾ ਬਣ ਚੁੱਕਾ ਹੈ। ਇਸ ਦੇ ਨਾਲ ਹੀ ਇਸ ਨੇ ਅਨੇਕਾਂ ਖੇਤਰਾਂ ਵਿਚ ਆਪਣੇ ਉਤਪਾਦਨ ਵਿਚ ਵੀ ਵਾਧਾ ਕੀਤਾ ਹੈ। ਚੀਨ ਅਤੇ ਜਪਾਨ ਦੀ ਮਿਸਾਲ ਸਾਡੇ ਸਾਹਮਣੇ ਹੈ। ਉਨ੍ਹਾਂ ਨੇ ਆਪਣੇ ਦੇਸ਼ ਵਿਚ ਬਣੀਆਂ ਵਸਤੂਆਂ ਦੀ ਧਾਂਕ ਦੁਨੀਆ ਭਰ ਵਿਚ ਜਮਾਈ ਹੋਈ ਹੈ।

ਭਾਰਤ ਇਕ ਵੱਡੀ ਆਬਾਦੀ ਵਾਲਾ ਦੇਸ਼ ਹੈ। ਇਸ ਨੂੰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਛੋਟੀਆਂ ਉਦਯੋਗਿਕ ਇਕਾਈਆਂ ਨੂੰ ਉਤਸ਼ਾਹਿਤ ਕਰਨ ਦੀ ਵੀ ਲੋੜ ਹੈ।

ਚੀਨ ਨੇ ਵੀ ਅਜਿਹਾ ਹੀ ਤਜਰਬਾ ਕੀਤਾ ਸੀ, ਜਿਸ ਵਿਚ ਉਸ ਨੂੰ ਵੱਡੀ ਸਫ਼ਲਤਾ ਪ੍ਰਾਪਤ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੱਤਾ ਸੰਭਾਲਦਿਆਂ ਹੀ 'ਮੇਕ ਇਨ ਇੰਡੀਆ' ਦਾ ਨਾਅਰਾ ਦਿੱਤਾ ਸੀ, ਜਿਸ ਨੂੰ ਹਰ ਹੀਲੇ ਅਮਲੀ ਰੂਪ ਵਿਚ ਸਿਰੇ ਚੜ੍ਹਾਏ ਜਾਣ ਦੀ ਜ਼ਰੂਰਤ ਹੈ।

ਜਿੱਥੋਂ ਤੱਕ ਕੌਮਾਂਤਰੀ ਵਪਾਰਕ ਸੰਬੰਧਾਂ ਦਾ ਮਸਲਾ ਹੈ ਭਾਰਤ ਨੇ ਹੁਣ ਤੱਕ ਅਮਰੀਕਾ ਨਾਲ ਇਨ੍ਹਾਂ ਸੰਬੰਧਾਂ 'ਤੇ ਵਿਸਥਾਰਤ ਵਿਚਾਰ-ਵਟਾਂਦਰਾ ਕੀਤਾ ਹੈ, ਪਰ ਉਸ ਨੇ ਖੇਤੀ ਵਸਤਾਂ ਅਤੇ ਛੋਟੇ ਉਦਯੋਗਾਂ ਵਲੋਂ ਤਿਆਰ ਕੀਤੇ ਜਾਣ ਵਾਲੇ ਉਤਪਾਦਨ ਦੇ ਖੇਤਰਾਂ ਨੂੰ ਅਮਰੀਕੀ ਉਤਪਾਦਨਾਂ ਲਈ ਖੋਲ੍ਹਣ ਤੋਂ ਨਾਂਹ ਕਰ ਦਿੱਤੀ ਹੈ। ਭਾਰਤ ਇਨ੍ਹਾਂ ਖੇਤਰਾਂ ਨੂੰ ਅਮਰੀਕਾ ਨਾਲ ਵਪਾਰ ਸਮਝੌਤੇ ਤੋਂ ਵੱਖਰਾ ਰੱਖਣ ਲਈ ਯਤਨ ਕਰ ਰਿਹਾ ਹੈ। ਹੁਣ ਤੱਕ ਆਪਣੇ ਇਸ ਯਤਨ ਵਿਚ ਉਹ ਸਫ਼ਲ ਵੀ ਰਿਹਾ ਹੈ। ਅੱਜ ਦੁਨੀਆ ਭਰ ਦੇ ਬਹੁਤੇ ਦੇਸ਼ ਅਮਰੀਕਾ ਦੀਆਂ ਆਰਥਿਕ ਨੀਤੀਆਂ ਤੋਂ ਪ੍ਰੇਸ਼ਾਨ ਦਿਖਾਈ ਦਿੰਦੇ ਹਨ, ਜਿਸ ਕਰਕੇ ਉਹ ਅਮਰੀਕਾ ਦੀ ਥਾਂ ਵਪਾਰਕ ਲੈਣ ਦੇਣ ਲਈ ਹੋਰ ਦੇਸ਼ਾਂ ਨਾਲ ਸਮਝੌਤੇ ਕਰ ਰਹੇ ਹਨ। ਇਸੇ ਸਮੇਂ ਭਾਰਤ ਨੇ ਵੀ ਬਰਤਾਨੀਆ ਨਾਲ ਵਪਾਰਕ ਸਮਝੌਤੇ ਨੂੰ ਸਿਰੇ ਚੜ੍ਹਾਇਆ ਹੈ ਅਤੇ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਨਾ.ਲ ਵੀ ਉਹ ਵਪਾਰ ਸਮਝੌਤੇ ਲਈ ਪਹਿਲ ਦੇ ਆਧਾਰ 'ਤੇ ਗੱਲਬਾਤ ਕਰ ਰਿਹਾ ਹੈ। ਹੁਣ ਭਾਰਤ ਉਸ ਪੜਾਅ 'ਤੇ ਪੁੱਜ ਚੁੱਕਾ ਹੈ, ਜਿਥੇ ਉਸ ਨੂੰ ਆਪਣੀਆਂ ਵਪਾਰਕ ਅਤੇ ਆਰਥਿਕ ਤਰਜੀਹਾਂ ਦੀ ਅਜਿਹੀ ਚੋਣ ਕਰਨੀ ਪਵੇਗੀ, ਜੋ ਇਸ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਦੇ ਨਾਲ ਪੌੜੀ ਦਰ ਪੌੜੀ ਉਚਾਈ ਦੀਆਂ ਮੰਜ਼ਿਲਾਂ ਤੈਅ ਕਰਨ ਵਿਚ ਸਹਾਈ ਹੋਣ। ਪੰਡਿਤ ਜਵਾਹਰ ਲਾਲ ਨਹਿਰੂ ਦੇ ਸਮੇਂ ਤੋਂ ਹੀ ਭਾਰਤ ਨੇ ਆਪਣੀ ਵਿਦੇਸ਼ ਨੀਤੀ ਨੂੰ ਨਿਰਪੱਖ ਅਤੇ ਸੰਤੁਲਿਤ ਰੱਖਣ ਦਾ ਲਗਾਤਾਰ ਯਤਨ ਕੀਤਾ ਹੈ। ਅਜਿਹੀ ਨੀਤੀ ਹੀ ਉਸ ਦੇ ਮਾਣ ਅਤੇ ਸਨਮਾਨ ਵਿਚ ਵਾਧਾ ਕਰਨ 'ਚ ਸਹਾਈ ਹੋ ਸਕੇਗੀ। ਭਾਰਤ ਨੂੰ ਇਸ ਦਿਸ਼ਾ ਵਿਚ ਸੋਚਣਾ ਪਵੇਗਾ। ਨਹੀਂ ਤਾਂ ਟਰੰਪ ਜਾਂ ਕਿਸੇ ਵੀ ਹੋਰ ਦੇਸ਼ ਦੇ ਮੁਖੀ ਦੀ ਕੋਈ ਵੀ ਧਮਕੀ ਭਾਰਤ ਨੂੰ ਵਾਰ-ਵਾਰ ਪਰੇਸ਼ਾਨ ਕਰਦੀ ਰਹੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਰੋਕੋ ਲੈਂਡ ਪੂਲਿੰਗ !

'ਉੱਤਰ ਕਾਟੋ ਮੈਂ ਚੜ੍ਹਾਂ' ਤੋਂ 'ਅੱਕਿਆਂ' ਨੇ, ਝਾੜੂ ਲਈ ਸਿੰਘਾਸਣ ਸ਼ਿੰਗਾਰਿਆ ਸੀ।
ਚਾਅਵਾਂ ਰੀਝਾਂ ਦੇ ਨਾ.ਲ ਪੰਜਾਬੀਆਂ ਨੇ, 'ਪੰਜੇ-ਤੱਕੜੀ' ਤਾਈਂ ਦੁਰਕਾਰਿਆ ਸੀ।
ਕਾਰੇ ਪਹਿਲਿਆਂ ਵਾ.ਲੇ ਨੀ ਕਰਨ ਲੱਗੇ, ਆਸ ਵਿਚ ਬਦਲਾਅ ਨਿਹਾਰਿਆ ਸੀ।
'ਸੋਭਾ ਵਾ.ਲੇ' ਵੀ ਬਹੁਤ ਹਨ ਕਰੇ ਕਾਰਜ, ਸੀਨਾ ਜਿਨ੍ਹਾਂ ਨੇ ਲੋਕਾਂ ਦਾ ਠਾਰਿਆ ਸੀ।
ਇਹ 'ਚਿਤਾਵਨੀ' ਜਾਣੋ ਪੰਜਾਬੀਆਂ ਦੀ, ਛੇਤੀ ਲਈ ਨਾ ਵਾਪਸ ਜੇ 'ਲੈਂਡ ਪੂਲਿੰਗ'
ਸਮਾਂ ਮੁੱਕਦਾ ਜਾਂਦਾ ਇਹ 'ਸੋਚ ਲਓ' ਜੀ, ਹੋ ਨਾ ਜਾਵੇ ਸਤਾਈ ਵਿਚ 'ਸੈਡ ਕੂਲਿੰਗ'!

# ਬਿਹਾਰ ਚੋਣਾਂ: ਧਮਾਕੇਦਾਰ ਸਥਿਤੀ




ਗ਼ਰੀਬਾਂ ਦੇ ਕੋਲ ਵੋਟ ਦੀ ਤਾਕਤ ਤੋਂ ਇਲਾਵਾ ਹੋਰ ਬਹੁਤ ਕੁਝ ਹੈ ਹੀ ਨਹੀਂ। ਜੇਕਰ ਦੇਸ਼ ਵਿਚ ਗ਼ਰੀਬਾਂ ਤੇ ਕਮਜ਼ੋਰਾਂ ਤੋਂ ਉਨ੍ਹਾਂ ਦਾ ਵੋਟ-ਹੱਕ ਖੋਹ ਲਿਆ ਜਾਂਦਾ ਹੈ, ਤਾਂ ਉਨ੍ਹਾਂ ਵਿਚ ਨਿਰਾਸ਼ਾ ਵਧੇਗੀ, ਜੋ ਦੇਸ਼ ਨੂੰ ਅਰਾਜਕਤਾ ਵੱਲ ਧੱਕੇਗੀ। ਇਹ ਅਰਾਜਕਤਾ ਆਖਰਕਾਰ ਵਿਦਰੋਹ ਪੈਦਾ ਕਰੇਗੀ।

ਬਿਹਾਰ ਵਿਚ ਭਾਰਤੀ ਚੋਣ ਕਮਿਸ਼ਨ ਉਤੇ ਇਲਜ਼ਾਮ ਲੱਗ ਰਹੇ ਹਨ ਕਿ ਉਸ ਵੱਲੋਂ ਵੋਟਰ ਸੂਚੀ ਦੇ 'ਸ਼ੁੱਧੀਕਰਨ' ਦੇ ਨਾਂ 'ਤੇ ਲੋਕਾਂ ਦੀਆਂ ਵੋਟਾਂ ਕੱਟੀਆਂ ਜਾ ਰਹੀਆਂ ਹਨ। ਬਿਹਾਰ 'ਚ ਲੋਕਾਂ ਵਿਚ ਇਸ ਮਹੱਤਵਪੂਰਨ ਮਸਲੇ 'ਤੇ ਹਾਹਾਕਾਰ ਮਚੀ ਹੋਈ ਹੈ। ਬਿਹਾਰ ਦੇ ਵੋਟਰਾਂ ਵਿਚ ਘਬਰਾਹਟ ਅਤੇ ਭਰਮ ਦੀ ਸਥਿਤੀ ਬਣੀ ਹੋਈ ਹੈ, ਕਿਉਂਕਿ ਬੇਸਹਾਰਾ ਲੋਕ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਆਪਣਾ ਵੋਟ-ਹੱਕ ਮੰਗ ਰਹੇ ਹਨ। ਭਾਰਤੀ ਚੋਣ ਕਮਿਸ਼ਨ ਵੋਟਰ ਦੀ ਪ੍ਰਮਾਣਿਕਤਾ ਲਈ ਪਛਾਣ ਦੇ ਤੌਰ 'ਤੇ ਆਧਾਰ ਕਾਰਡ, ਵੋਟਰ ਕਾਰਡ ਅਤੇ ਰਾਸ਼ਨ ਕਾਰਡ ਤੋਂ ਇਲਾਵਾ ਹੋਰ ਦਸਤਾਵੇਜ਼ ਸਬੂਤ ਵਜੋਂ ਮੰਗ ਰਿਹਾ ਹੈ। ਉਹ ਲੋਕ ਜਿਹੜੇ ਅਨਪੜ੍ਹ ਹਨ, ਉਹ ਇਹ ਸਬੂਤ ਕਿਥੋਂ ਲਿਆਉਣਗੇ?

2023 ਵਿਚ ਹੋਈ ਜਾਤੀ ਜਨਗਣਨਾ ਅਨੁਸਾਰ, ਬਿਹਾਰ ਵਿਚ ਤਿੰਨ ਫ਼ੀਸਦੀ ਦਲਿਤ, ਪੰਜ ਫ਼ੀਸਦੀ ਅਤਿ ਪਛੜੇ ਅਤੇ ਸਿਰਫ਼ ਸੱਤ ਫ਼ੀਸਦੀ ਮੁਸਲਮਾਨ ਬਾਰਵੀਂ ਪਾਸ ਸਨ। ਜਦ ਕਿ 2011 ਦੀ ਜਨਗਣਨਾ ਅਨੁਸਾਰ, ਬਿਹਾਰ ਵਿਚ ਲਗਭਗ 50 ਫ਼ੀਸਦੀ ਔਰਤਾਂ ਅਤੇ 40 ਫ਼ੀਸਦੀ ਮਰਦ ਅਨਪੜ੍ਹ ਹਨ। ਇਹ ਲੋਕ ਹੋਰ ਪਛਾਣ ਪੱਤਰ ਕਿਵੇਂ ਅਤੇ ਕਿੱਥੋਂ ਪੈਦਾ ਕਰਨਗੇ? ਤੇ ਕਿਵੇਂ ਆਪਣਾ ਵੋਟ ਹੱਕ ਪ੍ਰਾਪਤ ਕਰਨਗੇ? ਬਿਹਾਰ ਚੋਣਾਂ ਵਿਚ ਹਾਲੇ 110 ਦਿਨ ਬਾਕੀ ਹਨ। ਸ਼ਾਇਦ ਪਹਿਲੀ ਵਾਰ ਹੋਵੇ ਕਿ ਬਿਹਾਰ 'ਚ ਵੋਟ ਲਿਸਟ ਮੁੱਦਾ ਇੰਨਾ ਭਾਰੀ ਬਣਿਆ ਹੋਇਆ ਹੈ। ਮਾਹੌਲ ਗਰਮ ਹੈ। ਵਿਰੋਧੀ ਸਿਆਸੀ ਧਿਰਾਂ ਪਾਰਲੀਮੈਂਟ ਦੇ ਅੰਦਰ-ਬਾਹਰ ਹੰਗਾਮਾ ਕਰ ਰਹੀਆਂ ਹਨ। ਇਹ ਮਾਮਲਾ ਹੁਣ ਸੁਪਰੀਮ ਕੋਰਟ ਵਿਚ ਵੀ ਪਹੁੰਚ ਚੁੱਕਾ ਹੈ। ਬਿਹਾਰ 'ਚ ਵੱਡਾ ਹੰਗਾਮਾ ਹੋਣ ਦਾ ਕਾਰਨ ਦਿੱਲੀ ਦੀ ਹਾਕਮ ਧਿਰ ਵੱਲੋਂ ਹਰ-ਹੀਲੇ ਬਿਹਾਰ ਚੋਣਾਂ ਜਿੱਤਣ ਲਈ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਹਨ। ਉਸ ਵਾਸਤੇ ਪਹਿਲਾ ਹਥਿਆਰ ਵੋਟਰਾਂ ਦੇ 'ਸ਼ੁੱਧੀਕਰਨ' ਦਾ ਵਰਤਿਆ ਜਾ ਰਿਹਾ ਹੈ, ਕਿਉਂਕਿ ਦਿੱਲੀ ਦੀ ਹਾਕਮ ਧਿਰ ਇਹ ਸਮਝਦੀ ਹੈ ਕਿ ਜੇਕਰ ਉਹ ਬਿਹਾਰ ਹਾਰ ਜਾਂਦੇ ਹਨ, ਤਾਂ ਨਿਤੀਸ਼ ਕੁਮਾਰ ਮੁੱਖ ਮੰਤਰੀ ਬਿਹਾਰ ਦੀ ਪਾਰਟੀ ਉਸ ਨੂੰ ਕੇਂਦਰ ਵਿਚ ਸਮਰਥਨ ਤੋਂ ਮੂੰਖ ਮੋੜ ਸਕਦੀ ਹੈ।

ਬਿਹਾਰ ਵਿਚ ਸੱਤਾਧਾਰੀ ਐਨ.ਡੀ.ਏ. ਅਤੇ ਵਿਰੋਧੀ ਗਠਜੋੜ ਇੱਕ ਦੂਜੇ ਉੱਤੇ ਹਮਲਾਵਰ ਹਨ। ਭਾਵੇਂ ਫਿਲਹਾਲ ਮੁੱਖ ਮਸਲਾ ਵੋਟਰ ਸੂਚੀ ਵਿਚੋਂ ਲੱਖਾਂ ਵੋਟਰਾਂ ਦੇ ਨਾਂ ਕੱਟੇ ਜਾਣ ਦਾ ਹੈ। ਕਿਹਾ ਜਾ ਰਿਹਾ ਹੈ ਕਿ ਕੁਝ ਅਯੋਗ ਵੋਟਰਾਂ ਦੇ ਨਾਂਵਾਂ ਤੋਂ ਇਲਾਵਾ ਬਹੁਤ ਸਾਰੇ ਯੋਗ ਵੋਟਰਾਂ ਦੇ ਨਾਂਵਾਂ ਉੱਤੇ ਵੀ ਕੈਂਚੀ ਫੇਰ ਦਿੱਤੀ ਜਾਵੇਗੀ। ਬਿਹਾਰ 'ਚ ਭਾਰਤੀ ਚੋਣ ਕਮਿਸ਼ਨ ਦੀ 01-08-2025 ਦੀ ਰਿਪੋਰਟ ਅਨੁਸਾਰ ਕੁੱਲ 7.9 ਕਰੋੜ ਵੋਟਰਾਂ ਵਿਚੋਂ 7.24 ਕਰੋੜ ਵੋਟਰਾਂ ਨੇ ਆਪਣੇ ਫਾਰਮ ਜਮ੍ਹਾਂ ਕਰਵਾਏ। ਕੁੱਲ ਮਿਲਾ ਕੇ 65,64,075 ਵੋਟਰਾਂ ਦੇ ਨਾਮ ਵੋਟਰ ਸੂਚੀਆਂ 'ਚੋਂ ਕੱਟ ਦਿੱਤੇ ਗਏ, ਜਿਨ੍ਹਾਂ ਵਿਚੋਂ 36,28,210 ਪੱਕੇ ਤੌਰ 'ਤੇ ਸੂਬਾ ਛੱਡ ਚੁੱਕੇ ਹਨ ਅਤੇ 7,01,364 ਇੱਕ ਤੋਂ ਵੱਧ ਥਾਵਾਂ 'ਤੇ ਇਨਰੋਲ ਹੋਣ ਕਾਰਨ ਆਪਣਾ ਵੋਟ ਹੱਕ ਬਿਹਾਰ ਵਿਚੋਂ ਗੁਆ ਚੁੱਕੇ ਹਨ। ਕੁੱਲ 22,34,501 ਵੋਟਰਾਂ ਦੇ ਨਾਮ ਲੋੜੀਂਦੇ ਫਾਰਮ ਨਾ ਭਰੇ ਜਾਣ ਕਾਰਨ ਵੋਟਰ ਸੂਚੀ ਵਿਚੋਂ ਕੱਟ ਦਿੱਤੇ ਗਏ, ਜਿਨ੍ਹਾਂ ਵਿਚ ਬਿਹਾਰ ਦੇ 10 ਜ਼ਿਲਿਆਂ- ਮਧੂਬਨੀ (3,52,542), ਈਸਟ ਚੰਪਾਰਨ (3,16,793), ਪੂਰਨੀਆ (2,73,920), ਸੀਤਾਮੜੀ (2,44,962), ਪਟਨਾ (3,95,500), ਗੋਪਾਲਗੰਜ (3,10,363), ਸਮਸਤੀਪੁਰ (2,83,955), ਮੁਜ਼ੱਫਰਪੁਰ (2,82,845), ਸਾਰਨ (2,73,223), ਗਯਾ (2,45,663) ਦੇ ਲੋਕ ਸ਼ਾਮਲ ਹਨ। ਇਨ੍ਹਾਂ ਵਿਚ ਵੱਡੀ ਗਿਣਤੀ ਮੁਸਲਮਾਨਾਂ, ਗਰੀਬ ਅਤੇ ਕਮਜ਼ੋਰ ਵਰਗ ਦੇ ਲੋਕਾਂ ਦੀ ਹੈ। ਉਦਾਹਰਨ ਦੇ ਤੌਰ 'ਤੇ ਮਧੂਬਨੀ ਵਿਚ 18 ਫ਼ੀਸਦੀ, ਈਸਟ ਚੰਪਾਰਨ ਵਿਚ 19 ਫ਼ੀਸਦੀ, ਪੂਰਨੀਆ 39 ਫ਼ੀਸਦੀ ਅਤੇ ਸੀਤਾਗੜੀ ਵਿਚ ਕੁੱਲ ਕੱਟੇ ਗਏ ਨਾਮ ਮੁਸਲਮਾਨਾਂ ਦੇ ਹਨ।

ਰਾਜਦ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਦੋਸ਼ ਲਗਾ ਚੁੱਕੇ ਹਨ ਕਿ ਇਹ ਸਿਰਫ਼ ਵੋਟਾਂ ਦੇਣ ਤੋਂ ਰੋਕਣਾ ਨਹੀਂ, ਬਲਕਿ ਉਨ੍ਹਾਂ ਦਾ ਰਾਸ਼ਨ ਤੋਂ ਲੈ ਕੇ ਰਿਜ਼ਰਵੇਸ਼ਨ ਤੱਕ ਹਰ ਹੱਕ ਖੋਹਣਾ ਹੈ। ਭਾਵੇਂ ਕਿ ਭਾਜਪਾ ਦਾ ਕਹਿਣਾ ਹੈ ਕਿ ਵੋਟਾਂ ਦੇ ਸ਼ੁੱਧੀਕਰਨ ਦਾ ਮਕਸਦ ਦੇਸ਼ ਵਿਰੋਧੀ ਬੰਗਲਾਦੇਸ਼ੀ ਘੁਸਪੈਠੀਆਂ ਅਤੇ ਰੋਹਿੰਗਿਆਵਾਂ ਨੂੰ ਵੋਟਰ ਸੂਚੀ ਤੋਂ ਬਾਹਰ ਕੱਢਣਾ ਹੈ। ਬਿਹਾਰ ਵਿਚ 'ਜੰਗਲ ਰਾਜ ਬਨਾਮ ਸੁਸ਼ਾਸਨ' ਮੁੱਖ ਚੋਣਾਵੀ ਮੁੱਦਾ ਬਣ ਕੇ ਉਭਰ ਰਿਹਾ ਹੈ। ਰੈਲੀਆਂ, ਬੈਠਕਾਂ ਦੋਹਾਂ ਧਿਰਾਂ ਵੱਲੋਂ ਜ਼ੋਰਾਂ 'ਤੇ ਹਨ। ਜ਼ਮੀਨੀ ਪੱਧਰ 'ਤੇ ਦੋਵੇਂ ਧਿਰਾਂ ਲੋਕਾਂ ਤੱਕ ਪਹੁੰਚ ਕਰ ਰਹੀਆਂ ਹਨ।

ਪਹਿਲਾਂ ਦੀ ਤਰ੍ਹਾਂ ਹੀ ਬਿਹਾਰ 'ਚ ਜਾਤੀ ਮੁੱਦਾ ਭਾਰੂ ਹੈ। ਬਿਹਾਰ 'ਚ ਜਾਤੀ ਸਰਵੇਖਣ ਹੋ ਚੁੱਕਾ ਹੈ। ਰਾਜਦ ਅਤੇ ਭਾਜਪਾ ਜਾਤੀ ਅਧਾਰਤ ਸੰਮੇਲਨ ਕਰ ਰਹੀਆਂ ਹਨ। ਪਿਛਲੇ 60 ਦਿਨਾਂ ਵਿਚ 30 ਤੋਂ ਵੱਧ ਜਾਤੀ ਸੰਮੇਲਨ ਹੋ ਚੁੱਕੇ ਹਨ। ਦਰਅਸਲ 'ਅਬਾਦੀ ਦੇ ਮੁਤਾਬਕ ਹੱਕ' ਦੀ ਮੰਗ ਬਿਹਾਰ 'ਚ ਜ਼ੋਰ ਫੜ ਚੁੱਕੀ ਹੈ। ਉਧਰ ਰਾਜਗ ਧੜਾ 'ਦਾਮਾਦ ਆਯੋਗ' ਵਿਰੁੱਧ ਆਪਣੀ ਲੜਾਈ ਵਿੱਢ ਚੁੱਕਾ ਹੈ। ਉਸ ਅਨੁਸਾਰ ਕੇਂਦਰੀ ਮੰਤਰੀ ਜੀਤ ਰਾਮ ਮਾਂਝੀ, ਚਿਰਾਗ ਪਾਸਵਾਨ ਅਤੇ ਸਾਂਸਦ ਅਸ਼ੋਕ ਚੌਧਰੀ ਦੇ ਦਮਾਦਾਂ ਨੂੰ ਚੇਅਰਮੈਨੀਆਂ ਮਿਲੀਆਂ ਹਨ। ਮਹਾਂਗਠਬੰਧਨ, ਜਿਸ ਵਿਚ ਰਾਜਦ ਮੁੱਖ ਹੈ ਅਤੇ ਉਸ ਨਾਲ ਕਾਂਗਰਸ, ਖੱਬੀਆਂ ਧਿਰਾਂ ਅਤੇ ਵੀ. ਆਈ. ਪੀ. ਸ਼ਾਮਲ ਹਨ, ਸਮਾਜਿਕ ਨਿਆਂ, ਜਾਤੀ ਜਨਗਣਨਾ ਅਤੇ ਨੌਜਵਾਨਾਂ ਨੂੰ ਅੱਗੇ ਲਿਆਉਣ ਜਿਹੇ ਮੁੱਦੇ ਉਛਾਲ ਰਹੇ ਹਨ। ਉਹ ਬਿਹਾਰ ਦੀ ਕਾਨੂੰਨ ਵਿਵਸਥਾ, ਨਿਤੀਸ਼ ਦੀ ਸਿਹਤ, ਰਿਜ਼ਰਵੇਸ਼ਨ ਆਦਿ ਮੁੱਦੇ ਉਭਾਰ ਰਹੇ ਹਨ। ਉਨ੍ਹਾਂ ਵੱਲੋਂ ਰਿਜ਼ਰਵੇਸ਼ਨ ਦੀ 50% ਸੀਮਾ ਹਟਾਉਣਾ ਮੁੱਖ ਚੋਣਾਂ ਵੀ ਮੁੱਦਾ ਹੈ। ਤੇਜੱਸਵੀ ਯਾਦਵ ਵੱਲੋਂ ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਦਾ ਮੁੱਦਾ ਚੁੱਕਿਆ ਜਾ ਰਿਹਾ ਹੈ। ਕਾਂਗਰਸ ਵੀ ਬਿਹਾਰ 'ਚ ਆਪਣੇ ਵੱਲੋਂ ਪੂਰੇ ਜ਼ੋਰ ਨਾਲ ਕੇਂਦਰ ਵਿਰੁੱਧ ਮੁੱਦੇ ਚੁੱਕ ਰਹੀ ਹੈ। ਜਦਕਿ ਐਨ.ਡੀ.ਏ. 'ਆਪਰੇਸ਼ਨ ਸਿੰਧੂਰ', 'ਸੁਸ਼ਾਸਨ', 'ਰਾਸ਼ਟਰਵਾਦ', 'ਧਰਮ', 'ਡਬਲ ਇੰਜਨ ਸਰਕਾਰ' ਦੇ ਨਾਅਰਿਆਂ ਨਾਲ ਅੱਗੇ ਵੱਧ ਰਹੀ ਹੈ। ਭਾਜਪਾ, ਜਦਯੂ, ਲੋਜਪਾ-ਆਰ ਸਿਆਸੀ ਧਿਰਾਂ, ਪਰਿਵਾਰਵਾਦ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨਗੀਆਂ। ਮਾਲੇਗਾਓਂ ਕੇਸ ਵਿਚ ਪ੍ਰਗਿਆ ਠਾਕੁਰ ਅਤੇ ਹੋਰ ਸਾਰਿਆਂ ਦੀ ਰਿਹਾਈ ਦੇ ਬਾਅਦ ਭਗਵਾਂ ਆਤੰਕਵਾਦ ਦੇ ਮੁੱਦੇ 'ਤੇ ਭਾਜਪਾ, ਕਾਂਗਰਸ ਅਤੇ ਰਾਜਦ ਨੂੰ ਘੇਰੇਗੀ।

ਰਾਹੁਲ ਗਾਂਧੀ ਬਿਹਾਰ ਵਿਚ ਪੰਜ ਪ੍ਰੋਗਰਾਮ ਕਰ ਚੁੱਕੇ ਹਨ। ਅਗਸਤ ਮਹੀਨੇ ਉਹ ਬਿਹਾਰ ਯਾਤਰਾ 'ਤੇ ਜਾਣਗੇ। ਫਰਵਰੀ ਤੋਂ ਲੈ ਕੇ ਹੁਣ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜ ਦੌਰੇ ਬਿਹਾਰ ਦੇ ਕਰ ਚੁੱਕੇ ਹਨ। ਅਗਸਤ ਮਹੀਨੇ ਫਿਰ ਬਿਹਾਰ ਪਹੁੰਚਣਗੇ। ਅਮਿਤ ਸ਼ਾਹ, ਰਾਜਨਾਥ ਸਿੰਘ ਅਤੇ ਸ਼ਿਵਰਾਜ ਚੌਹਾਨ ਵਰਗੇ ਨੇਤਾ ਲਗਾਤਾਰ ਬਿਹਾਰ ਪਹੁੰਚ ਕੇ ਆਪਣੇ ਵੱਲੋਂ ਹੁਣੇ ਤੋਂ ਚੋਣ ਪ੍ਰਚਾਰ ਅਰੰਭ ਕਰ ਚੁੱਕੇ ਹਨ। ਬਿਹਾਰ ਦੀ ਰਾਜਨੀਤੀ ਵਿਚ ਪਿਛਲੇ 35-40 ਸਾਲਾਂ ਤੋਂ ਲਾਲੂ ਪ੍ਰਸਾਦ ਅਤੇ ਨਿਤੀਸ਼ ਕੁਮਾਰ ਪ੍ਰਭਾਵਸ਼ਾਲੀ ਰਹੇ ਹਨ। ਉਨ੍ਹਾਂ ਨੇ ਬਿਹਾਰ ਦੀ ਸਿਆਸਤ ਵਿਚ ਹੀ ਨਹੀਂ, ਕੌਮੀ ਸਿਆਸਤ ਵਿਚ ਵੀ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਸ਼ਾਇਦ ਇਹ ਆਖਰੀ ਵਾਰ ਹੋਵੇ ਕਿ ਉਹ ਬਿਹਾਰ ਵਿਚ ਆਪਣੀ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਰਹੇ ਹੋਣ।

ਇਸ ਵਾਰ ਦੀਆਂ ਚੋਣਾਂ ਵਿਚ ਦੋਵਾਂ ਪਰਿਵਾਰਾਂ ਦੇ ਪੁੱਤਰ ਅੱਗੇ ਆ ਰਹੇ ਹਨ। ਚਰਚਾ ਨਿਤੀਸ਼ ਦੇ ਬੇਟੇ ਨਿਸ਼ਾਂਤ ਕੁਮਾਰ ਦੀ ਸਿਆਸਤ ਵਿਚ ਐਂਟਰੀ ਦੀ ਵੀ ਹੋ ਰਹੀ ਹੈ। ਲਾਲੂ ਪ੍ਰਸਾਦ ਦਾ ਪਰਿਵਾਰ ਤਾਂ ਪਹਿਲਾਂ ਹੀ ਆਪਣੀ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਦਾ ਵੱਡਾ ਬੇਟਾ ਤੇਜ ਪ੍ਰਤਾਪ ਪਰਿਵਾਰ ਵੱਲੋਂ ਵੱਧ ਸਰਗਰਮ ਹੈ। ਦੂਜੇ ਪਾਸੇ ਪ੍ਰਸ਼ਾਂਤ ਕਿਸ਼ੋਰ ਵੀ ਬਿਹਾਰ ਵਿਚ ਆਪਣੀ ਸਿਆਸੀ ਭੂਮਿਕਾ ਨਿਭਾਉਣ ਲਈ ਤਿਆਰ ਬੈਠਾ ਹੈ।

ਚੋਣ ਸਰਗਰਮੀਆਂ ਦੇ ਦੌਰਾਨ ਦੋਵਾਂ ਧਿਰਾਂ ਦੇ ਨੇਤਾਵਾਂ ਵਿਚ ਸ਼ਬਦੀ-ਜੰਗ ਛਿੜ ਚੁੱਕੀ ਹੈ। ਨੇਤਾਵਾਂ ਵੱਲੋਂ ਸ਼ਬਦਾਂ ਦੀ ਮਰਿਆਦਾ ਭੁਲਾਈ ਜਾ ਚੁੱਕੀ ਹੈ। ਸਰਕਾਰੀ ਧਿਰ ਵੱਲੋਂ ਜਿੱਥੇ ਵੋਟਰਾਂ ਨੂੰ ਭਰਮਾਉਣ ਲਈ ਸੁਵਿਧਾਵਾਂ ਦੇਣ ਦਾ ਦੌਰ ਸ਼ੁਰੂ ਹੋ ਚੁੱਕਾ ਹੈ, ਉਥੇ ਨਿਤੀਸ਼ ਕੁਮਾਰ ਵੱਲੋਂ ਬਿਹਾਰ ਵਿਚ ਮੁਫ਼ਤ ਬਿਜਲੀ ਸਹੂਲਤ ਦੇਣ ਦਾ ਐਲਾਨ ਵੀ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਵੱਲੋਂ 'ਬਿਹਾਰ-ਜੰਗ' ਜਿੱਤਣ ਲਈ ਬਿਹਾਰ 'ਚ ਨਵੇਂ ਪ੍ਰੋਜੈਕਟਾਂ ਦਾ ਹੜ੍ਹ ਲਿਆਂਦਾ ਜਾ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਯੋਜਨਾਵਾਂ, ਪਰਿਯੋਜਨਾਵਾਂ ਅਤੇ ਭਲਾਈ ਸਕੀਮਾਂ ਦਾ ਲਾਭ ਆਮ ਬਿਹਾਰੀ ਜਨਤਾ ਤੱਕ ਪੁੱਜਦਾ ਵੀ ਹੈ ਜਾਂ ਨਹੀਂ। ਬਿਹਾਰ ਦੇ ਲੋਕ ਅਤਿ ਦੀ ਗ਼ਰੀਬੀ ਹੰਢਾਉਂਦਿਆਂ ਪ੍ਰਵਾਸ ਦੇ ਰਾਹ ਪੈ ਗਏ ਹਨ ਅਤੇ ਪੈ ਰਹੇ ਹਨ। ਕਾਰਨ ਇੱਕੋ ਹੀ ਹੈ-ਬਿਹਾਰ ਵਿਚ ਰੁਜ਼ਗਾਰ ਦੀ ਕਮੀ ਹੈ, ਸਿੱਖਿਆ ਦੀ ਕਮੀ ਹੈ, ਭ੍ਰਿਸ਼ਟਾਚਾਰ ਜ਼ੋਰਾਂ 'ਤੇ ਹੈ। ਗੈਂਗ ਵਾਰ, ਕਾਨੂੰਨ ਵਿਵਸਥਾ ਅਜ਼ਾਦੀ ਤੋਂ ਬਾਅਦ ਕਿਸੇ ਵੀ ਰਾਜ ਸਰਕਾਰ ਦੇ ਕਾਬੂ 'ਚ ਨਹੀਂ ਆ ਸਕੀ। ਨਤੀਜੇ ਵਜੋਂ ਲੋਕ ਘਰ ਛੱਡ ਕੇ ਮਹਾਰਾਸ਼ਟਰ, ਪੰਜਾਬ, ਹਰਿਆਣਾ ਅਤੇ ਦੇਸ਼ ਦੇ ਹੋਰ ਸੂਬਿਆਂ ਵਿਚ ਰੁਜ਼ਗਾਰ ਲਈ ਜਾਂਦੇ ਹਨ। ਕਈ ਵਾਰੀ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਉਹ ਉਥੇ ਹੀ ਪੱਕੇ ਤੌਰ 'ਤੇ ਠਹਿਰ ਜਾਂਦੇ ਹਨ। ਲੱਖਾਂ ਦੀ ਗਿਣਤੀ ਵਿਚ ਬਿਹਾਰ ਦੇ ਲੋਕ ਪੰਜਾਬ ਵਿਚ ਵੀ ਫੈਲੇ ਹੋਏ ਹਨ, ਜਿੱਥੇ ਉਹ ਆਪਣੀ ਰਿਹਾਇਸ਼ ਅਤੇ ਕਾਰੋਬਾਰ ਸਥਾਪਿਤ ਕਰ ਚੁੱਕੇ ਹਨ। ਇਨ੍ਹਾਂ ਲੋਕਾਂ ਵਿਚੋਂ ਬਹੁਤੇ ਬਾਹਰਲੇ ਸੂਬਿਆਂ ਵਿਚ ਜਾਂਦੇ ਹਨ, ਰੋਜ਼ੀ-ਰੋਟੀ ਕਮਾਉਂਦੇ ਹਨ ਅਤੇ ਤਿਥ-ਤਿਉਹਾਰਾਂ 'ਤੇ ਘਰੀਂ ਪਰਤਦੇ ਹਨ। ਪਰ ਐਤਕੀਂ ਕਿਉਂਕਿ ਬਿਹਾਰ ਵਿਧਾਨ ਸਭਾ ਚੋਣਾਂ ਦਿਵਾਲੀ, ਦੁਸਹਿਰਾ ਆਦਿ ਤਿਉਹਾਰਾਂ ਦੇ ਨੇੜੇ ਆਉਣੀਆਂ ਹਨ, ਅਜਿਹੀ ਸਥਿਤੀ ਵਿਚ ਇਹ ਪ੍ਰਵਾਸੀ ਬਿਹਾਰੀ ਇਸ ਵਾਰ ਦੀਆਂ ਬਿਹਾਰ ਚੋਣਾਂ ਵਿਚ ਆਪਣੀ ਵੋਟ ਦੀ ਵਰਤੋਂ ਕਰਨਗੇ।

ਬਿਹਾਰ ਦੇ ਨੇਤਾਵਾਂ ਵਿਚ ਹੁਣ ਹਰਿਆਣਾ, ਪੰਜਾਬ ਅਤੇ ਮਹਾਰਾਸ਼ਟਰ ਵਾਂਗਰ ਇੱਕ ਪਾਰਟੀ ਤੋਂ ਦੂਜੀ ਪਾਰਟੀ ਵਿਚ ਆਉਣਾ-ਜਾਣਾ ਆਮ ਹੋ ਗਿਆ ਹੈ। ਇਹ ਪ੍ਰਵਿਰਤੀ ਜੋ ਕਿ ਆਮ ਲੋਕਾਂ ਨਾਲ ਧੋਖਾ ਹੈ, ਵੱਧਦੀ ਜਾ ਰਹੀ ਹੈ। ਬਿਹਾਰ ਚੋਣਾਂ ਵਿਚ ਇਹ ਦਲ-ਬਦਲੀ ਆਮ ਹੋਣ ਦੀ ਸੰਭਾਵਨਾ ਹੈ। ਬਿਹਾਰ ਚੋਣਾਂ 'ਚ ਕੌਣ ਜਿੱਤੇਗਾ, ਇਸ ਬਾਰੇ ਅੰਦਾਜ਼ੇ ਹੁਣੇ ਤੋਂ ਲੱਗਣੇ ਸ਼ੁਰੂ ਹੋ ਗਏ ਹਨ। ਬਹਿਸਾਂ ਸਰਵੇ, ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਜੰਗ ਤੇਜ਼ ਹੋ ਚੁੱਕੀ ਹੈ। ਬਿਹਾਰ ਵਿਚ ਸਮੀਕਰਨ ਵੀ ਬਦਲ ਰਹੇ ਹਨ। ਉਹ ਆਮ ਲੋਕ, ਜੋ ਵੋਟਾਂ ਦੇ ਸ਼ੁੱਧੀਕਰਨ ਦੀ ਭੇਂਟ ਚੜ੍ਹ ਰਹੇ ਹਨ, ਉਨ੍ਹਾਂ ਦਾ ਵਤੀਰਾ ਕੀ ਹੋਵੇਗਾ, ਇਹ ਵੇਖਣਾ ਵੀ ਦਿਲਚਸਪ ਹੋਵੇਗਾ।

ਬਿਹਾਰ ਵਿਚ ਚੋਣਾਂ ਇਸ ਵਾਰ ਮਹੱਤਵਪੂਰਨ ਹਨ, ਕਿਉਂਕਿ ਵੋਟਰਾਂ ਨੂੰ ਵੋਟ ਪਾਉਣ ਦਾ ਅਧਿਕਾਰ ਥਕੇਵੇਂ ਭਰੀ ਇੱਕ ਕਵਾਇਦ ਤੋਂ ਬਾਅਦ ਮੁੜ ਪ੍ਰਾਪਤ ਹੋਏਗਾ। ਇਸ ਅਧਿਕਾਰ ਤੋਂ ਕੁਝ ਲੋਕ ਹਾਲੇ ਵੀ ਵਿਰਵੇ ਰਹਿਣਗੇ। ਗ਼ਰੀਬ ਤੇ ਕਮਜ਼ੋਰ ਤਬਕੇ ਦੇ ਵੋਟਰ ਭਾਵੇਂ ਅਸਿੱਖਿਅਤ ਹੁੰਦੇ ਹਨ, ਪਰ ਸਮੂਹਿਕ ਰੂਪ ਵਿਚ ਆਮ ਤੌਰ 'ਤੇ ਉਨ੍ਹਾਂ ਦੀ ਸਮਝ ਡੂੰਘੀ ਹੁੰਦੀ ਹੈ। ਉਹ ਜਾਣਦੇ ਹਨ ਕਿ ਉਨ੍ਹਾਂ ਦੀ ਸੁਚੱਜੇ ਢੰਗ ਨਾਲ ਨੁਮਾਇੰਦਗੀ ਕਰਨ ਵਾਲਾ ਕੌਣ ਹੋ ਸਕਦਾ ਹੈ। ਉਹ ਇਹ ਵੀ ਜਾਣਦੇ ਹਨ ਕਿ ਸੱਤਾ ਵਿਚ ਭਾਵੇਂ ਕੋਈ ਵੀ ਧਿਰ ਹੋਵੇ, ਪਰ ਹਰ ਪੰਜ ਸਾਲ ਬਾਅਦ ਉਨ੍ਹਾਂ ਕੋਲ ਇੱਕ ਮੌਕਾ ਹੁੰਦਾ ਹੈ—ਸੱਤਾ ਧਿਰ ਨੂੰ ਬਾਹਰ ਦਾ ਰਸਤਾ ਵਿਖਾਉਣ ਦਾ ਜਾਂ ਘੱਟੋ-ਘੱਟ ਆਪਣੇ ਗੁੱਸੇ ਤੇ ਨਰਾਜ਼ਗੀ ਨੂੰ ਵੋਟ ਰਾਹੀਂ ਜ਼ਾਹਿਰ ਕਰਨ ਦਾ। ਉਨ੍ਹਾਂ ਕੋਲ ਵੋਟ ਇੱਕ ਸਾਧਨ ਹੈ—ਇੱਕ ਅਧਿਕਾਰ, ਜਿਸ ਰਾਹੀਂ ਉਹ ਆਪਣੀਆਂ ਉਮੀਦਾਂ ਨੂੰ ਜ਼ਿੰਦਾ ਰੱਖਦੇ ਹਨ। ਸਮਾਜਿਕ ਹੈਸੀਅਤ ਹਾਸਿਲ ਕਰਨ ਲਈ ਵੀ ਵੋਟ ਇੱਕ ਅਹਿਮ, ਵਿਅਕਤੀਗਤ ਤੇ ਸਮੂਹਿਕ ਸੰਦ ਹੈ।

# ਮੁਸਲਮਾਨਾਂ ਦੇ ਨਾਲ ਹੁਣ 'ਉਹ' ਈਸਾਈਆਂ ਲਈ ਵੀ ਆਉਂਦੇ ਹਨ

**ਉਘੇ ਲੇਖਕ ਤੇ ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰ ਡਾ. ਰਾਮ ਪੁਨਿਆਨੀ ਧਰਮ-ਨਿਰਪੱਖ ਮੁੱਲਾਂ ਦੇ ਮੁੱਦਈ ਅਤੇ ਮਜ਼੍ਹਬੀ ਕੱਟੜਪੁਣੇ ਦੇ ਤਿੱਖੇ ਆਲੋਚਕ ਹਨ। ਉਹ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ, ਮੁੰਬਈ (ਆਈ.ਆਈ.ਟੀ-ਬੰਬਈ) ਵਿਚ ਪ੍ਰੋਫੈਸਰ ਰਹਿ ਚੁੱਕੇ ਹਨ। ਉਨ੍ਹਾਂ ਦਾ ਇਹ ਲੇਖ ਭਾਰਤ ਵਿਚ ਪਿਛਲੇ ਗਿਆਰਾਂ ਸਾਲਾਂ ਤੋਂ ਈਸਾਈਆਂ ਵਿਰੁੱਧ ਦਿਨੋਂ-ਦਿਨ ਵਧਦੀ ਜਾ ਰਹੀ ਬਹੁਗਿਣਤੀਵਾਦੀ ਹਿੰਸਾ ਦੇ ਤਾਜ਼ਾ ਘਟਨਾਕ੍ਰਮ ਬਾਰੇ ਬਹੁਤ ਹੀ ਗੰਭੀਰ ਟਿੱਪਣੀ ਕਰਦਾ ਹੈ।-ਸੰਪਾਦਕ॥**

ਥੋੜ੍ਹੇ ਦਿਨ ਪਹਿਲਾਂ, 26 ਜੁਲਾਈ 2025 ਨੂੰ, ਛੱਤੀਸਗੜ੍ਹ ਦੇ ਦੁਰਗ ਰੇਲਵੇ ਸਟੇਸ਼ਨ 'ਤੇ ਦੋ ਈਸਾਈ ਸਾਧਵੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਉਤੇ ਗੰਭੀਰ ਇਲਜ਼ਾਮ ਲਾਏ ਗਏ, ਜਦਕਿ ਮਾਮਲਾ ਸਿਰਫ ਏਨਾ ਕੁ ਹੀ ਸੀ ਕਿ ਉਨ੍ਹਾਂ ਦੇ ਨਾਲ ਤਿੰਨ ਔਰਤਾਂ ਸਨ ਜੋ ਪੇਸ਼ੇਵਰ ਨਰਸ ਬਣਨ ਲਈ ਸਿਖਲਾਈ ਲੈਣ ਜਾ ਰਹੀਆਂ ਸਨ। ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਵਰਿੰਦਾ ਕਰਾਤ ਦੀ ਅਗਵਾਈ ਹੇਠ ਇਕ ਸਰਵ ਪਾਰਟੀ ਵਫਦ ਨੂੰ ਵੀ ਸੌਖਿਆਂ ਹੀ ਉਨ੍ਹਾਂ ਨੂੰ ਮਿਲਣ ਦੀ ਇਜਾਜ਼ਤ ਨਹੀਂ ਮਿਲੀ। ਉਨ੍ਹਾਂ ਉਤੇ ਇਲਜ਼ਾਮ ਲਾਏ ਗਏ ਕਿ ਉਹ ਮਨੁੱਖੀ ਤਸਕਰੀ ਅਤੇ

ਰਾਮ ਪੁਨਿਆਨੀ
ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ

ਧਰਮ-ਬਦਲੀ ਕਰਵਾ ਰਹੀਆਂ ਹਨ। ਰਾਜ ਦਾ ਮੁੱਖ ਮੰਤਰੀ ਤਾਂ ਉਨ੍ਹਾਂ ਵਿਰੁੱਧ ਮਨੁੱਖੀ ਤਸਕਰੀ ਅਤੇ ਧਰਮ-ਬਦਲੀ ਦੇ ਇਲਜ਼ਾਮਾਂ 'ਤੇ ਅੜਿਆ ਹੋਇਆ ਹੈ, ਜਦਕਿ ਔਰਤਾਂ ਦੇ ਮਾਪਿਆਂ ਨੇ ਕਿਹਾ ਕਿ ਉਨ੍ਹਾਂ ਨੇ ਹੀ ਆਪਣੀਆਂ ਧੀਆਂ ਨੂੰ ਵਧੀਆ ਰੁਜ਼ਗਾਰ ਦੇ ਮੌਕਿਆਂ ਲਈ ਸਾਧਵੀਆਂ ਨਾਲ ਜਾਣ ਦੀ ਇਜਾਜ਼ਤ ਦਿੱਤੀ ਸੀ।

ਈਸਾਈਆਂ ਨੂੰ ਕਦੇ ਕਿਸੇ ਤੇ ਕਦੇ ਕਿਸੇ ਬਹਾਨੇ ਨਾਲ ਡਰਾਉਣ-ਧਮਕਾਉਣ ਦਾ ਇਹ ਸਿਲਸਿਲਾ ਪਿਛਲੇ 11 ਸਾਲਾਂ ਦੌਰਾਨ ਤੇਜ਼ੀ ਨਾਲ ਵਧਿਆ ਹੈ ਅਤੇ ਖ਼ਾਸ ਕਰਕੇ ਇਹ ਭਾਜਪਾ ਸ਼ਾਸਤ ਰਾਜਾਂ ਵਿਚ ਜ਼ਿਆਦਾ ਵੇਖਿਆ ਜਾਂਦਾ ਹੈ। ਦੇਸੀ ਅਤੇ ਅੰਤਰਰਾਸ਼ਟਰੀ ਏਜੰਸੀਆਂ ਦੀਆਂ ਕਈ ਰਿਪੋਰਟਾਂ ਭਾਰਤ ਵਿਚ ਈਸਾਈਆਂ ਵਿਰੁੱਧ ਵਧ ਰਹੇ ਜ਼ੁਲਮ ਦਰਜ ਕਰਦੀਆਂ ਹਨ। ਈਸਾਈਆਂ ਦੇ ਪ੍ਰਾਰਥਨਾ ਸਮਾਗਮਾਂ 'ਤੇ ਇਹ ਕਹਿ ਕੇ ਹਮਲੇ ਕੀਤੇ ਜਾਂਦੇ ਹਨ ਕਿ ਇਨ੍ਹਾਂ ਰਾਹੀਂ ਧਰਮ ਬਦਲਿਆ ਜਾ ਰਿਹਾ ਹੈ। ਪਿੰਡਾਂ ਅਤੇ ਦੂਰ-ਦਰਾਜ਼ ਦੇ ਖੇਤਰਾਂ ਵਿਚ ਪਾਦਰੀਆਂ ਅਤੇ ਸਾਧਵੀਆਂ ਉਪਰ ਹਮਲੇ ਹੋਣ ਜਾਂ ਉਨ੍ਹਾਂ ਨੂੰ ਡਰਾਉਣ-ਧਮਕਾਉਣ ਦੇ ਖ਼ਤਰੇ ਜ਼ਿਆਦਾ ਹੁੰਦੇ ਹਨ। ਬਜਰੰਗ ਦਲ ਦੇ ਕਾਰਿੰਦੇ ਇਨ੍ਹਾਂ ਖੇਤਰਾਂ ਵਿਚ ਕਾਫ਼ੀ ਸਰਗਰਮ ਹਨ ਅਤੇ ਪਾਦਰੀਆਂ ਤੇ ਸਾਧਵੀਆਂ ਉਪਰ ਸਿੱਧਾ ਹਮਲਾ ਕਰਦੇ ਹਨ।

ਇਕ ਹੋਰ ਗੰਭੀਰ ਮਸਲਾ ਈਸਾਈਆਂ ਦੀਆਂ ਅੰਤਿਮ ਸੰਸਕਾਰ ਦੀਆਂ ਰੀਤੀਆਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਨੂੰ ਆਪਣੇ ਮ੍ਰਿਤਕਾਂ ਨੂੰ ਆਮ ਜਾਂ ਆਦਿਵਾਸੀ ਕਬਰਿਸਤਾਨਾਂ ਵਿਚ ਦਫ਼ਨ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਮਿਸਾਲ ਵਜੋਂ, 26 ਅਪ੍ਰੈਲ 2024 ਨੂੰ ਛੱਤੀਸਗੜ੍ਹ ਵਿਚ ਇਕ 65 ਸਾਲਾ ਈਸਾਈ ਵਿਅਕਤੀ ਦੀ ਹਸਪਤਾਲ ਵਿਚ ਮੌਤ ਹੋ ਗਈ। ਉਸਦੇ ਦੁਖੀ ਪਰਿਵਾਰ ਨੂੰ ਹੋਰ ਵੀ ਦੁੱਖ ਝੱਲਣਾ ਪਿਆ ਜਦੋਂ ਸਥਾਨਕ ਧਾਰਮਿਕ ਅਤਿਵਾਦੀਆਂ ਨੇ ਉਨ੍ਹਾਂ ਨੂੰ ਪਿੰਡ ਵਿਚ ਅੰਤਿਮ ਸੰਸਕਾਰ ਕਰਨ ਤੋਂ ਰੋਕ ਦਿੱਤਾ ਅਤੇ ਉਨ੍ਹਾਂ ਤੋਂ ਮੁੜ ਹਿੰਦੂ ਧਰਮ ਅਪਣਾਉਣ ਦੀ ਮੰਗ ਕੀਤੀ। ਪਰਿਵਾਰ ਨੇ ਕਰੀਬ 500 ਪੁਲਿਸ ਮੁਲਾਜ਼ਮਾਂ ਦੀ ਹਿਫਾਜ਼ਤ ਹੇਠ ਈਸਾਈ ਰੀਤ ਅਨੁਸਾਰ ਅੰਤਿਮ ਸੰਸਕਾਰ ਕੀਤਾ ਤਾਂ ਜੋ ਪਿੰਡ ਵਿਚ ਸ਼ਾਂਤੀ ਬਣੀ ਰਹੇ।

'ਹਰ ਰੋਜ਼ ਸਾਡੇ ਇੱਥੇ ਚਰਚਾਂ ਜਾਂ ਪਾਦਰੀਆਂ 'ਤੇ 4 ਜਾਂ 5 ਹਮਲੇ ਹੁੰਦੇ ਹਨ, ਅਤੇ ਹਰ ਐਤਵਾਰ ਨੂੰ ਇਹ ਗਿਣਤੀ ਦੁੱਗਣੀ ਹੋ ਕੇ ਲੱਗਭੱਗ 10 ਹੋ ਜਾਂਦੀ ਹੈ—ਇਹ ਅਸੀਂ ਪਹਿਲਾਂ ਕਦੇ ਨਹੀਂ ਵੇਖਿਆ,' ਇਹ 2023 'ਚ ਈਸਾਈ ਭਾਈਚਾਰੇ ਦੇ ਇਕ ਵੱਡੇ ਆਗੂ ਨੇ ਕਿਹਾ ਜੋ ਖ਼ੁਦ ਇਨ੍ਹਾਂ ਜ਼ੁਲਮਾਂ ਦਾ ਸ਼ਿਕਾਰ ਹੋ ਚੁੱਕਾ ਹੈ। ਉਸ ਮੁਤਾਬਿਕ ਭਾਰਤ ਵਿਚ ਈਸਾਈਆਂ ਉਤੇ ਜਬਰ-ਜ਼ੁਲਮ ਦਾ ਮੁੱਖ ਸਰੋਤ ਸੰਘ ਪਰਿਵਾਰ ਹੈ— ਜਿਸ ਵਿਚ ਰਾਸ਼ਟਰੀ ਸੋਇਮਸੇਵਕ ਸੰਘ (ਆਰਐੱਸਐੱਸ), ਭਾਜਪਾ ਅਤੇ ਬਜਰੰਗ ਦਲ ਵਰਗੇ ਅਤਿਵਾਦੀ ਹਿੰਦੂ ਸਮੂਹ ਸ਼ਾਮਲ ਹਨ।

ਕਈ ਮਹੱਤਵਪੂਰਨ ਸੰਸਥਾਵਾਂ, ਜਿਵੇਂ ਕਿ ਅੰਤਰਰਾਸ਼ਟਰੀ ਪੱਧਰ 'ਤੇ 'ਓਪਨ ਡੋਰਜ਼' ਅਤੇ ਭਾਰਤੀ ਪੱਧਰ 'ਤੇ ਪਰਸੀਕਿਊਸ਼ਨ ਰਿਲੀਫ਼, ਇਨ੍ਹਾਂ ਜ਼ੁਲਮਾਂ ਦੀ ਨਿਗਰਾਨੀ ਦਾ ਮਹੱਤਵਪੂਰਨ ਕੰਮ ਕਰ ਰਹੀਆਂ ਹਨ, ਕਿਉਂਕਿ ਆਮ ਤੌਰ 'ਤੇ ਮੀਡੀਆ— ਇਹ ਚਾਹੇ ਪ੍ਰਿੰਟ ਹੋਵੇ ਜਾਂ ਟੀ.ਵੀ.— ਇਨ੍ਹਾਂ ਮਸਲਿਆਂ ਉਤੇ ਖ਼ਾਮੋਸ਼ ਰਹਿੰਦਾ ਹੈ ਜਾਂ ਸੱਚਾਈ ਨੂੰ ਨਕਾਰਾਤਮਕ ਢੰਗ ਨਾਲ ਪੇਸ਼ ਕਰਦਾ ਹੈ।

'ਪਰਸੀਕਿਊਸ਼ਨ ਰਿਲੀਫ਼' ਨੇ ਆਪਣੀ 2020 ਦੀ ਰਿਪੋਰਟ ਵਿਚ ਦਰਸਾਇਆ ਕਿ 'ਭਾਰਤ ਵਿਚ ਈਸਾਈਆਂ ਵਿਰੁੱਧ ਨਫ਼ਰਤ ਦੇ ਜੁਰਮਾਂ ਵਿਚ 40.87% ਦਾ ਡਰਾਉਣਾ ਵਾਧਾ ਹੋਇਆ...ਇਹ ਵਾਧਾ ਉਸ ਸਮੇਂ ਹੋਇਆ ਜਦੋਂ ਪੂਰੇ ਮੁਲਕ ਵਿਚ ਕੋਵਿਡ-19 ਦੇ ਕਾਰਨ ਤਿੰਨ ਮਹੀਨੇ ਦਾ ਲਾਕਡਾਊਨ ਲੱਗਿਆ ਹੋਇਆ ਸੀ।' 'ਓਪਨ ਡੋਰਜ਼' ਅਨੁਸਾਰ, ਜੋ ਦੁਨੀਆ ਭਰ ਵਿਚ ਈਸਾਈਆਂ ਉਪਰ ਹੋ ਰਹੇ ਜ਼ੁਲਮਾਂ ਦੀ ਨਿਗਰਾਨੀ ਕਰਨ ਵਾਲੀ ਸੰਸਥਾ ਹੈ, ਭਾਰਤ 2024 ਵਿਚ 'ਵਿਸ਼ੇਸ਼ ਚਿੰਤਾ ਵਾਲੇ ਮੁਲਕਾਂ' ਵਿਚ 11ਵੇਂ ਸਥਾਨ 'ਤੇ ਹੈ।

ਸੁਧੀ ਸੇਲਵਰਾਜ ਅਤੇ ਕੇਨੇਥ ਨੀਲਸਨ ਬਹੁਤ ਸਪਸ਼ਟਤਾ ਨਾਲ ਦਲੀਲ ਦਿੰਦੇ ਹਨ ਕਿ, 'ਇਹ (ਈਸਾਈ ਵਿਰੋਧੀ) ਹਿੰਸਾ ਸਿੱਧੀ, ਢਾਂਚਾਗਤ ਅਤੇ ਸੱਭਿਆਚਾਰਕ ਹਿੰਸਾ ਦੇ ਰੂਪਾਂ ਦਾ ਮਜ਼ਬੂਤ ਸੰਗਮ ਹੈ, ਜਿਸ ਵਿਚ ਚੌਕਸੀ ਗੁੱਟਾਂ ਦੇ ਹਮਲੇ, ਪੁਲਿਸ ਦੀ ਸ਼ਮੂਲੀਅਤ, ਅਤੇ ਸਟੇਟ ਦੇ ਕਾਨੂੰਨਾਂ ਦੀ ਵਧ ਰਹੀ ਧੱਕੜ ਵਰਤੋਂ ਸ਼ਾਮਲ ਹੈ— ਨਾਲ ਵੱਢ-ਟੁੱਕ ਕੇ ਹੱਤਿਆ ਕਰਨਾ। ਫਿਰ 1999 ਵਿਚ ਆਸਟ੍ਰੇਲੀਆਈ ਮਿਸ਼ਨਰੀ ਗ੍ਰਾਹਮ ਸਟੇਨਜ਼ ਦੀ ਹੱਤਿਆ ਹੋਈ। ਉਹ ਓੜੀਸਾ ਦੇ ਕੇਉਂਝਰ ਵਿਚ ਕੋਹੜ ਦੇ ਮਰੀਜ਼ਾਂ ਲਈ ਕੰਮ ਕਰ ਰਹੇ ਸਨ। ਉਨ੍ਹਾਂ ਉਪਰ ਧਰਮ ਬਦਲੀ ਦੇ ਇਲਜ਼ਾਮ ਲਾਏ ਗਏ। ਉਨ੍ਹਾਂ 'ਤੇ ਹਮਲੇ ਨੂੰ ਅੰਜਾਮ ਬਜਰੰਗ ਦਲ ਦੇ ਦਾਰਾ ਸਿੰਘ ਵੱਲੋਂ ਦਿੱਤਾ ਗਿਆ, ਜਿਸ ਨੇ ਲੋਕਾਂ ਨੂੰ



**ਛੱਤੀਸਗੜ੍ਹ ਦੇ ਦੁਰਗ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕੀਤੀਆਂ ਗਈਆਂ ਈਸਾਈ ਸਾਧਵੀਆਂ।**

ਹੀ ਇਹ ਸਾਂਝੀ ਰਾਸ਼ਟਰੀ ਸੋਚ ਵੀ ਪੈਦਾ ਕਰ ਰਹੀ ਹੈ ਕਿ ਗੈਰ-ਹਿੰਦੂ ਧਰਮਾਂ ਦੇ ਲੋਕ ਰਾਸ਼ਟਰ ਵਿਰੋਧੀ ਹਨ।'

ਪਿਛਲੇ ਕੁਝ ਦਹਾਕਿਆਂ ਦੌਰਾਨ ਵੱਖ-ਵੱਖ ਰੂਪਾਂ ਵਿਚ ਵਧ ਰਹੀ ਈਸਾਈ ਵਿਰੋਧੀ ਹਿੰਸਾ ਦੀ ਪੂਰੀ ਤਸਵੀਰ ਸਾਹਮਣੇ ਆਉਂਦੀ ਰਹੀ ਹੈ। ਇਹ ਕੋਈ ਨਵੀਂ ਸ਼ੁਰੂਆਤ ਨਹੀਂ ਹੈ। ਇਹ ਹਿੰਸਾ ਜ਼ਿਆਦਾਤਰ ਪਿੰਡਾਂ ਵਿਚ ਸਮਾਜ ਦੇ ਅੰਦਰੋ ਅੰਦਰ ਕਿਰਿਆਸ਼ੀਲ ਅੰਤਰਧਾਰਾ ਵਜੋਂ ਮੌਜੂਦ ਰਹੀ ਹੈ। ਜਿਵੇਂ ਕਿ ਮੁਸਲਮਾਨ ਵਿਰੋਧੀ ਹਿੰਸਾ ਦਾ ਇਤਿਹਾਸ ਪੁਰਾਣਾ ਅਤੇ ਅਕਸਰ ਖ਼ੂਨਖ਼ਰਾਬਾ ਭਰਿਆ ਰਿਹਾ ਹੈ— ਜਿਸਨੇ ਵੱਡਾ ਧਿਆਨ ਖਿੱਚਿਆ। ਪਰ ਈਸਾਈ ਵਿਰੋਧੀ ਹਿੰਸਾ ਵੱਖਰੀ ਰਹੀ ਹੈ। ਗ੍ਰਾਹਮ ਸਟੇਨਜ਼ ਦੀ ਹੱਤਿਆ ਅਤੇ ਓੜੀਸਾ ਦੇ ਕੰਧਮਾਲ ਵਿਚਲੀ ਹਿੰਸਾ ਤੋਂ ਇਲਾਵਾ, ਇਹ ਹਿੰਸਾ ਲਗਾਤਾਰ ਚੱਲ ਰਹੀ ਹੈ ਪਰ ਅਕਸਰ ਨਜ਼ਰ ਨਹੀਂ ਆਉਂਦੀ।

ਸਭ ਤੋਂ ਪਹਿਲੀ ਵੱਡੀ ਘਟਨਾ ਸੀ 1995 ਵਿਚ ਇੰਦੌਰ ਵਿਚ ਰਾਣੀ ਮਾਰੀਆ ਦੀ ਬੇਕਿਰਕੀ

ਉਨ੍ਹਾਂ ਉਪਰ ਹਮਲਾ ਕਰਨ ਲਈ ਉਕਸਾਇਆ। ਇਹ ਹਮਲਾ ਬੇਹੱਦ ਦਰਿੰਦਗੀ ਭਰਿਆ ਅਤੇ ਭਿਆਨਕ ਸੀ— ਗ੍ਰਾਹਮ ਸਟੇਨਜ਼ ਅਤੇ ਉਨ੍ਹਾਂ ਦੇ ਦੋ ਬੱਚਿਆਂ ਟਿਮੋਥੀ ਅਤੇ ਫਿਲਿਪ ਨੂੰ ਜੀਪ ਵਿਚ ਸੁੱਤੇ ਪਿਆਂ ਨੂੰ ਜਿਉਂਦੇ ਸਾੜ ਦਿੱਤਾ ਗਿਆ।

ਉਸ ਸਮੇਂ ਦੇ ਰਾਸ਼ਟਰਪਤੀ ਕੇ.ਆਰ. ਨਾਰਾਇਣਨ ਨੇ ਇਸ ਹਮਲੇ ਨੂੰ 'ਸੰਸਾਰ ਦੇ ਕਾਲੇ ਕਾਰਿਆਂ ਦੀ ਸੂਚੀ ਵਿਚ' ਰੱਖਣ ਵਾਲਾ ਹਮਲਾ ਕਿਹਾ ਸੀ। ਉਸ ਵੇਲੇ ਕੇਂਦਰ ਵਿਚ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਸੀ। ਸਰਕਾਰ ਨੇ ਕਿਹਾ ਕਿ ਇਹ ਹਮਲਾ ਸਰਕਾਰ ਨੂੰ ਬਦਨਾਮ ਕਰਨ ਦੀ ਵਿਦੇਸ਼ੀ ਸਾਜ਼ਿਸ਼ ਹੈ। ਪਰ ਬਾਅਦ ਵਿਚ ਵਾਧਵਾ ਕਮੇਟੀ ਨੇ ਜੋ ਰਿਪੋਰਟ ਪੇਸ਼ ਕੀਤੀ, ਉਸ ਅਨੁਸਾਰ ਮੁੱਖ ਸਾਜ਼ਿਸ਼ਘਾੜਾ ਬਜਰੰਗ ਦਲ ਦਾ ਰਾਜਿੰਦਰ ਪਾਲ ਉਰਫ਼ ਦਾਰਾ ਸਿੰਘ ਸੀ। ਉਹ ਅੱਜ ਵੀ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ।

ਇਸ ਤੋਂ ਪਹਿਲਾਂ, ਆਰਐੱਸਐੱਸ ਵੱਲੋਂ ਸਥਾਪਤ ਵਣਵਾਸੀ ਕਲਿਆਣ ਆਸ਼ਰਮਾਂ ਵੱਲੋਂ ਇਹ ਪ੍ਰਚਾਰ ਕੀਤਾ ਗਿਆ ਕਿ ਈਸਾਈ ਮਿਸ਼ਨਰੀ ਸਿੱਖਿਆ ਅਤੇ ਸਿਹਤ ਦਾ ਝੂਠਾ ਦਿਖਾਵਾ ਕਰ ਰਹੇ ਹਨ, ਯਾਨੀ ਇਸ ਬਹਾਨੇ ਲੋਕਾਂ ਨੂੰ ਈਸਾਈ ਧਰਮ ਨੂੰ ਅਪਣਾਉਣ ਲਈ ਵਰਗਲਾ ਰਹੇ ਹਨ। ਵਣਵਾਸੀ ਕਲਿਆਣ ਨਾਂ ਦੇ ਇਹ ਆਸ਼ਰਮ ਡਾਂਗ (ਗੁਜਰਾਤ), ਝਾਬੂਆ ਅਤੇ ਕੰਧਮਾਲ (ਓੜੀਸਾ) ਵਿਚ ਸਥਾਪਤ ਹੋਏ, ਜਿੱਥੇ ਕੱਟੜ ਹਿੰਦੂਤਵੀ ਅਸੀਮਾਨੰਦ ਅਤੇ ਲਕਸ਼ਮਨਾਨੰਦ ਵਰਗਿਆਂ ਨੇ ਆਪਣਾ ਪ੍ਰਚਾਰ ਫੈਲਾਇਆ। ਇਸ ਦੌਰਾਨ ਕਈ 'ਸ਼ਬਰੀ ਕੁੰਭ' ਕਰਵਾਏ ਗਏ ਤਾਂ ਜੋ ਆਦਿਵਾਸੀਆਂ ਨੂੰ ਹਿੰਦੂ ਧਾਰਮਿਕ ਸੰਸਕਾਰਾਂ ਵੱਲ ਮੋੜਿਆ ਜਾ ਸਕੇ।

ਆਦਿਵਾਸੀ ਖੇਤਰਾਂ ਵਿਚ ਸ਼ਬਰੀ ਨੂੰ— ਜੋ ਕਿ ਗਰੀਬੀ ਅਤੇ ਤਿਆਗ ਦੀ ਪ੍ਰਤੀਕ ਸੀ— ਇਕ ਦੇਵੀ ਵਜੋਂ ਪੇਸ਼ ਕੀਤਾ ਗਿਆ। ਨਾਲ ਹੀ ਹਨੂਮਾਨ ਜੀ ਨੂੰ ਭਗਵਾਨ ਰਾਮ ਪ੍ਰਤੀ ਵਫ਼ਾਦਾਰੀ ਲਈ ਉਤਸ਼ਾਹਤ ਕੀਤਾ ਗਿਆ। ਇਨ੍ਹਾਂ ਉਪਰਾਲਿਆਂ ਦੇ ਰਾਹੀਂ ਇਨ੍ਹਾਂ ਦੇਵਤਿਆਂ ਦੇ ਮੰਦਰ ਵੀ ਬਣਾਏ ਗਏ। ਇਸ ਸਾਰੀ ਪ੍ਰਚਾਰ ਯੁੱਧਨੀਤੀ ਵਿਚ ਇਹ ਗੱਲ ਭੁਲਾ ਦਿੱਤੀ ਗਈ ਕਿ ਈਸਾਈ ਧਰਮ ਭਾਰਤ ਵਿਚ ਬਹੁਤ ਪੁਰਾਣਾ ਹੈ— ਸੇਂਟ ਥਾਮਸ ਨੇ ਸੰਨ 52 ਈਸਵੀ ਵਿਚ ਮਾਲਾਬਾਰ ਸਮੁੰਦਰੀ ਕੰਢੇ 'ਤੇ ਚਰਚ ਦੀ ਸਥਾਪਨਾ ਕੀਤੀ ਸੀ।

ਲੱਗਭੱਗ ਦੋ ਸਦੀਆਂ ਦੇ ਮਿਸ਼ਨਰੀ ਕੰਮ ਤੋਂ ਬਾਅਦ ਵੀ, ਭਾਰਤ ਵਿਚ ਈਸਾਈਆਂ ਦੀ ਆਬਾਦੀ ਸਿਰਫ਼ 2.3% ਹੈ। ਦਿਲਚਸਪ ਗੱਲ ਇਹ ਹੈ ਕਿ 1971 ਵਿਚ ਇਹ ਅਨੁਪਾਤ 2.6% ਸੀ, ਜੋ ਕਿ 2011 ਦੀ ਜਨਗਣਨਾ ਅਨੁਸਾਰ 2.3% ਰਹਿ ਗਿਆ ਹੈ। ਫਿਰ ਵੀ ਕੂੜ-ਪ੍ਰਚਾਰ ਮਸ਼ੀਨਰੀ ਆਪਣੇ ਕੰਮ ਵਿਚ ਜੁੱਟੀ ਹੋਈ ਹੈ ਜੋ ਇਹ ਦਾਅਵਾ ਕਰ ਰਹੀ ਹੈ ਕਿ ਈਸਾਈ ਮਿਸ਼ਨਰੀ ਜ਼ਬਰਦਸਤੀ, ਠੱਗੀ ਦੁਆਰਾ ਅਤੇ ਲਾਲਚ ਦੇ ਰਾਹੀਂ ਧਰਮ ਬਦਲੀ ਕਰਵਾ ਰਹੇ ਹਨ। ਕਈ ਰਾਜਾਂ ਨੇ 'ਧਰਮ ਬਦਲੀ ਵਿਰੋਧੀ ਕਾਨੂੰਨ' ਵੀ ਬਣਾਏ ਹਨ, ਜੋ ਕਿ ਮਿਸ਼ਨਰੀ ਕਾਰਕੁਨਾਂ ਨੂੰ ਹੋਰ ਡਰਾਉਣ-ਧਮਕਾਉਣ ਦੇ ਸਿਲਸਿਲੇ ਨੂੰ ਹੋਰ ਵਧਾ ਰਹੇ ਹਨ।

ਆਰਐੱਸਐੱਸ ਦੇ ਦੂਜੇ ਸਰਸੰਘਚਾਲਕ ਐੱਮ. ਐੱਸ. ਗੋਲਵਾਲਕਰ ਨੇ ਆਪਣੀ ਕਿਤਾਬ 'ਬੰਚ ਆਫ ਥਾਟਸ' ਵਿਚ ਲਿਖਿਆ ਸੀ ਕਿ ਮੁਸਲਮਾਨ, ਈਸਾਈ ਅਤੇ ਕਮਿਊਨਿਸਟ — ਇਹ ਤਿੰਨੋਂ ਭਾਰਤ ਦੇ ਅੰਦਰੂਨੀ ਖ਼ਤਰੇ ਹਨ। ਇਸ ਲਈ, ਮੁਸਲਮਾਨ ਵਿਰੋਧੀ ਹਿੰਸਾ ਤੋਂ ਬਾਅਦ ਹੁਣ ਉਨ੍ਹਾਂ ਦੀ ਈਸਾਈ ਵਿਰੋਧੀ ਯੁੱਧਨੀਤੀ ਵੀ ਖੁੱਲ੍ਹ ਕੇ ਸਾਹਮਣੇ ਆ ਰਹੀ ਹੈ।

# ਮਾਲੇਗਾਓਂ ਬੰਬ ਕੇਸ ਅਤੇ ਐੱਨ.ਆਈ.ਏ. ਅਦਾਲਤ ਦੀ ਕਲੀਨ ਚਿੱਟ

ਆਖ਼ਿਰਕਾਰ 31 ਜੁਲਾਈ ਨੂੰ ਐੱਨਆਈਏ (ਕੌਮੀ ਜਾਂਚ ਏਜੰਸੀ) ਦੀ ਵਿਸ਼ੇਸ਼ ਅਦਾਲਤ ਨੇ ਮਾਲੇਗਾਓਂ ਬੰਬ ਕੇਸ ਵਿਚ ਫ਼ੈਸਲਾ ਸੁਣਾ ਦਿੱਤਾ ਹੈ। 29 ਸਤੰਬਰ 2008 ਨੂੰ ਮਹਾਰਾਸ਼ਟਰ ਦੇ ਮਾਲੇਗਾਓਂ ਦੇ ਮੁਸਲਿਮ-ਬਹੁਗਿਣਤੀ ਵਾਲੇ ਕਾਰੋਬਾਰੀ ਇਲਾਕੇ ਭੀਕੂ ਚੌਕ ਵਿਚ ਹੋਏ ਬੰਬ ਕਾਂਡ ਵਿਚ 6 ਗ਼ਰੀਬ ਮੁਸਲਮਾਨ ਮਾਰੇ ਗਏ ਸਨ

ਬੂਟਾ ਸਿੰਘ ਮਹਿਮੂਦਪੁਰ

ਅਤੇ 100 ਤੋਂ ਵੱਧ ਜ਼ਖ਼ਮੀ ਹੋਏ ਸਨ। ਇਸ ਤੋਂ ਪਹਿਲਾਂ ਸਤੰਬਰ 2006 'ਚ ਇਸੇ ਸ਼ਹਿਰ ਵਿਚ ਮਸਜਿਦ ਕੋਲ ਹੋਏ ਚਾਰ ਬੰਬ ਧਮਾਕਿਆਂ ਵਿਚ 31 ਲੋਕ ਮਾਰੇ ਗਏ ਸਨ ਅਤੇ 312 ਗੰਭੀਰ ਜ਼ਖ਼ਮੀ ਹੋਏ ਸਨ। ਪਰਿਵਾਰ ਪਿਛਲੇ 17 ਸਾਲ ਤੋਂ ਨਿਆਂ ਲਈ ਅਦਾਲਤਾਂ ਵਿਚ ਭਟਕ ਰਹੇ ਸਨ। ਫਿਰ ਉਹੀ ਹੋਇਆ ਜਿਸਦੀ ਆਸ ਸੀ: ਸਾਰੇ ਦੇ ਸਾਰੇ 7 ਮੁੱਖ ਦੋਸ਼ੀ 'ਸਬੂਤਾਂ ਦੀ ਘਾਟ' ਕਹਿ ਕੇ ਬਰੀ ਕਰ ਦਿੱਤੇ ਗਏ: ਭਾਜਪਾ ਦੇ ਵਿਦਿਆਰਥੀ ਵਿੰਗ ਦੀ ਸਾਬਕਾ ਆਗੂ ਅਤੇ ਆਪੇ ਬਣੀ ਸਾਧਵੀ ਪ੍ਰਗਿਆ ਸਿੰਘ ਠਾਕੁਰ, ਲੈਫਟੀਨੈਂਟ ਕਰਨਲ ਪ੍ਰਸਾਦ ਪੁਰੋਹਿਤ ਜੋ ਗ੍ਰਿਫ਼ਤਾਰੀ ਸਮੇਂ ਭਾਰਤੀ ਫ਼ੌਜ ਦੀ ਖ਼ੁਫ਼ੀਆ ਬਰਾਂਚ ਵਿਚ ਤਾਇਨਾਤ ਸੀ, ਫ਼ੌਜ ਤੋਂ ਰਿਟਾਇਰਡ ਮੇਜਰ ਰਮੇਸ਼ ਉਪਾਧਿਆਏ, ਸਮੀਰ ਕੁਲਕਰਨੀ, ਸੁਧਾਕਰ ਚਤੁਰਵੇਦੀ, ਅਜੈ ਰਾਹਿਰਕਰ ਅਤੇ ਸੁਧਾਕਰ ਧਰ ਦੁਵੇਦੀ ਉਰਫ਼ ਦਯਾਨੰਦ ਪਾਂਡੇ। ਜੱਜ ਏ.ਕੇ. ਲਾਹੋਟੀ ਦੀ ਅਗਵਾਈ ਹੇਠ ਵਿਸ਼ੇਸ਼ ਅਦਾਲਤ ਨੇ ਕਿਹਾ ਕਿ ਮੁਕੱਦਮਾ ਪੱਖ ਇਹ ਮਾਮਲਾ 'ਸ਼ੱਕ ਤੋਂ ਪਰੇ' ਸਾਬਤ ਕਰਨ ਵਿਚ ਅਸਫ਼ਲ ਰਿਹਾ ਅਤੇ ਅਦਾਲਤ ਨੇ ਦੋਸ਼ੀਆਂ ਨੂੰ 'ਸ਼ੱਕ ਦਾ ਲਾਭ ਮਿਲਣ ਦੇ ਯੋਗ' ਮੰਨਿਆ। ਸਾਧਵੀ ਨੇ ਅਦਾਲਤੀ ਫ਼ੈਸਲੇ ਨੂੰ 'ਹਿੰਦੁਤਵ ਅਤੇ ਧਰਮ ਦੀ ਜਿੱਤ' ਦੱਸਿਆ। ਹਾਲਾਂਕਿ ਇਹ ਜੱਗ ਜ਼ਾਹਿਰ ਹੈ ਕਿ ਸੰਘ ਬਰਗੇਡ ਦਾ ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਧਰਮ ਦਾ ਸਹਾਰਾ ਤਾਂ ਇਹ ਆਪਣੇ 'ਹਿੰਦੂ ਰਾਸ਼ਟਰ' ਦੇ ਰਾਜਨੀਤਕ ਪ੍ਰੋਜੈਕਟ ਨੂੰ ਆਮ ਲੋਕਾਂ ਵਿਚ ਜਚਣਹਾਰ ਬਣਾਉਣ ਲਈ ਲੈਂਦੇ ਹਨ।

ਇਸ ਬੰਬ ਕਾਂਡ ਦੀ ਮੁੱਢਲੀ ਜਾਂਚ ਮਹਾਰਾਸ਼ਟਰ ਏ.ਟੀ.ਐੱਸ. (ਐਂਟੀ ਟੈਰਰਿਸਟ ਸੁਕੈਡ) ਦੇ ਮੁਖੀ ਮਰਹੂਮ ਹੇਮੰਤ ਕਰਕਰੇ ਦੀ ਅਗਵਾਈ 'ਚ ਕੀਤੀ ਗਈ। ਜਾਂਚ ਵਿਚ ਆਰ.ਡੀ.ਐਕਸ. ਅਤੇ ਐਮੋਨੀਅਮ ਨਾਈਟਰੇਟ ਵਰਤੇ ਜਾਣ ਦੇ ਸੰਕੇਤ ਮਿਲੇ। ਇਸ ਕਾਂਡ ਵਿਚ ਵਰਤੇ ਗਏ ਐੱਲਐੱਮਐੱਲ ਫਰੀਡਮ ਮੋਟਰਸਾਈਕਲ ਦੀ ਨੰਬਰ ਪਲੇਟ ਜਾਅਲੀ ਸੀ। ਛਾਣਬੀਣ ਕਰਨ 'ਤੇ ਮੋਟਰ ਸਾਈਕਲ ਪ੍ਰਗਿਆ ਸਿੰਘ ਠਾਕੁਰ ਦਾ ਨਿਕਲਿਆ। ਸਾਧਵੀ ਨੇ ਪਹਿਲਾਂ ਤਾਂ ਇਹ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ ਕਿ ਇਹ ਬਾਈਕ ਉਸੇ ਦਾ ਹੈ। ਪਰ ਜਾਂਚ ਅੱਗੇ ਉਸਦਾ ਝੂਠ ਟਿਕ ਨਾ ਸਕਿਆ। ਮਾਲੇਗਾਓਂ ਕਾਂਡ ਦਾ ਵਿਚਾਰਧਾਰਕ ਮਾਰਗਦਰਸ਼ਕ ਸਵਾਮੀ ਦਯਾਨੰਦ ਪਾਂਡੇ ਅਤੇ ਮਾਸਟਰਮਾਈਂਡ ਲੈਫਟੀਨੈਂਟ ਕਰਨਲ ਸ਼੍ਰੀਕਾਂਤ ਪੁਰੋਹਿਤ ਸੀ, ਜਿਸਨੇ ਫ਼ੌਜ ਵਿਚ ਆਪਣੇ ਅਹੁਦੇ ਦਾ ਫ਼ਾਇਦਾ ਉਠਾ ਕੇ ਭਾਰਤੀ ਫ਼ੌਜ ਦੇ ਗੋਦਾਮਾਂ ਤੋਂ ਆਰਡੀਐਕਸ ਸਪਲਾਈ ਕੀਤਾ। ਬਾਕੀਆਂ ਨੇ ਆਪੋ ਆਪਣੀ ਭੂਮਿਕਾ ਨਿਭਾਈ। ਇਹ ਸਾਰੇ ਕੱਟੜਪੰਥੀ ਹਿੰਦੁਤਵ ਗਰੁੱਪ 'ਅਭਿਨਵ ਭਾਰਤ' ਨਾਲ ਸੰਬੰਧਤ ਸਨ ਜੋ ਹਿੰਦੂ ਰਾਸ਼ਟਰ ਦੀ ਸਥਾਪਨਾ ਲਈ ਸ਼ਰੇਆਮ ਹਿੰਸਾ ਦੀ ਵਕਾਲਤ ਕਰਦਾ ਸੀ।



ਜਾਂਚ ਤੋਂ ਬਾਅਦ ਏਟੀਐੱਸ ਦੀ 4,500 ਪੰਨਿਆਂ ਦੀ ਚਾਰਜਸ਼ੀਟ ਵਿਚ ਇਹ ਸਾਜ਼ਿਸ਼ ਇਸ ਤਰ੍ਹਾਂ ਦਰਜ ਕੀਤੀ ਗਈ ਸੀ: ਬੰਬ ਧਮਾਕਿਆਂ ਦੀ ਯੋਜਨਾ 'ਅਭਿਨਵ ਭਾਰਤ' ਨਾਂ ਦੀ ਕੱਟੜ ਹਿੰਦੁਤਵੀ ਸੰਸਥਾ ਨੇ ਬਣਾਈ ਸੀ ਅਤੇ ਇਹ ਜਥੇਬੰਦੀ ਲੈਫਟੀਨੈਂਟ ਕਰਨਲ ਪੁਰੋਹਿਤ ਅਤੇ ਹੋਰ ਦੋਸ਼ੀਆਂ ਵੱਲੋਂ ਹਿੰਦੂ ਰਾਸ਼ਟਰ ਦੀ ਸਥਾਪਨਾ ਕਰਨ ਦੇ ਮਕਸਦ ਨਾਲ ਬਣਾਈ ਗਈ ਸੀ। ਇਸ ਬਾਰੇ ਰਾਇਗੜ੍ਹ ਕਿਲਾ, ਦੇਵਲਾਲੀ, ਪੁਣੇ, ਭੋਪਾਲ, ਇੰਦੌਰ, ਫਰੀਦਾਬਾਦ, ਕੋਲਕਾਤਾ ਅਤੇ ਨਾਸਿਕ ਵਿਚ ਗੁਪਤ ਮੀਟਿੰਗਾਂ ਕੀਤੀਆਂ ਗਈਆਂ। ਪੁਰੋਹਿਤ ਨੇ ਜੰਮੂ-ਕਸ਼ਮੀਰ ਵਿਚ ਤਾਇਨਾਤੀ ਦੌਰਾਨ ਫ਼ੌਜ ਦੇ ਭੰਡਾਰ ਤੋਂ ਵਿਸਫੋਟਕ ਸਮੱਗਰੀ ਚੋਰੀ ਕਰਕੇ ਮੁਹੱਈਆ ਕਰਾਈ। ਬੰਬ ਸੁਧਾਕਰ ਚਤੁਰਵੇਦੀ ਦੇ ਘਰ ਵਿਚ ਬਣਾਏ ਗਏ, ਜਿਸ ਦੀਆਂ ਚਾਬੀਆਂ ਫ਼ੌਜ ਦੀ ਖ਼ੁਫ਼ੀਆ ਬਰਾਂਚ ਦੇ ਦਫ਼ਤਰ ਵਿਚ ਰੱਖੀਆਂ ਜਾਂਦੀਆਂ ਸਨ।

ਮਾਲੇਗਾਓਂ ਜਾਂਚ ਦੌਰਾਨ ਸਾਹਮਣੇ ਆਇਆ ਕਿ ਇਹ ਇਕੱਲਾ ਕਾਂਡ ਨਹੀਂ ਸੀ, ਹੋਰ ਬਹੁਤ ਸਾਰੇ ਬੰਬ ਕਾਂਡ ਵੀ ਇਸੇ ਤਰ੍ਹਾਂ ਕੀਤੇ ਗਏ ਸਨ। ਨਾਂਦੇੜ ਬਲਾਸਟ (2006) ਵਿਚ ਬੰਬ ਬਣਾਉਣ ਦੀ ਸਿਖਲਾਈ ਦਾ ਸੰਬੰਧ ਭੋਂਸਲਾ ਮਿਲਟਰੀ ਸਕੂਲ ਨਾਲ ਜੁੜਦਾ ਸੀ। ਠਾਣੇ-ਪਨਵੇਲ ਬਲਾਸਟ (2008) ਵਿਚ 'ਸਨਾਤਨ ਸੰਸਥਾ' ਅਤੇ 'ਹਿੰਦੂ ਜਨਜਾਗ੍ਰਤੀ ਸਮਿਤੀ' ਦਾ ਸੰਬੰਧ ਸਾਹਮਣੇ ਆਇਆ। ਜੇ ਜਾਂਚ ਅਧਿਕਾਰੀ ਨਾਰਕੋ ਟੈਸਟ ਦੀ ਅੱਗੇ ਜਾ ਕੇ ਕਰਨਲ ਪੁਰੋਹਿਤ ਅਤੇ ਹੋਰਾਂ ਦੀ ਭੂਮਿਕਾ ਦੀ ਡੂੰਘਾਈ 'ਚ ਜਾਂਚ ਕਰਦੇ ਤਾਂ 2006-08 ਵਿਚ ਵਾਪਰੇ ਦਹਿਸ਼ਤਗਰਦ ਕਾਂਡਾਂ ਦੀ ਲੜੀ ਬਾਰੇ ਹੋਰ ਬਹੁਤ ਕੁਝ ਸਾਹਮਣੇ ਆ ਜਾਣਾ ਸੀ।

ਫਿਰ ਵੀ, ਕਰਕਰੇ ਵੱਲੋਂ ਕੀਤੀ ਜਾਂਚ ਨਾਲ ਨਾ ਸਿਰਫ਼ ਮਾਲੇਗਾਓਂ ਕੇਸ ਦੀ ਗੁੱਥੀ ਸੁਲਝ ਗਈ ਸਗੋਂ ਉਸ ਨੂੰ ਅਜਿਹੇ ਠੋਸ ਸਬੂਤ ਮਿਲੇ, ਜਿਨ੍ਹਾਂ ਨਾਲ ਉਸ ਸਮੇਂ ਹੋਏ ਬਹੁਤ ਸਾਰੇ ਬੰਬ ਕਾਂਡਾਂ ਪਿਛਲੀ ਵੱਡੀ ਸਾਜ਼ਿਸ਼ ਬੇਪਰਦ ਹੋ ਗਈ। ਨਵੰਬਰ 2008 'ਚ ਹੋਏ 'ਮੁੰਬਈ ਦਹਿਸ਼ਤਗਰਦ' ਕਾਂਡ (26/11) ਵਿਚ ਕਰਕਰੇ ਸ਼ੱਕੀ ਹਾਲਾਤ ਵਿਚ ਮਾਰਿਆ ਗਿਆ। ਹਿੰਦੁਤਵੀ ਦਹਿਸ਼ਤਗਰਦ ਨੈੱਟਵਰਕ ਦਾ ਪਰਦਾਫਾਸ਼ ਕਰਨ ਵਾਲੇ ਕਰਕਰੇ ਨੂੰ ਜ਼ਹਿਰੀਲੇ ਪ੍ਰਚਾਰ ਦਾ ਸਾਹਮਣਾ ਵੀ ਕਰਨਾ ਪਿਆ। ਕਰਕਰੇ ਦੀ ਮੌਤ ਅੱਜ ਵੀ ਸਵਾਲਾਂ ਦੇ ਘੇਰੇ 'ਚ ਹੈ। ਮਹਾਰਾਸ਼ਟਰ ਪੁਲਿਸ ਦੇ ਸਾਬਕਾ ਉੱਚ ਅਧਿਕਾਰੀ ਐੱਸ.ਐੱਮ.ਮੁਸ਼ਰਿਫ਼ ਨੇ 'ਕਰਕਰੇ ਦੀ ਹੱਤਿਆ ਕਿਸ ਨੇ ਕੀਤੀ', 'ਬ੍ਰਾਹਮਣਵਾਦੀਆਂ ਦੇ ਦਹਿਸ਼ਤੀ ਕਾਰੇ', 'ਆਰ.ਐੱਸ.ਐੱਸ. ਸਭ ਤੋਂ ਵੱਡਾ


(ਬਾਕੀ ਅਗਲੇ ਸਫੇ 'ਤੇ)

# ਹੁਸ਼ਿਆਰ ਖਬਰਦਾਰ !

ਚਰਨਜੀਤ ਸਿੰਘ ਪੰਨੂ

ਹੁਸ਼ਿਆਰ ਖਬਰਦਾਰ ਦੁਰਘਟਨਾ ਦੀ ਜਗ੍ਹਾ: ਨਮਸਤੇ ਪਲਾਜ਼ਾ ਤੇ ਸਪਰਾਊਟਸ ਵਿਚਕਾਰ ਬਿਲਡਿੰਗ 1171 ਦੇ ਸਾਹਮਣੇ ਪਾਰਕਿੰਗ ਲਾਟ ਕੈਪੀਟਲ ਐਕਸਪ੍ਰੈਸ ਵੇ, ਸੈਨਹੋਜ਼ੇ। ਮਿਤੀ ਜੁਲਾਈ 19, 2025, ਸਮਾਂ 11. 48-11. 53 ਦੇ ਵਿਚਕਾਰ। ਮੈਂ ਨਮਸਤੇ ਪਲਾਜ਼ਾ ਤੋਂ ਕੁੱਝ ਸਾਮਾਨ ਲੈ ਕੇ ਆਪਣੀ ਕਾਰ ਵੱਲ ਆਇਆ ਤਾਂ ਅਚਾਨਕ ਇੱਕ ਸਫ਼ੈਦ ਰੰਗ ਦੀ ਪੁਰਾਣੀ ਜਿਹੀ ਵੱਡੀ ਕਾਰ ਮੇਰੇ ਸਾਹਮਣੇ ਆ ਰੁਕੀ। ਪਸੰਜਰ ਸਾਈਡ 'ਤੇ ਬੈਠੀ ਔਰਤ ਨੇ ਦਰਵਾਜ਼ਾ ਖੋਲ੍ਹਦੇ 'ਹੈਲੋ ਪਾਪਾ ਜੀ! ਕੈਸੇ ਓ!' ਹੱਥ ਵਿਚ ਇੱਕ ਮੁੰਦੀ ਸਮੇਤ ਕੁੱਝ ਹੋਰ ਸਾਮਾਨ ਮੇਰੇ ਵੱਲ ਵਧਾਉਂਦੇ ਹੱਸਦੇ ਮੁਸਕਰਾਉਂਦੇ ਮੇਰਾ ਖੱਬਾ ਹੱਥ ਫੜ ਲਿਆ। ਮੈਂ ਇੱਕ ਮੁੰਦੀ ਸਮੇਤ ਕੁੱਝ ਕਾਗ਼ਜ਼ ਆਪਣੇ ਸੱਜੇ ਹੱਥ ਵਿਚ ਪਕੜ ਲਏ। 'ਮੈਂ ਠੀਕ ਹਾਂ ਧੰਨਵਾਦ।' ਮੈਂ ਉਹ ਬਾਈਬਲ ਪ੍ਰਚਾਰਕ ਸਮਝੇ ਜੋ ਰਾਹਾਂ ਗਲੀਆਂ ਵਿਚ ਪ੍ਰਚਾਰ ਕਰਦੇ ਆਮ ਹੀ ਮਿਲ ਜਾਂਦੇ ਹਨ। ਔਰਤ ਨੇ ਮੂੰਹ ਵਿਚ ਕੁੱਝ ਗੁਣਗੁਣਾਉਂਦੀ ਮੇਰੇ ਖੱਬੇ ਗੁੱਟ ਦੇ ਕਮੀਜ਼ ਕਫ਼ ਤੇ ਕੁੱਝ ਘਸਾਉਣਾ ਸ਼ੁਰੂ ਕਰ ਦਿੱਤਾ ਜਿਵੇਂ ਏਅਰਪੋਰਟ 'ਤੇ ਪਗੜੀ ਚੈਂਕ ਕਰਨ ਲਈ ਪੇਪਰ ਸਕੈਨਰ ਵਰਤਦੇ ਹਨ। 'ਤੁਸੀਂ ਵੀ ਇਹਦੇ ਲਈ ਅਰਦਾਸ ਕਰੋ।' ਡਰਾਈਵਰ ਨੇ ਤਰਲਾ ਜਿਹਾ ਕੀਤਾ। ਮੈਂ ਸਮਝਿਆ ਹੱਥ 'ਤੇ ਫੁਲਬਹਿਰੀ ਜਿਹੀ ਵਾਲੀ ਇਹ ਔਰਤ ਬਿਮਾਰ ਹੈ ਤੇ ਮੈਨੂੰ ਕੋਈ ਧਾਰਮਿਕ ਫੱਕਰ ਸਮਝ ਕੇ ਆਸ਼ੀਰਵਾਦ ਮੰਗ ਰਹੇ ਹਨ।

ਚਾਲੀ ਕੁ ਸਾਲ ਦੀ ਉਸ ਮੈਕਸੀਕਨ ਮੂਲ ਦੀ ਜਾਪਦੀ ਔਰਤ ਨੇ ਪਲਕ ਝਲਕ ਵਿਚ ਇੱਕ ਮੁੰਦੀ ਮੇਰੀ ਉਂਗਲ ਵਿਚ ਫਸਾ ਦਿੱਤੀ। 'ਇਹ ਤੁਹਾਡੇ ਲਈ ਸੁਹੰਢਣੀ ਰਹੇਗੀ।' ਉਸੇ ਵੇਲੇ ਮੇਰੀ ਵਿਚਕਾਰਲੀ ਉਂਗਲ ਵਿਚੋਂ ਮੇਰੀ ਮੁੰਦੀ ਲਾਹ ਕੇ ਮੇਰੀ ਛਾਤੀ ਵਾਲੀ ਜੇਬ ਵਿਚ ਪਾ ਦਿੱਤੀ ਤੇ ਆਪਣੇ ਵਾਲੀ ਇਸ



ਜਗ੍ਹਾ ਪਾ ਦਿੱਤੀ। ਆਪਣੇ ਡੈਸ਼ ਬੋਰਡ ਵਿਚੋਂ ਸੌ ਡਾਲਰ ਦਾ ਨੋਟ, ਇੱਕ ਚੇਨ ਤੇ ਮੁੰਦੀ ਕੱਢ ਕੇ ਹੱਥ ਵਿਚ ਪਕੜ ਲਏ। 'ਨੋ ਨੋ ਮੈਂ ਇਹ ਨਹੀਂ ਲੈਣੇ।' ਮੈਂ ਮਨ੍ਹਾ ਕਰ ਕੇ ਪਿੱਛੇ ਮੁੜਨ ਲੱਗਾ। ਮੇਰੇ ਨਾਂਹ ਨਾਂਹ ਕਰਦੇ ਉਸ ਨੇ ਉਹ ਮੇਰੀ ਜੇਬ ਤੱਕ ਵਧਾਏ ਜਿਵੇਂ ਜਬਰੀ ਪ੍ਰੇਮ ਨਾਲ ਮੇਰੀ ਜੇਬ ਵਿਚ ਪਾਉਣਾ ਚਾਹੁੰਦੀ ਹੋਵੇ। ਪਿੱਛੇ ਹਟਦੇ ਮੈਂ ਜਾਚਿਆਂ ਉਹ ਨੋਟ ਤੋਂ ਬਿਨਾਂ





ਹੋਰ ਹੱਥ ਵਾਲਾ ਸਾਮਾਨ ਮੇਰੀ ਜੇਬ ਵਿਚ ਸੁੱਟ ਗਈ! ਮੈਂ ਬਿਨਾਂ ਕਿਸੇ ਸ਼ੱਕ ਪਿੱਛੇ ਮੁੜ ਗਿਆ। ਇੱਕ ਮੇਰੀ ਮੁੰਦੀ! ਸਮੇਤ ਚੈਨੀ ਮੇਰੀ ਜੇਬ ਵਿਚ ਰੜਕ ਰਹੀ ਸੀ ਜੋ ਮੈਂ ਟੋਹ ਕੇ ਵੇਖੀ। ਉਨ੍ਹਾਂ ਦੀਆਂ ਸੰਦੇਹ ਭਿੱਜੀਆਂ ਹਰਕਤਾਂ ਚਿੱਥਦੇ ਘਰ ਜਾ ਕੇ ਘੰਟੇ ਕੁ ਬਾਦ ਮੈਂ ਸੋਚਿਆ ਮੈਂ ਆਪਣੀ ਮੁੰਦੀ ਪਾ ਲਵਾਂ ਤੇ ਉਨ੍ਹਾਂ ਵਾਲਾ ਨਕਲੀ ਜਿਹਾ ਮਾਲ ਬਾਹਰ ਸੁੱਟ ਮਾਰਾਂ। ਪਰ! ਪਰ! ਇੱਥੇ ਮੇਰੀ ਮੁੰਦੀ ਨਹੀਂ ਸੀ ਜੋ ਉਹ ਆਪਣਾ ਰੱਦੀ ਮਾਲ ਪਾਉਣ ਦੇ ਬਹਾਨੇ ਮੇਰਾ ਅਸਲੀ ਖਰਾ ਮਾਲ ਝਪਟ ਕੇ ਲੈ ਗਈ! ਪੰਜ ਮਿੰਟਾਂ ਦੇ ਇਸ ਡਰਾਮੇ ਦੇ ਜਾਦੂਮਈ ਵਰਤਾਰੇ ਨੇ ਮੈਨੂੰ ਪੜ੍ਹਿਆ-ਲਿਖਿਆ ਬੇਵਕੂਫ਼ ਬਣਾ ਦਿੱਤਾ! ਹਾਏ ਮੇਰੀ ਪਿਆਰੀ ਡੁਬਈ ਮਾਰਕਾ ਪੰਦਰਾਂ ਗਰਾਮ ਤੋਂ ਵਧੀਕ ਐਂਕਰ ਮੋਹਰ ਵਾਲੀ ਭਾਰੀ ਜਿਹੀ ਸੋਨ ਮੁੰਦੀ ਜੋ ਕੁੱਝ ਦੇਰ ਪਹਿਲਾਂ ਮੇਰੀ ਸੀ, ਹੁਣ ਪਤਾ ਨਹੀਂ ਕੀਹਦੀ? ਕਿੱਥੇ? ਉਸ ਨਾਲ ਕੀ ਬੀਤੀ ਜਾਂ ਬੀਤਦੀ ਹੋਵੇਗੀ ਜਾਂ ਕਿਸੇ ਸੁਨਿਆਰੇ ਦੀ ਭੱਠੀ ਪੈ ਕੇ ਨਵੇਂ ਜਾਮੇ ਜਾ ਚੁੱਕੀ ਹੋਵੇਗੀ!

ਕੈਲੀਫੋਰਨੀਆ ਦੇ ਸੈਨਹੋਜ਼ੇ ਨਗਰ ਨਿਗਮ ਦੀ ਪੁਲਸ ਨੂੰ ਫ਼ੋਨ ਕਰਨ ਦੀ ਕੋਸ਼ਿਸ਼ ਕੀਤੀ ਪਰ ਕੋਈ ਨਹੀਂ ਮਿਲਿਆ। ਮੈਂ ਦੋ ਵੇਰਾਂ ਡਾਊਨ ਟਾਊਨ ਥਾਣੇ ਵੀ ਜਾ ਆਇਆ। ਨਫ਼ਰੀ ਬਹੁਤ ਘੱਟ ਤੇ ਵਾਰਦਾਤਾਂ ਜ਼ਿਆਦਾ ਹੋਣ ਕਾਰਨ ਮਾੜੀ ਮੋਟੀ ਚੋਰੀ ਡਾਕਾ ਰਪਟ ਉਹ ਲਿਖਦੇ ਵੀ ਨਹੀਂ। ਕਹਿੰਦੇ ਨਾਨ-ਐਮਰਜੈਂਸੀ ਨੰਬਰ 'ਤੇ ਰਿਪੋਰਟ ਲਿਖਾਓ, ਉਹ ਵੀ ਨਹੀਂ ਮਿਲਿਆ। ਦੋ ਲੱਖ ਦੇ ਕਰੀਬ ਨੁਕਸਾਨ ਕਰਾਇਆ, ਨਾਲੇ ਬਾਹਰੋਂ ਭੜਵਾ ਕਹਾਇਆ! ਮੇਰਾ ਇਹ ਲਿਖਣ ਦਾ ਮਤਲਬ ਉੱਪਰ ਵਾਲੀ ਆਪਣੀ 'ਸਤਨਾਜਾ' ਕਹਾਣੀ ਮਾਲਾ ਜਾਂ ਕੁਲਵਿੰਦਰ ਦੀ ਫ਼ੋਟੋ ਦਿਖਾਉਣਾ ਨਹੀਂ ਸਗੋਂ ਇਸ ਫ਼ੋਟੋ ਵਿਚਲੀ ਮੇਰੀ ਉਸ ਪਿਆਰੀ ਨਿਆਰੀ ਮੁੰਦਰੀ ਦੇ ਤੁਹਾਨੂੰ ਦਰਸ਼ਨ ਕਰਾਉਣਾ ਹੈ। ਉਨ੍ਹਾਂ ਦਾ ਛੱਡਿਆ ਹੋਰ ਸਾਮਾਨ ਵੀ ਨੁਮਾਇਸ਼ ਹਾਜ਼ਰ ਹੈ। ਸ਼ਾਇਦ ਤੁਸੀਂ ਮੇਰੇ ਇਸ ਤਜਰਬੇ ਤੋਂ ਸਤਰਕ ਚੁਕੰਨੇ ਹੋ ਜਾਓ। ਕਿਸੇ ਦੇ ਮੂੰਹ 'ਤੇ ਚੋਰ ਠੱਗ ਨਹੀਂ ਲਿਖਿਆ ਹੁੰਦਾ! ਮੁਸਾਫ਼ਰ ਆਪਣੀ ਗਠੜੀ ਦਾ ਆਪ ਜ਼ਿੰਮੇਵਾਰ ਹੈ। ਮੈਂ ਠੱਗਿਆ ਗਿਆ ਹਾਂ, ਤੁਸੀਂ ਬਚੋ, ਨਾ ਠੱਗੇ ਜਾਇਓ।

---

## ਮਾਲੇਗਾਓਂ ਬੰਬ ਕੇਸ...

*(ਪਿਛਲੇ ਸਫੇ ਦਾ ਬਾਕੀ)*

ਦਹਿਸ਼ਤਗਰਦ ਸੰਗਠਨ' ਨਾਂ ਦੀ ਚਰਚਿਤ ਕਿਤਾਬਾਂ ਵੀ ਲਿਖੀਆਂ ਹਨ । ਜਿਨ੍ਹਾਂ ਵਿਚ ਉਸਨੇ ਠੋਸ ਤੱਥ ਪੇਸ਼ ਕਰਕੇ ਆਰ.ਐਸ.ਐਸ. ਸਮੇਤ ਸੰਘ ਪਰਿਵਾਰ ਬਾਰੇ ਬਹੁਤ ਹੀ ਅਹਿਮ ਖ਼ੁਲਾਸੇ ਕੀਤੇ ਹਨ। ਜਿਨ੍ਹਾਂ ਦਾ ਨਿਚੋੜ ਇਹ ਹੈ ਕਿ 26/11 ਹਮਲੇ ਦੌਰਾਨ ਕਰਕਰੇ ਨੂੰ ਗਿਣੀ-ਮਿੱਥੀ ਸਾਜ਼ਿਸ਼ ਦੇ ਤਹਿਤ ਮਾਰ ਦਿੱਤਾ ਗਿਆ ਤਾਂ ਜੋ ਉਸ ਵੱਲੋਂ ਕੀਤੀ ਜਾਂਚ ਦੇ ਬੇਹੱਦ ਮਹੱਤਵਪੂਰਨ ਸਬੂਤ ਹੀ ਮਿਟਾ ਦਿੱਤੇ ਜਾਣ। ਇਨ੍ਹਾਂ ਕਿਤਾਬਾਂ ਬਾਰੇ ਸੰਘ ਖ਼ਾਮੋਸ਼ ਹੈ।

ਕਰਕਰੇ ਦੀ ਜਾਂਚ ਵਿਚ ਸਾਹਮਣੇ ਆਇਆ ਕਿ ਬੰਬ ਧਮਾਕੇ ਕੱਟੜ ਹਿੰਦੂਤਵਵਾਦੀ ਧਾਰਮਿਕ ਅਨਸਰਾਂ ਅਤੇ ਫ਼ੌਜੀ ਅਧਿਕਾਰੀਆਂ ਵੱਲੋਂ ਬਣਾਈ ਡੂੰਘੀ ਸਾਜ਼ਿਸ਼ ਤਹਿਤ ਕੀਤੇ ਗਏ ਸਨ। ਤਤਕਾਲੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਇਸ ਨੂੰ 'ਭਗਵਾ ਦਹਿਸ਼ਤਗਰਦੀ' ਕਿਹਾ ਸੀ, ਇਹ ਗੱਲ ਵੱਖਰੀ ਹੈ ਕਿ ਆਪਣੀ ਖ਼ਸਲਤ ਅਨੁਸਾਰ ਸੱਤਾਧਾਰੀ ਹੋਣ ਸਮੇਂ ਕਾਂਗਰਸ ਨੇ ਇਹ ਜਾਂਚ ਕਿਸੇ ਤਣ-ਪੱਤਣ ਨਹੀਂ ਲਗਾਈ। 'ਅਭਿਨਵ ਭਾਰਤ' ਤਾਂ ਮਹਿਜ਼ ਮੋਹਰਾ ਸੀ। ਜੇਕਰ ਤਤਕਾਲੀ ਕਾਂਗਰਸ ਸਰਕਾਰ ਇਸ ਦੀ ਡੂੰਘੀ ਜਾਂਚ ਕਰਾਉਂਦੀ ਤਾਂ ਇਸ ਸਾਜ਼ਿਸ਼ ਦੇ ਪ੍ਰਮੁੱਖ ਸੂਤਰਧਾਰਾਂ ਦਾ ਸਾਰਾ ਭੇਤ ਖੁੱਲ੍ਹ ਜਾਣਾ ਸੀ।

ਜਿੰਨੀ ਕੁ ਵੀ ਜਾਂਚ ਹੋਈ, ਉਸੇ ਤੋਂ ਲੱਗਿਆ ਕਿ ਆਰ.ਡੀ.ਐਕਸ. ਵਰਗੇ ਖ਼ਤਰਨਾਕ ਵਿਸਫੋਟਕ, ਜੋ ਕਾਨੂੰਨਨ ਸਿਰਫ਼ ਭਾਰਤੀ ਫ਼ੌਜ ਕੋਲ ਹੀ ਹੁੰਦੇ ਹਨ, ਬੰਬ ਵਗੈਰਾ ਬਣਾਉਣ ਦੀ ਸਿਖਲਾਈ ਅਤੇ ਹੋਰ ਲਾਜਿਸਟਿਕਸ ਮੱਦਦ ਭਾਰਤੀ ਫ਼ੌਜ ਵਿਚਲੇ ਹਿੰਦੂਤਵ ਪੱਖੀ ਅਨਸਰ ਮੁਹੱਈਆ ਕਰਵਾਉਂਦੇ ਸਨ। ਸਿਖਲਾਈ ਕੇਂਦਰ ਭੋਂਸਲਾ ਮਿਲਟਰੀ ਸਕੂਲ ਸਨ। ਆਕਾਂਕਸ਼ਾ ਰਿਜ਼ੌਰਟ (ਪੂਣੇ) ਵਿਚ ਗੁਪਤ ਮੀਟਿੰਗਾਂ ਅਤੇ ਬੰਬ ਬਣਾਉਣ ਦੀ ਸਿਖਲਾਈ ਹੁੰਦੀ ਸੀ। ਸਵਾਮੀ ਦਯਾਨੰਦ ਪਾਂਡੇ ਦੇ ਮੀਟਿੰਗਾਂ ਦੇ ਰਿਕਾਰਡ ਵਿਚ ਹਿੰਦੂ ਰਾਜ ਬਣਾਉਣ, ਆਪਣਾ ਸੰਵਿਧਾਨ ਅਤੇ ਫ਼ੌਜ ਬਣਾਉਣ ਦੀ ਯੋਜਨਾ ਦਰਜ ਸੀ।

ਉਨ੍ਹਾਂ ਸਾਲਾਂ ਵਿਚ ਹੋਏ ਬੰਬ ਕਾਂਡਾਂ ਪਿੱਛੇ 'ਇਸਲਾਮਿਕ ਦਹਿਸ਼ਤਗਰਦਾਂ ਦਾ ਹੱਥ' ਦੱਸ ਕੇ ਪੁਲਿਸ ਵੱਲੋਂ ਦਰਜਨਾਂ ਬੇਕਸੂਰ ਮੁਸਲਮਾਨਾਂ ਨੂੰ ਗ਼ੈਰਕਾਨੂੰਨੀ ਹਿਰਾਸਤ ਵਿਚ ਰੱਖ ਕੇ ਬੇਕਿਰਕੀ ਨਾਲ ਤਸੀਹੇ ਦਿੱਤੇ ਗਏ ਅਤੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸਾੜਿਆ ਗਿਆ। ਕਰਕਰੇ ਦੀ ਜਾਂਚ ਦਾ ਕੇਂਦਰੀ ਨੁਕਤਾ ਇਹ ਸੀ ਕਿ ਇਨ੍ਹਾਂ ਬੰਬ ਕਾਂਡਾਂ ਦਾ ਯੋਜਨਾਘਾੜਾ ਹਿੰਦੂਤਵੀ ਦਹਿਸ਼ਤਵਾਦੀ ਨੈਟਵਰਕ ਸੀ ਅਤੇ ਇਨ੍ਹਾਂ ਬੰਬ ਕਾਂਡਾਂ ਨੂੰ 'ਅਭਿਨਵ ਭਾਰਤ' ਦੇ ਦਹਿਸ਼ਤਗਰਦਾਂ ਵੱਲੋਂ ਅੰਜਾਮ ਦਿੱਤਾ ਗਿਆ ਸੀ। ਭੇਤ ਖੁੱਲ੍ਹ ਜਾਣ 'ਤੇ ਆਰ.ਐਸ.ਐਸ.-ਭਾਜਪਾ ਅਜਿਹੀਆਂ ਜਥੇਬੰਦੀਆਂ ਨੂੰ 'ਦੂਰੋਂ ਸੰਬੰਧਤ' ਕਹਿ ਕੇ ਪੱਲਾ ਝਾੜ ਲੈਂਦੀ ਹੈ। ਪਰ ਬੰਬ ਕਾਂਡਾਂ ਦੀ ਦੋਸ਼ੀ ਸਾਧਵੀ ਪ੍ਰਗਿਆ ਨੂੰ ਭਾਜਪਾ ਵੱਲੋਂ ਮੈਂਬਰ ਪਾਰਲੀਮੈਂਟ ਬਣਾਏ ਜਾਣ 'ਤੇ ਕੁਲ ਦੁਨੀਆ ਨੇ ਦੇਖ ਲਿਆ ਕਿ ਉਸਦਾ ਆਰਐੱਸਐੱਸ-ਭਾਜਪਾ ਨਾਲ ਮਾਂ-ਬੱਚੇ ਵਾਲਾ ਨਾੜੂਏ ਦਾ ਸੰਬੰਧ ਹੈ।

ਜਾਂਚ ਤੋਂ ਬਾਅਦ ਜਨਵਰੀ 2009 ਵਿਚ ਪਹਿਲੀ ਚਾਰਜਸ਼ੀਟ ਦਾਖ਼ਲ ਕੀਤੀ ਗਈ, ਜਿਸ ਵਿਚ ਪ੍ਰਗਿਆ ਠਾਕੁਰ ਅਤੇ ਕਰਨਲ ਪੁਰੋਹਿਤ ਸਮੇਤ 12 ਜਣੇ ਦੋਸ਼ੀ ਰੱਖੇ ਗਏ। 2011 ਵਿਚ ਇਹ ਕੇਸ ਐਨ.ਆਈ.ਏ. ਨੂੰ ਸੌਂਪ ਦਿੱਤਾ ਗਿਆ, ਜਿਸ ਨੇ 13 ਮਈ 2016 ਨੂੰ ਇਕ ਪੂਰਕ ਚਾਰਜਸ਼ੀਟ ਦਾਖ਼ਲ ਕੀਤੀ। ਅਤੇ ਇੱਥੋਂ ਕੇਸ ਨੇ ਨਵਾਂ ਮੋੜ ਲੈ ਲਿਆ। ਐੱਨਆਈਏ ਦੀ ਚਾਰਜਸ਼ੀਟ ਨੇ ਇਹ ਦਲੀਲ ਦੇ ਕੇ ਪ੍ਰਗਿਆ ਠਾਕੁਰ ਵਿਰੁੱਧ ਸਾਰੇ ਦੋਸ਼ ਹਟਾ ਦਿੱਤੇ ਕਿ ਉਸ ਵਿਰੁੱਧ ਕੋਈ ਭਰੋਸੇਯੋਗ ਸਬੂਤ ਨਹੀਂ ਮਿਲਿਆ। ਉਲਟਾ, ਐਨਆਈਏ ਨੇ ਦੋਸ਼ ਲਾਇਆ ਕਿ ਏਟੀਐੱਸ ਵੱਲੋਂ ਗਵਾਹਾਂ ਉੱਪਰ ਦਬਾਅ ਪਾ ਕੇ ਠਾਕੁਰ ਵਿਰੁੱਧ ਬਿਆਨ ਦਿਵਾਏ ਗਏ ਸਨ। ਏਜੰਸੀ ਨੇ ਇਹ ਵੀ ਸਿਫਾਰਸ਼ ਕੀਤੀ ਕਿ ਸਾਰੇ ਦੋਸ਼ੀਆਂ ਉੱਤੇ ਲਾਗੂ ਮਕੋਕਾ (ਮਹਾਰਾਸ਼ਟਰ ਆਰਗੇਨਾਈਜ਼ਡ ਕ੍ਰਾਈਮ ਕੰਟਰੋਲ ਐਕਟ) ਦੀਆਂ ਧਾਰਾਵਾਂ ਹਟਾ ਦਿੱਤੀਆਂ ਜਾਣ। ਉਸ ਸਮੇਂ ਦੇ ਵਿਸ਼ੇਸ਼ ਸਰਕਾਰੀ ਵਕੀਲ ਅਵਿਨਾਸ਼ ਰਸਾਲ ਨੂੰ ਜਾਣੂ ਕਰਵਾਏ ਬਿਨਾਂ ਦਾਖ਼ਲ ਕੀਤੇ ਜਾਣ ਕਾਰਨ ਇਹ ਚਾਰਜਸ਼ੀਟ ਵਿਵਾਦਾਂ 'ਚ ਵੀ ਘਿਰੀ। ਐੱਨਆਈਏ ਵੱਲੋਂ ਦੋਸ਼ ਮੁਕਤ ਕਰਨ ਦੇ ਬਾਵਜੂਦ, ਵਿਸ਼ੇਸ਼ ਐੱਨਆਈਏ ਅਦਾਲਤ ਨੇ ਓਦੋਂ ਪ੍ਰਗਿਆ ਠਾਕੁਰ ਨੂੰ ਦੋਸ਼ ਮੁਕਤ ਕਰਨ ਤੋਂ ਅਤੇ ਹਾਈ ਕੋਰਟ ਨੇ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਸੰਘ ਨੇ ਭਾਰਤੀ ਰਾਜ ਮਸ਼ੀਨਰੀ ਵਿਚ ਆਪਣੇ ਵਿਚਾਰਧਾਰਕ ਰਸੂਖ਼ ਤੇ ਡੂੰਘੀ ਘੁਸਪੈਠ ਦੀ ਮੱਦਦ ਨਾਲ ਉਪਰੋਕਤ ਕੇਸਾਂ ਦੀ ਸਹੀ ਜਾਂਚ ਹੀ ਨਹੀਂ ਹੋਣ ਦਿੱਤੀ। ਜਿਵੇਂ ਸਵਾਮੀ ਅਸੀਮਾਨੰਦ ਦੇ ਇਕਬਾਲੀਆ ਬਿਆਨ ਵਿਚ ਸਾਹਮਣੇ ਆਇਆ ਸੀ, ਸਮਝੌਤਾ ਐਕਸਪ੍ਰੈਸ (2007), ਅਜਮੇਰ ਦਰਗਾਹ ਬੰਬ ਕਾਂਡ (2007), ਮੱਕਾ ਮਸਜਿਦ (ਹੈਦਰਾਬਾਦ) ਬੰਬ ਕਾਂਡ (2007), ਨਾਂਦੇੜ ਬੰਬ ਕਾਂਡ, ਪਰਭਾਨੀ ਮਸਜਿਦ ਬੰਬ ਕਾਂਡ (2003-06), ਇਨ੍ਹਾਂ ਸਾਰਿਆਂ ਦਾ ਸੰਬੰਧ ਇਕ ਸਾਜ਼ਿਸ਼ ਨਾਲ ਜੁੜਦਾ ਸੀ।

ਦਰਅਸਲ, ਕਰਕਰੇ ਦੀ ਮੌਤ ਤੋਂ ਬਾਅਦ ਏਟੀਐੱਸ ਦੇ ਮੁਖੀਆਂ ਨੇ ਜਾਂਚ ਨੂੰ ਖ਼ਾਸ ਦਿਸ਼ਾ 'ਚ ਅੱਗੇ ਵਧਾਇਆ। 2011 ਤੋਂ ਬਾਅਦ 'ਹਿੰਦੂ ਦਹਿਸ਼ਤਗਰਦ ਨੈੱਟਵਰਕ' ਨੂੰ ਮੁੱਖ ਰੱਖ ਕੇ ਜਾਂਚ ਦੀ ਦਿਸ਼ਾ ਤਿਆਗ ਦਿੱਤੀ ਗਈ। ਸਿਰਫ਼ 14 ਦੋਸ਼ੀਆਂ 'ਤੇ ਧਿਆਨ ਕੇਂਦਰਿਤ ਕੀਤਾ, ਵਿਆਪਕ ਨੈੱਟਵਰਕ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਗੁਜਰਾਤ ਵਿਚ ਮੋਡਾਸਾ ਬੰਬ ਕਾਂਡ (2008) ਵੀ ਮਾਲੇਗਾਓਂ ਤਰਜ਼ 'ਤੇ ਵਾਪਰਿਆ ਸੀ ਪਰ ਗੁਜਰਾਤ ਪੁਲਿਸ ਵੱਲੋਂ ਜਾਂਚ ਦਬਾ ਦਿੱਤੀ ਗਈ। ਨਾਂਦੇੜ ਬੰਬ ਕਾਂਡ ਕੇਸ ਵਿਚ ਸੀਬੀਆਈ ਵੱਲੋਂ ਦੋਸ਼ ਘਟਾ ਦਿੱਤੇ ਗਏ। ਹਾਲਾਂਕਿ ਸਬੂਤ ਮੌਜੂਦ ਸਨ, ਏਟੀਐੱਸ ਵੱਲੋਂ ਆਈਪੀਸੀ ਦੀ ਧਾਰਾ 125 (ਦੇਸ਼ ਦੇ ਖਿਲਾਫ ਜੰਗ) ਨਹੀਂ ਲਾਈ ਗਈ। ਇਹ ਉਹ ਧਾਰਾ ਹੈ ਜਿਸ ਨੂੰ ਸਰਕਾਰੀ ਜਾਂਚ ਏਜੰਸੀਆਂ ਹਕੂਮਤ ਉੱਪਰ ਸਵਾਲ ਉਠਾਉਣ ਵਾਲੇ ਬੁੱਧੀਜੀਵੀਆਂ ਤੇ ਹੱਕਾਂ ਦੇ ਕਾਰਕੁਨਾਂ ਵਿਰੁੱਧ ਅਕਸਰ ਹੀ ਲਾਉਂਦੀਆਂ ਦੇਖੀਆਂ ਜਾ ਸਕਦੀਆਂ ਹਨ। ਵਿਸ਼ਵ ਹਿੰਦੂ ਪਰਿਸ਼ਦ ਦੇ ਪ੍ਰਵੀਨ ਤੋਗੜੀਆ ਤੇ ਗਿਰੀਰਾਜ ਕਿਸ਼ੋਰ ਆਦਿ ਵੱਡੇ ਆਗੂ ਅਜਿਹੇ ਹਮਲਿਆਂ ਲਈ ਅਕਸਰ ਖੁੱਲ੍ਹੇਆਮ ਉਕਸਾਉਂਦੇ ਰਹੇ, ਉਹ ਕਦੇ ਵੀ ਦੋਸ਼ੀ ਨਾਮਜ਼ਦ ਨਹੀਂ ਕੀਤੇ ਗਏ।

ਫ਼ੌਜ ਅਤੇ ਖੁਫ਼ੀਆ ਏਜੰਸੀਆਂ ਵਿਚ ਘੁਸਪੈਠ ਦੀ ਜਾਂਚ ਨਹੀਂ ਕੀਤੀ ਗਈ। ਏਟੀਐੱਸ ਵੱਲੋਂ ਤਿਆਰ ਕੀਤੀ ਚਾਰਜਸ਼ੀਟ ਵਿਚ (2009) ਵਿਚ ਅਜਿਹੀਆਂ ਖ਼ਾਮੀਆਂ ਰੱਖੀਆਂ ਗਈਆਂ ਤਾਂ ਜੋ ਕਾਨੂੰਨੀ ਪ੍ਰਕਿਰਿਆ ਦੌਰਾਨ ਕੇਸ ਇਸ ਕਦਰ ਕਮਜ਼ੋਰ ਪੈ ਜਾਵੇ ਕਿ ਦੋਸ਼ੀਆਂ ਦੇ ਬਰੀ ਹੋਣ ਦਾ ਰਾਹ ਪੱਧਰਾ ਹੋ ਜਾਵੇ। ਏਟੀਐੱਸ ਵੱਲੋਂ ਮਕੋਕਾ ਤਹਿਤ ਲਗਾਏ ਦੋਸ਼ 2017 'ਚ ਐੱਨਆਈਏ ਵੱਲੋਂ ਹਟਾ ਦਿੱਤੇ ਗਏ ਜੋ ਮੁਸਲਮਾਨਾਂ, ਦਲਿਤਾਂ ਤੇ ਸਰਕਾਰ ਵਿਰੋਧੀਆਂ ਨੂੰ ਦਬਾਉਣ ਲਈ ਵਰਤਿਆ ਜਾਂਦਾ ਹੈ। ਕੌਮੀ ਜਾਂਚ ਏਜੰਸੀ ਖ਼ਾਸ ਸੰਦ ਹੈ ਜੋ ਹਕੂਮਤ ਦੇ ਇਸ਼ਾਰੇ 'ਤੇ ਕੰਮ ਕਰਦੀ ਹੈ ਕਿ ਕਿਸ ਕੇਸ ਨੂੰ ਸਖ਼ਤ ਬਣਾਉਣਾ ਅਤੇ ਕਿਸ ਕੇਸ ਨੂੰ ਰਫ਼ਾ-ਦਫ਼ਾ ਕਰਨਾ ਹੈ। ਤੁਲਨਾ ਵਜੋਂ, ਹਿੰਦੂਤਵੀ ਦਹਿਸ਼ਤਗਰਦੀ ਦੇ ਬੰਬ ਕਾਂਡ ਕੇਸ ਅਤੇ ਦੂਜੇ ਪਾਸੇ ਬੁੱਧੀਜੀਵੀਆਂ ਵਿਰੁੱਧ ਭੀਮਾ-ਕੋਰੇਗਾਓਂ ਕੇਸ ਵਿਚ ਐੱਨਆਈਏ ਦੀ ਇਹ ਭੂਮਿਕਾ ਇਕਦਮ ਸਪਸ਼ਟ ਹੈ।

ਫ਼ੌਜੀ ਗੋਦਾਮਾਂ ਤੋਂ ਆਰਡੀਐਕਸ ਦੀ ਚੋਰੀ ਦੀ ਜਾਂਚ ਨਹੀਂ ਕੀਤੀ ਗਈ ਜੋ ਕਿ ਦੇਸ਼ਧ੍ਰੋਹ ਦਾ ਬੇਹੱਦ ਸੰਗੀਨ ਜੁਰਮ ਬਣਦਾ ਹੈ। ਮੱਕਾ ਮਸਜਿਦ ਕੇਸ ਵਿਚ ਨਿਰਦੋਸ਼ ਮੁਸਲਮਾਨਾਂ ਨੂੰ ਸਤਾਉਣ ਵਾਲੇ ਪੁਲਿਸ ਅਧਿਕਾਰੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਮਾਲੇਗਾਓਂ ਮੁਕੱਦਮੇ ਦੌਰਾਨ 30 ਗਵਾਹਾਂ ਦੀ ਮੌਤ ਹੋ ਗਈ। ਕੁਲ 323 ਵਿੱਚੋਂ 39 ਗਵਾਹਾਂ ਨੇ ਆਪਣੇ ਬਿਆਨ ਬਦਲ ਲਏ, ਜੋ ਇਸਦਾ ਸਬੂਤ ਹੈ ਕਿ ਉਨ੍ਹਾਂ ਉੱਪਰ ਕਿਸ ਤਰ੍ਹਾਂ ਦਾ ਦਬਾਅ ਪਿਆ। ਮੁਕੱਦਮੇ ਦੌਰਾਨ ਉਹ ਆਪਣੇ ਅਸਲ ਬਿਆਨਾਂ ਤੋਂ ਮੁੱਕਰ ਗਏ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਅਦਾਲਤ ਵੱਲੋਂ ਐਨੇ ਮਹੱਤਵਪੂਰਨ ਕੇਸ ਵਿਚ ਵੀ ਬਿਆਨ ਬਦਲਣ ਉੱਪਰ ਸਵਾਲ ਨਹੀਂ ਉਠਾਇਆ ਗਿਆ।

ਸਬੂਤਾਂ ਨੂੰ ਅਦਾਲਤ ਨੇ ਤਕਨੀਕੀ ਤੌਰ 'ਤੇ ਲਿਆ। ਜਿਵੇਂ ਮੋਟਰਸਾਈਕਲ ਦੇ ਚੈਸੀਸ ਅਤੇ ਇੰਜਣ ਨੰਬਰ ਮਿਟਾਏ ਗਏ ਹੋਣਾ, ਜਿਸ ਨੂੰ ਸਾਧਵੀ ਨਾਲ ਸੰਬੰਧਤ ਸਾਬਤ ਨਹੀਂ ਕੀਤਾ ਜਾ ਸਕਿਆ! ਅਦਾਲਤ ਨੇ ਕਿਹਾ ਕਿ ਪੇਸ਼ ਕੀਤੇ ਗਏ ਫੋਰੈਂਸਿਕ ਸਬੂਤ ਦੋਸ਼ੀਆਂ ਦਾ ਦੋਸ਼ ਸਾਬਤ ਨਹੀਂ ਕਰਦੇ; ਕਿ ਬੰਬ ਕਾਂਡ ਦੇ ਸਥਾਨ ਤੋਂ ਕੋਈ ਫਿੰਗਰਪਰਿੰਟ ਜਾਂ ਡੀਐੱਨਏ ਸਬੂਤ ਨਹੀਂ ਲਏ ਗਏ। ਪੇਸ਼ ਕੀਤੇ ਫੋਰੈਂਸਿਕ ਨਮੂਨੇ ਵਿਗੜੇ ਹੋਏ ਸਨ, ਜੋ ਅਦਾਲਤ ਅਨੁਸਾਰ ਭਰੋਸੇਯੋਗ ਨਹੀਂ। ਟੈਪ ਕੀਤੀਆਂ ਗਈਆਂ ਫ਼ੋਨ ਕਾਲਾਂ ਦੀ ਇਜਾਜ਼ਤ ਨਹੀਂ ਲਈ ਗਈ ਸੀ, ਇਸ ਕਰਕੇ ਉਨ੍ਹਾਂ ਨੂੰ ਅਦਾਲਤ ਨੇ ਸਬੂਤ ਵਜੋਂ ਮਨਜ਼ੂਰ ਨਹੀਂ ਕੀਤਾ। ਇਹ ਵੀ ਕਿ ਯੂਏਪੀਏ ਲਗਾਉਣ ਲਈ ਦੋ ਮਨਜ਼ੂਰੀਆਂ, ਜਿਨ੍ਹਾਂ ਉੱਪਰ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਵੱਲੋਂ ਦਸਖ਼ਤ ਕੀਤੇ ਗਏ ਸਨ, ਉਸ ਪ੍ਰਕਿਰਿਆ 'ਚ ਵੀ ਖ਼ਾਮੀਆਂ ਸਨ।

2014 ਵਿਚ ਭਾਜਪਾ ਸਰਕਾਰ ਬਣਦੇ ਸਾਰ ਹੀ ਇਸ ਕੇਸ ਨੂੰ ਦਬਾਉਣ ਅਤੇ ਸਾਧਵੀ ਪ੍ਰਗਿਆ ਸਿੰਘ, ਕਰਨਲ ਪੁਰੋਹਿਤ ਵਗੈਰਾ ਨੂੰ ਬਚਾਉਣ ਦਾ ਯੋਜਨਾਬੱਧ ਰਾਜਕੀ ਸਿਲਸਿਲਾ ਤੇਜ਼ੀ ਨਾਲ ਅੱਗੇ ਵਧਣਾ ਸ਼ੁਰੂ ਹੋ ਗਿਆ ਸੀ। ਮੁੰਬਈ ਮਿਰਰ ਦੀ ਰਿਪੋਰਟ ਮੁਤਾਬਕ, 2016 ਤੱਕ ਘੱਟੋ-ਘੱਟ 13 ਗਵਾਹਾਂ ਅਤੇ 2 ਦੋਸ਼ੀਆਂ ਦੇ ਬਿਆਨ ਅਤੇ ਇਕਬਾਲੀਆ ਬਿਆਨ ਅਦਾਲਤੀ ਰਿਕਾਰਡ 'ਚੋਂ ਗਾਇਬ ਹੋ ਗਏ। ਇਨ੍ਹਾਂ ਵਿਚ ਸਾਧਵੀ ਪ੍ਰਗਿਆ ਅਤੇ 'ਮਫ਼ਰੂਰ' ਦੋਸ਼ੀ ਰਾਮਜੀ ਕਾਲਸਾਂਗਰਾ ਦੀਆਂ ਬੰਬ ਧਮਾਕੇ ਸੰਬੰਧੀ ਗੱਲਾਂ ਸ਼ਾਮਲ ਸਨ। ਮੂਲ ਰਿਕਾਰਡ ਨਾ ਮਿਲਣ ਕਰਕੇ ਅਦਾਲਤ ਨੇ ਫੋਟੋਕਾਪੀ ਨੂੰ ਮਨਜ਼ੂਰੀ ਦੇ ਦਿੱਤੀ। ਅਦਾਲਤੀ ਰਿਕਾਰਡ ਵਿਚੋਂ ਸਬੂਤਾਂ ਦਾ ਗੁੰਮ ਹੋਣਾ ਮਾਮੂਲੀ ਗੱਲ ਨਹੀਂ ਹੈ। ਇਨ੍ਹਾਂ ਕਾਂਡਾਂ ਨੂੰ ਮੁਲਕ ਦੀ ਲੋਕਾਈ ਦੇ ਚੇਤਿਆਂ ਵਿੱਚੋਂ ਮਿਟਾਉਣ ਲਈ ਇਹ ਬਿਰਤਾਂਤ ਚਲਾਇਆ ਗਿਆ ਕਿ ਹਿੰਦੂ ਤਾਂ ਕਦੇ ਦਹਿਸ਼ਤਗਰਦ ਹੋ ਹੀ ਨਹੀਂ ਸਕਦੇ, ਇਹ ਸਿਰਫ਼ ਮੁਸਲਮਾਨ ਹਨ ਜੋ ਜਮਾਂਦਰੂ ਤੌਰ 'ਤੇ ਹਿੰਸਕ ਸੁਭਾਅ ਦੇ ਹਨ। ਸੰਘ ਬਰਗੇਡ ਅਕਸ ਬਚਾਉਣ ਲਈ ਦਾਅਵੇ ਕਰਦਾ ਰਿਹਾ ਕਿ 'ਭਗਵਾ ਦਹਿਸ਼ਤਗਰਦੀ' ਵਰਗੇ ਲਕਬ ਕਾਂਗਰਸ ਵਰਗੀਆਂ ਰਾਜਨੀਤਕ ਤਾਕਤਾਂ ਦੀ ਘਾੜਤ ਹਨ! ਜਦੋਂ ਮੁੱਢਲੀ ਜਾਂਚ ਵਿਚ ਹੀ ਇਹ ਸਪਸ਼ਟ ਹੋ ਗਿਆ ਕਿ ਮੂੰਹਜ਼ੋਰ ਸਬੂਤਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ, ਤਾਂ ਇਹ ਬਿਰਤਾਂਤ ਪ੍ਰਚਾਰਿਆ ਗਿਆ ਕਿ ਇਹ ਤਾਂ ਹਿੰਦੂਆਂ ਵੱਲੋਂ ਕੀਤੀਆਂ 'ਇਕੱਲੀਆਂ ਇਕਹਿਰੀਆਂ' ਘਟਨਾਵਾਂ ਹਨ ਜੋ ਇਸਲਾਮਿਕ ਦਹਿਸ਼ਤਗਰਦੀ ਦੇ ਜ਼ੁਲਮਾਂ ਦਾ 'ਪ੍ਰਤੀਕਰਮ' ਹਨ।

ਭਾਰਤੀ ਰਾਜ ਦੇ 'ਦਹਿਸ਼ਤਗਰਦੀ' ਬਾਰੇ ਦੋਹਰੇ ਮਿਆਰ ਬਿਲਕੁਲ ਸਪਸ਼ਟ ਹਨ। ਕਥਿਤ ਇਸਲਾਮਿਕ ਦਹਿਸ਼ਤਗਰਦੀ ਲਈ ਹੋਰ ਅਤੇ ਹਿੰਦੂਤਵੀ ਦਹਿਸ਼ਤਗਰਦੀ ਲਈ ਹੋਰ। ਏਟੀਐੱਸ, ਐੱਨਆਈਏ ਆਦਿ ਏਜੰਸੀਆਂ ਭਾਰਤੀ ਰਾਜ ਮਸ਼ੀਨਰੀ ਦੇ ਹੁਕਮਰਾਨ ਧਿਰ ਦੇ ਇਸ਼ਾਰੇ 'ਤੇ ਕੰਮ ਕਰਨ ਵਾਲੇ ਅੰਗ ਹਨ। ਉਨ੍ਹਾਂ ਨੂੰ ਸਪਸ਼ਟ ਹਦਾਇਤਾਂ ਹਨ ਕਿ ਸੰਘ ਪਰਿਵਾਰ ਨਾਲ ਜੁੜੇ ਲੋਕਾਂ ਦੀ ਜਾਂਚ ਨਹੀਂ ਕਰਨੀ ਹੈ ਅਤੇ ਚੱਲ ਰਹੇ ਮੁਕੱਦਮਿਆਂ ਵਿਚ ਉਨ੍ਹਾਂ ਨੂੰ ਬਰੀ ਕਰਾਉਣਾ ਹੈ। 2006-2008 ਦੌਰਾਨ ਵਾਪਰੇ ਸਮਝੌਤਾ ਐਕਸਪ੍ਰੈਸ ਅਤੇ ਹੋਰ ਕਈ ਦਹਿਸ਼ਤੀ ਕਾਂਡਾਂ ਦੇ ਸਰਗਣੇ ਸਵਾਮੀ ਅਸੀਮਾਨੰਦ ਨੂੰ ਵੀ 2019 'ਚ ਐੱਨਆਈਏ ਅਦਾਲਤ ਵੱਲੋਂ ਜ਼ਮਾਨਤ ਦੇ ਦਿੱਤੀ ਗਈ ਸੀ। ਅਦਾਲਤਾਂ ਦਾ ਪੱਖਪਾਤੀ ਰਵੱਈਆ ਬਿਲਕੁਲ ਸਪਸ਼ਟ ਹੈ- ਮੁਸਲਮਾਨਾਂ ਲਈ ਸਖ਼ਤ, ਹਿੰਦੂਤਵ ਦੋਸ਼ੀਆਂ ਲਈ ਨਰਮ।

ਜੋ ਕੁਝ ਮਾਲੇਗਾਓਂ ਕੇਸ ਦੇ ਕਾਨੂੰਨੀ ਨਤੀਜੇ ਦੇ ਰੂਪ 'ਚ ਸਾਹਮਣੇ ਆਇਆ, ਇਹ ਸੰਸਥਾਗਤ ਅਤੇ ਰਾਜਨੀਤਿਕ ਮਿਲੀਭੁਗਤ ਦਾ ਨਤੀਜਾ ਹੈ। 2014 ਤੋਂ ਬਾਅਦ ਐੱਨਆਈਏ ਦਾ ਜਾਂਚ ਦਾ ਰਵੱਈਆ ਬਿਲਕੁਲ ਹੀ ਬਦਲ ਗਿਆ। ਮਾਲੇਗਾਓਂ ਬੰਬ ਕਾਂਡ ਮਹਿਜ਼ ਇਕ ਹਮਲਾ ਨਹੀਂ ਸੀ, ਦਰਅਸਲ ਵਿਆਪਕ ਤੇ ਗੁਪਤ ਹਿੰਦੂਤਵ ਨੈੱਟਵਰਕ ਕੰਨੀ ਤੋਂ ਜ਼ਰਾ ਕੁ ਪਰਦਾ ਚੁੱਕਿਆ ਗਿਆ ਸੀ। ਇਸ ਵਿਚ ਫ਼ੌਜ ਵਿਚਲੇ ਅਨਸਰਾਂ ਦੀ ਡੂੰਘੀ ਸ਼ਮੂਲੀਅਤ ਸਾਹਮਣੇ ਆਈ ਸੀ। ਬਿਲਕੁਲ ਸਪਸ਼ਟ ਸਬੂਤਾਂ ਦੇ ਬਾਵਜੂਦ, ਜਾਂਚ ਨੂੰ ਕਮਜ਼ੋਰ ਕੀਤਾ ਗਿਆ। ਕੇਸ ਦੀ ਕਾਨੂੰਨੀ ਪੈਰਵਾਈ ਕਰਨ ਵਾਲੇ ਅਧਿਕਾਰੀਆਂ ਉੱਪਰ ਦਬਾਅ ਪਾਏ ਜਾਣ ਦਾ ਵਰਤਾਰਾ ਤਾਂ ਖੁੱਲ੍ਹੇਆਮ ਜਨਤਕ ਚਰਚਾ ਵਿਚ ਵੀ ਆ ਚੁੱਕਾ ਹੈ। 2015 ਵਿਚ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਰੋਹਿਨੀ ਸਾਲਿਆਨ ਨੇ ਦੱਸਿਆ ਕਿ ਉਸ ਨੂੰ ਦੋਸ਼ੀਆਂ ਨਾਲ 'ਨਰਮੀ' ਵਰਤਣ ਨੂੰ ਕਿਹਾ ਗਿਆ। ਉਸ ਵੱਲੋਂ ਇਨਕਾਰ ਕਰਨ 'ਤੇ ਉਸ ਨੂੰ ਪਾਸੇ ਕਰ ਦਿੱਤਾ ਗਿਆ।

ਆਪਣੇ ਫ਼ੈਸਲੇ ਵਿਚ ਜੱਜ ਲਾਹੋਤੀ ਨੇ ਕਿਹਾ ਕਿ 'ਦਹਿਸ਼ਤਗਰਦੀ ਦਾ ਕੋਈ ਧਰਮ ਨਹੀਂ ਹੁੰਦਾ...।' ਪਰ ਜਦ ਸੰਘ ਬਗਰੇਡ ਸਮੁੱਚੇ ਮੁਸਲਮਾਨ ਭਾਈਚਾਰੇ ਨੂੰ ਜਮਾਂਦਰੂ ਤੌਰ 'ਤੇ ਹਿੰਸਕ ਬਣਾ ਕੇ ਪੇਸ਼ ਕਰਦਾ ਹੈ, ਜਦੋਂ ਨਰਿੰਦਰ ਮੋਦੀ ਕਹਿੰਦਾ ਹੈ ਕਿ ਦਹਿਸ਼ਤਗਰਦ ਆਪਣੇ ਕੱਪੜਿਆਂ ਤੋਂ ਪਛਾਣੇ ਜਾਂਦੇ ਹਨ, ਓਦੋਂ ਇਹ ਸਵਾਲ ਕਿਉਂ ਨਹੀਂ ਉਠਾਇਆ ਜਾਂਦਾ ਅਤੇ ਓਦੋਂ ਭਾਰਤੀ ਨਿਆਂਪ੍ਰਣਾਲੀ ਇਸ ਦਾ ਨੋਟਿਸ ਕਿਉਂ ਨਹੀਂ ਲੈਂਦੀ! ਸਭ ਤੋਂ ਵੱਡਾ ਸਵਾਲ ਤਾਂ ਇਹ ਹੈ ਕਿ ਪੀੜਤਾਂ ਲਈ ਨਿਆਂ ਦਾ ਕੀ ਬਣਿਆ। ਉਹ ਜ਼ਿਆਦਾਤਰ ਗ਼ਰੀਬ ਮੁਸਲਿਮ ਦਿਹਾੜੀਦਾਰ ਮਜ਼ਦੂਰ ਸਨ। ਉਨ੍ਹਾਂ ਨੇ 17 ਸਾਲ ਨਿਆਂ ਦੀ ਉਡੀਕ ਕੀਤੀ। ਨਾ ਦੋਸ਼ੀਆਂ ਨੂੰ ਸਜ਼ਾਵਾਂ ਮਿਲੀਆਂ, ਨਾ ਉਨ੍ਹਾਂ ਨੂੰ ਢੁੱਕਵਾਂ ਮੁਆਵਜ਼ਾ ਮਿਲਿਆ। ਮਾਨਵਤਾ ਵਿਰੁੱਧ ਐਨੇ ਵੱਡੇ ਜੁਰਮ ਦੇ ਦੋਸ਼ੀ ਮੌਜ ਨਾਲ ਹੀ ਆਪਣੀ ਜ਼ਿੰਦਗੀ 'ਚ ਵਾਪਸ ਆ ਗਏ। ਉਹ ਮਹਿਜ਼ ਬਰੀ ਹੀ ਨਹੀਂ ਹੋਏ, ਉਹ 'ਹਿੰਦੂਤਵ ਦੇ ਨਾਇਕ' ਬਣ ਕੇ ਉੱਭਰੇ ਹਨ। ਜਿੱਥੋਂ ਤੱਕ ਅਦਾਲਤੀ ਫ਼ੈਸਲੇ ਵਿਚ ਧਮਾਕਿਆਂ ਵਿਚ ਮਰੇ 6 ਵਿਅਕਤੀਆਂ ਦੇ ਪਰਿਵਾਰਾਂ ਨੂੰ 2 ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50,000 ਰੁਪਏ ਦਿੱਤੇ ਜਾਣ ਦੇ ਆਦੇਸ਼ ਦਾ ਸਵਾਲ ਹੈ, ਇਹ ਨਿਆਂ ਦੀ ਮੰਗ ਦਾ ਮੂੰਹ ਬੰਦ ਕਰਨ ਤੋਂ ਸਿਵਾਏ ਕੁਝ ਨਹੀਂ ਹੈ।

31 ਜੁਲਾਈ 2025 ਦਾ ਫ਼ੈਸਲਾ ਅਦਾਲਤੀ ਕਾਰਵਾਈ ਦਾ ਅੰਤ ਹੋ ਸਕਦਾ ਹੈ। ਪਰ ਇਹ ਵੀ ਆਪਣੇ ਆਪ ਵਿਚ ਵੱਡੇ ਸਵਾਲ ਖੜ੍ਹੇ ਕਰਦਾ ਹੈ: ਜਦੋਂ ਸਬੂਤ ਗਾਇਬ ਕਰ ਦਿੱਤੇ ਜਾਂਦੇ ਹਨ, ਗਵਾਹ ਮੁੱਕਰ ਜਾਂਦੇ ਹਨ, ਮੁਕੱਦਮਾ ਧਿਰ ਸਰਕਾਰੀ ਇਸ਼ਾਰਿਆਂ 'ਤੇ ਖ਼ਾਮੋਸ਼ ਹੋ ਜਾਂਦੀ ਹੈ ਅਤੇ ਵਿਚਾਰਧਾਰਾ ਉੱਘੜਵੇਂ ਰੂਪ ਵਿਚ ਜਾਂਚ ਅਤੇ ਮੁਕੱਦਮੇ ਦੀ ਕਾਨੂੰਨੀ ਪ੍ਰਕਿਰਿਆ ਨੂੰ ਆਪਣੇ ਹੱਕ 'ਚ ਮੋੜਾ ਦੇਣ ਦੀ ਤਾਕਤ ਰੱਖਦੀ ਹੈ—ਕੀ ਫਿਰ ਵੀ ਇਸਨੂੰ ਨਿਆਂ ਕਿਹਾ ਜਾ ਸਕਦਾ ਹੈ?

# ਹੀਰੋਸ਼ੀਮਾ ਦੀ ਘਟਨਾ ਮਾਨਵਤਾ ’ਤੇ ਇੱਕ ਕਲੰਕ

ਹਰ ਸਾਲ 6 ਅਗਸਤ ਨੂੰ, ਹੀਰੋਸ਼ੀਮਾ ਡੇਅ ਮਨਾਇਆ ਜਾਂਦਾ ਹੈ, ਜੋ ਮਨੁੱਖਤਾ ਦੇ ਇਤਿਹਾਸ ਦੇ ਇੱਕ ਬਹੁਤ ਹੀ ਮੰਦਭਾਗੇ ਦੁਖਾਂਤ ਦਾ ਯਾਦਗਾਰੀ ਦਿਵਸ ਹੈ। ਇਸ ਦਿਨ ਸਵੇਰੇ 8:15 ਵਜੇ, ਅਮਰੀਕੀ ਬੀ-29 ਬੰਬਰ ਜਹਾਜ਼ ਨੇ “ਲਿਟਲ ਬੋਇ” ਨਾਮਕ ਪਹਿਲਾ ਪਰਮਾਣੂ ਬੰਬ ਜਪਾਨ ਦੇ ਸ਼ਹਿਰ ਹੀਰੋਸ਼ੀਮਾ ‘ਤੇ ਸੁੱਟਿਆ। ਇਸ ਬੰਬ ਨੇ ਪਲ ਭਰ ਵਿਚ ਸ਼ਹਿਰ ਨੂੰ ਤਬਾਹ ਕਰ ਦਿੱਤਾ।



**ਸੰਦੀਪ ਕੁਮਾਰ**
**ਫੋਨ: 70098-07121**

ਤਕਰੀਬਨ 70,000 ਤੋਂ 80,000 ਲੋਕ ਤੁਰੰਤ ਹੀ ਮਾਰੇ ਗਏ, ਅਤੇ ਅਗਲੇ ਕੁਝ ਮਹੀਨਿਆਂ ਵਿਚ ਇਹ ਗਿਣਤੀ 140,000 ਤੱਕ ਪਹੁੰਚ ਗਈ। ਇਹ ਸਿਰਫ ਸ਼ੁਰੂਆਤ ਸੀ, ਕਿਉਂਕਿ ਬੰਬ ਦੇ ਰੇਡੀਏਸ਼ਨ ਪ੍ਰਭਾਵਾਂ ਕਾਰਨ ਕਈ ਸਾਲਾਂ ਤੱਕ ਲੋਕ ਬਿਮਾਰੀਆਂ ਅਤੇ ਮੌਤਾਂ ਨਾਲ ਜੂਝਦੇ ਰਹੇ। ਅਮਰੀਕਾ ਨੇ ਇਥੇ ਹੀ ਬਸ ਨਹੀਂ ਕੀਤੀ, ਸਗੋਂ 9 ਅਗਸਤ ਨੂੰ ਜਪਾਨ ਦੇ ਸ਼ਹਿਰ ਨਾਗਾਸਾਕੀ ‘ਤੇ ਦੂਜਾ ਪਰਮਾਣੂ ਬੰਬ ਸੁੱਟ ਦਿੱਤਾ। ਇਸ ਘਟਨਾ ਨੇ ਸਿਰਫ ਜਪਾਨ ਨੂੰ ਹੀ ਨਹੀਂ, ਸਗੋਂ ਪੂਰੇ ਸੰਸਾਰ ਨੂੰ ਹਿਲਾ ਦਿੱਤਾ। ਇੰਨਾ ਹੀ ਨਹੀਂ, ਇਸ ਘਟਨਾ ਨੇ ਜਪਾਨੀ ਸੱਭਿਆਚਾਰ, ਸਮਾਜ ਅਤੇ ਅਰਥ-ਵਿਵਸਥਾ ‘ਤੇ ਵੀ ਡੂੰਘਾ ਅਸਰ ਛੱਡਿਆ। ਇਸ ਘਟਨਾ ਦੇ ਨਾਲ ਹੀ ਪਰਮਾਣੂ ਹਥਿਆਰਾਂ ਦੇ ਪੜਾਅ ਦੀ ਸ਼ੁਰੂਆਤ ਹੋਈ। ਹੀਰੋਸ਼ੀਮਾ ਡੇਅ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਯੁੱਧ ਦੇ ਕਿੰਨੇ ਭਿਆਨਕ ਅਤੇ ਵਿਨਾਸ਼ਕਾਰੀ ਪ੍ਰਭਾਵ ਹੋ ਸਕਦੇ ਹਨ, ਅਤੇ ਅਸੀਂ ਕਿਵੇਂ ਸੱਚੀ ਸ਼ਾਂਤੀ ਅਤੇ ਸਮਾਜ ਦੀ ਭਲਾਈ ਵੱਲ ਜਾ ਸਕਦੇ ਹਾਂ।

ਅਮਰੀਕਾ ਵੱਲੋਂ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ ਇਹ ਹਮਲਾ, ਜਪਾਨ ਨੂੰ ਦੂਸਰੇ ਵਿਸ਼ਵ ਯੁੱਧ ਵਿੱਚ ਆਪਣੇ ਆਪ ਨੂੰ ਸਮਰਪਿਤ ਕਰਨ ਲਈ ਮਜਬੂਰ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਸੀ। ਬੰਬਾਰੀ ਤੋਂ ਬਾਅਦ, ਸ਼ਹਿਰ ਦੀ ਆਬਾਦੀ ਨੂੰ ਬੇਹੱਦ ਵੀਰਾਨੀ ਅਤੇ ਤਬਾਹੀ ਦਾ ਸਾਹਮਣਾ ਕਰਨਾ ਪਿਆ। ਬੰਬ ਦੇ ਬੁਰੇ ਪ੍ਰਭਾਵ





*1) ਪਰਮਾਣੂ ਹਮਲੇ ਨਾਲ ਹੀਰੋਸ਼ੀਮਾ ਦੀ ਹੋਈ ਤਬਾਹੀ ਦਾ ਮੰਜ਼ਰ। 2) ਸਹਿਮ ਦੇ ਮਾਹੌਲ ਵਿਚ ਬੈਠੇ ਹਮਲੇ ਦੇ ਪੀੜਤਾਂ ਦੀ ਫਾਈਲ ਤਸਵੀਰ।*

ਕਾਰਨ ਲੱਖਾਂ ਲੋਕ ਮੌਕੇ ‘ਤੇ ਹੀ ਮਾਰੇ ਗਏ, ਅਤੇ ਬੇਹਿਸਾਬ ਇਮਾਰਤਾਂ, ਜ਼ਮੀਨ, ਅਤੇ ਮਾਨਵਸੰਪਦਾ ਨਸ਼ਟ ਹੋ ਗਈ। ਇਹ ਪਰਮਾਣੂ ਹਮਲਾ ਨਾ ਸਿਰਫ਼ ਆਮ ਜ਼ਿੰਦਗੀ ਨੂੰ ਬਰਬਾਦ ਕਰਨ ਵਾਲਾ ਸੀ, ਬਲਕਿ ਇਹ ਮਨੁੱਖੀ ਸੰਵੇਦਨਾਵਾਂ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦੇਣ ਵਾਲਾ ਅਨੁਭਵ ਵੀ ਸੀ। ਹਜ਼ਾਰਾਂ ਲੋਕ, ਜਿਹੜੇ ਇਸ ਹਮਲੇ ਤੋਂ ਬਚ ਗਏ, ਉਹ ਪਰਮਾਣੂ ਬੰਬ ਦੇ ਰੇਡੀਏਸ਼ਨਾਂ ਦੇ ਪ੍ਰਭਾਵ ਕਾਰਨ ਸਰੀਰਕ ਅਤੇ ਮਾਨਸਿਕ ਪੀੜ ਭੋਗਣ ਲਈ ਮਜਬੂਰ ਹੋ ਗਏ। ਹੀਰੋਸ਼ੀਮਾ ‘ਤੇ ਪਰਮਾਣੂ ਹਮਲੇ ਦੀ ਤਬਾਹੀ ਅਤੇ ਉਸ ਦੇ ਪ੍ਰਭਾਵ ਦੇ ਨਤੀਜੇ ਵਜੋਂ, ਇਹ ਸ਼ਹਿਰ ਵਿਸ਼ਵ ਦਾ ਪਹਿਲਾ ਅਤੇ ਇਕਲੌਤਾ ਸ਼ਹਿਰ ਬਣ ਗਿਆ ਜਿਸ ਨੇ ਇਨਸਾਨੀ ਇਤਿਹਾਸ ਵਿਚ ਇੱਕ ਪਰਮਾਣੂ ਹਮਲੇ ਦੀ ਕਈ ਦਹਾਕਿਆਂ ਤੱਕ ਚੱਲ ਰਹੀ ਪੀੜ ਭੋਗੀ। ਬੰਬਾਰੀ ਦੇ ਤਤਕਾਲ ਪ੍ਰਭਾਵ ਤੋਂ ਬਾਅਦ, ਬਚੇ-ਖੁਚੇ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ, ਸਹੂਲਤਾਂ ਦੇਣ ਅਤੇ ਦੁਬਾਰਾ ਵਸਾਉਣ ਲਈ ਬਹੁਤ ਮਿਹਨਤ ਕਰਨੀ ਪਈ। ਰੇਡੀਓ ਐਕਟਿਵ ਕਿਰਨਾਂ ਕਾਰਨ ਕਈ ਰੋਗਾਂ ਜਿਸ ਵਿਚ ਕੈਂਸਰ, ਅਧੂਰੇ ਸਰੀਰ ਵਾਲੇ ਬੱਚਿਆਂ ਦੇ ਜਨਮ ਅਤੇ ਹੋਰ ਗੰਭੀਰ ਬਿਮਾਰੀਆਂ ਦਾ ਜਨਮ ਹੋਇਆ।

ਹੀਰੋਸ਼ੀਮਾ ਦਿਨ, ਜੋ ਹਰ ਸਾਲ 6 ਅਗਸਤ ਨੂੰ ਮਨਾਇਆ ਜਾਂਦਾ ਹੈ, ਇਸ ਬੰਬਾਰੀ ਦੀ ਯਾਦ ਵਿਚ ਇਕ ਮਹੱਤਵਪੂਰਨ ਦਿਨ ਹੈ। ਇਸ ਦਿਨ, ਜਪਾਨ ਅਤੇ ਦੁਨੀਆ ਭਰ ਦੇ ਲੋਕਾਂ ਦੁਆਰਾ ਸ਼ਾਂਤੀ ਅਤੇ ਅਹਿੰਸਾ ਦੀ ਵਕਾਲਤ ਕਰਨ ਦੇ ਨਾਲ-ਨਾਲ, ਪਰਮਾਣੂ ਹਥਿਆਰਾਂ ਦੇ ਖ਼ਤਰਨਾਕ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਵੱਖ-ਵੱਖ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ। ਜਪਾਨ ਵਿਚ, ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਬਚੇ-ਖੁਚੇ ਲੋਕ ਅਤੇ ਉਨ੍ਹਾਂ ਦੇ ਵਾਰਿਸ ਇਨ੍ਹਾਂ ਹਮਲਿਆਂ ਦੀ ਭਿਆਨਕਤਾ ਨੂੰ ਯਾਦ ਕਰਨ ਲਈ ਰੈਲੀਆਂ, ਸਮਾਰੋਹਾਂ ਅਤੇ ਪ੍ਰਸਿੱਧ ਸਥਾਨਾਂ ‘ਤੇ ਮੋਮਬੱਤੀਆਂ ਜਗਾਉਂਦੇ ਹਨ। ਹੀਰੋਸ਼ੀਮਾ ਸ਼ਹਿਰ ਵਿਚ, ਹਰ ਸਾਲ 6 ਅਗਸਤ ਨੂੰ ਪੀਸ ਮੈਮੋਰੀਅਲ ਪਾਰਕ ਵਿਚ ਯਾਦਗਾਰੀ ਸਮਾਗਮ ਹੁੰਦਾ ਹੈ। ਇਸ ਸਮਾਗਮ ਵਿਚ ਹੀਰੋਸ਼ੀਮਾ ਦੇ ਮੇਅਰ, ਸਰਕਾਰ ਦੇ ਪ੍ਰਤੀਨਿਧੀ ਅਤੇ ਦੁਨੀਆ ਭਰ ਤੋਂ ਆਏ ਸ਼ਾਂਤੀ ਪ੍ਰੇਮੀ ਹਿੱਸਾ ਲੈਂਦੇ ਹਨ। ਇਸ ਸਮਾਗਮ ਵਿਚ ਸਵੇਰੇ 8:15 ਵਜੇ, ਬੰਬ ਧਮਾਕੇ ਦੇ ਸਮੇਂ ਨੂੰ ਮੌਨ ਰਹਿਣ ਦਾ ਸਮਾਂ ਰੱਖਿਆ ਜਾਂਦਾ ਹੈ। ਇਸ ਸਮੇਂ ਦੌਰਾਨ, ਸ਼ਹਿਰ ਵਿਚ ਸਾਇਰਨ ਵੱਜਦੇ ਹਨ ਅਤੇ ਲੋਕ ਮੌਨ ਰਹਿੰਦੇ ਹਨ, ਜੋ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਹੁੰਦੀ ਹੈ ਜੋ ਇਸ ਵਿਨਾਸ਼ਕਾਰੀ ਘਟਨਾ ਵਿਚ ਮਾਰੇ ਗਏ। ਇਸ ਦਿਨ ਬੱਚਿਆਂ ਦੁਆਰਾ ਬਣਾਈਆਂ ਗਈਆਂ ਕਾਗਜ਼ ਦੀਆਂ ਗੁੱਡੀਆਂ-ਸ਼ਕਲਾਂ ਪੀਸ ਮੈਮੋਰੀਅਲ ਪਾਰਕ ਵਿਚ ਲਗਾਈਆਂ ਜਾਂਦੀਆਂ ਹਨ, ਜੋ ਸ਼ਾਂਤੀ ਅਤੇ ਨਵੀਂ ਸ਼ੁਰੂਆਤ ਦੀ ਨਿਸ਼ਾਨੀ ਹੁੰਦੀ ਹੈ।

ਇਸ ਦਿਨ ਦੀ ਮਹੱਤਤਾ ਸਿਰਫ਼ ਇੱਕ ਮੰਦਭਾਗੀ ਘਟਨਾ ਦੀ ਯਾਦਗਾਰ ਵਿਚ ਹੀ ਨਹੀਂ, ਬਲਕਿ ਇਸਦਾ ਉਦੇਸ਼ ਆਗਾਮੀ ਪੀੜ੍ਹੀਆਂ ਨੂੰ ਸਿਖਾਉਣਾ ਵੀ ਹੈ ਕਿ ਸ਼ਾਂਤੀ ਕਿਵੇਂ ਮਹੱਤਵਪੂਰਣ ਹੈ ਅਤੇ ਕਿਉਂ ਪਰਮਾਣੂ ਹਥਿਆਰਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਬੰਬਾਰੀ ਤੋਂ ਸਬਕ ਸਿੱਖਣ ਅਤੇ ਦੁਨੀਆ ਨੂੰ ਬੇਹਿਸਾਬ ਤਬਾਹੀ ਤੋਂ ਬਚਾਉਣ ਲਈ, ਕਈ ਦੇਸ਼ਾਂ ਨੇ ਪਰਮਾਣੂ ਹਥਿਆਰਾਂ ਦੀ ਦੌੜ ‘ਤੇ ਰੋਕ ਲਗਾਉਣ ਲਈ ਸਾਂਝੇ ਸਮਝੌਤੇ ਕੀਤੇ ਹਨ। ਹੀਰੋਸ਼ੀਮਾ ਡੇਅ ਦੀ ਯਾਦ ਵਿਚ, ਵਿਦਿਆਰਥੀਆਂ ਨੂੰ ਵਿਸ਼ਵ ਇਤਿਹਾਸ ਦੇ ਇਸ ਕਾਲੇ ਪੰਨੇ ਬਾਰੇ ਸਿੱਖਣ ਦਾ ਮੌਕਾ ਮਿਲਦਾ ਹੈ ਅਤੇ ਉਨ੍ਹਾਂ ਨੂੰ ਇਹ ਸਮਝ ਆਉਂਦੀ ਹੈ ਕਿ ਕਿਵੇਂ ਯੁੱਧ ਮਨੁੱਖਤਾ ਦੇ ਹਿਤ ਵਿਚ ਨਹੀਂ ਹੁੰਦਾ।

ਇਸ ਦਿਨ ਨੂੰ ਮਨਾਉਣ ਦਾ ਮਤਲਬ ਹੈ ਕਿ ਲੋਕ ਇਸ ਦਿਨ ਦੀ ਭਿਆਨਕਤਾ ਨੂੰ ਯਾਦ ਰੱਖਣ, ਅਤੇ ਇਨ੍ਹਾਂ ਘਟਨਾਵਾਂ ਨੂੰ ਦੁਹਰਾਉਣ ਤੋਂ ਬਚਣ ਦੀ ਕੋਸ਼ਿਸ਼ ਕਰਨ। ਹੀਰੋਸ਼ੀਮਾ ‘ਤੇ ਹਮਲੇ ਦੀ ਪੀੜ ਅਤੇ ਉਸ ਦੇ ਭਿਆਨਕ ਪ੍ਰਭਾਵਾਂ ਨੂੰ ਸਾਡੇ ਲਈ ਇੱਕ ਸਬਕ ਬਣਾਉਣ ਲਈ, ਇਹ ਦਿਨ ਸ਼ਾਂਤੀ ਦੀ ਮਹੱਤਤਾ ਨੂੰ ਪ੍ਰਮਾਣਿਤ ਕਰਨ ਵਾਲਾ ਦਿਨ ਹੈ। ਇਸ ਹਮਲੇ ਦੇ ਬਾਅਦ, ਪਰਮਾਣੂ ਹਥਿਆਰਾਂ ਦੀ ਦੌੜ ਨੇ ਦੂਸਰੇ ਵਿਸ਼ਵ ਯੁੱਧ ਦੇ ਅੰਤ ਦੇ ਬਾਵਜੂਦ ਸੰਸਾਰ ਨੂੰ ਇੱਕ ਨਵੀਂ ਦਿਸ਼ਾ ਵੱਲ ਸੇਧ ਦਿੱਤੀ। ਇਸ ਦਾ ਨਤੀਜਾ ਇਹ ਹੈ ਕਿ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਨੇ ਆਪਣੀਆਂ ਆਰਥਿਕਤਾਵਾਂ ਨੂੰ ਪਰਮਾਣੂ ਹਥਿਆਰਾਂ ਦੇ ਵਿਕਾਸ ਤੇ ਵਪਾਰ ਦੇ ਮੂਲ ਸੰਸਾਰਕ ਮੁੱਦਿਆਂ ਤੋਂ ਹਟ ਕੇ ਸ਼ਾਂਤ ਕਰਨ ਲਈ ਸਮਰਪਿਤ ਕੀਤਾ ਹੈ। ਇਸ ਤਰ੍ਹਾਂ, ਹੀਰੋਸ਼ੀਮਾ ਡੇਅ ਸਾਨੂੰ ਯਾਦ ਦਿਵਾਉਂਦਾ ਹੈ ਕਿ ਪਰਮਾਣੂ ਹਥਿਆਰਾਂ ਦਾ ਉਪਯੋਗ ਸਿਰਫ਼ ਤਬਾਹੀ ਅਤੇ ਬਰਬਾਦੀ ਹੀ ਲਿਆਉਂਦਾ ਹੈ। ਇਹ ਦਿਨ ਸਾਨੂੰ ਸਿਖਾਉਂਦਾ ਹੈ ਕਿ ਵਿਸ਼ਵ ਸ਼ਾਂਤੀ, ਸਹਿਯੋਗ ਅਤੇ ਅਹਿੰਸਾ ਦੇ ਸਿਧਾਂਤਾਂ ਨੂੰ ਮਾਨਤਾ ਦੇਣ ਦੀ ਮਹੱਤਤਾ ਹੈ, ਤਾਂ ਜੋ ਅਗਲੀਆਂ ਪੀੜ੍ਹੀਆਂ ਨੂੰ ਪਰਮਾਣੂ ਹਮਲਿਆਂ ਦੀਆਂ ਤਬਾਹਕਾਰੀ ਲਹਿਰਾਂ ਦਾ ਸਾਹਮਣਾ ਨਾ ਕਰਨਾ ਪਵੇ।

# ਪੈਸੇ ਵਾਲੀ ਤੱਕੜੀ

**ਜ਼ਿੰਦਗੀ ਨਾਮਾ**



**ਹਰਪ੍ਰੀਤ ਸਿੰਘ ਜਵੰਦਾ**

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ ‘ਜ਼ਿੰਦਗੀ ਨਾਮਾ’ ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਗੁਰਮੁਖ ਸਿੰਘ...ਘੁੰਗਰਾਲੇ ਵਾਲਾਂ ਦੀ ਦਾਹੜੀ ਵਾਲਾ ਲੰਮਾ ਜਿਹਾ ਮੁੰਡਾ...ਓਹਨਾ ਵੇਲਿਆਂ ਦੀ ਸਭ ਤੋਂ ਵੱਧ ਸੋਹਣੀ ਤੇ ਪੋਚਵੀਂ ਜਿਹੀ ਪੱਗ ਬੰਨਿਆ ਕਰਦਾ ਸੀ...

ਕੁੜੀਆਂ ‘ਪਾਠੀ’ ਆਖ ਛੇੜਿਆ ਕਰਦੀਆਂ...ਰੋਜ਼ ਪੰਦਰਾਂ ਕਿਲੋਮੀਟਰ ਦੂਰ ਬਾਡਰ ਲਾਗੇ ਇੱਕ ਪਿੰਡ ਤੋਂ ਪੁਰਾਣੇ ਜਿਹੇ ਸਾਈਕਲ ’ਤੇ ਬਟਾਲੇ ਪੜ੍ਹਨ ਆਇਆ ਕਰਦਾ ਸੀ...!

ਅੱਖੀਆਂ ਕਈ ਵਾਰ ਮਿਲੀਆਂ ਪਰ ਗੱਲ ਫਾਈਨਲ ਦੀ ਫੇਅਰਵੈੱਲ ਪਾਰਟੀ ਵਿਚ ਹੋਈ...ਬਹਾਨੇ ਜਿਹੇ ਨਾਲ ਕੋਲ ਆ ਆਖਣ ਲੱਗਾ “ਜੇ ਠੀਕ ਸਮਝੋਂ ਤਾਂ ਅੱਗੋਂ ਵੀ ਇੱਕ ਦੂਜੇ ਦੀ ਸੁਖ-ਸਾਂਦ ਪੁੱਛਦੇ ਦਸਦੇ ਰਿਹਾ ਕਰਾਂਗੇ”

ਨਾਲ ਹੀ ਰੁੱਕੇ ਵਿਚ ਲਿਖਿਆ ਕਿੰਨਾ ਕੁਝ ਅਤੇ ਪਿੰਡ ਦਾ ਐਡਰੈੱਸ ਮੈਨੂੰ ਫੜਾ ਦਿੱਤਾ...!

ਮੇਰੇ ਵੱਡੇ-ਵੱਡੇ ਸੁਫਨਿਆਂ ਅੱਗੇ ਮਿੱਟੀ-ਘੱਟੇ ਅਤੇ ਗੋਹੇ ਨਾਲ ਲਿਬੜੀਆਂ ਉਸਦੀਆਂ ਭਵਿੱਖ ਦੀਆਂ ਯੋਜਨਾਵਾਂ ਤੁੱਛ ਜਿਹੀਆਂ ਲਗੀਆਂ...!

ਮੈਂ ਰੁੱਕਾ ਪਾੜਿਆ ਨਾ...ਸ਼ਰਾਰਤ ਸੁੱਝੀ...ਸੋਚਿਆ ਨਾਲਦੀਆਂ ਨੂੰ ਵਖਾਵਾਂਗੀ ਤਾਂ ਥੋੜਾ ਹਾਸਾ ਠੱਠਾ ਕਰ ਲੈਣਗੀਆਂ...ਨਾਲਦੀਆਂ ਕਿੰਨਾ ਕੁਝ ਲਿਖਿਆ ਦੇਖ ਬੜਾ ਹੱਸੀਆਂ...ਕੁਝ ਨੇ ਟਿੱਚਰ ਵੀ ਕੀਤੀ...ਆਖਿਆ ਤਾਂ ਕੀ ਹੋਇਆ ਜੇ ਪਿੰਡੋਂ ਆਉਂਦਾ ਏ ਤਾਂ...ਸੂਰਤ ਅਤੇ ਸੀਰਤ ਦਾ ਤੇ ਮਾੜਾ ਨਹੀਂ”

ਪਰ ਮੇਰਾ ਦਿਮਾਗ ਸਤਵੇਂ ਆਸਮਾਨ ’ਤੇ ਹੋਇਆ ਕਰਦਾ ਸੀ...ਸਿਰ ਜਿਹਾ ਮਾਰ ਮਗਰੋਂ ਪਤਾ ਨੀ ਮੈਂ ਉਹ ਰੁੱਕਾ ਕਦੋਂ ਤੇ ਕਿਥੇ ਪਾੜ ਕੇ ਸਿੱਟ ਦਿੱਤਾ...!

ਤਾਇਆਂ ਚਾਚਿਆਂ ਦੀਆਂ ਜ਼ਿਆਦਾਤਰ ਕੁੜੀਆਂ ਬਾਹਰ ਹੀ ਸਨ...!

ਓਹਨਾਂ ਦਾ ਰਹਿਣ ਸਹਿਣ ਤੇ ਵਿੱਚਰਨ ਦਾ ਸਲੀਕਾ ਮੈਨੂੰ ਹਮੇਸ਼ਾਂ ਆਕਰਸ਼ਿਤ ਕਰਦਾ...ਵਿਆਹ ਮੰਗਣੇ ’ਤੇ ਅਕਸਰ ਹੀ ਹੁੰਦੀ ਓਹਨਾਂ ਦੀ ਖਾਸ ਤਰ੍ਹਾਂ ਦੀ ਖਾਤਿਰ ਦਾਰੀ...ਅਤੇ ਓਹਨਾਂ ਦੇ ਵਾਲਾਂ ਕੱਪੜਿਆਂ ਵਿਚੋਂ ਆਉਂਦੀ ਇੱਕ ਵੱਖਰੀ ਤਰ੍ਹਾਂ ਦੀ ਵਿਚਿੱਤਰ ਜਿਹੀ ਖੁਸ਼ਬੋ ਹਮੇਸ਼ਾਂ ਹੀ ਰੀਸ ਕਰਨ ਲਈ ਪ੍ਰੇਰਿਤ ਕਰਿਆ ਕਰਦੀ...ਉਹ ਅਕਸਰ ਹੀ ਬਾਹਰ ਦੇ ਸਾਫ-ਸੁਥਰੇ ਮਾਹੌਲ, ਰਹਿਣੀ ਸਹਿਣੀ, ਉਚੀਆਂ ਇਮਾਰਤਾਂ ਦਰਿਆਵਾਂ ਝੀਲਾਂ ਗੋਰੇ ਗੋਰੀਆਂ ਦੀ ਗੱਲ ਕਰਿਆ ਕਰਦੀਆਂ...!



ਫੇਰ ਸੰਨ ਛਿਆਸੀ ਵਿਚ ਆਈ “ਲੌਂਗ ਦੇ ਲਿਸ਼ਕਾਰਾ” ਨਾਮੀਂ ਪੰਜਾਬੀ ਫਿਲਮ ਦਾ ਕਨੇਡਾ ਤੋਂ ਆਇਆ ਰਾਜ ਬੱਬਰ ਮੈਨੂੰ ਮੇਰਾ ਸੁਫਨਿਆਂ ਦਾ ਸ਼ਹਿਜ਼ਾਦਾ ਲੱਗਦਾ...ਮਗਰੋਂ ਸਤਾਸੀ-ਅਠਾਸੀ ਵਿਚ ਆਈ ਇੱਕ ਹੋਰ ਪੰਜਾਬੀ ਫਿਲਮ “ਯਾਰੀ ਜੱਟ ਦੀ” ਨੇ ਰਹਿੰਦੀ-ਖੂੰਹਦੀ ਕਸਰ ਵੀ ਪੂਰੀ ਕਰ ਦਿੱਤੀ...ਮੈਂ ਬਿਨਾ ਦੱਸਿਆਂ ਪੂਰੇ ਪੰਜ ਵਾਰ ਦੇਖੀ...ਸਾਰੀ ਫਿਲਮ ਵਿਚ ਇੰਗਲੈਂਡ ਦਾ ਮਾਹੌਲ ਦਿਖਾਇਆ ਗਿਆ ਸੀ...ਮੈਨੂੰ ਸ਼ੀਸ਼ੇ ਸਾਮਣੇ ਖਲੋਤੀ ਨੂੰ ਆਪਣੇ ਆਪ ਵਿਚ ਪ੍ਰੀਤੀ ਸਪਰੂ ਨਜ਼ਰ ਆਉਂਦੀ...ਮਨ ਵਿਚ ਗੰਢ ਬੰਨ ਲਈ ਕੇ ਭਾਵੇਂ ਜੋ ਮਰਜ਼ੀ ਹੋ ਜਾਵੇ...ਜਾਣਾ ਤੇ ਬਾਹਰ ਈ ਏ...!

ਫੇਰ ਮੰਗਣਾ ਬਾਹਰ ਹੋ ਗਿਆ...ਵਿਆਹ, ਜੰਞ, ਮੈਰਿਜ ਪੈਲੇਸ, ਦਾਜ ਦਹੇਜ, ਕਾਰਾਂ ਬੱਸਾਂ ਤੇ ਸੱਜਣ ਫੱਬਣ ਹੋਰ ਵੀ ਕਿੰਨਾ ਕੁਝ ਬਾਹਰਲੀਆਂ ਵਾਂਙ ਕੀਤਾ...ਗਿਆਰਾਂ ਬੰਦਿਆਂ ਦੀ ਬਰਾਤ ਦੇ ਰਿਵਾਜ ਕਰਕੇ ਚੰਡੀਗੜ੍ਹ ਜਾਣਾ ਪਿਆ...!

ਮੁੜ ਸਾਲ ਕੁ ਦੀ ਉਡੀਕ ਮਗਰੋਂ ਅਖੀਰ ਉਹ ਦਿਨ ਆਣ ਹੀ ਪਹੁੰਚਿਆ...ਸਤਾਈਆਂ ਘੰਟਿਆਂ ਦੀ ਫਲਾਈਟ ਮਗਰੋਂ ਟਰਾਂਟੋ ਉੱਤਰੀ...

ਸੁਫ਼ਨੇ ਸਜਾਉਂਦੀ ਜਹਾਜ਼ੋਂ ਬਾਹਰ ਆਈ...ਚਮਕਾਂ ਮਾਰਦੇ ਏਅਰਪੋਰਟ ’ਤੇ ਬੰਦੇ ਘੱਟ ਤੇ ਮਸ਼ੀਨਾਂ ਜ਼ਿਆਦਾ ਦਿੱਸੀਆਂ...!

ਪਹਿਲੀ ਰਾਤ ਜਦੋਂ ਹਰ ਨਵੀਂ ਵਿਆਹੀ ਦੇ ਮਨ ਵਿਚ ਢੇਰ ਸਾਰੇ ਵਲਵਲੇ ਹੁੰਦੇ...ਨਾਲਦੇ ਨਾਲ ਢੇਰ ਸਾਰੀਆਂ ਗੱਲਾਂ ਕਰਨ ਦੀ ਚਾਹ ਹੁੰਦੀ ਏ...ਜੀ ਕਰਦਾ ਏ ਕੇ ਕੋਈ ਹੱਥ ਫੜ ਪੁੱਛੇ ਕੇ ਹੁਣ ਤੱਕ ਦਾ ਤੇਰਾ ਜ਼ਿੰਦਗੀ ਦਾ ਸਫ਼ਰ ਕਿੱਦਾਂ ਰਿਹਾ...ਹੋਰ ਵੀ ਢੇਰ ਸਾਰਾ ਕਿੰਨਾ ਕੁਝ...!

ਪਰ ਇੰਝ ਦਾ ਕੁਝ ਵੀ ਨਹੀਂ ਹੋਇਆ...ਤੜਕੇ ਤੱਕ ਬੱਸ ਰੌਲੇ ਰੱਪੇ ਅਤੇ ਸ਼ਰਾਬ ਦੇ ਦੌਰ ਚੱਲਦੇ ਰਹੇ। ਮੁੜਕੇ ਨਸ਼ੇ ਦੇ ਲੋਰ ਵਿਚ ਝੂਮਦੀ ਹੋਈ ਦਸਾਂ ਮਿੰਟਾਂ ਦੀ ਇੱਕ ਸੁਨਾਮੀ ਜਿਹੀ ਆਈ ਤੇ ਸੰਜੋਏ ਹੋਏ ਸਾਰੇ ਸੁਫ਼ਨੇ ਆਪਣੇ ਨਾਲ ਵਹਾ ਕੇ ਲੈ ਗਈ...!

ਮਗਰੋਂ ਮਹਿਸੂਸ ਹੋਇਆ ਕੇ ਸਾਰਾ ਟੱਬਰ ਹੀ ਏਦਾਂ ਦਾ ਸੀ...ਹਰ ਗੱਲ ਡਾਲਰਾਂ ਦੀ ਤੱਕੜੀ ਵਿਚ ਤੁਲਿਆ ਕਰਦੀ...ਹਮੇਸ਼ਾਂ ਇਹੋ ਸਲਾਹਾਂ...ਕੇ ਵੱਧ ਤੋਂ ਵੱਧ ਡਾਲਰ ਕਿੱਦਾਂ ਬਣਾਉਣੇ ਨੇ...ਕਈ ਵਾਰ ਆਪੋ ਵਿਚ ਲੜ ਵੀ ਪਿਆ ਕਰਦੇ...ਭਾਵਨਾਵਾਂ ਅਤੇ ਕਦਰਾਂ ਕੀਮਤਾਂ ਬਰਫ ਨਾਲੋਂ ਵੀ ਠੰਡੀਆਂ...!

ਮੁਸ਼ਕ ਮਾਰਦੀ ਫੈਕਟਰੀ ਵਿਚ ਭਰ ਗਰਮੀ ਵਿਚ ਕੰਮ ਕਰਦੀ ਨੂੰ ਅਕਸਰ ਪੰਜਾਬ ਚੇਤੇ ਆਉਂਦਾ...ਲੱਗਦਾ ਕੁੜਿੱਕੀ ਵਿਚ ਫਸ ਕੇ ਰਹਿ ਗਈ ਸਾਂ...!

ਸੋਫੀਆ ਨਾਮ ਦੀ ਕੁੜੀ ਦਾ ਫੋਨ ਅਕਸਰ ਆਉਂਦਾ ਰਹਿੰਦਾ...

ਇਹ ਕਿੰਨੀ ਦੇਰ ਉਸ ਨਾਲ ਗੱਲੀਂ ਲੱਗਾ ਰਹਿੰਦਾ...ਮੈਨੂੰ ਤਕਲੀਫ ਹੁੰਦੀ...ਅੰਦਰੋਂ ਅੰਦਰ ਸੜਦੀ-ਭੁੱਜਦੀ ਸੋਚਦੀ...ਮੇਰੇ ਨਾਲ ਕਿਓਂ ਨਹੀਂ ਕਰਦਾ ਇੰਝ ਦੀਆਂ ਗੱਲਾਂ...ਸ਼ਾਇਦ ਅੰਗਰੇਜ਼ੀ ਘੱਟ ਆਉਂਦੀ ਸੀ...!

ਕਿਸੇ ਨਾਲ ਦਿਲ ਫਰੋਲਦੀ ਤਾਂ ਆਖ ਦਿੰਦੇ ਕੇ ਨਾਲ ਕੰਮ ਕਰਦੀ ਏ...ਪਰ ਜਦੋਂ ਉਹ ਇੱਕ ਦੋ ਵਾਰ ਘਰੇ ਬੈਡ ਰੂਮ ਤੱਕ ਆਣ ਅੱਪੜੀ ਤਾਂ ਫੇਰ ਮੈਥੋਂ ਨਾ ਹੀ ਰਿਹਾ ਗਿਆ...ਕਲੇਸ਼ ਪਾ ਧਰਿਆ...ਸਾਰੇ ਆਖਣ ਇਥੇ ਇਹ ਸਭ ਕੁਝ ਤੇ ਆਮ ਜਿਹੀ ਗੱਲ ਏ...!

ਫੇਰ ਨਿੱਕੀ ਨਿੱਕੀ ਗੱਲ ਤੋਂ ਪੈਂਦਾ ਕਲਾ ਕਲੇਸ਼ ਨਿੱਤ ਦਾ ਵਰਤਾਰਾ ਜਿਹਾ ਬਣ ਗਿਆ...

ਪਹਿਲਾਂ ਪੁਲਸ ਅਤੇ ਫੇਰ ਅਦਾਲਤਾਂ ਤੇ ਹੋਰ ਵੀ ਬੜਾ ਕੁਝ...ਲੌਂਗ ਦੇ ਲਿਸ਼ਕਾਰੇ ਵਾਲਾ ਰਾਜ ਬੱਬਰ ਮੈਨੂੰ ਕਿਧਰੇ ਵੀ ਨਾ ਦਿਸਿਆ ਤੇ ਨਾ ਹੀ ਮੈਂ ਅਸਲ ਜ਼ਿੰਦਗੀ ਦੀ ਪ੍ਰੀਤੀ ਸਪਰੂ ਹੀ ਬਣ ਸਕੀ...!

ਉਸ ਦਿਨ ਤਲਾਕ ਦੀ ਸੁਣਵਾਈ ਵਾਲੀ ਆਖਰੀ ਤਰੀਖ ਸੀ...

ਕੱਲੀ ਬੈਠੀ ਨੂੰ ਕਿੰਨੇ ਵਰ੍ਹੇ ਪਹਿਲਾਂ ਵਾਲਾ ਲੰਮੀ ਦਾਹੜੀ ਵਾਲਾ ਓਹੀ ਗੁਰਮੁਖ ਸਿੰਘ ਚੇਤੇ ਆ ਗਿਆ...

ਪਤਾ ਨਹੀਂ ਕਿਧਰੇ ਹੋਵੇਗਾ ਹੁਣ...ਪਸੰਦ ਨਹੀਂ ਸੀ ਤਾਂ ਫੇਰ ਕੀ ਹੋਇਆ...ਘੱਟੋ ਘੱਟ ਉਸਦੀਆਂ ਭਾਵਨਾਵਾਂ ਦਾ ਮਜ਼ਾਕ ਨਹੀਂ ਸੀ ਉਡਾਉਣਾ ਚਾਹੀਦਾ...ਏਨਾ ਉਚਾ ਨਹੀਂ ਸੀ ਉੱਡਣਾ ਚਾਹੀਦਾ...!

ਤਿੰਨ ਦਹਾਕਿਆਂ ਮਗਰੋਂ ਮੇਰੇ ਵਾਲੀ ਉਮਰ ਦੇ ਓਸੇ ਪੜਾਅ ਵਿਚ ਅੱਪੜ ਚੁੱਕੀ ਆਪਣੀ ਧੀ ਨੂੰ ਇੱਕੋ ਗੱਲ ਸਮਝਾਉਂਦੀ ਹਾਂ ਕੇ ਧੀਏ ਕੁਝ ਪਲਾਂ ਦੀ ਬੱਲੇ ਬੱਲੇ ਅਤੇ ਚਕਾ-ਚੌਂਧ ਦੀ ਖਾਤਿਰ ਕਿਸੇ ਸਾਫ ਦਿਲ ਗੁਰਮੁਖ ਸਿੰਘ ਨੂੰ ਪੈਸੇ ਵਾਲੀ ਤੱਕੜੀ ਵਿਚ ਨਾ ਤੋਲ ਬੈਠੀਂ...ਬੜੀ ਭਾਰੀ ਕੀਮਤ ਚੁਕਾਉਣੀ ਪੈਂਦੀ ਏ...ਸਾਰੀ ਉਮਰ ਇੱਕ ਐਸਾ ਜ਼ਹਿਰ ਪੀਣਾ ਪੈਂਦਾ ਜਿਹੜਾ ਨਾ ਤੇ ਚੰਗੀ ਤਰਾਂ ਜਿਊਣ ਦਿੰਦਾ ਤੇ ਨਾ ਹੀ ਪੂਰੀ ਤਰ੍ਹਾਂ ਮਰਨ...!

## ਕਾਫਲਾ ਰਿਪੋਰਟ:

# ਇਤਿਹਾਸਕਾਰ ਜਗਤਾਰ ਸਿੰਘ ਨੇ ਸਿੱਖ ਸੰਘਰਸ਼ ਬਾਰੇ ਸਾਂਝੇ ਕੀਤੇ ਆਪਣੇ ਵਿਚਾਰ

**ਬਰੈਂਪਟਨ: (ਕੁਲਵਿੰਦਰ ਖਹਿਰਾ)** 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਦੀ ਜੁਲਾਈ ਮਹੀਨੇ ਦੀ ਬੈਠਕ ਵਿਚ ਜਿੱਥੇ ਡਾ. ਬਲਜਿੰਦਰ ਸੇਖੋਂ ਨੂੰ ਸ਼ਰਧਾਂਜਲੀ ਦਿੱਤੀ ਗਈ ਓਥੇ ਕਾਫ਼ਲੇ ਦੀ ਸੀਨੀਅਰ ਮੈਂਬਰ ਮਿੰਨੀ ਗਰੇਵਾਲ਼, ਵੈਨਕੂਵਰ ਤੋਂ ਆਏ ਸੁਖਵੰਤ ਹੁੰਦਲ ਅਤੇ ਪੰਜਾਬ ਤੋਂ ਆਏ ਪੱਤਰਕਾਰ/ਲੇਖਕ ਜਗਤਾਰ ਸਿੰਘ ਨਾ਼ਲ ਗੱਲਬਾਤ ਕੀਤੀ ਗਈ।

ਇੱਕ ਪੱਤਰਕਾਰ ਵਜੋਂ 80ਵਿਆਂ ਦੇ ਦਹਾਕੇ ਵਿਚ ਖਾਲਿਸਤਾਨੀ ਲਹਿਰ ਨੂੰ ਨੇੜਿਉਂ ਵਾਚਣ ਵਾ਼ਲੇ ਜਗਤਾਰ ਸਿੰਘ ਨੇ ਸਿੱਖਾਂ ਅਤੇ ਪੰਜਾਬ ਨਾ਼ਲ ਸਬੰਧਿਤ ਲਿਖੀਆਂ ਕਿਤਾਬਾਂ ਦੇ ਵਿਸ਼ਿਆਂ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ 'ਇੰਡੀਅਨ ਐਕਸਪ੍ਰੈੱਸ' ਨਾ਼ਲ ਕੰਮ ਕਰਦਿਆਂ 1979 ਵਿਚ ਉਨ੍ਹਾਂ ਦੀ ਨਿਯੁਕਤੀ ਅੰਮ੍ਰਿਤਸਰ ਹੋਣ ਨਾ਼ਲ ਉਨ੍ਹਾਂ ਨੂੰ ਖਾਲਿਸਤਾਨੀ ਸੰਘਰਸ਼ ਨੂੰ ਬਹੁਤ ਨੇੜਿਉਂ ਵੇਖਣ ਦਾ ਮੌਕਾ ਮਿ਼ਲਿਆ, ਏਥੋਂ ਤੱਕ ਕਿ 25 ਮਈ 1984 ਨੂੰ ਉਨ੍ਹਾਂ ਨੇ ਭਿੰਡਰਾਂ ਵਾ਼ਲਿਆਂ ਨਾ਼ਲ ਲੰਮੀ ਇੰਟਰਵਿਊ ਵੀ ਕੀਤੀ। ਪੱਤਰਕਾਰੀ ਤੋਂ ਸੇਵਾ-ਮੁਕਤ ਹੋਣ ਤੋਂ ਬਾਅਦ ਆਪਣੇ ਤਜਰਬਿਆਂ ਅਤੇ ਜਾਣਕਾਰੀ ਨੂੰ ਸੰਭਾਲਣ ਦੀ ਕੋਸ਼ਿਸ਼ ਵਿਚ ਉਹ ਹੁਣ ਤੱਕ ਚਾਰ ਕਿਤਾਬਾਂ ਲਿਖ ਚੁੱਕੇ ਹਨ ਜਿਨ੍ਹਾਂ ਵਿਚ 'Khalistan Struggle: A non-movement', 'Rivers on Fire', 'Kalapani: Punjabis' Role in Freedom Struggle' , 'Sikh Struggle Documents 1920 ਟੋ 2022' ਸ਼ਾਮਿਲ ਹਨ। ਇਨ੍ਹਾਂ ਕਿਤਾਬਾਂ ਵਿਚ ਉਨ੍ਹਾਂ ਨੇ ਖਾਲਿਸਤਾਨੀ ਲਹਿਰ ਦੇ ਪੱਖਾਂ ਨੂੰ ਵਿਚਾਰਨ ਤੋਂ ਇਲਾਵਾ ਜਿੱਥੇ ਕਾ਼ਲੇ-ਪਾਣੀ ਟਾਪੂਆਂ ਬਾਰੇ ਚਰਚਾ ਕੀਤੀ ਹੈ ਓਥੇ ਆਪਣੀ ਆਖਰੀ ਕਿਤਾਬ ਵਿਚ ਕੋਈ ਸੌ ਸਾਲ ਦਾ ਅਕਾਲੀ ਅਤੇ ਸ਼੍ਰੋਮਣੀ ਕਮੇਟੀ ਦਾ ਇਤਿਹਾਸ ਵੀ ਇਕੱਠਾ ਕੀਤਾ ਹੈ। ਸ਼ਮੀਲ ਵੱਲੋਂ ਕੀਤੇ ਗਏ ਇੱਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਇਹ ਬੜੀ ਅਚੰਭੇ ਵਾ਼ਲੀ ਗੱਲ ਹੈ ਕਿ ਕੀ ਕਾਰਨ ਹਨ ਕਿ ਬਹੁਤ ਥੋੜ੍ਹਾ ਸਮਾਂ ਚੱਲੀ ਨਕਸਲਬਾੜੀ ਲਹਿਰ ਨੇ ਤਾਂ ਪੰਜਾਬੀ ਵਿਚ ਕਮਾਲ ਦਾ ਸਾਹਿਤ ਅਤੇ ਆਰਟ ਪੈਦਾ ਕੀਤਾ ਜਿਸਦੀ ਉੱਚਤਾ ਅੱਜ ਵੀ ਕਾਇਮ ਹੈ ਪਰ ਦਹਾਕੇ ਤੋਂ ਵੱਧ ਚੱਲ ਕੇ ਹਜ਼ਾਰਾਂ ਨੌਜਵਾਨਾਂ ਦੀਆਂ ਜਾਨਾਂ ਗਵਾ ਕੇ ਵੀ ਖਾਲਿਸਤਾਨੀ ਲਹਿਰ ਕੋਈ ਜ਼ਿਕਰਯੋਗ ਸਾਹਿਤ ਕਿਉਂ ਪੈਦਾ ਨਹੀਂ ਕਰ ਸਕੀ? ਇਸ ਸੰਦਰਭ ਵਿਚ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਅਗਲੀ ਕੋਸ਼ਿਸ਼ 1978 ਤੋਂ 1995 ਦਰਮਿਆਨ ਪੰਜਾਬ ਵਿਚ ਜੋ ਕੁਝ ਵਾਪਰਿਆ ਉਸਨੂੰ ਸੂਤਰਬੱਧ ਤਰੀਕੇ ਨਾ਼ਲ ਕਲਮਬੱਧ ਕਰਕੇ ਇਹ ਪੇਸ਼ ਕਰਨਾ ਹੈ ਕਿ ਉਸਦੀ ਸਚਾਈ ਕੀ ਸੀ।







ਟਿੱਪਣੀ ਕਰਦਿਆਂ ਜਸਵਿੰਦਰ ਸੰਧੂ ਨੇ ਕਿਹਾ ਕਿ ਲੇਖਕ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਪੰਜਾਬ ਦਾ ਦੁਖਾਂਤ ਇਹ ਹੈ ਕਿ ਗੋਰੀ ਸਰਕਾਰ ਤੋਂ ਭਾਰਤ ਨੂੰ ਆਜ਼ਾਦੀ ਨਹੀਂ ਮਿ਼ਲੀ ਬਲਕਿ ਉਨ੍ਹਾਂ ਨੇ ਵੱਖ ਵੱਖ ਧਾਰਮਿਕ ਸੰਸਥਾਵਾਂ ਪੈਦਾ ਕਰਕੇ ਆਪਣੇ 'ਚਮਚਿਆਂ' ਨੂੰ ਰਾਜ-ਭਾਗ ਸੰਭਾ਼ਲਿਆ। ਇਸਦੇ ਜਵਾਬ ਵਿਚ ਜਗਤਾਰ ਸਿੰਘ ਨੇ ਕਿਹਾ ਕਿ ਖੋਜ-ਕਾਰਜ ਦਾ ਕੰਮ ਇਹ ਲਿਖਣਾ ਨਹੀਂ ਹੁੰਦਾ ਕਿ ਕਿਸੇ 'ਚਮਚੇ' ਨੂੰ ਸੱਤਾ ਮਿ਼ਲੀ ਜਾਂ ਨਹੀਂ, ਖੋਜ-ਕਾਰਜ ਦਾ ਕੰਮ ਤੱਥਾਂ ਨੂੰ ਪੇਸ਼ ਕਰਨਾ ਹੁੰਦਾ ਹੈ।


ਡਾ. ਬਲਜਿੰਦਰ ਸੇਖੋਂ ਨੂੰ ਸ਼ਰਧਾਂਜਲੀ ਦਿੰਦਿਆਂ ਤਰਕਸ਼ੀਲ ਸੋਸਾਇਟੀ (ਕੈਨੇਡਾ) ਦੇ ਪ੍ਰਧਾਨ ਬਲਦੇਵ ਰਹਿਪਾ ਨੇ ਕਿਹਾ ਕਿ ਜਿੱਥੇ ਬਲਜਿੰਦਰ ਸੇਖੋਂ ਨੇ ਆਪਣੇ ਪਰਿਵਾਰਕ ਫ਼ਰਜ਼ਾਂ ਨੂੰ ਤਨ-ਦੇਹੀ ਨਾ਼ਲ ਨਿਭਾਇਆ ਓਥੇ ਓਨੀ ਹੀ ਸ਼ਿੱਦਤ ਨਾ਼ਲ ਸਮਾਜਕ ਕਾਰਜਾਂ ਵਿਚ ਵੀ ਹਿੱਸਾ ਪਾਇਆ ਤੇ ਹਰ ਸਿਆਸੀ ਅਤੇ ਸਮਾਜੀ ਮਸਲੇ 'ਤੇ ਬੇਬਾਕੀ ਨਾ਼ਲ ਵਿਚਾਰ ਪੇਸ਼ ਕਰਦੇ ਰਹੇ। ਜਸਵਿੰਦਰ ਸੰਧੂ ਨੇ ਡਾ. ਸੇਖੋਂ ਨਾ਼ਲ ਆਪਣੇ ਵਿਦਿਆਰਥੀ ਜੀਵਨ ਦੀ ਸਾਂਝ ਨੂੰ ਭਾਵੁਕਤਾ ਵਿਚ ਸਾਂਝੀ ਕਰਦਿਆਂ ਦੱਸਿਆ ਕਿ ਡਾ. ਸੇਖੋਂ ਦੀ ਜ਼ਿੰਦਗੀ ਸਾਦਾ ਅਤੇ ਸਰਲ ਸੀ ਜਿਸ ਸਦਕਾ ਜੋ ਵੀ ਉਨ੍ਹਾਂ ਦੇ ਸੰਪਰਕ ਵਿਚ ਆਉਂਦਾ ਉਸਨੂੰ ਇਹੋ ਹੀ ਮਹਿਸੂਸ ਹੁੰਦਾ ਕਿ ਉਹ ਸਿਰਫ ਉਸੇ ਦੇ ਹੀ ਹਨ। ਉਨ੍ਹਾਂ ਦੱਸਿਆ ਕਿ ਡਾ. ਸੇਖੋਂ ਬਹੁ-ਪੱਖੀ ਸ਼ਖ਼ਸੀਅਤ ਸਨ ਜਿਨ੍ਹਾਂ ਨੂੰ ਸਮਾਜਵਾਦ, ਭਗਤ ਸਿੰਘ, ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਵੀ ਗਿਆਨ ਸੀ। ਤਰਕਸ਼ੀਲਤਾ ਉਨ੍ਹਾਂ ਦੇ ਕਾਰਜ ਦਾ ਸਿਰਫ ਇੱਕ ਅੰਗ ਸੀ ਜਦਕਿ ਮੂ਼ਲ ਕਾਰਜ ਸਾਇੰਸ ਨੂੰ ਲੋਕਾਂ ਤੱਕ ਲਿਜਾਣ ਦਾ ਸੀ ਜਿਸ ਦੀ ਪੂਰਤੀ ਲਈ ਉਹ ਆਮ ਲੋਕਾਂ ਦੀ ਭਾਸ਼ਾ ਵਿਚ ਲੋਕਾਂ ਨੂੰ ਸਾਇੰਸ ਸਮਝਾਉਣ ਦੀ ਸਮਰੱਥਾ ਰੱਖਦੇ ਸਨ। ਅਜਿਹੇ ਇਨਸਾਨ ਨੂੰ ਗਵਾ ਬੈਠਣਾ ਬਹੁਤ ਦੁਖਦਾਈ ਹੈ। ਕੁਲਵਿੰਦਰ ਖਹਿਰਾ ਨੇ ਕਿਹਾ ਕਿ ਏਨੇ ਗੁਣਾਂ ਦੇ ਧਾਰਨੀ ਹੁੰਦਿਆਂ ਹੋਇਆਂ ਵੀ ਡਾ. ਸੇਖੋਂ ਵਿਚ ਅੱਗੇ ਆਉਣ ਦੀ ਖਵਾਹਿਸ਼ ਬਿਲਕੁਲ ਨਹੀਂ ਸੀ; ਏਥੋਂ ਤੱਕ ਕਿ ਉਨ੍ਹਾਂ ਨੂੰ ਕਾਫ਼ਲੇ ਵਿਚ ਅੱਗੇ ਆਉਣ ਲਈ ਬੇਨਤੀ ਕੀਤੇ ਜਾਣ ਦੇ ਬਾਵਜੂਦ ਉਨ੍ਹਾਂ ਕਿਹਾ ਕਿ ਉਹ ਪਿੱਛੇ ਰਹਿ ਕੇ ਕੰਮ ਕਰਨਾ ਪਸੰਦ ਕਰਦੇ ਹਨ।





ਕਾਫ਼ਲੇ ਦੀ ਸੀਨੀਅਰ ਮੈਂਬਰ ਮਿੰਨੀ ਗਰੇਵਾ਼ਲ ਬਾਰੇ ਜਾਣ-ਪਛਾਣ ਕਰਵਾਉਂਦਿਆਂ ਬਲਬੀਰ ਕੌਰ ਸੰਘੇੜਾ ਨੇ ਦੱਸਿਆ ਕਿ ਮਿੰਨੀ ਗਰੇਵਾ਼ਲ 1995 ਤੋਂ ਕਾਫ਼ਲੇ ਨਾ਼ਲ ਜੁੜਨ ਤੋਂ ਪਹਿਲਾਂ ਹੀ ਇੰਡੀਆ ਵਿਚ ਆਪਣਾ ਨਾਂ ਬਣਾ ਚੁੱਕੇ ਸਨ ਅਤੇ ਉਨ੍ਹਾਂ ਦੀ ਇੱਕ ਕਿਤਾਬ 'ਕੈਕਟਸ ਦੇ ਫੁੱਲ' ਛਪ ਚੁੱਕੀ ਸੀ। ਇਹ 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਅਤੇ 'ਕਹਾਣੀ ਵਿਚਾਰ-ਮੰਚ' (ਜੋ ਕਾਫ਼ਲੇ ਦੇ ਅੰਗ ਵਜੋਂ ਹੀ ਹੋਂਦ ਵਿਚ ਆਇਆ ਸੀ) ਦੀ ਹੀ ਦੇਣ ਹੈ ਕਿ 'ਕੈਕਟਸ ਦੇ ਫੁ੍ੱਲ' ਕਿਤਾਬ ਤੋਂ ਬਾਅਦ ਪਰਿਵਾਰਕ ਜ਼ਿਮੇਵਾਰੀਆਂ ਪੈ ਜਾਣ ਕਰਕੇ ਜੋ ਕਲਮ ਹੱਥੋਂ ਛੁੱਟ ਗਈ ਸੀ, ਉਹ ਮਿੰਨੀ ਜੀ ਨੇ ਦੁਬਾਰਾ ਫੜੀ ਅਤੇ ਕਈ ਕਹਾਣੀ-ਸੰਗ੍ਰਹਿ ਅਤੇ ਇੱਕ ਕਵਿਤਾ ਦੀ ਕਿਤਾਬ ਛਪਵਾਈ। ਇਨ੍ਹਾਂ ਦੀ ਦੇਸ-ਵਿਦੇਸ਼ੀ ਸੈਰ-ਸਪਾਟੇ ਦੀ ਰੁਚੀ ਨੂੰ ਲੈ ਕੇ ਕੁਲਜੀਤ ਮਾਨ ਵੱਲੋਂ ਇੱਕ ਲੇਖ ਦਾ ਸਿਰਲੇਖ 'ਘੁਮੱਕੜ, ਮਣਕਿਆਂ ਵਾ਼ਲੀ ਮਿੰਨੀ ਗਰੇਵਾ਼ਲ' ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਇੱਕ ਅਮੀਰ ਬਾਪ (ਦਾਦਾ ਮਹਾਰਾਜਾ ਨਾਭਾ ਦੀ ਅਦਾਲਤ ਵਿਚ ਚੀਫ਼ ਜਸਟਿਸ ਸਨ) ਦੀ ਧੀ ਹੋਣ ਦੇ ਬਾਵਜੂਦ ਉਹ ਏਨੇ ਨਿਮਰ ਰਹੇ ਕਿ ਕੈਫੀ ਆਜ਼ਮੀ, ਗੁਲਜ਼ਾਰ, ਸ਼ਬਾਨਾ ਆਜ਼ਮੀ, ਅਚਲਾ ਸੱਚਦੇਵ, ਬੂਟਾ ਸਿੰਘ ਸ਼ਾਦ, ਐੱਸ. ਸਵਰਨ ਆਦਿ ਲੇਖਕਾਂ ਨਾ਼ਲ ਨੇੜਤਾ ਹੋਣ ਦੇ ਬਾਵਜੂਦ ਕਦੀ ਇਸ ਗੱਲ ਦਾ ਪ੍ਰਚਾਰ ਨਹੀਂ ਸੀ ਕੀਤਾ।

ਮਿੰਨੀ ਗਰੇਵਾ਼ਲ ਨੇ ਕਿਹਾ ਕਿ ਕੈਨੇਡਾ ਆ ਕੇ ਕਾਫ਼ਲੇ ਨਾ਼ਲ ਜੁੜਨ ਤੋਂ ਬਾਅਦ ਇਸ ਗੱਲ ਦੀ ਬੜੀ ਖੁਸ਼ੀ ਹੋਈ ਕਿ ਤੁਸੀਂ ਆਪਣੀ ਜ਼ਬਾਨ ਵਿਚ ਪੜ੍ਹ-ਸੁਣ-ਲਿਖ ਸਕਦੇ ਹੋ ਜਦਕਿ ਉਸ ਤੋਂ ਪਹਿਲਾਂ ਅਜਿਹਾ ਮਾਹੌਲ ਨਹੀਂ ਸੀ। ਉਨ੍ਹਾਂ ਦੱਸਿਆ ਕਿ ਲਿਖਣ ਦਾ ਸ਼ੌਕ ਤਾਂ ਸਕੂਲ ਸਮੇਂ ਤੋਂ ਹੀ ਸੀ ਜਿਸ ਨੂੰ ਵੇਖਦਿਆਂ ਅਧਿਆਪਕਾਂ ਅਤੇ ਪ੍ਰੋਫੈਸਰਾਂ ਨੇ ਲਿਖਣ ਲਈ ਪ੍ਰੇਰਿਆ। ਪਿਤਾ ਦੀ ਫੌਜੀ ਨੌਕਰੀ ਦੌਰਾਨ ਭਾਰਤ ਦਾ ਕੋਨਾ ਕੋਨਾ ਘੁੰਮਣ ਕਰਕੇ ਉਨ੍ਹਾਂ ਨੂੰ ਦੁਨੀਆਂ ਦੇਖਣ ਦਾ ਸ਼ੌਕ ਪਿਆ ਜਿਸ ਸਦਕਾ ਉਨ੍ਹਾਂ ਨੇ ਮਾਸਕੋ ਤੋਂ ਲੈ ਕੇ ਸਾਈਬੇਰੀਆ ਤੱਕ ਅਤੇ ਸਾਰਾ ਯੌਪਰ ਘੁੰਮਿਆ ਹੈ ਅਤੇ ਕੈਨੇਡਾ ਆ ਕੇ ਇਸ ਸੋਚ ਨਾ਼ਲ ਛੋਟੇ ਬੱਚਿਆ ਨਾ਼ਲ ਬੱਸਾਂ ਰਾਹੀਂ ਸਾਰਾ ਕੈਨੇਡਾ ਘੁੰਮਿਆ ਕਿ "ਭਾਰਤ ਛੱਡ ਕੇ ਜਿਸ ਦੇਸ ਨੂੰ ਅਪਣਾਇਆ ਹੈ, ਉਸਨੂੰ ਵੇਖ ਤਾਂ ਲਵਾਂ।" ਉਨ੍ਹਾਂ ਕਿਹਾ ਕਿ ਕਾਫ਼ਲੇ ਨਾ਼ਲ ਜੁੜਨ ਨਾ਼ਲ ਇੱਕ ਉਤਸ਼ਾਹਪੂਰਵਕ ਰਿਸ਼ਤਾ ਬਣਿਆ ਜਿਸ ਨੇ ਲਿਖਣ ਲਈ ਪ੍ਰੇਰਿਆ। ਬਲਰਜ ਚੀਮਾ ਨੇ ਮਿੰਨੀ ਬਾਰੇ ਕਿਹਾ ਕਿ "ਇਨ੍ਹਾਂ ਦਾ ਨਾਂ ਮਿੰਨੀ ਨਹੀਂ ਸਗੋਂ 'ਨਿਮਰਤਾ' ਚਾਹੀਦਾ ਸੀ ਕਿਉਂਕਿ ਇਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਹੀ ਇਨ੍ਹਾਂ ਦੋ ਹਰਫਾਂ ਵਿਚਕਾਰ ਨਿਭਾਈ ਹੈ।" ਪ੍ਰਿੰ. ਸਰਵਣ ਸਿੰਘ ਨੇ ਮਿੰਨੀ ਗਰੇਵਾ਼ਲ ਦੇ ਦਿੱਲੀ ਵਿਚ ਬਿਤਾਏ ਸਮੇਂ ਦੀ ਯਾਦ ਸਾਂਝੀ ਕਰਦਿਆਂ "ਸੋਵੀਅਤ ਦੂਤਾਵਾਸ" ਨਾ਼ਲ ਸਬੰਧਿਤ ਯਾਦਾਂ ਤਾਜ਼ਾ ਕੀਤੀਆਂ ਜਿੱਥੇ ਮਿੰਨੀ ਜੀ ਨੇ 'ਸੋਵੀਅਤ ਲੈਂਡ' ਵਿਚ ਕੰਮ ਕੀਤਾ ਸੀ।




ਜਗਤਾਰ ਸਿੰਘ ਦੀ ਕਿਤਾਬ 'ਖਾਲਿਸਤਾਨ ਸਟਰੱਗਲ ਏ ਨਾਨ ਮੂਵਮੈਂਟ' ਦਾ ਸਰਵਰਕ।

ਮਨਮੋਹਨ ਗੁਲਾਟੀ ਨੇ ਬ੍ਰਜਿੰਦਰ ਗੁਲਾਟੀ ਵੱਲੋਂ ਪੰਜਾਬੀ ਕਹਾਣੀਆਂ ਦਾ ਅਨੁਵਾਦਤ ਸੰਗ੍ਰਹਿ 'ਫੁੱਟ-ਪ੍ਰਿੰਟਸ' ਮਿੰਨੀ ਨੂੰ ਭੇਟ ਕੀਤਾ ਜਿਸ ਵਿਚ ਮਿੰਨੀ ਦੀ ਕਹਾਣੀ ਵੀ ਸ਼ਾਮਲ ਹੈ।

ਵੈਨਕੂਵਰ ਤੋਂ ਆਏ ਸੁਖਵੰਤ ਹੁੰਦਲ ਨੇ ਸੰਖੇਪ ਵਿਚ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅੱਜ ਦੇ ਸੋਸ਼ਲ ਮੀਡੀਆ ਦੇ ਯੁਗ ਵਿਚ ਸਾਨੂੰ ਟੈਕਨੌਲੌਜੀ ਦਾ ਫਾਇਦਾ ਉਠਾਉਣ ਲਈ ਹਰ ਉਪਲਬਧ ਕਿਤਾਬ ਨੂੰ ਡਿਜੀਟਲਾਈਜ਼ ਕਰਕੇ ਇੰਟਰਨੈਟ 'ਤੇ ਪਾਉਣਾ ਚਾਹੀਦਾ ਹੈ ਤਾਂ ਜੋ ਪੰਜਾਬੀ ਵਿਚ ਛਪਣ ਵਾ਼ਲੀ ਹਰ ਕਿਤਾਬ ਨੂੰ ਹਮੇਸ਼ਾਂ ਲਈ ਸੰਭਾ਼ਲਿਆ ਜਾ ਸਕੇ ਜਿਸ ਨਾ਼ਲ ਭਵਿੱਖ ਵਿਚ ਕਿਸੇ ਵੀ ਖੋਜਾਰਥੀ ਲਈ ਸੌਖ ਹੋ ਜਾਵੇਗੀ ਅਤੇ ਲਿਖਤ ਦੀ ਹਰ ਪਾਠਕ ਤੱਕ ਪਹੁੰਚ ਵੀ ਹੋ ਜਾਵੇਗੀ।

# ਆਜ਼ਾਦੀ ਦਿਵਸ ਨੂੰ ਸਮਰਪਤ ਰਹੀ ਕੈਲਗਰੀ ਲੇਖਕ ਸਭਾ ਦੀ ਇਕੱਤਰਤਾ

**ਕੈਲਗਰੀ:** ਕੈਲਗਰੀ ਲੇਖਕ ਸਭਾ ਦੀ ਅਗਸਤ ਮਹੀਨੇ ਦੀ ਮੀਟਿੰਗ 2 ਅਗਸਤ ਨੂੰ ਕੋਸੋ ਹਾਲ ਵਿਚ ਹੋਈ। ਸਕੱਤਰ ਗੁਰਚਰਨ ਥਿੰਦ ਨੇ ਭਾਰਤ ਦੇ ਆਜ਼ਾਦੀ ਦਿਹਾੜੇ 15 ਅਗਸਤ 1947 ਨੂੰ ਸੰਬੋਧਤ ਹੋ ਆਜ਼ਾਦੀ ਦੇ ਲੰਮੇ ਸੰਘਰਸ਼ ਦੀ ਗੱਲ ਕਰਦਿਆਂ ਇਸ ਸੰਘਰਸ਼ ਵਿੱਚ ਉੱਤਰੀ ਅਮਰੀਕਾ ਤੋਂ ਭਾਰਤ ਪਹੁੰਚੇ ਗਦਰੀ ਬਾਬਿਆਂ ਦੇ ਯੋਗਦਾਨ ਨੂੰ ਯਾਦ ਕੀਤਾ ਅਤੇ ਕਿਹਾ ਕਿ ਸੁਤੰਤਰਤਾ ਦਾ ਐਲਾਨ ਦੇਸ਼ ਦੀ ਵੰਡ ਵੀ ਨਾਲ ਲੈ ਕੇ ਆਇਆ, ਪੰਜਾਬ ਤੇ ਬੰਗਾਲ ਦੇ ਦੋ-ਦੋ ਟੋਟੇ ਹੋਏ। ਫਲਸਰੂਪ ਪੰਜਾਬ ਵਿਚ ਅਬਾਦੀ ਦੇ ਤਬਾਦਲੇ ਕਾਰਨ ਲੋਕਾਂ ਵਲੋਂ ਹੰਢਾਇਆ ਸੰਤਾਪ ਅੱਜ ਵੀ ਚੇਤਿਆਂ ਨੂੰ ਮੱਲੀ ਬੈਠਾ ਹੈ। ਬੇਸ਼ੱਕ ਹਾਜ਼ਰ ਸਰੋਤਿਆਂ ਨੇ ਇਹ ਸੰਤਾਪ ਹੱਡੀਂ ਨਹੀਂ ਹੰਢਾਇਆ ਪ੍ਰੰਤੂ ਆਪਣੇ ਵਡੇਰਿਆਂ ਤੋਂ ਸੁਣੇ ਦੁਖਾਂਤ ਦੀਆਂ ਚੀਸਾਂ ਸਾਡੇ ਅੰਦਰ ਹਨ। ਗੁਰਚਰਨ ਥਿੰਦ, ਸੰਦੀਪ ਰੂਹਵ, ਸਰਬਜੀਤ ਜਵੰਦਾ, ਹਰਜਿੰਦਰ ਕੌਰ ਤੇ ਗੁਰਮੀਤ ਤੰਬੜ ਨੇ ਇਸ ਦੁਖਾਂਤ ਦੀਆਂ ਕੁੱਝ ਯਾਦਾਂ ਸਾਂਝੀਆਂ ਕੀਤੀਆਂ।







ਸਭਾ ਦੇ ਉਪ-ਪ੍ਰਧਾਨ ਸੁਰਿੰਦਰ ਸਿੰਘ ਢਿਲੋਂ ਨੇ ਸਰਦੂਲ ਸਿੰਘ ਲੱਖਾ ਦੀ ਗੈਰ-ਹਾਜ਼ਰੀ ਵਿਚ ਉਨ੍ਹਾਂ ਦੀ ਗਦਰੀ ਬਾਬਿਆਂ ਬਾਰੇ ਲਿਖੀ ਰਚਨਾ 'ਗਲੀਂ ਗਾਤਰੇ ਤੇੜ ਕਛਹਿਰੇ, ਕਰ ਅਰਦਾਸਾਂ ਨਿਕਲ ਤੁਰੇ ਸਨ' ਸੁਣਾਈ। ਉਪਰੰਤ ਉਨ੍ਹਾਂ ਭਾਰਤ ਦੀ ਆਜ਼ਾਦੀ ਬਾਰੇ ਕਿਹਾ ਕਿ ਇਹ ਸਿਰਫ਼ ਪਾਵਰ ਟ੍ਰਾਂਸਫਰ ਸੀ। ਆਜ਼ਾਦੀ ਘੁਲਾਟੀਆਂ ਦੇ ਸੁਪਨਿਆਂ ਵਾਲੇ ਆਜ਼ਾਦ ਦੇਸ਼ ਦੀ ਸਿਰਜਨਾ ਨਹੀਂ ਹੋਈ। ਅਜੇ ਵੀ ਲੋਕ ਜ਼ਿਹਨੀ ਗੁਲਾਮੀ ਤੋਂ ਪੀੜਤ ਹਨ।

ਸਰਬਜੀਤ ਜਵੰਦਾ ਦੇ ਕਹਿਣ ਅਨੁਸਾਰ ਭਾਰਤ ਦੀ ਅਜ਼ਾਦੀ ਦੀ ਵਿਡੰਬਨਾ ਇਹ ਹੈ ਕਿ ਇਹ ਇਤਿਹਾਸ ਦਾ ਉਹ ਪੜਾਅ ਹੈ ਜਿੱਥੇ ਕੁੱਝ ਲੋਕ ਜਸ਼ਨ ਮਨਾਉਂਦੇ ਹਨ ਅਤੇ ਕੁੱਝ ਰੁਦਨ ਕਰਦੇ ਹਨ। ਸਭ ਤੋਂ ਵੱਡੀ ਤ੍ਰਾਸਦੀ ਹੈ ਕਿ ਸਾਡੇ ਨੇਤਾ ਕੁਰਸੀ ਦੇ ਗੁਲਾਮ ਹੋ ਗਏ ਹਨ। ਹਰਜਿੰਦਰ ਕੌਰ ਨੇ ਕਿਹਾ ਕਿ ਗਦਰੀ ਬਾਬਿਆਂ ਨੇ ਰਸਤੇ ਬਣਾਏ, ਦੇਸ਼ ਭਗਤਾਂ ਨੇ ਪੱਕੇ ਕੀਤੇ ਪਰ ਅਸੀਂ ਭਟਕ ਗਏ ਹਾਂ। ਸਾਨੂੰ ਸੰਤੁਲਿਤ ਜੀਵਨ ਜਿਉਣ ਅਤੇ ਆਪਣੇ ਬੱਚਿਆਂ ਵੱਲ ਧਿਆਨ ਦੇਣ ਦੀ ਲੋੜ ਹੈ।

ਸੁਖਮੰਦਰ ਸਿੰਘ ਗਿੱਲ ਨੇ ਆਪਣੀ ਨਵੀਂ ਛਪੀ ਗੀਤਾਂ ਦੀ ਕਿਤਾਬ 'ਖ਼ਾਕ ਤੋਂ ਖ਼ਾਕ ਤੱਕ' ਵਿਚੋਂ 'ਸਿਰ ਧਰ ਤਲੀ ਪ੍ਰੇਮ ਦੀ ਗਲੀ ਲੰਘੀਦਾ' ਗਦਰੀ ਬਾਬਿਆਂ ਦਾ ਸੰਘਰਸ਼ ਦਰਸਾਉਂਦਾ ਗੀਤ ਸਾਜ਼ ਨਾਲ ਸੁਰ ਵਿੱਚ ਗਾਇਆ। ਗੁਰਨਾਮ ਕੌਰ ਨੇ 'ਯਾਦ ਤੇਰੀ ਮਾਂ ਧਰਤੀਏ ਸਾਨੂੰ ਬਹੁਤ ਸਤਾਏ' ਕਵਿਤਾ ਸੁਣਾਈ ਅਤੇ ਗੁਰਚਰਨ ਸਿੰਘ ਹੇਹਰ ਨੇ 'ਗਿੱਲੀਆਂ ਨੇ ਧੁੱਪਾਂ ਤੇ ਸੁੱਕੀਆਂ ਨੇ ਛਾਵਾਂ, ਵੇਦਨਾ ਇੱਥੇ ਦੱਸ ਕੀਹਦੀ ਝੋਲੀ ਪਾਵਾਂ' ਗੀਤ ਬੁਲੰਦ ਅਵਾਜ਼ ਵਿੱਚ ਪੇਸ਼ ਕੀਤਾ। ਸੰਦੀਪ ਰੂਹਵ ਨੇ ਆਪਣੀ ਰਚਨਾ, 'ਉਹ ਮਕਾਨ ਬਹੁਤਾ ਚਿਰ ਨਹੀਂ ਚਲਦਾ, ਪੈਰ ਛੱਡ ਜਾਂਦੀਆਂ ਜਿਸ ਦੀਆਂ ਨੀਂਹਾਂ' ਸਾਂਝੀ ਕੀਤੀ। ਮਨਮੋਹਨ ਬਾਠ ਨੇ ਹਿੰਦੀ ਗੀਤ ਅਤੇ ਰਵੀ ਜਨਾਗਲ ਨੇ ਸੁਰਜੀਤ ਪਾਤਰ ਦਾ ਗੀਤ, 'ਜੇ ਆਈ ਪੱਤਝੜ ਤਾਂ ਫੇਰ ਕੀ ਏ, ਤੂੰ ਆਉਂਦੀ ਰੁੱਤ 'ਚ ਯਕੀਨ ਰੱਖੀਂ' ਤਰੰਨਮ ਵਿੱਚ ਸੁਣਾਇਆ। ਜਸਵੰਤ ਸਿੰਘ ਸੇਖੋਂ ਨੇ ਭਾਈ ਘਨੱਈਆ ਜੀ ਦੀ ਸੇਵਾ ਭਾਵਨਾ ਦਰਸਾਉਂਦੀ ਕਵੀਸ਼ਰੀ ਨਾਲ ਖੂਬ ਰੰਗ ਬੰਨ੍ਹਿਆ। ਅਮਨਪ੍ਰੀਤ ਨੇ 'ਜਿਹਦੇ ਵਿੱਚ ਕਣ ਹੀ ਨਹੀਂ ਕਾਹਦੇ ਕਿਰਦਾਰ ਨੇ', ਪਰੀਤ ਸਾਗਰ ਨੇ 'ਚਮਕਣ ਤਾਰੇ ਟਿਕ ਗਏ ਸਾਰੇ, ਫਿਰ ਵੀ ਜਾਗਾਂ ਰਾਤ ਬਰਾਤੇ' ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ।


ਡਾ. ਸੁਖਵਿੰਦਰ ਸਿੰਘ ਥਿੰਦ ਨੇ ਦੱਸਿਆ ਕਿ ਇੱਕ ਏਜੰਸੀ ਦੁਆਰਾ ਦੁਨੀਆਂ ਭਰ ਦੀਆਂ 4707 ਖੇਤੀਬਾੜੀ ਯੂਨੀਵਰਸਿਟੀਆਂ ਦਾ ਮੁਲਾਂਕਣ ਕੀਤਾ ਗਿਆ ਹੈ। ਪਹਿਲੇ 100 ਸਥਾਨਾਂ ਵਿਚੋਂ ਭਾਰਤ ਦੀਆਂ ਕੇਵਲ ਦੋ ਖੇਤੀ-ਬਾੜੀ ਸੰਸਥਾਵਾਂ ਨੂੰ ਸਥਾਨ ਪ੍ਰਾਪਤ ਹੋਇਆ ਹੈ। ਦਿੱਲੀ ਵਿੱਖੇ ਸਥਿੱਤ ਪੂਸਾ ਇੰਸਟੀਚਿਊਟ 43ਵੇਂ ਅਤੇ ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ 93ਵੇਂ ਸਥਾਨ 'ਤੇ ਹਨ।


ਅੰਤ ਵਿਚ ਪ੍ਰਧਾਨ ਜਸਵੀਰ ਸਿੰਘ ਸਿਹੋਤਾ ਨੇ ਆਪਣੇ ਵਿਚਾਰ ਸਾਂਝੇ ਕੀਤੇ। ਸਭ ਹਾਜ਼ਰੀਨ ਦਾ ਉਨ੍ਹਾਂ ਦੀ ਵੱਡਮੁੱਲੀ ਹਾਜ਼ਰੀ ਲਈ ਧੰਨਵਾਦ ਕੀਤਾ ਅਤੇ ਮੀਟਿੰਗ ਦੀ ਸਮਾਪਤੀ ਕਰ ਦਿੱਤੀ।

*-ਗੁਰਚਰਨ ਕੌਰ ਥਿੰਦ*
*403-402-9635*

# ਡਾ. ਬਲਜਿੰਦਰ ਸੇਖੋਂ ਨੂੰ ਭਾਵ-ਭਿੰਨੀ ਸ਼ਰਧਾਂਜਲੀ

**ਬਰੈਂਪਟਨ:** ਡਾ. ਬਲਜਿੰਦਰ ਸਿੰਘ ਸੇਖੋਂ ਜੋ ਲੰਘੀ 30 ਜੂਨ ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ, ਨੂੰ ਯਾਦ ਕਰਦਿਆਂ ਐਤਵਾਰ 27 ਜੁਲਾਈ ਨੂੰ 'ਐਂਮਬੈਸੀ ਗਰੈਂਡ ਕਨਵੈਂਨਸ਼ਨ ਸੈਂਟਰ' ਵਿਚ ਰੱਖੇ ਗਏ ਸ਼ਰਧਾਂਜਲੀ ਸਮਾਗ਼ਮ ਵਿਚ ਬਰੈਂਪਟਨ ਦੀਆਂ ਸਾਹਿਤਕ, ਸਮਾਜਿਕ, ਸੱਭਿਆਚਾਰਕ ਤੇ ਹੋਰਨਾਂ ਜਥੇਬੰਦੀਆਂ ਵੱਲੋਂ ਭਾਵਪੂਰਤ ਸ਼ਰਧਾਂਜਲੀ ਭੇਂਟ ਕੀਤੀ ਗਈ। ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਕਿੱਤੇ ਵਜੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਲੰਮਾ ਸਮਾਂ ਰਹੇ ਕੀਟ-ਵਿਗਿਆਨ ਦੇ ਪ੍ਰੋਫ਼ੈਸਰ, ਸੋਚ ਪੱਖੋਂ ਤਰਕਸ਼ੀਲ ਅਤੇ ਸ਼ੌਕ ਵਜੋਂ ਲੇਖਕ ਤੇ ਪੱਤਰਕਾਰ ਡਾ. ਬਲਜਿੰਦਰ ਸੇਖੋਂ ਦੇ ਸ਼ਰਧਾਂਜਲੀ ਸਮਾਗਮ ਵਿਚ ਬਰੈਂਪਟਨ ਦੀਆਂ ਦਰਜਨ ਤੋਂ ਵਧੇਰੇ ਜਥੇਬੰਦੀਆਂ ਦੇ ਆਗੂਆਂ ਅਤੇ ਅਹਿਮ ਸ਼ਖਸੀਅਤਾਂ ਨੇ ਸਮਾਗ਼ਮ 'ਚ ਸ਼ਾਮਲ ਸਰੋਤਿਆਂ ਨੂੰ ਸੰਬੋਧਨ ਕੀਤਾ।








ਬੁਲਾਰਿਆਂ ਵਿਚ ਤਰਕਸ਼ੀਲ (ਰੈਸ਼ਨੇਲਿਸਟ) ਸੁਸਾਇਟੀ ਕੈਨੇਡਾ ਦੇ ਕੌਮੀ ਪ੍ਰਧਾਨ ਬਲਦੇਵ ਰਹਿਪਾ, ਮੀਤ-ਪ੍ਰਧਾਨ ਬਲਵਿੰਦਰ ਸਿੰਘ ਬਰਨਾਲਾ, ਅਮਰਦੀਪ, ਸੋਹਨ ਢੀਂਡਸਾ, 'ਪੰਜਾਬੀ ਕਲਮਾਂ ਦਾ ਕਾਫ਼ਲਾ' ਤੋਂ ਕੁਲਵਿੰਦਰ ਖਹਿਰਾ, 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਤੋਂ ਮਲੂਕ ਸਿੰਘ ਕਾਹਲੋਂ, 'ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼' ਤੋਂ ਜੰਗੀਰ ਸਿੰਘ ਸੈਂਹਬੀ, 'ਸਰੋਕਾਰਾਂ ਦੀ ਆਵਾਜ਼' ਤੋਂ ਹਰਬੰਸ ਸਿੰਘ, ਕੈਨੇਡੀਅਨ ਪੰਜਾਬੀ ਕਲਚਰਲ ਸੋਸਾਇਟੀ ਓਨਟਾਰੀਓ ਤੋਂ ਡਾ. ਹਰਦੀਪ ਸਿੰਘ ਅਟਵਾਲ, 'ਪੰਜਾਬੀ ਸੱਭਿਆਚਾਰ ਮੰਚ' ਤੋਂ ਬਲਦੇਵ ਸਿੰਘ ਸਹਿਦੇਵ, 'ਪੰਜਾਬੀ ਯੂਨੀਵਰਸਿਟੀ ਪਟਿਆਲਾ ਅਲੂਮਿਨੀ ਐਸੋਸੀਏਸ਼ਨ ਤੋਂ ਪਰਮਜੀਤ ਸਿੰਘ ਗਿੱਲ, 'ਪੰਜਾਬ ਆਰਟਸ ਐਸੋਸੀਏਸ਼ਨ ਤੇ ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ' ਤੋਂ ਕੁਲਦੀਪ ਸਿੰਘ ਰੰਧਾਵਾ, 'ਪਰਵਾਸੀ ਪੰਜਾਬੀ ਪੈਨਸ਼ਨਰਜ਼ ਐਸੋਸੀਏਸ਼ਨ' ਤੋਂ ਪ੍ਰੋ. ਜਗੀਰ ਸਿੰਘ ਕਾਹਲੋਂ, 'ਰੇਡੀਓ ਸਰਗਮ' ਦੇ ਸੰਚਾਲਕ ਡਾ. ਬਲਵਿੰਦਰ ਧਾਲੀਵਾਲ, ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਸਮਾਜ-ਸੇਵਕ ਇੰਦਰਜੀਤ ਸਿੰਘ ਬੱਲ, ਡਾ. ਸੇਖੋਂ ਦੇ ਦੋਸਤ ਤੇ ਕਈ ਹੋਰ ਸ਼ਾਮਲ ਸਨ। ਆਪਣੇ ਸੰਬੋਧਨਾਂ ਵਿਚ ਉਨ੍ਹਾਂ ਵੱਲੋਂ ਡਾ. ਸੇਖੋਂ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ ਨੂੰ ਬਾਖ਼ੂਬੀ ਯਾਦ ਕੀਤਾ ਗਿਆ। ਰੇਡੀਓ 'ਪੰਜਾਬ ਦੀ ਗੂੰਜ' ਦੇ ਸੰਚਾਲਕ ਕੁਲਦੀਪ ਦੀਪਕ ਜੋ ਉਸ ਦਿਨ ਬਰੈਂਪਟਨ ਤੋਂ ਬਾਹਰ ਹੋਣ ਕਾਰਨ ਸ਼ਰਧਾਂਜਲੀ ਸਮਾਗ਼ਮ ਵਿਚ ਸ਼ਾਮਲ ਨਾ ਹੋ ਸਕੇ, ਨੇ ਆਪਣਾ ਸ਼ੋਕ-ਸੁਨੇਹਾ ਭੇਜਿਆ। ਇਸ ਦੌਰਾਨ ਦੇਸ਼-ਵਿਦੇਸ਼ ਤੋਂ ਹੋਰ ਵੀ ਕਈ ਸ਼ੋਕ-ਸੰਦੇਸ਼ ਪਹੁੰਚੇ ਜੋ ਸਟੇਜ-ਸਕੱਤਰ ਅਮਰਦੀਪ ਵੱਲੋਂ ਪੜ੍ਹ ਕੇ ਸੁਣਾਏ ਗਏ।

ਸ਼ੋਕ ਸਮਾਗਮ ਵਿਚ ਸ਼ਾਮਲ ਹੋਏ ਡਾ. ਸੇਖੋਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਦੀ ਨੂੰਹ ਕਮਲ ਸੇਖੋਂ ਨੇ ਸਮਾਗ਼ਮ ਵਿਚ ਪਹੁੰਚੇ ਡਾ. ਸੇਖੋਂ ਦੇ ਸਭਨਾਂ ਹਿਤੈਸ਼ੀਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਦੀ ਸੋਚ ਤੇ ਮਿਸ਼ਨ ਨੂੰ ਜਾਰੀ ਰੱਖਣ ਦੀ ਅਪੀਲ ਕੀਤੀ। ਇਸ ਮੌਕੇ ਅਗਾਂਹਵਧੂ ਸਾਹਿਤ ਦੀ ਪ੍ਰਦਰਸ਼ਨੀ ਵੀ ਲਗਾਈ ਗਈ ਅਤੇ ਡਾ. ਸੇਖੋਂ ਦੀਆਂ ਲਿਖੀਆਂ ਪੁਸਤਕਾਂ ਵੀ ਪੜ੍ਹਨ ਦੀ ਅਪੀਲ ਕੀਤੀ ਗਈ। ਵੱਡੀ ਗਿਣਤੀ ਵਿਚ ਸੱਜਣ-ਸਨੇਹੀਆਂ ਤੇ ਪਤਵੰਤਿਆਂ ਵੱਲੋਂ ਇਸ ਸ਼ੋਕ-ਸਮਾਗ਼ਮ ਵਿਚ ਹਾਜ਼ਰੀ ਲਵਾਈ ਗਈ। ਬਲਦੇਵ ਸਿੰਘ ਰਹਿਪਾ ਵੱਲੋਂ ਸਮੂਹ ਜਥੇਬੰਦੀਆਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਵਧੀਆ ਸੇਵਾਵਾਂ ਦੇਣ ਲਈ ਉਨ੍ਹਾਂ ਨੇ ਐਂਮਬੈਸੀ ਗਰੈਂਡ ਕਨਵੈਂਨਸ਼ਨ ਸੈਂਟਰ ਦੇ ਪ੍ਰਬੰਧਕਾਂ ਦਾ ਵੀ ਧੰਨਵਾਦ ਕੀਤਾ। ਸਮਾਗ਼ਮ ਦੌਰਾਨ ਪ੍ਰਬੰਧਕਾਂ ਵੱਲੋਂ ਮਿੱਠੇ ਤੇ ਨਮਕੀਨ ਲੰਗਰ ਦਾ ਪ੍ਰਬੰਧ ਕੀਤਾ ਗਿਆ।

*-ਰਿਪੋਰਟ: ਡਾ. ਝੰਡ*

## 'ਨਿੱਕੇ ਨਾਟਕ ਵੱਡੀਆਂ' ਗੱਲਾਂ ਨਾਟਕ ਸਫ਼ਲਤਾ ਪੂਰਵਕ ਖੇਡੇ ਗਏ

**ਬਰੈਂਪਟਨ:** ਇੱਥੋਂ ਦੀ ਸੰਸਥਾ ਪੰਜਾਬੀ ਆਰਟਸ ਐਸੋਸੀਏਸ਼ਨ (ਫਓਓ) ਵਲੋਂ 19 ਤੇ 20 ਜੁਲਾਈ ਨੂੰ 'ਸਿਰਿਲ ਕਲਾਰਕ' ਥੀਏਟਰ ਵਿਚ 'ਨਿੱਕੇ ਨਾਟਕ ਵੱਡੀਆਂ ਗੱਲਾਂ' ਨਾਮਕ ਤਿੰਨ ਨਾਟਕ ਸਫ਼ਲਤਾ ਪੂਰਵਕ ਖੇਡੇ ਗਏ। ਤਿੰਨੋਂ ਨਾਟਕਾਂ ਦੀ ਪੇਸ਼ਕਾਰੀ ਬਾਕਮਾਲ ਰਹੀ।




ਦੋਨੋਂ ਦਿਨ ਥੀਏਟਰ ਖਚਾਖਚ ਭਰਿਆ ਰਿਹਾ। ਦਰਸ਼ਕਾਂ ਨੇ ਨਾਟਕਾਂ ਦਾ ਭਰਪੂਰ ਆਨੰਦ ਮਾਣਿਆ।

ਪਹਿਲਾ ਨਾਟਕ 'ਗੁਲਗੁਲੇ' ਕੈਨੇਡਾ ਦੇ ਮੀਡੀਆ ਜਗਤ ਦੀ ਜਾਣੀ-ਪਛਾਣੀ ਹਸਤੀ ਸਮਾਜ ਸੇਵੀ ਲਵੀਨ ਗਿੱਲ ਦੁਆਰਾ ਲਿਖਿਆ ਗਿਆ ਸੀ। ਰਿਸ਼ਤਿਆਂ 'ਤੇ ਆਧਾਰਿਤ ਇਸ ਨਾਟਕ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਵਿਦੇਸ਼ ਗਏ ਬੱਚਿਆਂ ਦੀ ਪਿੰਡ ਰਹਿੰਦੀ ਮਾਂ ਪਸ਼ੂ-ਪੰਛੀਆਂ ਨਾਲ ਮੋਹ ਦੀਆਂ ਤੰਦਾਂ ਨਾਲ ਜੋੜੀ ਬੈਠੀ ਹੈ। ਜਦੋਂ ਆਪਣੀਆਂ ਧੀਆਂ ਕੋਲ ਵਿਦੇਸ਼ ਜਾਂਦੀ ਹੈ ਆਪਣੇ ਬੱਚਿਆਂ ਦੇ ਬੱਚਿਆਂ ਨੂੰ ਵੀ ਸੁਹਣੇ ਜੀਊਣ ਦੇ ਢੰਗ ਸਿਖਾਉਂਦੀ ਹੈ। ਇਸਦੀ ਮੁੱਖ ਪਾਤਰ ਨਾਨੀ ਦੀ ਭੂਮਿਕਾ ਲਵੀਨ ਨੇ ਹੀ ਬਾਖ਼ੂਬੀ ਨਿਭਾਈ। ਇਸ ਨਾਟਕ ਦੀ ਪਟ ਕਥਾ ਅਤੇ ਉਸਦੀ ਅਦਾਕਾਰੀ ਦੀ ਛਾਪ ਦਰਸ਼ਕਾਂ ਦੇ ਦਿਲਾਂ 'ਤੇ ਦੇਰ ਤੱਕ ਬਣੀ ਰਹੇਗੀ।

ਦੂਜਾ ਨਾਟਕ 'ਸਕੂਲ ਦਾ ਸਿਆਪਾ' ਅਨੁਰਾਧਾ ਤੇਜਪਾਲ ਵੱਲੋਂ ਲਿਖਿਆ ਅਤੇ ਡਾਇਰੈਕਟ ਕੀਤਾ ਗਿਆ ਸੀ। ਇਸ ਵਿਅੰਗਾਤਮਕ ਨਾਟਕ ਦੇ ਡਾਇਲੌਗ ਬੇਹੱਦ ਚੁਸਤ ਸਨ। ਹਲਕਾ-ਫੁਲਕਾ ਇਹ ਨਾਟਕ ਵੀ ਬਹੁਤ ਵਧੀਆ ਸੁਨੇਹਾ ਛੱਡ ਗਿਆ। ਦੋਨਾਂ ਕਲਾਕਾਰਾਂ ਨੇ ਆਪਣੇ ਪਾਤਰ ਵਿਚ ਖੁੱਭ ਕੇ ਆਪਣੀ ਭੂਮਿਕਾ ਨਿਭਾਈ। ਤੀਜਾ ਨਾਟਕ "ਇਕ ਸੁਪਨੇ ਦਾ ਪੁਲੀਟੀਕਲ ਮਰਡਰ' ਪਾਲੀ ਭੁਪਿੰਦਰ ਦਾ ਲਿਖਿਆ ਹੋਇਆ ਹੈ। ਇਕ ਘੰਟੇ ਦੇ ਇਸ ਨਾਟਕ ਨੂੰ ਦਰਸ਼ਕਾਂ ਨੇ ਸਾਹ ਰੋਕ ਕੇ ਵੇਖਿਆ। ਬਹੁਤ ਥਾਵਾਂ 'ਤੇ ਅੱਖਾਂ ਵੀ ਭਿੱਜੀਆਂ। ਇਸ ਗੰਭੀਰ ਵਿਸ਼ੇ ਵਾਲੇ ਨਾਟਕ ਦੇ ਕਲਾਕਾਰਾਂ ਦੀ ਐਕਟਿੰਗ ਕਮਾਲ ਦੀ ਸੀ।

ਕੁੱਲ ਮਿਲਾ ਕੇ ਪੰਜਾਬੀ ਆਰਟਸ ਐਸੋਸੀਏਸ਼ਨ ਵੱਲੋਂ ਦੋ ਘੰਟਿਆਂ ਵਿਚ ਖੇਡੇ ਗਏ ਇਹ ਤਿੰਨ ਨਾਟਕ ਜ਼ਿੰਦਗੀ ਦੀਆਂ ਹਕੀਕਤਾਂ ਬਿਆਨ ਕਰਦੇ ਹੋਏ ਬਹੁਮੁੱਲੇ ਸੁਨੇਹੇ ਦੇ ਗਏ। ਸਾਰੇ ਕਲਾਕਾਰ ਅਤੇ ਪ੍ਰਬੰਧਕ ਇਸ ਲਈ ਵਧਾਈ ਦੇ ਪਾਤਰ ਹਨ। *-ਸੁਰਜੀਤ ਕੌਰ (ਬਰੈਂਪਟਨ)*

## ਨਾਵਲਕਾਰ ਜਰਨੈਲ ਸਿੰਘ ਸੇਖਾ ਦਾ 91ਵਾਂ ਜਨਮ ਦਿਨ ਮਨਾਇਆ

**ਸਰੀ:** ਵੈਨਕੂਵਰ ਵਿਚਾਰ ਮੰਚ, ਗ਼ਜ਼ਲ ਮੰਚ ਸਰੀ ਅਤੇ ਸੇਖਾ ਪਰਿਵਾਰ ਵੱਲੋਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦਾ 91ਵਾਂ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਸਭਨਾਂ ਨੇ ਸ. ਸੇਖਾ ਦੀ ਲੰਮੀ ਅਤੇ ਸਿਹਤਯਾਬ ਜ਼ਿੰਦਗੀ ਦੀ ਕਾਮਨਾ ਕੀਤੀ।



ਜਰਨੈਲ ਸਿੰਘ ਸੇਖਾ ਨੂੰ ਜਨਮ ਦਿਨ ਦੀ ਮੁਬਾਰਕਬਾਦ ਦਿੰਦਿਆਂ ਪ੍ਰਸਿੱਧ ਸ਼ਾਇਰ ਮੋਹਨ ਗਿੱਲ, ਜਸਵਿੰਦਰ, ਅੰਗਰੇਜ਼ ਬਰਾੜ, ਰਾਜਵੰਤ ਰਾਜ ਅਤੇ ਹਰਦਮ ਸਿੰਘ ਮਾਨ ਨੇ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਪਾਏ ਵੱਡਮੁੱਲੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ।

ਇਸ ਮੌਕੇ ਕੇਕ ਕੱਟਿਆ ਗਿਆ ਅਤੇ ਲੇਖਕ ਮਿੱਤਰਾਂ ਵੱਲੋਂ ਗੁਲਦਸਤਾ ਭੇਟ ਕਰ ਕੇ ਆਪਣੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਗਿਆ। ਸ. ਸੇਖਾ ਦੀ ਪੋਤਰੀ ਪ੍ਰਭਜੋਤ ਨੇ ਯਾਦਗਾਰੀ ਤਸਵੀਰ ਦੇ ਕੇ ਉਨ੍ਹਾਂ ਪ੍ਰਤੀ ਸਨੇਹ ਪ੍ਰਗਟ ਕੀਤਾ। ਸ. ਸੇਖਾ ਨੇ ਕਿਹਾ ਕਿ ਸਾਹਿਤਕ ਮਿੱਤਰਾਂ ਅਤੇ ਪਰਿਵਾਰ ਦੇ ਪਿਆਰ-ਸਤਿਕਾਰ ਸਦਕਾ ਉਹ ਪਿਛਲੇ ਸਮੇਂ ਆਏ ਸਰੀਰਕ ਕਸ਼ਟ 'ਚੋਂ ਉੱਭਰ ਸਕੇ ਹਨ। ਉਨ੍ਹਾਂ ਦੁਆ ਕੀਤੀ ਕਿ ਇਹ ਮੁਹੱਬਤ, ਸਾਂਝ ਏਸੇ ਤਰ੍ਹਾਂ ਬਰਕਰਾਰ ਰਹੇ।

*-ਰਿਪੋਰਟ: ਹਰਦਮ ਮਾਨ*

## ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਜੁਲਾਈ ਮਹੀਨੇ ਦੀ ਇਕੱਤਰਤਾ

**ਕੈਲਗਰੀ:** ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਜੁਲਾਈ ਮਹੀਨੇ ਦੀ ਇਕੱਤਰਤਾ 27 ਜੁਲਾਈ ਨੂੰ ਹੋਈ। ਸੁਰਿੰਦਰ ਗੀਤ ਸਿਹਤ ਠੀਕ ਨਾ ਹੋਣ ਕਰਕੇ ਮੀਟਿੰਗ ਵਿਚੋਂ ਗ਼ੈਰ-ਹਾਜ਼ਰ ਰਹੇ ਅਤੇ ਸਭਾ ਦੀ ਪ੍ਰਧਾਨਗੀ ਸੀਨੀਅਰ ਮੀਤ ਪ੍ਰਧਾਨ ਜਰਨੈਲ ਸਿੰਘ ਤੱਗੜ ਨੇ ਕੀਤੀ। ਸਭਾ ਦੇ ਜਨਰਲ ਸਕੱਤਰ ਸ. ਗੁਰਦਿਆਲ ਸਿੰਘ ਖਹਿਰਾ ਨੇ ਸਾਰਿਆਂ ਨੂੰ ਜੀਅ ਆਇਆਂ ਆਖ਼ਦਿਆਂ ਕਿਹਾ ਕਿ ਆਪਣੇ ਰੁਝੇਵੇਂ ਭਰੇ ਜੀਵਨ 'ਚੋਂ ਸਮਾਂ ਕੱਢ ਕੇ ਆਉਣਾ ਸ਼ਲਾਘਾਯੋਗ ਹੈ। ਉਨ੍ਹਾਂ ਡਾ. ਪਾਤਰ ਦੀ ਨਜ਼ਮ

'ਕਿਸ ਕਿਸ ਦਿਸ਼ਾ ਤੋਂ ਸ਼ਾਮ ਨੂੰ ਆਵਾਜ਼ਾਂ ਆਉਂਦੀਆਂ
ਬੰਦੇ ਨੂੰ ਬਹਿਬਲ ਕਰਦੀਆਂ ਪਾਗਲ ਬਣਾਉਂਦੀਆਂ ।'

ਤਰੰਨਮ ਵਿਚ ਪੇਸ਼ ਕੀਤੀ।

ਜਰਨੈਲ ਤੱਗੜ ਨੇ ਅਗਿਆਤ ਲੇਖਕ ਦੀ ਰਚਨਾ ਸੁਣਾਈ। ਸਭਾ ਨਾਲ ਜੁੜੇ ਪੁਰਾਣੇ ਮੈਂਬਰ ਅਤੇ ਸੁਰੀਲੀ ਆਵਾਜ਼ ਦੇ ਮਾਲਕ ਡਾ. ਮਨਮੋਹਨ ਬਾਠ ਨੇ ਫ਼ਿਲਮੀ ਗੀਤ 'ਹੁਸਨ ਵਾਲੇ ਤੇਰਾ ਜਵਾਬ ਨਹੀਂ...।' ਗਾ ਕੇ ਰੰਗ ਬੰਨ੍ਹਿਆ। ਭਾਰਤ ਤੋਂ ਆਏ ਸੇਵਾ-ਮੁਕਤ ਪ੍ਰਿੰਸੀਪਲ ਸ. ਅਮਰਜੀਤ ਸਿੰਘ ਸਿੱਧੂ ਨੇ ਸਿਰਮੌਰ ਕਵੀ ਡਾ. ਸੁਰਜੀਤ ਪਾਤਰ ਦੀ ਮਕਬੂਲ ਰਚਨਾ 'ਜਗਾ ਦੇ ਮੋਮਬੱਤੀਆਂ ਇਹ ਤਾਂ ਏਥੇ ਵਗਦੀਆਂ ਹੀ ਰਹਿਣੀਆਂ ਹਵਾਵਾਂ ਕੁਪੱਤੀਆਂ' ਸੁਣਾਈ। ਸ. ਅਮਰਜੀਤ ਸਿੱਧੂ ਮਾਲਵੇ ਖ਼ਾਸ ਕਰਕੇ ਬਠਿੰਡਾ ਦੇ ਆਸ-ਪਾਸ ਦੇ ਇਲਾਕੇ ਦੀਆਂ ਸਾਹਿਤਕ ਸੰਸਥਾਵਾਂ 'ਚ ਯੋਗ ਭੂਮਿਕਾ ਨਿਭਾ ਰਹੇ ਹਨ।

ਡਾ. ਰਾਜਵੰਤ ਕੌਰ ਮਾਨ ਨੇ ਗਿੱਲ ਸੁਖਮੰਦਰ ਦੀ ਹੁਣੇ-ਹੁਣੇ ਛਪੀ ਪੁਸਤਕ 'ਖ਼ਾਕ ਤੋਂ ਖ਼ਾਕ ਤੱਕ' 'ਤੇ ਸੰਖ਼ੇਪ ਚਰਚਾ ਕੀਤੀ। ਇਹ ਪੁਸਤਕ 24 ਅਗਸਤ ਨੂੰ ਪੰਜਾਬੀ ਸਾਹਿਤ ਸਭਾ ਕੈਲਗਰੀ ਦੇ ਸਮੂਹ ਮੈਂਬਰਾਂ ਵਲੋਂ ਕੋਸੋ ਹਾਲ ਵਿਚ ਲੋਕ-ਅਰਪਣ ਕੀਤੀ ਜਾਵੇਗੀ। ਬੇਸ਼ਕ ਸੁਖਮੰਦਰ ਦੀ ਇਹ ਪਲੇਠੀ ਪੁਸਤਕ ਹੈ ਪਰ ਉਸ ਦੀਆਂ ਰਚਨਾਵਾਂ ਨੂੰ ਗਹੁ ਨਾਲ ਪੜ੍ਹਿਆਂ ਉਹ ਹੰਢਿਆ ਹੋਇਆ ਕਵੀ ਮਹਿਸੂਸ ਹੁੰਦਾ ਹੈ। ਸੋਨੇ 'ਤੇ ਸੁਹਾਗੇ ਵਾਲੀ ਗੱਲ ਇਹ ਹੈ ਕਿ ਉਹ ਖ਼ੁਦ ਸੁਰੀਲੀ ਆਵਾਜ਼ ਦਾ ਧਨੀ ਹੈ। ਸੁਖਮੰਦਰ ਦੇ ਗੀਤ ਦੇ ਬੋਲ ਸਨ:



ਉਗਦੀ ਐ ਓਹੀ ਫ਼ਸਲ ਜੋ ਬੀਜੀ ਹੋਏ ਹਾਲੀਆਂ
'ਗੀਤਾਂ 'ਚ ਹੁਣ ਨਾ ਬੀਜਿਓ ਰਫ਼ਲਾਂ ਦੋਨਾਲੀਆਂ।

ਸਰਦੂਲ ਲੱਖਾ ਨੇ ਹਾਸ-ਰਸ ਲਘੂ ਨਾਟਕ 'ਰੱਬ ਤੇ ਉਸਦੀ ਪਤਨੀ' ਪੇਸ਼ ਕੀਤਾ। ਸਰਦੂਲ ਲੱਖਾ ਕਵਿਤਾ, ਕਹਾਣੀ ਅਤੇ ਨਾਟਕ ਦਾ ਬਹੁ-ਵਿਧਾਵੀ ਲਿਖਾਰੀ ਹੈ। ਸੁਰਿੰਦਰ ਢਿੱਲੋਂ ਨੇ ਕਲਾਸੀਕਲ ਗਾਇਕੀ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਗਇਕੀ ਵਿਚ ਸੁਰ ਤੇ ਤਾਲ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਸ. ਜਗਜੀਤ ਸਿੰਘ ਰਹਿਸੀ ਦੇ ਕੁਝ ਚੋਣਵੇਂ ਸ਼ੇਅਰ ਸਾਂਝੇ ਕੀਤੇ। ਨੌਜਵਾਨ ਗੀਤਕਾਰ ਮਨਜੀਤ ਬਰਾੜ ਨੇ ਵੱਖਰੇ ਅਤੇ ਵਧੀਆ ਅੰਦਾਜ਼ ਵਿਚ ਆਪਣੀ ਮੌਲਿਕ ਰਚਨਾ ਸੁਣਾਈ।

'ਪੱਗਾਂ ਲਾਲ ਪੀਲੀਆਂ ਬੰਨ੍ਹਣੀਆਂ ਹੀ ਕਾਫ਼ੀ ਨਹੀਂ
ਬੰਨ੍ਹੀਆਂ ਪੱਗਾਂ ਦੀ ਲਾਜ ਪਾਲਣੀ ਪੈਂਦੀ ਹੈ।'

ਵਿਜੈ ਸਚਦੇਵਾ ਨੇ 'ਮਿੱਟੀ ਦਾ ਬਾਵਾ'- ਇਕ ਬਾਰਡਰ ਤੋਂ ਦੂਜੇ ਬਾਰਡਰ ਤਕ (ਇਹ ਨਾਟਕ ਫੌਜੀਆਂ ਦੇ ਜੀਵਨ ਬਾਰੇ ਰੌਸ਼ਨੀ ਪਾਉਂਦਾ ਹੈ) ਨਾਟਕ ਬਾਰੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਡਾ. ਪਾਤਰ ਦੀ ਮਕਬੂਲ ਨਜ਼ਮ ਸੁਣਾਈ:

'ਅਸਾਡੀ ਤੁਹਾਡੀ ਮੁਲਾਕਾਤ ਹੋਈ
ਜਿਵੇਂ ਬਲਦੇ ਜੰਗਲ 'ਤੇ ਬਰਸਾਤ ਹੋਈ।'

ਸ. ਲਖਵਿੰਦਰ ਸਿੰਘ ਪਟਿਆਲਾ ਨੇ ਡਾ. ਪਾਤਰ ਦੀ ਨਜ਼ਮ ਮੋਮਬੱਤੀਆਂ ਵਾਲੀ ਗੱਲ ਨੂੰ ਅੱਗੇ ਤੋਰਦਿਆਂ ਆਪਣੀ ਇਕ ਨਜ਼ਮ 'ਜੇ ਸੂਰਜ ਨਾ ਬਣ ਸਕੋ ਤਾਂ ਚਿਰਾਗ਼ ਬਣ ਜਾਵੋ ਕਿਉਂ ਕਿ ਰਾਤ ਦੇ ਹਨੇਰੇ ਵਿਚ ਏਹੀ ਦਿੰਦਾ ਹੈ ਰੋਸ਼ਨੀ' ਸੁਣਾਈ। ਉਨ੍ਹਾਂ ਨੇ ਫ਼ੌਜ ਦੇ ਦਿਲ-ਟੁੰਬਵੇਂ ਤਜਰਬੇ ਸੁਣਾਏ। ਇਕ ਹੋਰ ਨਜ਼ਮ 'ਗੀਤ ਕਿਵੇਂ ਬਣਦਾ' ਸੁਣਾਈ, ਜੋ ਬਹੁਤ ਪਸੰਦ ਕੀਤੀ ਗਈ। ਭੋਲਾ ਸਿੰਘ ਚੌਹਾਨ ਨੇ ਆਪਣੀ ਮੌਲਿਕ ਗ਼ਜ਼ਲ 'ਜਿਨ੍ਹਾਂ 'ਤੇ ਹਰ ਕਦਮ ਤੁਰੇ ਹਾਂ, ਕਿੰਜ ਭੁਲਾਵਾਂ ਰਾਹਵਾਂ ਨੂੰ, ਸੀਨੇ ਅੰਦਰ ਸੁਲਗਦੀਆਂ ਅਣਲਿਖੀਆਂ ਕਵਿਤਾਵਾਂ ਨੂੰ' ਸੁਣਾਈ।

ਅੰਤ ਵਿਚ ਜਗਦੇਵ ਸਿੱਧੂ ਨੇ ਸੁਰਿੰਦਰ ਗੀਤ ਦੀਆਂ ਲਿਖਤਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਦੱਸਿਆ ਕਿ ਉਸ ਦੀ ਪੰਜਾਬੀ ਤੋਂ ਅੰਗਰੇਜ਼ੀ ਵਿਚ ਅਨੁਵਾਦ ਕੀਤੀ ਪੁਸਤਕ 'WHERE THE HEART DWELLS' ਪਾਠਕਾਂ ਦੇ ਹੱਥਾਂ ਵਿਚ ਆ ਰਹੀ ਹੈ।

ਲਹਿੰਦੇ ਪੰਜਾਬ ਤੋਂ ਆਏ ਸਈਅਦ ਵੜੈਚ ਨੇ ਕਿਹਾ ਕਿ ਉਹ ਕੈਲਗਰੀ ਤੋਂ ਬਹੁਤ ਮਿੱਠੀਆਂ ਯਾਦਾਂ ਆਪਣੇ ਨਾਲ ਲੈ ਕੇ ਜਾ ਰਹੇ ਹਨ। ਇਸ ਤੋਂ ਇਲਾਵਾ ਸੁਖਜਿੰਦਰ ਕੌਰ, ਗੁਰਬਖ਼ਸ਼ ਗਿੱਲ, ਲਖਵੀਰ ਸਿੰਘ ਕੰਗ, ਗੱਜਣ ਸਿੰਘ ਸੰਧਾਵਾਲੀਆ ਨੇ ਹਾਜ਼ਰੀ ਲਗਵਾਈ। ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਮੰਚ ਸੰਚਾਲਨ ਬਹੁਤ ਖ਼ੂਬਸੂਰਤੀ ਨਾਲ ਕੀਤਾ। ਅਗਸਤ ਮਹੀਨੇ ਦੀ ਇਕੱਤਰਤਾ 24 ਅਗਸਤ ਨੂੰ ਬਾਅਦ ਦੁਪਹਿਰ ਕੋਸੋ ਹਾਲ ਵਿਚ ਹੋਵੇਗੀ। ਹੋਰ ਜਾਣਕਾਰੀ ਲਈ ਸੁਰਿੰਦਰ ਗੀਤ ਨਾਲ ਫੋਨ ਨੰਬਰ 403 605-3734 ਜਾਂ ਗੁਰਦਿਆਲ ਸਿੰਘ ਖਹਿਰਾ ਨਾਲ 403-968-2880 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮਿੱਠੀ ਹਵਾ ਦੇ ਬੁੱਲ੍ਹੇ

***ਗੁਰਮੀਤ ਕੜਿਆਲਵੀ, ਪੰਜਾਬੀ ਦਾ ਉੱਘਾ ਕਹਾਣੀਕਾਰ ਅਤੇ ਵਾਰਤਕਕਾਰ ਹੈ, ਜੋ ਕਥਾ ਪੁਸਤਕਾਂ, ਕਹਾਣੀਆਂ, ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਵਾਰਤਕ ਪੁਸਤਕਾਂ ਤੋਂ ਇਲਾਵਾ ਨਾਟਕ ਵੀ ਲਿਖ ਚੁੱਕਾ ਹੈ। ਉਸ ਦੀ ਕਹਾਣੀ ਆਤੂ ਖੋਜੀ 'ਤੇ ਲਘੂ ਫਿਲਮ ਬਣ ਚੁੱਕੀ ਹੈ ਤੇ ਬਹੁਤ ਸਾਰੀਆਂ ਕਹਾਣੀਆਂ ਦਾ ਨਾਟਕੀਕਰਨ ਹੋ ਚੁੱਕਾ ਹੈ। ਉਸ ਦੀਆਂ ਕਈ ਰਚਨਾਵਾਂ ਸਕੂਲ ਅਤੇ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਸ਼ਾਮਿਲ ਹਨ। ਪ੍ਰਿੰਸੀਪਲ ਸੁਜਾਨ ਸਿੰਘ ਅਤੇ ਪ੍ਰੀਤਲੜੀ ਪੁਰਸਕਾਰ ਸਮੇਤ ਕਈ ਸਨਮਾਨ ਹਾਸਲ ਕਰ ਚੁੱਕੇ ਕੜਿਆਲਵੀ ਦੀਆਂ ਰਚਨਾਵਾਂ ਹਿੰਦੀ, ਮਰਾਠੀ, ਗੁਜਰਾਤੀ ਤੇ ਸ਼ਾਹਮੁਖੀ 'ਚ ਵੀ ਅਨੁਵਾਦ/ਲਿਪੀਅੰਤਰ ਹੋ ਕੇ ਛਪ ਚੁੱਕੀਆਂ ਹਨ। ਅਸੀਂ ਆਪਣੇ ਪਾਠਕਾਂ ਲਈ ਉਸ ਦੀਆਂ ਕਹਾਣੀਆਂ ਦਾ ਕਾਲਮ ਸ਼ੁਰੂ ਕੀਤਾ ਹੈ, ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

'ਬੱਚਾ ਤੁਹਾਡਾ ਬਹੁਤਾ ਵਧੀਆ ਹੈ। ਪੜ੍ਹਾਈ ਵਿਚ ਹੁਸ਼ਿਆਰ, ਕੰਮ ਕਰਨ ਵਿਚ ਤੇਜ਼, ਆਗਿਆਕਾਰ ਤੇ...।'

'ਨਾਲਦੇ ਬੱਚਿਆਂ ਨਾਲ ਵਿਹਾਰ ਕਿਹੋ ਜਿਹਾ ਹੈ? ਲੜਦਾ ਤਾਂ ਨ੍ਹੀਂ?' ਮੈਂ ਸੁਆਲ ਕੀਤਾ।

'ਬਹੁਤ ਹੀ ਵਧੀਆ। ਕਿਸੇ ਵੀ ਤਰ੍ਹਾਂ ਦੀ ਕੋਈ ਸ਼ਿਕਾਇਤ ਇਸ ਤੋਂ ਨ੍ਹੀਂ ਹੈ। ਸਾਨੂੰ ਇਸ ਬੱਚੇ 'ਤੇ ਮਾਣ ਐ।' ਅਧਿਆਪਕਾ ਨੇ ਬੜੇ ਹੀ ਹੰਮੇ ਤੇ ਖੁਸ਼ੀ ਨਾਲ ਆਖਿਆ ਸੀ।

ਮੈਂ ਬੜੀ ਹੈਰਾਨੀ ਨਾਲ ਅਧਿਆਪਕਾ ਦੀ ਗੱਲ ਸੁਣ ਰਿਹਾ ਸਾਂ। ਇਹ ਕਿਵੇਂ ਹੋ ਸਕਦਾ, ਕਿਸੇ ਨੂੰ ਕਿਸੇ ਪ੍ਰਤੀ ਕੋਈ ਸ਼ਿਕਾਇਤ ਹੀ ਨਾ ਹੋਵੇ। ਇੱਥੇ ਤਾਂ ਜੁਆਕ ਦੇ ਜੰਮਣ ਨਾਲ ਹੀ ਸ਼ਿਕਾਇਤਾਂ ਸ਼ੁਰੂ ਹੋ ਜਾਦੀਆਂ ਹਨ, ਜਿਵੇਂ ਰੋਂਦਾ ਬਹੁਤ ਐ। ਚਿੜ੍ਹਿਆ ਰਹਿੰਦਾ ਹਰ ਵਕਤ। ਹੋਰ ਨ੍ਹੀਂ ਤਾਂ ਕਹਿਣਗੇ, ਵਾਰ-ਵਾਰ ਪੌਟੀ ਕਰਦਾ। ਪਰ ਇੱਥੇ ਅਧਿਆਪਕਾ ਕਹਿ ਰਹੀ ਸੀ ਤੁਹਾਡੇ ਬੱਚੇ ਤੋਂ ਸ਼ਿਕਾਇਤ ਹੀ ਕੋਈ ਨ੍ਹੀਂ।



ਮਾਪੇ-ਅਧਿਆਪਕ ਮਿਲਣੀ ਵਾਲੇ ਦਿਨ ਅਧਿਆਪਕਾਂ ਨੂੰ ਮਿਲਣ ਉਪਰੰਤ ਬਾਹਰ ਆਉਂਦਿਆਂ ਮੈਂ ਸੋਚਾਂ ਵਿਚ ਘਿਰ ਗਿਆ ਸਾਂ। ਜਦੋਂ ਮੈਂ ਸਕੂਲੀ ਦੌਰ ਵਿਚ ਸਾਂ ਤਾਂ ਹਰ ਦੂਜੇ-ਚੌਥੇ ਕੋਈ ਨਾ ਕੋਈ ਸ਼ਿਕਾਇਤ ਘਰੇ ਆ ਢੁੱਕਦੀ ਸੀ। ਜੇ ਪੜ੍ਹਾਈ ਦੇ ਮਾਮਲੇ ਵਿਚ ਅਧਿਆਪਕ ਸੰਤੁਸ਼ਟ ਸਨ ਤਾਂ ਕੋਈ ਨਾ ਕੋਈ ਸ਼ਰਾਰਤ ਤਾਂ ਪੱਲੇ ਪੈ ਹੀ ਜਾਂਦੀ। ਕਈ ਵਾਰ ਤਾਂ ਜਮਾਤ ਵਿਚ ਕਿਸੇ ਹੋਰ ਵਿਦਿਆਰਥੀ ਵੱਲੋਂ ਕੀਤੀ ਸ਼ਰਾਰਤ ਵੀ ਖਾਹ-ਮਖਾਹ ਸਿਰ ਆ ਪੈਂਦੀ। ਉਂਜ ਨਾ ਚਹੁੰਦਿਆਂ ਕੋਈ ਨਾ ਕੋਈ ਸ਼ਰਾਰਤ ਹੋ ਵੀ ਜਾਂਦੀ ਸੀ। ਆਮ ਤੌਰ 'ਤੇ ਤਾਂ ਸਕੂਲ ਵਿਚ ਹੀ ਅਧਿਆਪਕ ਧੌਲ-ਧੱਫਾ ਕਰਕੇ ਕੱਪੜਿਆਂ ਦੀ ਮਿੱਟੀ ਝਾੜ ਦਿੰਦੇ ਸਨ ਪਰ ਕਈ ਵਾਰ ਇਹ ਸ਼ਰਾਰਤ ਸ਼ਿਕਾਇਤ ਬਣ ਕੇ ਘਰ ਵੀ ਆ ਜਾਂਦੀ। ਜਿੰਨਾ ਚਿਰ ਸਕੂਲੀ ਬਣਿਆ ਰਿਹਾ, ਸ਼ਿਕਾਇਤਾਂ ਨਾਲ ਵੀ ਰਿਸ਼ਤਾ ਬਣਿਆ ਰਿਹਾ।

ਪੜ੍ਹਾਈ ਕਰਕੇ ਘਰੋਂ ਬਾਹਰ ਨਿਕਲਿਆ ਤਾਂ ਵੇਖਿਆ ਚਾਰ ਚੁਫੇਰੇ ਸ਼ਿਕਾਇਤਾਂ ਹੀ ਸ਼ਿਕਾਇਤਾਂ ਸਨ। ਸਮਾਜ ਦੇ ਹਰ ਬੰਦੇ ਨੂੰ ਸ਼ਿਕਾਹਿਤ ਸੀ। ਫਿਰ ਮੈਂ ਇਨ੍ਹਾਂ ਤੋਂ ਕਿਵੇਂ ਅਭਿੱਜ ਰਹਿ ਜਾਂਦਾ। ਉਦੋਂ ਪਿੰਡ ਦੇ ਨਾਲ ਕਰਕੇ ਲੰਘਦੀ ਨਹਿਰ ਪੱਕੀ ਕੀਤੀ ਜਾ ਰਹੀ ਸੀ। ਅਸੀਂ ਕਈ ਮੁੰਡੇ ਅਗਲੀ ਪੜ੍ਹਾਈ ਲਈ ਦਾਖਲਾ ਫ਼ੀਸ ਇਕੱਠੀ ਕਰਨ ਵਾਸਤੇ ਪੱਕੀ ਬਣਦੀ ਨਹਿਰ 'ਤੇ ਇੱਟਾਂ ਢੋਣ ਜਾ ਲੱਗੇ ਸਾਂ। ਜੇਠ-ਹਾੜ੍ਹ ਦੀਆਂ ਧੁੱਪਾਂ ਵਾਲੇ ਦਿਨੀਂ ਸਿਰ 'ਤੇ ਇੱਟਾਂ ਢੋਂਦਿਆਂ ਰੋਬੜੇ ਪੈ ਜਾਂਦੇ। ਸਾਰੀ ਦਿਹਾੜੀ ਦੇਹ ਤੋੜ ਕੇ ਕੰਮ ਕਰਨਾ ਪੈਂਦਾ। ਆਥਣੇ ਸਿਰ ਉਬਲੇ ਆਂਡੇ ਵਰਗਾ ਹੋ ਜਾਂਦਾ। ਸਰੀਰ ਜਿਵੇਂ ਡਾਂਗਾਂ ਨਾਲ ਭੰਨਿਆ ਹੋਵੇ। ਇੱਟਾਂ ਚੁੱਕਣ ਲਈ ਵਾਰ-ਵਾਰ ਝੁਕਣਾ ਪੈਂਦਾ ਜਿਸ ਕਰਕੇ ਲੱਕ ਵਿਚ ਵਲ ਪੈ ਜਾਂਦਾ। ਆਥਣ ਤੱਕ ਲੱਕ ਦੂਹਰਾ ਹੋ ਜਾਂਦਾ। ਸਵੇਰ ਦੇ ਅੱਠ ਵਜੇ ਸ਼ੁਰੂ ਹੋਈ ਦਿਹਾੜੀ ਸ਼ਾਮੀਂ ਸੂਰਜ ਦੇ ਲਹਿ ਜਾਣ ਨਾਲ ਹੀ ਮਗਰੋਂ ਲਹਿੰਦੀ। ਵਰਕ ਮੁਨਸ਼ੀ ਦੀ ਕਾਪੀ ਦੇ ਪੰਨਿਆਂ 'ਤੇ ਦਿਹਾੜੀ ਲਗਦੀ ਤਾਂ ਮਨ ਨੂੰ ਸੰਤੁਸ਼ਟੀ ਹੁੰਦੀ। ਅਸੀਂ ਠੇਕੇਦਾਰ ਵੱਲ ਜੁੜ ਚੁੱਕੇ ਪੈਸਿਆਂ ਦਾ ਹਿਸਾਬ ਕਰਦੇ। ਜਦੋਂ ਠੇਕੇਦਾਰ ਤੋਂ ਮਜ਼ਦੂਰੀ ਦੇ ਬਣ ਚੁੱਕੇ ਪੈਸੇ ਮੰਗਦੇ ਤਾਂ ਉਹ ਅਗਲੇ ਦਿਨ ਬਣਦੀ ਸਾਰੀ ਰਕਮ ਦੇਣ ਦਾ ਬਹਾਨਾ ਮਾਰ ਕੇ ਘਰ ਨੂੰ ਤੋਰ ਦਿੰਦਾ। ਅਗਲੇ ਦਿਨ ਫੇਰ ਕੋਈ ਨਵਾਂ ਬਹਾਨਾ, 'ਜੇ.ਈ. ਦੀ ਭੂਆ ਮਰ'ਗੀ, ਉਹ ਛੁੱਟੀ 'ਤੇ ਆ। ਏਸ ਕਰਕੇ ਐੱਮ.ਬੀ. 'ਤੇ ਐਂਟਰੀਆਂ ਨ੍ਹੀਂ ਹੋਈਆਂ। ਬਿੱਲ ਨ੍ਹੀਂ ਪਾਸ ਹੋਇਆ।' ਅਸੀਂ ਮਨ ਹੀ ਮਨ ਜੇ.ਈ. ਨੂੰ ਗਾਲ੍ਹਾਂ ਖੱਡਦੇ, ਭੂਆ ਉਸਦੀ ਨ੍ਹੀਂ ਜਿਵੇਂ ਸਾਡੀ ਮਰ ਗਈ ਹੋਵੇ।

ਆਥਣੇ ਤਾਂ ਅਸੀਂ ਹੋਰ ਵੀ ਦੁਖੀ ਹੋ ਜਾਂਦੇ ਜਦੋਂ ਵਰਕ ਮੁਨਸ਼ੀ ਅਤੇ ਠੇਕੇਦਾਰ ਦਾ ਰਵੱਈਆ ਸ਼ਿਕਾਇਤਾਂ ਨਾਲ ਭਰਿਆ ਹੁੰਦਾ। ਉਹ ਸ਼ਿਕਾਇਤ ਕਰਦੇ 'ਵਈ ਮੁੰਡਿਓ ਥੋਡੀ ਪ੍ਰੋਗਰੈੱਸ ਸਹੀ ਨ੍ਹੀਂ ਨਿਕਲਦੀ। ਸੁਸਤ ਚਲਦੇ ਓਂ। ਕੰਮ ਨਿੱਬੜਿਆ ਨ੍ਹੀਂ, ਜਿੰਨਾ ਨਿਬੜਨਾ ਚਾਹੀਦਾ। ਹੱਥ ਛੋਹਲੇ ਮਾਰਿਆ ਕਰੋ। ਐਂ ਕਿਵੇਂ ਕੰਮ ਚੱਲੂ।' ਅਸੀਂ ਭੜਥਾ ਬਣ ਚੁੱਕੇ ਸਿਰ ਨੂੰ ਪਲੋਸਦੇ ਮਨ ਹੀ ਮਨ ਠੇਕੇਦਾਰ ਅਤੇ ਮੁਨਸ਼ੀ ਨੂੰ ਗਾਲ੍ਹਾਂ ਖੱਡਦੇ।

'ਬਿੱਲੀ ਦੇ ਕੰਨਾਂ ਅਗਰੇ ਨੋਟ ਦੇਣੇ। ਕੰਮ ਤੁਸੀਂ ਐਂ ਕਰਦੇ ਓਂ ਜਿਵੇਂ ਵੰਗਾਰ 'ਤੇ ਆਏ ਹੋਮੋ। ਐਂ ਕਿਵੇਂ ਕੰਮ ਚੱਲੂ, ਕਿ ਚੱਲਜੂ?'

ਵਰਕ ਮੁਨਸ਼ੀ ਦੇ ਕਰੇੜੇ ਮਾਰੇ ਦੰਦ ਬਾਹਰ ਨੂੰ ਉਲਰਦੇ ਜਾਪਦੇ। ਅਸੀਂ ਚੁੱਪ ਵੱਟਣ 'ਚ ਹੀ ਭਲਾਈ ਸਮਝਦੇ।

'ਇਨ੍ਹਾਂ ਤਾਂ ਬੋਲੀ ਜਾਣਾ ਹੁੰਦਾ, ਤੁਸੀਂ ਆਵਦਾ ਉੱਲੂ ਸਿੱਧਾ ਰੱਖੋ। ਹੋਰ ਮਰ ਤਾਂ ਨ੍ਹੀਂ ਜਾਣਾ। ਕਰੀ ਜਾਨੇ... ਹਾਂ ਕਰੀ ਜਾਨੇ ਓਂ।' ਸਾਡੇ ਨਾਲ ਦਿਹਾੜੀ ਲਾਉਂਦਾ ਅੱਧਖੜ੍ਹ ਉਮਰ ਦਾ ਗੇਲੂ ਸਾਡੇ ਚਿਹਰਿਆਂ 'ਤੇ ਪਸਰੀ ਉਦਾਸੀ ਨੂੰ ਮਹਿਸੂਸ ਕਰਦਿਆਂ ਸਾਡਾ ਹੌਸਲਾ ਬੰਨ੍ਹਾਉਂਦਾ। ਸਾਨੂੰ ਜਾਪਦਾ ਜਿਵੇਂ ਕੋਈ ਠੰਢੀ-ਮਿੱਠੀ ਹਵਾ ਦਾ ਬੁੱਲ੍ਹਾ ਵਗਿਆ ਹੋਵੇ। ਅਸੀਂ ਵੀ ਸਬਰ ਦਾ ਲੰਮਾ ਘੁੱਟ ਭਰ ਲੈਂਦੇ।

ਸਬਰ ਦਾ ਮੀਲਾਂ ਲੰਮਾ ਘੁੱਟ ਤਾਂ ਉਸ ਦਿਨ ਭਰਨਾ ਪਿਆ ਸੀ ਜਿਸ ਦਿਨ ਮੁਨਸ਼ੀ ਤੇ ਠੇਕੇਦਾਰ ਸਾਡੇ ਪੈਸੇ ਮਾਰ ਕੇ ਪੱਤਰਾ ਵਾਚ ਗਏ। ਦੋਵੇਂ ਫਿਰੋਜ਼ਪੁਰ ਤੋਂ ਵੀ ਅੱਗੇ ਕਿਸੇ ਇਲਾਕੇ ਦੇ ਸਨ। ਕੀ ਕਰਦੇ ਅਸੀਂ? ਜੇਠ-ਹਾੜ੍ਹ ਦੀਆਂ ਤਿੱਖੜ ਦੁਪਹਿਰਾਂ ਵਿਚ ਖ਼ੂਨ-ਪਸੀਨਾ ਇੱਕ ਕਰਨ ਦੇ ਬਾਵਜੂਦ ਸਾਡੇ ਕੁਝ ਹੱਥ ਪੱਲੇ ਨ੍ਹੀਂ ਸੀ ਆਇਆ। ਜੇ ਕੁਝ ਕੋਲ ਸੀ ਤਾਂ ਕੇਵਲ ਮੁਨਸ਼ੀ ਤੇ ਠੇਕੇਦਾਰ ਦੀਆਂ ਸ਼ਿਕਾਇਤਾਂ।

ਜਲ ਸਪਲਾਈ ਮਹਿਕਮੇ ਵਿਚ ਕੰਮ ਕਰਦਿਆਂ ਵੀ ਸ਼ਿਕਾਇਤਾਂ ਘੇਰੀ ਰੱਖਦੀਆਂ। ਕੋਈ ਆਖਦਾ ਸਵੇਰੇ ਸਾਝਰੇ ਪਾਣੀ ਨ੍ਹੀਂ ਮਿਲਦਾ। ਕੋਈ ਆਖਦਾ ਰਾਤੀਂ ਅਜੇ ਭਾਂਡੇ-ਟੀਂਡੇ ਧੋਣ ਆਲੇ ਹੁੰਦੇ ਜਦੋਂ ਟੂਟੀ ਚਲੇ ਜਾਂਦੀ ਐ। ਗੱਲ ਕੀ, ਵਰਤੋਂ ਜੋਗੀ ਬਾਲਟੀ ਭਰ ਕੇ ਰੱਖਣ ਦੀ ਤਾਂ ਆਦਤ ਹੀ ਨ੍ਹੀਂ ਸੀ ਲੋਕਾਂ ਨੂੰ। ਜੇ ਪਾਣੀ ਦਾ ਗਿਲਾਸ ਵੀ ਭਰਨਾ ਹੁੰਦਾ ਲੋਕ ਇਹ ਚਾਹੁੰਦੇ ਸਨ ਟੂਟੀ ਖੋਲ੍ਹਣ 'ਤੇ ਤਾਜ਼ਾ ਪਾਣੀ ਚੱਲਦਾ ਮਿਲੇ। ਚੌਵੀ ਘੰਟੇ ਸਪਲਾਈ ਹੋਵੇ। ਮੋਟਰ ਨੂੰ ਸਾਹ ਦੁਆਉਣ ਵਾਸਤੇ ਦੁਪਹਿਰੇ ਘੰਟਾ-ਦੋ ਘੰਟੇ ਬੰਦ ਕਰਦੇ ਤਾਂ ਜਿਵੇਂ ਚੀਕ ਚਿਹਾੜਾ ਹੀ ਮੱਚ ਜਾਂਦਾ। ਲੋਕ ਘਰੋਂ ਬੈਠਿਆਂ ਹੀ ਵਾਜਾਂ ਮਾਰੀ ਜਾਂਦੇ, 'ਓ ਬਾਈ ਸਿਆਂ ਮੋਟਰ ਚਲਾਈਂ ਜਰਾ।' ਕੋਈ ਹੋਰ ਆਖਦਾ, 'ਘਰੇ ਤਾਂ ਪਾਣੀ ਦੀ ਤਿੱਪ ਵੀ ਹੈਨੀ ਪੀਣ ਨੂੰ।'

'ਮੋਟਰ ਥੱਕਦੀ ਤਾਂ ਨ੍ਹੀਂ ਚਲਾਈ ਰੱਖਿਆ ਕਰੋ, ਐਵੇਂ ਬੰਦ ਕਰਕੇ ਧਰੇਕਾਂ ਦੀ ਛਾਵੇਂ ਜਾ ਬਹਿਨੇ ਓਂ।' ਇਹ ਸ਼ਿਕਾਇਤਾਂ ਉਤਲੇ ਅਫ਼ਸਰਾਂ ਕੋਲ ਵੀ ਤੁਰ ਜਾਂਦੀਆਂ। ਸਰਕਾਰੀ ਕਵਾਟਰਾਂ ਵਿਚ ਰਹਿੰਦੇ ਇੱਕ ਚਲਦੇ-ਫਿਰਦੇ ਮੁਲਾਜ਼ਮ ਨੇ ਤਾਂ ਐੱਸ.ਡੀ.ਐੱਮ. ਨੂੰ ਹੀ ਸ਼ਿਕਾਇਤ ਲਗਾ ਦਿੱਤੀ। ਦਰਅਸਲ ਇਹ ਮੁਲਾਜ਼ਮ ਐੱਸ.ਡੀ.ਐੱਮ. ਦਾ ਜਮਾਤੀ ਰਿਹਾ ਸੀ। ਐੱਸ.ਡੀ.ਐੱਮ. ਨੇ ਆਪਣੇ ਜਮਾਤੀ ਦੇ ਆਖੇ ਲੱਗ ਬਿਨਾ ਕੋਈ ਪੜਤਾਲ ਕੀਤਿਆਂ ਮੇਰੇ ਨਾਂ 'ਤੇ ਸੰਮਨ ਭੇਜ ਦਿੱਤੇ। ਸੰਮਨ ਹੱਥ 'ਚ ਫੜਦਿਆਂ ਹੀ ਮੇਰੇ ਸੱਥੀਂ ਕੱਪੜੀਂ ਅੱਗ ਲੱਗ ਗਈ। ਪਾਰਾ ਜਾ ਚੜ੍ਹਿਆ ਸੱਤਵੇਂ ਅਸਮਾਨ। ਉਦੋਂ ਨਵਾਂ-ਨਵਾਂ ਮੁਲਾਜ਼ਮ ਜਥੇਬੰਦੀਆਂ ਵਿਚ ਜਾਣ ਲੱਗਾ ਸਾਂ। ਉਂਜ ਵੀ ਪੱਤਰਕਾਰੀ ਅਤੇ ਕੁਝ-ਕੁਝ ਲੀਡਰੀ ਵੀ ਦਿਮਾਗ ਨੂੰ ਚੜ੍ਹੀ ਹੋਈ ਸੀ। ਉਦੋਂ ਅਜੇ ਮੋਬਾਇਲ ਫ਼ੋਨ ਨ੍ਹੀਂ ਸੀ ਹੁੰਦੇ, ਫ਼ੋਨ ਕਰਨ ਲਈ ਥਾਂ-ਥਾਂ ਐੱਸ.ਟੀ.ਡੀਆਂ ਲੱਗੀਆਂ ਹੋਈਆਂ ਸਨ। ਮੈਂ ਇੱਕ ਐੱਸ.ਟੀ.ਡੀ. ਤੋਂ ਜਾ ਕੇ ਓਪਰੇਟਰ ਨੂੰ ਫ਼ੋਨ ਮਿਲਾਉਣ ਲਈ ਆਖਿਆ। ਮੈਂ ਪੈਂਦੀ ਸੱਟੇ ਐੱਸ.ਡੀ.ਐੱਮ. ਦੀ ਐਸੀ-ਤੈਸੀ ਕਰ ਦਿੱਤੀ। ਉਹ ਅੱਗੋਂ ਕੀ ਬੋਲਦਾ ਰਿਹਾ, ਮੈਂ ਨ੍ਹੀਂ ਸੁਣਿਆ, ਬਸ ਆਵਦਾ ਗੁਭ-ਗੁਭਾਟ ਖੱਡ ਫ਼ੋਨ 'ਠਾਹ' ਕਰਕੇ ਵਾਪਸ ਰੱਖ ਦਿੱਤਾ। ਓਪਰੇਟਰ ਅਤੇ ਐੱਸ.ਟੀ.ਡੀ. ਬੂਥ ਵਿਚ ਬੈਠੇ ਕੁੱਝ ਗ੍ਰਾਹਕ ਹੈਰਾਨੀ ਨਾਲ ਮੇਰੇ ਵੱਲ ਵੇਖਣ ਲੱਗੇ ਸਨ। ਅਸਲ ਵਿਚ ਉਨ੍ਹਾਂ ਸਮਿਆਂ ਵਿਚ ਮੈਨੂੰ ਪਤਾ ਹੀ ਨ੍ਹੀਂ ਸੀ ਕਿ ਐੱਸ.ਡੀ.ਐੱਮ. ਕੀ ਚੀਜ਼ ਹੁੰਦਾ ਹੈ। ਉਨ੍ਹੀਂ ਦਿਨੀਂ ਤਾਂ ਮੇਰੇ ਲਈ ਡੀ.ਸੀ. ਵੀ ਖ਼ਾਸ ਚੀਜ਼ ਨ੍ਹੀਂ ਸੀ। ਮੇਰੇ ਭਾਅ ਤਾਂ ਇੱਕ ਮਜ਼ਦੂਰ ਤੋਂ ਲੈ ਕੇ ਮੁੱਖ ਮੰਤਰੀ ਤੱਕ ਬਰਾਬਰ ਹੀ ਸਨ। ਐੱਸ.ਟੀ.ਡੀ. ਮਾਲਕ ਜੋ ਮੇਰਾ ਵਾਕਫ਼ ਸੀ, ਨੇ ਮੈਨੂੰ ਡਰਾਇਆ ਕਿ ਐੱਸ.ਡੀ.ਐੱਮ., ਹੁਣ ਕੋਈ ਸਖ਼ਤ ਐਕਸ਼ਨ ਲਊ। ਮੈਂ ਤਾਂ ਨ੍ਹੀਂ ਪਰ ਮੇਰਾ ਉਹ ਵਾਕਫ਼ ਇੱਕ-ਦੋ ਦਿਨ ਮੇਰੀ ਗ੍ਰਿਫ਼ਤਾਰੀ ਉਡੀਕਦਾ ਰਿਹਾ ਪਰ ਅਜਿਹਾ ਕੁਝ ਵੀ ਨਾ ਵਾਪਰਿਆ। ਹਾਂ ਇਸ ਦਾ ਚੰਗਾ ਅਸਰ ਜ਼ਰੂਰ ਪਿਆ। ਐੱਸ.ਡੀ.ਐੱਮ. ਦਾ ਉਹ ਵਾਕਫ਼ ਦੋ ਕੁ ਦਿਨਾਂ ਬਾਅਦ ਮੇਰੇ ਕੋਲ ਆਇਆ ਤੇ ਆਪਣੀ ਹਰਕਤ 'ਤੇ ਅਫ਼ਸੋਸ ਜ਼ਾਹਿਰ ਕਰ ਗਿਆ। ਸ਼ਾਇਦ ਐੱਸ.ਡੀ.ਐੱਮ. ਨੇ ਹੀ ਉਸਨੂੰ ਇੰਜ ਕਰਨ ਲਈ ਆਖਿਆ ਹੋਵੇ। ਉੱਧਰ ਕੁਝ ਲੋਕ ਅਜਿਹੇ ਵੀ ਸਨ ਜੋ ਪਾਣੀ ਦੀ ਮਹੱਤਤਾ ਨੂੰ ਤੇ ਸਾਡੀ ਮਜਬੂਰੀ ਨੂੰ ਸਮਝਦੇ ਸਨ।

'ਲੋਕਾਂ 'ਚ ਸਬਰ ਸੰਤੋਖ ਹੈਨੀ। ਚੌਵੀ ਘੰਟੇ ਪਾਣੀ ਭਾਲਦੇ। ਵਈ...ਦਿਉ ਲੋੜ ਆਸਤੇ ਟੱਬ-ਬਾਲਟੀ ਭਰ ਕੇ ਰੱਖ ਲੋ। ਕਹਿੰਦੇ ਵਈ ਜਦੋਂ ਟੂਟੀ ਖੋਲ੍ਹੀਏ...ਧਾਰ ਚਲਦੀ ਹੋਵੇ। ਪਾਣੀ ਦੀ ਕਦਰ ਹੈਨੀ ਲੋਕਾਂ ਨੂੰ। ਟੂਟੀਆਂ ਖੁੱਲ੍ਹੀਆਂ ਛੱਡੀ ਰੱਖਦੇ ਆ। ਤੁਸੀਂ ਠੀਕ ਓ...ਥੋਡਾ ਕੋਈ ਕਸੂਰ ਨ੍ਹੀਂ। ਲੋਕਾਂ ਨੂੰ ਨ੍ਹੀਂ ਖੁਸ਼ ਕਰ ਸਕਦੇ। ਤੁਸੀਂ ਆਵਦੇ ਹਿਸਾਬ ਨਾਲ ਚਲਾਓ ਕੰਮ...।' ਜਦੋਂ ਕੋਈ ਸੁਝਵਾਨ ਬੰਦਾ ਇਹ ਆਖਦਾ ਤਾਂ ਲਗਦਾ ਜਿਵੇਂ ਠੰਢੀ ਤੇ ਮਿੱਠੀ ਹਵਾ ਦਾ ਬੁੱਲ੍ਹਾ ਸਰੀਰ ਨੂੰ ਛੂਹ ਕੇ ਲੰਘ ਗਿਆ ਹੋਵੇ।

ਜਿਵੇਂ-ਜਿਵੇਂ ਸਮਾਜ ਦੀਆਂ ਤਲਖ਼ ਹਕੀਕਤਾਂ ਨਾਲ ਵਾਹ ਪੈਂਦਾ ਜਾ ਰਿਹਾ ਸੀ ਜ਼ਿੰਦਗੀ ਦੇ ਅਸਲ ਮਾਇਨੇ ਸਮਝ ਵਿਚ ਆਉਣ ਲੱਗੇ ਸਨ। ਜ਼ਿੰਦਗੀ ਉਦੋਂ ਤਾਂ ਬੜੇ ਹੀ ਕੌੜੇ ਰੂਪ ਵਿਚ ਸਾਹਮਣੇ ਹੋ ਕੇ ਟੱਕਰੀ ਸੀ ਜਦੋਂ ਅਫ਼ਸਰੀ ਵਾਲਾ ਛੱਜ ਪਿੱਛੇ ਬੰਨ੍ਹਿਆ ਗਿਆ ਸੀ। ਇੰਝ ਜਾਪਣ ਲੱਗਾ ਸੀ ਜਿਵੇਂ ਚਾਰ ਚੁਫ਼ੇਰੇ ਸ਼ਿਕਾਇਤਾਂ ਹੀ ਸ਼ਿਕਾਇਤਾਂ ਸਨ। ਕੋਲੋ ਤਾਕਤ ਕੁੱਝ ਨ੍ਹੀਂ ਸੀ ਪਰ ਲੋਕਾਂ ਦੀਆਂ ਆਸਾਂ ਕਿਤੇ ਵੱਧ। ਜਿਸ ਕਿਸੇ ਦਾ ਵੀ ਕੰਮ ਨਾ ਹੁੰਦਾ ਜਾਂ ਸਰਕਾਰੀ ਨਿਯਮਾਂ ਕਾਨੂੰਨਾਂ ਦੇ ਦਾਇਰੇ ਵਿਚ ਨਾ ਆਉਣ ਕਰਕੇ ਹੋ ਨਾ ਸਕਦਾ, ਉਹ ਚਾਰ-ਚੁਫ਼ੇਰੇ ਸ਼ਿਕਾਇਤਾਂ ਦੀ ਜਿਵੇਂ ਵਾੜ ਹੀ ਕਰ ਦਿੰਦਾ। ਲੋਕਾਂ ਦੀਆਂ ਅੱਖਾਂ ਘੂਰਦੀਆਂ ਜਾਪਦੀਆਂ। ਕਈ ਤਾਂ ਇੰਝ ਵਿਹਾਰ ਕਰਦੇ ਜਿਵੇਂ ਉਨ੍ਹਾਂ ਦਾ ਵੱਸ ਚੱਲੇ ਤਾਂ ਚੌਕ ਵਿਚਕਾਰ ਖੜ੍ਹਾ ਕੇ ਗੋਲੀ ਮਾਰ ਦੇਣ। ਕਈ ਯਾਰ ਦੋਸਤ ਅਤੇ ਰਿਸ਼ਤੇਦਾਰ ਅੱਡ ਭੂਏ ਚੜ੍ਹੇ ਰਹਿੰਦੇ। ਉਹ ਪਿੱਠ ਪਿੱਛੇ ਗੱਲਾਂ ਕਰਦੇ, 'ਇਹਦਾ ਦਿਮਾਗ ਫਿਰ ਗਿਆ। ਬੋਅ ਪੈਗੀ ਇਹਦੇ 'ਚ। ਆਕੜ 'ਚ ਨਹੁੰ ਨ੍ਹੀਂ ਖੁੱਭਦਾ। ਲੰਡੀ ਜਈ ਅਫ਼ਸਰੀ ਕੀ ਮਿਲਗੀ, ਉਈਂ ਅਸਮਾਨੇ ਚੜ੍ਹ ਗਿਆ।'

'ਕੱਲ੍ਹ ਇੱਥੇ ਧੱਕੇ ਖਾਂਦਾ ਫਿਰਦਾ ਸੀ ਸਾਡੇ ਨਾਲ। ਨੌਕਰੀਆਂ ਆਸਤੇ ਫਾਰਮ ਭਰਦਾ। ਮੰਤਰੀਆਂ-ਸੰਤਰੀਆਂ ਦੀਆਂ ਜੁੱਤੀਆਂ ਕਰਦਾ। ਹੁਣ ਚੌੜਾ ਹੋ-ਹੋ ਤੁਰਦਾ।' ਕੋਈ ਹੋਰ ਆਖਦਾ। ਕਈ ਜ਼ਿਆਦਾ ਹੀ ਖ਼ੈਰ-ਖ਼ਵਾਹ ਤਾਂ ਪੈਸੇ ਦੀ ਵੰਗਾਰ ਵੀ ਪਾ ਦਿੰਦੇ। ਕਈ ਫੁੱਟੇ-ਸਿੱਧੇ ਕੰਮ ਦੱਸਦੇ ਜਿਹੜੇ ਮੇਰੇ ਵੱਸ ਤੋਂ ਬਹੁਤ ਹੀ ਪਰ੍ਹੇ ਦੀ ਗੱਲ ਹੁੰਦੇ। ਕਈ ਮਹਾਨ ਪੁਰਸ਼ ਤਾਂ ਇਉਂ ਸਮਝਣ ਲੱਗੇ ਸਨ ਜਿਵੇਂ ਮੈਂ ਕੋਈ ਗਵਰਨਰ ਲੱਗ ਗਿਆ ਹੋਵਾਂ ਤੇ ਹਰ ਤਰ੍ਹਾਂ ਦਾ ਕੰਮ ਕਰਨਾ ਤੇ ਦੂਜੇ ਮਹਿਕਮੇ ਦੇ ਆਹਲਾ ਅਫ਼ਸਰਾਂ ਤੋਂ ਕਰਵਾਉਣਾ ਮੇਰੇ ਖੱਬੇ ਹੱਥ ਦਾ ਕੰਮ ਹੋਵੇ। ਜਦੋਂ ਮੈਂ ਕਿਸੇ ਦਾ ਕੰਮ ਨਾ ਕਰਵਾ ਸਕਦਾ ਜਾਂ ਆਪਣੇ ਵਾਲੇ ਮਹਿਕਮੇ ਵਿਚ ਕਿਸੇ ਦਾ ਕੰਮ ਮੇਰੇ ਕੋਲੋਂ ਨਾ ਹੁੰਦਾ, ਫੇਰ ਤਾਂ ਜਿਵੇਂ ਸ਼ਾਮਤ ਹੀ ਆ ਜਾਂਦੀ। ਕਈ ਪੱਤਰਕਾਰ ਯਾਰ ਤਾਂ ਜਿਵੇਂ ਜਾਨ ਦੇ ਹੀ ਦੁਸ਼ਮਣ ਬਣ ਬੈਠੇ। ਉਨ੍ਹਾਂ ਦੀਆਂ ਦਿਲ ਲੂਹਣ ਵਾਲੀਆਂ ਗੱਲਾਂ ਸੁਣਨ ਨੂੰ ਮਿਲਦੀਆਂ। ਬਹੁਤ ਸਾਰੇ ਲੋਕ ਪਿਆਰ ਕਰਨ ਵਾਲੇ ਵੀ ਹੁੰਦੇ। ਇਨ੍ਹਾਂ ਵਿਚ ਵਧੇਰੇ ਉਹ ਗਰੀਬ ਲੋਕ ਸਨ ਜਿਨ੍ਹਾਂ ਦਾ ਕੰਮ ਬਿਨਾ ਪੈਸੇ ਅਤੇ ਸਿਫ਼ਾਰਸ਼ ਦੇ ਹੀ ਹੋ ਗਿਆ ਸੀ। ਅਜਿਹੇ ਜਨ ਸਾਧਾਰਨ ਲੋਕਾਂ ਵਿਚ ਕਿਸੇ ਅਧਿਕਾਰੀ ਕਰਮਚਾਰੀ ਦੀ ਹਰਮਨ ਪਿਆਰਤਾ ਵੀ ਮੁਸੀਬਤਾਂ ਦਾ ਕਾਰਨ ਬਣ ਜਾਂਦੀ ਹੈ। ਕਈ ਵਾਰ ਕਿਸੇ ਕਰਮਚਾਰੀ ਦੇ ਸਾਥੀਆਂ, ਉਸਦੇ ਉਤਲੇ ਅਧਿਕਾਰੀਆਂ, ਸਿਆਸੀ ਨੇਤਾਵਾਂ ਅਤੇ ਉਸਦੇ ਨੇੜਲਿਆਂ ਨੂੰ ਹੀ ਇਸ ਤੋਂ ਡਾਹਢੀ ਤਕਲੀਫ਼ ਹੋ ਜਾਂਦੀ ਹੈ।



ਮੇਰੇ ਤੋਂ ਵੀ ਨਾਜਾਇਜ਼ ਕੰਮ ਕਰਵਾਉਣ ਦੇ ਯਤਨ ਵਿਚ ਅਸਫ਼ਲ ਰਹਿਣ ਵਾਲੀ ਇੱਕ ਔਰਤ ਵੱਲੋਂ ਕੀਤੀ ਸ਼ਿਕਾਇਤ ਕਾਰਨ ਵਿਜੀਲੈਂਸ ਮਿਹਰਬਾਨ ਹੋ ਗਈ ਸੀ। ਹੱਥਕੜੀਆਂ ਲਗਵਾ ਕੇ ਫ਼ਿਰੋਜ਼ਪੁਰ ਦੀ ਇਤਿਹਾਸਕ ਜੇਲ੍ਹ ਦੀ ਯਾਤਰਾ ਕਰਵਾਉਣ ਵਿਚ ਜ਼ੀਰੇ ਸ਼ਹਿਰ ਦੀ ਇੱਕ ਅਨਪੜ੍ਹ ਔਰਤ ਦੀ ਸ਼ਿਕਾਇਤ ਦਾ ਹੀ ਨ੍ਹੀਂ, ਮੇਰੇ ਖ਼ਾਸਮ-ਖ਼ਾਸ ਯਾਰ ਬਣ ਕੇ ਨਾਲ ਫ਼ਿਰਦੇ ਰਹਿਣ ਵਾਲੇ ਬੁੱਕਲ ਦੇ ਕਈ ਸੱਪਾਂ ਦਾ ਵੀ ਅਹਿਮ ਯੋਗਦਾਨ ਸੀ। ਇਨ੍ਹਾਂ ਬੁੱਕਲ ਦੇ ਸੱਪਾਂ ਨੇ ਵਿਜੀਲੈਂਸ ਵਿਭਾਗ ਦੇ ਐੱਸ.ਪੀ. ਅਤੇ ਡੀ.ਐੱਸ.ਪੀ. ਕੋਲ ਮੈਨੂੰ ਮਹਾਂ ਕੁਰੱਪਟ ਤੇ 'ਲਾਲੂ-ਪ੍ਰਸ਼ਾਦ' ਬਣਾ ਕੇ ਪੇਸ਼ ਕਰਨ ਵਿਚ ਕੋਈ ਕਸਰ ਨ੍ਹੀਂ ਸੀ ਰਹਿਣ ਦਿੱਤੀ।

ਅਜਿਹੇ ਸਮੇਂ ਵਿਚ ਜਦੋਂ ਤੁਹਾਡਾ ਹਰ ਇੱਕ ਜੀਅ ਤੋਂ ਵਿਸ਼ਵਾਸ ਡੋਲਿਆ ਹੁੰਦਾ ਹੈ, ਬਹੁਤ ਸਾਰੇ ਅਜਿਹੇ ਵੀ ਹੁੰਦੇ ਹਨ ਜੋ ਤੁਹਾਡੀ ਢਾਲ ਬਣ ਕੇ ਖੜ੍ਹਦੇ ਹਨ ਤੇ ਤੁਹਾਡਾ ਜ਼ਿੰਦਗੀ ਵਿਚ ਵਿਸ਼ਵਾਸ ਦੁਬਾਰਾ ਬਹਾਲ ਕਰਦੇ ਹਨ। ਵਿਜੀਲੈਂਸ ਥਾਣੇ ਵਿਚ ਵੀ ਅਜਿਹਾ ਇੱਕ ਹੌਲਦਾਰ ਸੀ। ਨਾਂ ਤਾਂ ਉਸਦਾ ਯਾਦ ਨ੍ਹੀਂ ਆ ਰਿਹਾ ਪਰ ਸਾਰੇ ਉਸਨੂੰ 'ਰੱਬ ਦਾ ਬੰਦਾ' ਹੀ ਆਖਦੇ ਸਨ।

'ਕੋਈ ਕੁਝ ਕਹੀ ਜਾਵੇ ਮੈਨੂੰ ਪਤਾ ਤੁਸੀਂ ਬੇਗੁਨਾਹ ਹੋ। ਰੱਬ ਸਭ ਵੇਖਦਾ ਹੈ, ਉਸਨੂੰ ਤੁਹਾਡੀ ਬੇਗੁਨਾਹੀ ਦਾ ਪਤਾ ਹੈ। ਤੁਹਾਨੂੰ ਤੱਤੀ ਵਾ ਨ੍ਹੀਂ ਲਗਦੀ। ਤੁਸੀਂ ਐਂ ਬੇਦਾਗ ਹੋ ਕੇ ਨਿੱਕਲ ਜਾਉਗੇ।' ਉਸਦੇ ਅਜਿਹੇ ਸ਼ਬਦ ਜਿਵੇਂ ਔੜਾਂ ਮਾਰੀ ਧਰਤ ਉੱਤੇ ਪਾਣੀ ਤਰੌਂਕ ਦਿੰਦੇ।

ਡੇਢ ਮਹੀਨੇ ਦੀ ਜੇਲ੍ਹ ਯਾਤਰਾ ਬਾਅਦ ਜ਼ਮਾਨਤ 'ਤੇ ਘਰ ਆ ਗਿਆ ਸਾਂ। ਨੌਕਰੀ ਤੋਂ ਵਿਭਾਗ ਨੇ ਮੁਅੱਤਲ ਕਰ ਦਿੱਤਾ ਹੋਣ ਕਰਕੇ ਘਰ ਹੀ ਪਿਆ ਰਹਿੰਦਾ ਸਾਂ। ਚਾਰ-ਚੁਫ਼ੇਰਿਓਂ ਨਿਰਾਸ਼ਾ ਤੇ ਉਦਾਸੀ ਨੇ ਬੁਰੀ ਤਰ੍ਹਾਂ ਘੇਰ ਲਿਆ ਸੀ। ਮੁਰਦਿਆਂ ਵਾਂਗ ਮੰਜੇ 'ਤੇ ਮੁੱਧਾ ਪਿਆ ਅੰਦਰੇ-ਅੰਦਰ ਆਵਦੀ ਇਮਾਨਦਾਰੀ ਨੂੰ ਕੋਸਦਾ ਰਹਿੰਦਾ। ਕੇਸ ਸਾਰਾ ਸਿਰ 'ਤੇ ਪਿਆ ਸੀ। ਨੌਕਰੀ 'ਤੇ ਬਹਾਲੀ ਲਈ ਚਾਰਾਜੋਈ ਜਾਰੀ ਸੀ ਪਰ ਪੈਸੇ ਬਿਨਾ ਤਾਂ ਫ਼ਾਈਲ ਇੱਕ ਕਦਮ ਵੀ ਅੱਗੇ ਨ੍ਹੀਂ ਸੀ ਫੁੱਟਦੀ। ਅਜਿਹੇ ਦੌਰ ਵਿਚ ਤੁਹਾਡਾ ਸਮਾਜ ਤੋਂ ਵਿਸ਼ਵਾਸ ਚੁੱਕਿਆ ਜਾਣਾ ਸੁਭਾਵਕ ਹੀ ਹੁੰਦਾ ਹੈ। ਮੈਨੂੰ ਲਗਦਾ ਜਿਵੇਂ ਮੈਂ ਆਪਣੇ ਘਰਦਿਆਂ ਦੀਆਂ ਨਿਗਾਹਾਂ ਵਿਚ ਹੀ ਬਹੁਤ ਨੀਵਾਂ ਗਿਰ ਗਿਆ ਹੋਵਾਂ। ਜਿਵੇਂ ਘਰਦੇ ਵੀ ਮੈਨੂੰ ਹੋਰ ਨਿਗਾਹਾਂ ਨਾਲ ਦੇਖਣ ਲੱਗ ਪਏ ਹੋਣ। ਪਤਨੀ ਮੈਨੂੰ ਉਦਾਸ ਤੇ ਨਿਰਾਸ਼ ਪਏ ਨੂੰ ਹੌਂਸਲਾ ਦਿੰਦੀ 'ਲੋਕ ਤਾਂ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ ਨੇ ਪਰ ਤੂੰ ਦਿਲ ਨਾ ਛੱਡ ਰੱਬ ਆਪੇ ਠੀਕ ਕਰੂ।'

ਮੈਂ ਫਿਸ ਪੈਂਦਾ, 'ਮੈਂ ਤੇਰੀਆਂ ਨਿਗਾਹਾਂ ਵਿਚ ਸਾਫ਼ ਹੋਣਾ ਚਾਹੁੰਦਾ ਹਾਂ, ਲੋਕਾਂ ਦਾ ਮੂੰਹ ਨ੍ਹੀਂ ਫੜਿਆ ਜਾਂਦਾ। ਜੇ ਤੂੰ ਵੀ ਕੁਰੱਪਟ ਸਮਝਦੀ ਏਂ ਤਾਂ...?' ਵਾਕ ਮੈਥੋਂ ਪੂਰਾ ਨ੍ਹੀਂ ਸੀ ਹੁੰਦਾ।

'ਮੈਨੂੰ ਤਾਂ ਯਕੀਨ ਐ। ਬਥੇਰੇ ਲੋਕ ਤੇਰੀਆਂ ਸਹੁੰਆਂ ਵੀ ਖਾਂਦੇ ਨੇ। ਜਿਹੜੇ ਗ਼ਰੀਬ-ਗੁਰਬੇ ਦੇ ਤੂੰ ਕੰਮ ਕੀਤੇ ਐ, ਉਹ ਤਾਂ ਤ੍ਰਾਹ-ਤ੍ਰਾਹ ਕਰਦਾ। ਸਾਰੀ ਦਿਹਾੜੀ ਕਿੰਨੇ ਲੋਕ ਤਾਂ ਤੈਨੂੰ ਮਿਲਣ ਆਉਂਦੇ ਆ। ਜੇ ਤੂੰ ਸੱਚੀਓਂ ਭ੍ਰਿਸ਼ਟ ਹੁੰਦਾ, ਆਉਣਾ ਸੀ ਕਿਸੇ ਨੇ...?' ਪਤਨੀ ਦੀ ਗੱਲ ਵਾਕਿਆ ਹੀ ਸਹੀ ਸੀ। ਸੈਂਕੜੇ ਨ੍ਹੀਂ ਹਜ਼ਾਰਾਂ ਦੀ ਗਿਣਤੀ 'ਚ ਦੋਸਤ-ਮਿੱਤਰ ਤੇ ਸਾਧਾਰਣ ਲੋਕ ਮਿਲਣ ਆਏ ਸਨ। ਜੇਲ੍ਹ ਵਿਚ ਵੀ ਸਭ ਤੋਂ ਵੱਧ ਮੁਲਾਕਾਤਾਂ ਮੇਰੀਆਂ ਹੀ ਆਉਂਦੀਆਂ ਸਨ। ਮੈਨੂੰ ਮਿਲਣ ਆਇਆਂ ਵੱਲੋਂ ਲਿਆਂਦੇ ਸੇਬ-ਕੇਲੇ ਮੇਰੀ ਬੈਰਕ ਦੇ ਹੀ ਨ੍ਹੀਂ, ਦੂਜੀਆਂ ਬੈਰਕਾਂ ਦੇ ਹਵਾਲਾਤੀਆਂ-ਕੈਦੀਆਂ ਦਾ ਵੀ ਢਿੱਡ ਭਰਦੇ।

ਇਸ ਔਖੇ ਵਕਤ 'ਚ ਬਹੁਤ ਸਾਰੇ ਸੁਹਿਰਦ ਮਿੱਤਰ ਸਨ ਜਿਹੜੇ ਔੜਾਂ ਮਾਰੀ ਧਰਤੀ ਉੱਤੇ ਪਾਣੀ ਤਰੌਂਕਣ ਲੱਗੇ ਹੋਏ ਸਨ। ਸ਼ਾਇਰ ਮਿੱਤਰ ਅਮਰ ਸੂਫ਼ੀ ਅਤੇ ਮੇਰਾ ਗਰਾਂਈਂ ਲੇਖਕ ਗੁਰਮੀਤ ਰੱਖੜਾ ਕੜਿਆਲ ਮੇਰੇ 'ਤੇ ਕੇਸ ਦਰਜ ਕਰਨ ਵਾਲੇ ਵਿਜੀਲੈਂਸ ਦੇ ਡੀ.ਐੱਸ.ਪੀ. ਨੂੰ ਮਿਲੇ ਸਨ। ਮੇਰੀ ਕਿਤਾਬ 'ਆਤੂ ਖੋਜੀ' ਉਨ੍ਹਾਂ ਦੇ ਹੱਥ ਵਿਚ ਸੀ।

'ਡਿਪਟੀ ਸਾਹਿਬ ਆਹ ਕਿਤਾਬ ਗੁਰਮੀਤ ਦੀ ਲਿਖੀ ਹੋਈ ਹੈ। ਇਸਦੀ ਆਹ ਇੱਕੋ ਹੀ ਕਹਾਣੀ ਪੜ੍ਹ ਲਓ, ਜੇ ਫੇਰ ਵੀ ਤੁਹਾਨੂੰ ਲੱਗੇ ਬੰਦਾ ਕੁਰੱਪਟ ਹੋ ਸਕਦੈ ਤਾਂ ਹੋਰ ਵੀ ਜਿੰਨੇ ਮਰਜ਼ੀ ਕੇਸ ਪਾ ਦਿਓ ਸਾਨੂੰ ਕੋਈ ਇਤਰਾਜ਼ ਨ੍ਹੀਂ।' 'ਆਤੂ ਖੋਜੀ' ਪੁਸਤਕ ਦੀ ਕਹਾਣੀ ਆਤੂ ਖੋਜੀ 'ਤੇ ਉਂਗਲ ਰੱਖ ਸੂਫ਼ੀ ਨੇ ਪੁਸਤਕ ਡਿਪਟੀ ਦੇ ਹੱਥ ਵਿਚ ਫੜਾਉਂਦਿਆਂ ਕਿਹਾ ਸੀ।

'ਸਾਥੋਂ ਬਹੁਤ ਵੱਡੀ ਗਲਤੀ ਹੋ ਗਈ ਐ। ਬੜਾ ਧੱਕਾ ਹੋ ਗਿਆ। ਅਸੀਂ ਬੜੀ ਜਲਦੀ ਆਵਦੀ ਗ਼ਲਤੀ ਸੁਧਾਰ ਲਾਂਗੇ।' ਡਿਪਟੀ ਨੇ ਵਿਸ਼ਵਾਸ਼ ਦਵਾਇਆ ਸੀ। ਸੱਚਮੁੱਚ ਡਿਪਟੀ ਤੇ ਉਹਦਾ ਅਮਲਾ-ਫੈਲਾ ਛੇਤੀ ਹੀ ਆਪਣੀ ਇਹ ਗ਼ਲਤੀ ਸੁਧਾਰਨ ਵਿਚ ਲੱਗ ਗਿਆ ਸੀ। ਮੇਰੇ ਅਤੇ ਵਿਭਾਗ ਦੇ ਬਾਕੀ ਅਫ਼ਸਰਾਂ ਵਿਰੁੱਧ ਲਾਏ ਗਏ ਦੋਸ਼ਾਂ ਦੀ ਥਾਵੇਂ ਸਾਡੀਆਂ ਬੇਗੁਨਾਹੀਆਂ ਵਿਜੀਲੈਂਸ ਦੀਆਂ ਫ਼ਾਈਲਾਂ 'ਤੇ ਆਉਣ ਲੱਗੀਆਂ ਸਨ।

ਭਲੇ ਦਿਨਾਂ ਦੀ ਉਡੀਕ ਕਰਦਿਆਂ ਇੱਕ ਦਿਨ ਮੈਂ ਆਪਣੇ-ਆਪ ਨੂੰ ਕਮਰੇ ਅੰਦਰ ਬੰਦ ਕਰੀ ਪਿਆ ਸਾਂ ਕਿ ਬਾਹਰੋਂ ਆਈ ਆਵਾਜ਼ ਨੇ ਜਿਵੇਂ ਨੀਂਦ 'ਚੋਂ ਜਗਾ ਦਿੱਤਾ, 'ਸਾਬ੍ਹ ਜੀ!'

ਬਾਹਰੋਂ ਆਈ ਆਵਾਜ਼ ਸੁਣ ਮੈਂ ਬੜੀ ਬੇਦਿਲੀ ਜਿਹੀ ਨਾਲ ਦਰਵਾਜ਼ਾ ਖੋਲ੍ਹਿਆ। ਬਾਹਰ ਮੈਲੇ-ਕੁਚੈਲੇ ਤੇ ਬਹੁਤ ਹੀ ਸਾਧਾਰਨ ਜਿਹੇ ਕੱਪੜੇ ਪਾਈ ਇੱਕ ਗਰੀਬੜਾ ਜਿਹਾ ਆਦਮੀ ਖੜ੍ਹਾ ਸੀ। 'ਦੱਸੋ?' ਮੈਂ ਸੋਚਿਆ ਇਹਨੂੰ ਅਜੇ ਮੇਰੇ ਨਾਲ ਹੋਈ ਬੀਤੀ ਦਾ ਪਤਾ ਨ੍ਹੀਂ ਹੋਣਾ ਤੇ ਇਹ ਕੋਈ ਕੰਮ ਕਰਾਉਣ ਦੀ ਆਸ ਲੈ ਕੇ ਆਇਆ ਹੋਊ।

'ਸਾਬ੍ਹ ਜੀ! ਸਾਬ ਜੀ...! ਥੋਡੇ ਨਾਲ ਬੜੀ ਮਾੜੀ ਕੀਤੀ ਕਿਸੇ ਨੇ। ਥੋਡੇ 'ਤੇ ਇਲਜ਼ਾਮ ਕੀ ਲਾਇਆ ਜੀ।' ਉਹ ਨੀਵੀਂ ਪਾਈ ਹੱਥ ਜੋੜੀ ਖੜ੍ਹਾ ਸੀ। ਕੀ ਕਹਿੰਦਾ ਮੈਂ?

'ਤੁਸੀਂ ਦੇਖਿਓ ਜੀਹਨੇ ਥੋਡੀ 'ਤੇ ਮਾੜੀ ਕੀਤੀ ਐ, ਸੱਚੇ ਪਾਸ਼ਾ ਉਹਦੇ ਨਾਲ ਵੀ ਮਾੜੀ ਈ ਕਰੂ।'

'ਜੋ ਉਹਨੂੰ ਮਨਜ਼ੂਰ।' ਮੈਂ ਐਵੇਂ ਜੁਆਬ ਦੇਣ ਲਈ ਹੀ ਕਿਹਾ ਸੀ।

'ਮੈਨੂੰ ਤਾਂ ਜੀ ਹਜੇ ਥੋੜ੍ਹੇ ਦਿਨ ਪਹਿਲਾਂ ਈ ਪਤਾ ਲੱਗਿਆ ਨ੍ਹੀਂ ਤਾਂ ਮੈਂ ਪਹਿਲੋਂ ਈ ਆ ਜਾਣਾ ਸੀ।' ਆਖਦਿਆਂ ਉਹ ਖੀਸੇ ਵਿਚ ਹੱਥ ਮਾਰਨ ਲੱਗਾ ਸੀ।

'ਧੰਨਵਾਦ ਭਰਾਵਾ ਥੋਡਾ...।' ਮੈਂ ਸੋਚ ਰਿਹਾ ਸੀ ਜੇ ਤੂੰ ਪਹਿਲਾਂ ਆ ਜਾਂਦਾ ਫੇਰ ਕਿਹੜਾ ਮੈਨੂੰ ਜੇਲ੍ਹ ਜਾਣੋਂ ਬਚਾ ਲੈਂਦਾ।

'ਤੁਸੀਂ ਨ੍ਹੀਂ ਜੀ ਮੈਨੂੰ ਜਾਣਦੇ। ਮੇਰਾ ਪਿੰਡ ਸ਼ਾਹ ਬੁੱਕਰ ਐ..।'

'ਅੱਛਾ...!' ਮੈਂ ਬੁਝੇ ਜਿਹੇ ਬੋਲਾਂ ਨਾਲ ਕਿਹਾ। ਮੇਰੀ ਉਸਨੂੰ ਜਾਨਣ ਵਿਚ ਭਲਾ ਕੀ ਦਿਲਚਸਪੀ ਹੋ ਸਕਦੀ ਸੀ? ਇੰਨੇ ਨੂੰ ਮੇਰੀ ਪਤਨੀ ਵੀ ਮੇਰੇ ਕੋਲ ਆ ਗਈ ਸੀ।

'ਮੈਂ ਥੋਡੇ ਕੋਲ ਕੰਮ ਆਇਆ ਸੀ। ਮੇਰੀ ਕੁੜੀ ਦਾ ਸ਼ਗਨ ਸਕੀਮ ਦਾ ਕੇਸ ਸੀ ਜੀ ਥੋਡੇ ਕੋਲੇ। ਤੁਸੀਂ ਮੇਰਾ ਨਵਾਂ ਪੈਸਾ ਨ੍ਹੀਂ ਸੀ ਲੱਗਣ ਦਿੱਤਾ। ਮੈਨੂੰ ਚੈੱਕ ਮਿਲ ਗਿਆ ਸੀ ਪੰਦਰਾਂ ਹਜ਼ਾਰ ਰੁਪਏ ਦਾ...।'

'ਉਹ ਤਾਂ ਮੇਰੀ ਡਿਊਟੀ ਸੀ ਭਰਾਵਾ...।' ਮੈਂ ਆਖਿਆ।

'ਮੈਂ ਈ ਨੀ ਜੀ... ਹੋਰ ਗ਼ਰੀਬ ਗੁਰਬਾ ਵੀ ਥੋਡੇ ਬਥੇਰੇ ਗੁਣ ਗਾਉਂਦਾ ਐ ਜੀ। ਜੀਹਨੂੰ-ਜੀਹਨੂੰ ਵੀ ਪਤਾ ਲੱਗਿਆ ਬੜਾ ਦੁੱਖ ਮੰਨਾਇਆ ਉਹਨੇ। ਸਾਰਿਆਂ ਨੂੰ ਪਤਾ ਤੁਸੀਂ ਬੇਗੁਨਾਹ

*(ਬਾਕੀ ਅਗਲੇ ਸਫੇ 'ਤੇ)*

**ਗੁਰਮੀਤ ਕੜਿਆਲਵੀ**
**ਫੋਨ: 98726-40994**

# ਮੇਰੀ ਸੁਰਜੀਤ

'ਜੇ ਕਰ ਮੈਂ ਤੈਥੋਂ ਪਹਿਲਾਂ ਮਰਿਆ, ਤੈਨੂੰ ਪੈਨਸ਼ਨ ਮਿਲੂਗੀ ਜੇ ਕਰ ਤੂੰ ਪਹਿਲਾਂ ਮਰੀ ਤਾਂ ਮੈਨੂੰ ਟੈਨਸ਼ਨ ਮਿਲੂਗੀ' ਮੈਂ ਸੁਤੇ-ਸਿਧ ਗੱਲਾਂ ਕਰਦੇ ਆਪਣੀ ਪਤਨੀ ਨੂੰ ਕਿਹਾ ਸੀ। ਉਹ ਪੈਨਸ਼ਨ ਲੈਣ ਤੋਂ ਮੁਨਕਰ ਹੋ ਗਈ ਤੇ ਮੈਂ ਟੈਨਸ਼ਨ ਨੂੰ ਹੋਣੀ ਮੰਨ ਲਿਆ ਹੈ।

ਉਸਦੇ ਗਲ਼ ਵਿਚ ਪਾਈ ਤਬੀਤੀ ਉਦੋਂ ਮੈਨੂੰ ਇੰਨੀ ਬੁਰੀ ਲਗਦੀ ਸੀ, ਜਿੰਨੀ ਅੱਜ ਉਸਦੇ ਗਲ ਵਿਚ ਕਾਲੇ ਧਾਗੇ ਨਾਲ ਬੰਨ੍ਹੀਂ ਛੋਟੀ ਜਿਹੀ ਕਿਰਪਾਨ। ਉਦੋਂ ਦੇ ਮਿੱਠੇ ਬੋਲਾਂ ਤੇ ਹੁਣ ਦੇ ਖਰਵੇ ਬੋਲਾਂ ਵਿਚ ਕੋਈ ਫਰਕ ਨਹੀਂ ਲਗਦਾ। ਉਦੋਂ ਚੁੱਪ-ਚਾਪ ਰਹਿਣਾ ਤੇ ਇਹ ਚੁੱਪ ਤੋੜ ਕੇ 'ਹਾਂ ਜੀ' ਕਹਿਣ ਦਾ ਮਾੜਾ-ਮੋਟਾ ਸ਼ਿਸ਼ਟਾਚਾਰ ਉਸਨੇ ਸਿੱਖ ਲਿਆ ਸੀ। ਅੱਜ ਉਸਦੇ 'ਟੁੱਟ ਪੈਣਿਆਂ', 'ਢਹਿ ਜਾਣਿਆਂ', 'ਪਲੇਗ ਪੈਣਿਆਂ' ਸ਼ਬਦਾਂ ਵਿਚ ਉਦੋਂ ਬੋਲੇ 'ਹਾਂ ਜੀ' ਵਰਗੇ ਮਿੱਠੇ ਸ਼ਬਦਾਂ ਨਾਲੋਂ

**ਕਰਮ ਸਿੰਘ ਮਾਨ**

ਪਿਆਰ ਵੀ ਵੱਧ ਹੈ ਤੇ ਮਿਠਾਸ ਵੀ। ਵਿਆਹ ਤੋਂ ਪਹਿਲਾਂ ਮੇਰੀ ਕੋਈ ਜਾਣ-ਪਛਾਣ ਤੇ ਗੱਲ ਨਹੀਂ ਸੀ ਹੋਈ, ਬਸ ਉਹ ਮੇਰੀ ਅਣ-ਛਪੀ ਕਵਿਤਾ ਦੀ ਦੇਣ ਸੀ। ਮੈਂ ਦਸਵੀਂ ਤੇ ਜੇ.ਬੀ.ਟੀ. ਪਾਸ ਕਰਕੇ ਘਰ ਤੋਂ ਪੰਜਾਹ ਮੀਲ ਦੂਰ ਮਾਸਟਰ ਲੱਗ ਗਿਆ ਤੇ ਉਥੇ ਹੀ ਰਹਿਣ ਲੱਗ ਗਿਆ ਸੀ। ਹਫਤੇ ਪਿੱਛੋਂ ਪਿੰਡ ਆ ਜਾਂਦਾ। ਮੈਂ ਇੱਕ ਕਵਿਤਾ 'ਆਰਸੀ' ਰਸਾਲੇ ਨੂੰ ਭੇਜ ਦਿੱਤੀ। ਉਨ੍ਹਾਂ ਦਾ ਇੱਕ ਕਾਰਡ ਆ ਗਿਆ, 'ਕਵਿਤਾ ਭੇਜਣ ਲਈ ਧੰਨਵਾਦ। ਅਸੀਂ ਇਹ ਛਾਪ ਨਹੀਂ ਸਕਦੇ।' ਕਾਰਡ ਹੇਠ ਇਕ ਕੁੜੀ ਮਨਦੀਪ ਕੌਰ ਦੇ ਦਸਤਖ਼ਤ ਸਨ। ਮੇਰਾ ਵੱਡਾ ਭਰਾ ਪੰਜਵੀਂ ਜਮਾਤ ਵਿਚ ਪੜ੍ਹਦੇ ਗਿੰਦਰ ਤੋਂ ਪੜ੍ਹਾਉਣ ਲਈ ਚਲਿਆ ਗਿਆ। ਉਸਨੇ ਕਹਿ ਦਿੱਤਾ ਕਿ ਇਹ ਕਾਰਡ ਕਿਸੇ ਕੁੜੀ ਦਾ ਸੀ। ਬਸ ਫਿਰ ਕੀ ਸੀ, ਘਰਦਿਆਂ ਮੈਨੂੰ ਅਵਾਰਾ ਤੇ ਲਫੰਗਾ ਗਰਦਾਨਣ ਵਿਚ ਦੇਰ ਨਾ ਲਾਈ। ਇਹ ਚਿੱਠੀ ਕੀ ਸੀ? ਬੰਬ ਫਟਣ ਵਾਂਗ ਸੀ। ਅਗਲੇ ਸ਼ਨਿਚਰਵਾਰ ਰਾਤ ਨੂੰ ਘਰੇ ਆਇਆ। ਅਗਲੇ ਹੀ ਦਿਨ ਐਤਵਾਰ ਨੂੰ ਉਨ੍ਹਾਂ ਨੇ ਆਪਣੀ ਮਿਥੀ ਸਕੀਮ ਅਨੁਸਾਰ ਦੁਪਹਿਰ ਵੇਲੇ ਮੰਗਣੇ ਦੀ ਰਸਮ ਕਰ ਦਿੱਤੀ। ਬਾਹਰੋਂ ਆਏ ਦੋ ਬੰਦਿਆਂ ਵਿਚੋਂ ਇੱਕ ਨੇ ਮੇਰੀ ਝੋਲੀ ਵਿਚ ਇੱਕ ਚਾਂਦੀ ਦਾ ਰੁਪੱਈਆ ਧਰ ਦਿੱਤਾ ਤੇ ਦੋ ਮੁੱਠੀਆਂ ਪਤਾਸਿਆਂ ਦੀਆਂ। ਮੈਂ ਇਸ ਦਾ ਵਿਰੋਧ ਵੀ ਕੀਤਾ ਤੇ ਘਰੋਂ ਭੱਜਣ ਹੀ ਲੱਗਿਆ ਸੀ, ਪਰ ਇਹ ਗੱਲ ਘੰਟਾ ਕੁ ਪਹਿਲਾਂ ਮੈਂ ਆਪਣੇ ਦੋਸਤ ਵੈਟਰਨਰੀ ਡਾਕਟਰ ਰਜਿੰਦਰ ਨੂੰ ਦੱਸ ਬੈਠਾ। 'ਤੁਹਾਡੀ ਬਹੁਤ ਬਦਨਾਮੀ ਹੋ ਜੁਗੀ। ਇਸ ਗੱਲ ਲਈ ਤੇਰੇ ਕੋਲ ਬਥੇਰੇ ਮੌਕੇ ਹਨ।' ਮੈਂ ਅਣਚਾਹੇ ਮਨ ਨਾਲ ਉਸਦੀ ਰਾਇ ਮੰਨ ਲਈ ਸੀ। ਪਹਿਲੀ ਵਾਰ ਮੈਂ ਉਸਨੂੰ ਵਿਆਹ ਵੇਲੇ ਹੀ ਵੇਖਿਆ ਸੀ? ਉਹ ਸਵੇਰ ਵੇਲੇ ਚਿੱਟੇ ਚਾਦਰੇ ਵਿਚ ਮੂੰਹ-ਸਿਰ ਲਪੇਟੀ ਪਹੁ-ਫੁਟਾਲੇ ਤੋਂ ਵੀ ਪਹਿਲਾਂ ਆਨੰਦਾਂ 'ਤੇ ਆ ਬੈਠੀ ਸੀ ਤੇ ਆਨੰਦ ਹੋਣ ਪਿੱਛੋਂ ਉਸੇ ਤਰ੍ਹਾਂ ਉਠ ਕੇ ਚਲੀ ਗਈ ਸੀ। ਪੂਰੇ ਛੇ ਮਹੀਨੇ ਲੱਗੇ ਸਨ ਉਸਦੇ ਮੂੰਹ ਦੇਖਣ ਨੂੰ। ਛੇ ਮਹੀਨੇ ਬਾਅਦ ਉਹ ਆਈ ਸੀ। ਸੱਗੀ ਫੁੱਲ ਗੁੰਦੀ, ਗਲ ਵਿਚ ਸਿੰਗ ਤਬੀਤ ਤੇ ਉਹ ਸੋਨੇ ਦੀ ਤਬੀਤੀ ਪਾਈ ਜਿਹੜੀ ਹਰ ਸਮੇਂ ਉਹ ਪਾਈ ਰੱਖਦੀ। ਬੜੀ ਮੁਸ਼ਕਲ ਨਾਲ ਇਹ ਸਾਰੀਆਂ ਟੂੰਬਾਂ ਲੁਹਾਈਆਂ ਸਨ। ਪਤਾ ਨਹੀਂ ਇਹ ਕਿੰਨਾ ਚਿਰ ਹੋਰ ਪਈਆਂ ਰਹਿੰਦੀਆਂ ਜੇ ਇਹ ਚਾਰ ਸਾਲ ਪਿੱਛੋਂ ਮੇਰੀ ਪੜ੍ਹਾਈ ਦੀ ਬੇਦੀ ਤੋਂ, ਬਲੀ ਦੇ ਬੱਕਰੇ ਵਾਂਗ ਜਬਾਹ ਨਾ ਹੋਈਆਂ ਹੁੰਦੀਆਂ। ਮੈਂ ਸੋਚਦਾ ਹੁੰਦਾ ਸੀ ਕਿ ਸਾਥੀ ਬਰਾਬਰ ਦਾ ਹੀ ਹੋਣਾ ਚਾਹੀਦਾ ਹੈ। ਪੜ੍ਹਾਈ ਤੇ ਬੋਲ ਚਾਲ ਵਿਚ। ਖੈਰ ਇਨ੍ਹਾਂ ਦੋਵਾਂ ਗੱਲਾਂ ਨਾਲ ਉਸਨੂੰ ਪੂਰੀ ਨਫਰਤ ਹੀ ਰਹੀ।

ਮੇਰੇ ਦੋਸਤ-ਮਿੱਤਰ ਤੇ ਹੋਰ ਕਰੀਬੀ ਜਾਣਕਾਰ ਮਿਲਣ ਆਉਂਦੇ, ਉਸ ਦੇ ਸੋਹਣੇ ਹੋਣ ਦੀ ਤਾਰੀਫ ਕਰਦੇ। ਉਹ ਮੁਸ਼ਕਲ ਨਾਲ ਹੀ ਦੋ ਸ਼ਬਦ ਬੋਲਦੀ। 'ਸਤਿ ਸ੍ਰੀ ਅਕਾਲ' ਦੇ ਦੋ ਸ਼ਬਦਾਂ ਦਾ ਜਵਾਬ ਰਵਾਜਨ ਜਿਹਾ ਹੀ ਦਿੰਦੀ। ਇਸ ਤੋਂ ਅੱਗੇ ਬੋਲਣ ਲਈ ਉਸਦੀ ਜੀਭ ਹੀ ਠਾਕੀ ਜਾਂਦੀ। ਮੇਰੇ ਉੱਤੇ ਉਹ ਸਮਾਂ ਸੀ, ਜਿਸ ਸਮੇਂ ਮੈਂ ਤੇ ਮੇਰਾ ਪਰਿਵਾਰ ਗੁਰਬਤ ਵਿਚੋਂ ਲੰਘ ਰਿਹਾ ਸੀ। ਲੰਘਣਾ ਪਿਆ ਹੀ ਸੀ। ਸਾਰੀ ਜ਼ਮੀਨ ਸੇਮ ਦੀ ਮਾਰ ਹੇਠ ਆ ਗਈ ਸੀ। ਸਾਉਣੀ ਦੀ ਫਸਲ ਮਰ ਜਾਂਦੀ ਸੀ। ਹਾੜ੍ਹੀ ਦੀ ਫਸਲ ਦੀ ਪਛਾਈ ਪਛੇਤੀ ਹੁੰਦੀ। ਫਸਲ ਕਣਕ, ਛੋਲੇ ਬਗੈਰਾ ਬਹੁਤ ਹੀ ਘੱਟ ਹੁੰਦੇ। ਪਰਿਵਾਰ ਦੇ ਦਸ ਜੀਆਂ ਦਾ ਗੁਜ਼ਾਰਾ ਮੁਸ਼ਕਲ ਨਾਲ ਹੀ ਮੇਰੀ ਤਨਖਾਹ ਤੋਂ ਹੁੰਦਾ ਸੀ। ਸੌ ਰੁਪੱਈਏ ਮਹੀਨੇ ਦੀ ਤਨਖਾਹ ਮਿਲਦੀ ਸੀ ਉਸ ਵੇਲੇ। ਵੱਡੇ ਭਰਾ ਦੇ ਵਿਆਹ ਦਾ ਚੜ੍ਹਿਆ ਕਰਜ਼ਾ ਅਜੇ ਉੱਤਰਿਆ ਨਹੀਂ ਸੀ। ਉੱਤੋਂ ਭੈਣ ਦਾ ਵਿਆਹ ਆ ਗਿਆ ਸੀ ਇਸ ਨਾਲ ਕਰਜ਼ੇ ਦੀ ਪੰਡ ਹੋਰ ਭਾਰੂ ਹੋ ਗਈ। ਰਸੋਈ ਦੇ ਖਰਚ ਤੋਂ ਬਾਅਦ ਬਚੀ ਤਨਖਾਹ ਨਾਲ ਕਰਜ਼ੇ ਦਾ ਵਿਆਜ ਹੀ ਮੁਸ਼ਕਲ ਨਾਲ ਮੁੜਦਾ ਸੀ। ਉਸ ਲਈ ਨਵੇਂ ਕੱਪੜੇ ਤੇ ਹੋਰ ਨਿੱਕਾ-ਮੋਟਾ ਖਰਚ ਕਿੱਥੋਂ ਹੁੰਦਾ? ਪਰ ਉਸਨੇ ਨਾ ਤਾਂ ਕਦੀ ਇਸ ਬਾਰੇ ਕੋਈ ਮਿਹਣਾ ਦਿੱਤਾ ਅਤੇ ਨਾ ਕੋਈ ਗਿਲਾ-ਰੋਸਾ ਕੀਤਾ। ਇੱਕ ਵਾਰ ਉਸਨੂੰ ਇੱਕ ਰੁਪੱਈਆ ਪੇਕੇ ਜਾਣ ਲਈ ਕਿਰਾਏ ਦਾ ਦਿੱਤਾ। ਇਹ ਇੱਕ ਪਾਸੇ ਦਾ ਕਿਰਾਇਆ ਸੀ। ਬਾਕੀ ਮੁੜਨ ਦਾ ਕਿਰਾਇਆ ਆਪਣੀ ਮਾਂ ਤੋਂ ਲੈ ਕੇ ਵਾਪਸ ਆਈ ਸੀ।

ਇੱਕ ਗੱਲ ਹੋਰ, ਉਹ ਦਸਦੀ ਹੁੰਦੀ ਸੀ ਕਿ ਉਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਪਿੰਡ ਦੇ ਗੁਰਦੁਆਰੇ ਦੇ ਭਾਈ ਜੀ ਤੋਂ ਸੰਥਿਆ ਨਾਲ ਪੜ੍ਹਨਾ ਸਿੱਖਿਆ ਸੀ। ਪਰ ਮੈਨੂੰ ਇੰਜ ਲੱਗਿਆ ਨਹੀਂ ਸੀ। ਇੱਕ ਵਾਰ ਉਸਨੇ ਆਪਣੇ ਪੇਕਿਆਂ ਤੋਂ ਮੈਨੂੰ ਚਿੱਠੀ ਲਿਖੀ ਸੀ। ਕੁਲ ਚਾਰ ਵਾਕ, ਉਹ ਵੀ ਉੱਘੜੇ-ਦੁਘੜੇ। ਲਗ-ਮਾਤਰਾਂ ਤੋਂ ਮੁਕਤ। ਪਰ ਇਨ੍ਹਾਂ ਚਾਰ ਵਾਕਾਂ ਵਿਚ ਉਸਦਾ ਮੇਰੇ ਲਈ ਸਾਰਾ ਪਿਆਰ ਸਮਾਇਆ ਪਿਆ ਸੀ। ਦੇਸ਼ ਤਾਂ ਆਜ਼ਾਦ ਹੋ ਗਿਆ, ਪਰ ਗਰੀਬੀ ਅਤੇ ਭ੍ਰਿਸ਼ਟਾਚਾਰ ਦਾ ਬੋਲ-ਬਾਲਾ ਹੋ ਗਿਆ। ਇਸ ਵਿਰੁੱਧ ਲੋਕ ਘੋਲ ਚੱਲ ਪਏ ਸਨ। ਇਸ ਸਭ ਦਾ ਹੱਲ ਲੋਕ ਇਨਕਲਾਬ ਹੀ ਸਮਝਦੇ ਸਨ। ਇਸ ਪਾਸੇ ਨੌਜਵਾਨ, ਵਿਦਿਆਰਥੀ, ਮੁਲਾਜ਼ਮ ਤੇ ਕਿਸਾਨ ਨੌਜਵਾਨ ਜਥੇਬੰਦੀਆਂ ਵਿਚ ਜਥੇਬੰਦ ਹੋ ਰਹੇ ਸਨ। ਮੇਰੇ ਅਧਿਆਪਕ ਯੂਨੀਅਨ ਵਿਚ ਕੰਮ ਕਰਨਾ ਉਸਨੂੰ ਬਿਲਕੁਲ ਪਸੰਦ ਨਹੀਂ ਸੀ ਅਤੇ ਨਾ ਹੀ ਮੇਰੇ ਇਨ੍ਹਾਂ ਸਾਥੀਆਂ ਨਾਲ ਕੋਈ ਹਮਦਰਦੀ ਜਾਂ ਸਨੇਹ ਸੀ। ਉਸ ਸਮੇਂ ਜਿਹੜੀ ਕਿਤਾਬ, ਰਸਾਲਾ, ਮੈਗਜ਼ੀਨ ਜਾਂ ਟੈਕਸਟ ਬੁਕਸ, ਜਿਸ ਦਾ ਰੰਗ ਲਾਲ ਹੁੰਦਾ ਸੀ ਉਹ ਚਾਰ-ਪੰਜ ਦਿਨ ਹੀ ਦਿਸਦੀ, ਉਸ ਤੋਂ ਬਾਅਦ ਉਹ ਛੇਤੀ ਹੀ ਅਗਨਭੇਟ ਹੋ ਜਾਂਦੀ। ਗਾਲੀ-ਗਲੋਚ ਜਾਂ ਘੂਰ-ਘੱਪਾ ਦਾ ਉਸ



'ਤੇ ਕੋਈ ਅਸਰ ਨਾ ਹੁੰਦਾ। ਨਾ ਹੀ ਉਹ ਇਸਦਾ ਹਰਖ ਜਾਂ ਵਿਰੋਧ ਕਰਦੀ ਪਰ ਹੁਣ ਇਹ ਸਭ ਕੁਝ ਇਸਦੇ ਉਲਟ ਹੈ। ਹੁਣ ਮੈਂ ਜਿਹੜੀ ਕਿਤਾਬ ਲਿਆਉਂਦਾ ਹਾਂ ਉਹ ਸਾਂਭ ਕੇ ਰਖਦੀ ਹੈ। ਖਾਸ ਤੌਰ 'ਤੇ ਮੇਰੀ ਲਿਆਂਦੀ ਕਿਤਾਬ ਜਾਂ ਕਿਸੇ ਰਸਾਲੇ ਵਿਚ ਛਪੀ ਕਹਾਣੀ। ਉਹ ਇਸ ਬਾਰੇ ਚੰਗਾ ਹੀ ਬੋਲਦੀ ਹੈ ਮਾੜਾ ਘੱਟ ਹੀ ਕਹਿੰਦੀ ਹੈ। ਉਸਦਾ ਵਿਸ਼ਲੇਸ਼ਣ ਕਰਨ ਦਾ ਢੰਗ ਹੈ ਵੀ ਵੱਖਰਾ। 'ਆਹ ਝੂਠ-ਸੱਚ ਜਿਹਾ ਕੀ ਲਿਖੀ ਜਾਂਦੇ ਹੋ, ਅੱਧਾ ਸੱਚ ਤੇ ਅੱਧਾ ਝੂਠ। ਗੁਰੂਆਂ ਦੀ ਗੱਲ ਲਿਖਿਆ ਕਰੋ। ਪੰਜਾਬੀ ਲਿੱਪੀ ਵਿਚ ਲਿਖੀ ਹੁਣ ਉਹ ਕਿਸੇ ਵੀ ਕਿਤਾਬ ਨੂੰ ਬਾਹਰ ਨਹੀਂ ਸੁਟਦੀ ਸੀ। ਉਹ ਬਹੁਤ ਮਿਲਣ-ਸਾਰ ਸੀ, ਸਿਰਫ ਜਾਣਕਾਰਾਂ ਲਈ। ਪਰ ਉਸਦੀ ਚੁੱਪ ਤੋੜਨੀ ਬਹੁਤ ਹੀ ਔਖੀ ਸੀ। ਹਰ ਸਾਲ ਝੋਨਾ ਬੀਜਣ ਨਾਲ ਤੱਪੜ ਬਣ ਜਾਂਦਾ ਜਿਸ ਨਾਲ ਪਾਣੀ ਝੀਰਨਾ ਔਖਾ ਹੋ ਜਾਂਦਾ। ਇਸ ਨੂੰ ਤੋੜਨਾ ਬਹੁਤ ਔਖਾ ਹੋ ਜਾਂਦਾ। ਬੱਸ ਅਜਿਹਾ ਤੱਪੜ ਤੋੜ ਲਿਆ, ਉਹੋ ਜਿਹੀ ਉਸ ਦੀ ਚੁੱਪ ਤੋੜ ਲਈ। ਉਸਦੀ ਇਸ ਚੁੱਪ ਨੇ ਮਰਨ ਤੱਕ ਉਸਦਾ ਸਾਥ ਨਹੀਂ ਛੱਡਿਆ। ਵਾਦੜੀਆਂ-ਸੁਜਾਦੜੀਆਂ ਨਿਭਣ ਸਾਹਾਂ ਦੇ ਨਾਲ। 'ਉਸਨੇ ਜਾਤ-ਪਾਤ ਤੇ ਛੂਤ-ਛਾਤ ਨੂੰ ਬੜੀ ਮੁਸ਼ਕਲ ਨਾਲ ਤਿਲ਼ਾਂਜਲੀ ਦਿੱਤੀ। ਬਚਪਨ ਵਿਚ ਕਪਾਹ ਚੁਗਣ ਲਈ ਚੋਣੀਆਂ ਵਿਚੋਂ ਇੱਕ ਰਮਦਾਸੀਆਂ ਦੀ ਕੁੜੀ ਨੇ ਪਾਣੀ ਵਾਲੇ ਤੌੜੇ ਨੂੰ ਹੱਥ ਲਾ ਦਿੱਤਾ। ਇਸਨੇ ਉਸ ਤੌੜੇ ਵਿਚੋਂ ਪਾਣੀ ਨਾ ਪੀਤਾ। ਸਾਰਾ ਦਿਨ ਤਰਹਾਈ ਮਰਦੀ ਰਹੀ। ਸ਼ਾਮ ਨੂੰ ਘਰ ਆ ਕੇ ਪਾਣੀ ਪੀਤਾ।

ਜਿਸ ਸਮੇਂ ਵੱਡੇ ਮੁੰਡੇ ਦੇ ਦੋਸਤ ਉਸਦੇ ਨਾਲ ਘਰ ਆ ਜਾਂਦੇ ਤੇ ਸਾਰੇ ਇਕੱਠੇ ਬੈਠ ਕੇ ਇਕੋ ਭਾਂਡਿਆਂ ਵਿਚ ਰੋਟੀ ਖਾਂਦੇ ਤਾਂ ਉਹ ਸਾਰੀ ਜਾਤ-ਪਾਤ ਭੁੱਲ ਗਈ। ਬੱਚਿਆਂ ਦੇ ਮੋਹ ਕਾਰਨ ਉਸ ਨੂੰ ਇਹ ਛੂਤ-ਛਾਤ ਤੇ ਉਚ-ਨੀਚ ਸਾਰੇ ਭੁੱਲ ਗਏ। ਮੇਰੇ ਸਾਰਾ ਜ਼ੋਰ ਲਾਉਣ 'ਤੇ ਵੀ ਉਸਨੇ ਇਹ ਛੱਡੀ ਨਹੀਂ ਸੀ। ਇੱਕ ਵਾਰ ਅਜਿਹਾ ਵੀ ਹੋਇਆ, ਉਹ ਖੇਤ ਕਾਮਿਆਂ ਲਈ ਚਾਹ ਲੈ ਕੇ ਆਈ ਤਾਂ ਆਪਣੇ ਮੁੰਡਿਆਂ ਲਈ ਵੱਖਰੇ ਡੋਲੂ ਵਿਚ ਚਾਹ ਲੈ ਕੇ ਆਈ। ਵੱਡੇ ਮੁੰਡੇ ਨੂੰ ਇਹ ਚੰਗਾ ਨਾ ਲੱਗਿਆ। ਉਸਨੇ ਸਾਰਾ ਡੋਲੂ ਵੱਡੇ ਪਤੀਲੇ ਵਿਚ ਪਾ ਦਿੱਤਾ। ਪਰ ਇਹ ਗੱਲ ਵੀ ਨਹੀਂ ਸੀ ਕਿ ਉਹ ਤੰਗ ਦਿਲ ਸੀ। ਉਹ ਹਰ ਇੱਕ ਨੂੰ ਬਹੁਤ ਪਿਆਰ ਕਰਦੀ ਸੀ। ਹਰ ਸਾਲ ਕੋਈ ਨਾ ਕੋਈ ਰਿਸ਼ਤੇਦਾਰ ਦਾ ਮੁੰਡਾ ਇੱਥੇ ਪੜ੍ਹਨ ਲਈ ਆ ਜਾਂਦਾ। ਉਹ ਉਸਨੂੰ ਸਾਲ ਦੋ ਸਾਲ, ਇੱਥੋ ਤੱਕ ਕਿ ਕਈਆਂ ਨੂੰ ਲੰਬੇ ਸਮੇਂ ਤੱਕ ਘਰੇ ਰਖਦੀ। ਸਾਰੀ ਦੇਖ-ਭਾਲ ਆਪਣੇ ਪੁੱਤਾਂ ਵਾਂਗ ਹੀ ਕਰਦੀ। ਕਦੇ ਵੀ ਮੱਥੇ ਵੱਟ ਨਾ ਪਾਉਂਦੀ। ਲੋੜਵੰਦ ਦੀ ਸਹਾਇਤਾ ਕਰਕੇ ਉਸਨੂੰ ਬਹੁਤ ਹੀ ਖੁਸ਼ੀ ਹੁੰਦੀ। ਇਕ ਵਾਰ ਮੇਰੇ ਇੱਕ ਦੋਸਤ ਦੀ ਕੁੜੀ ਦਾ ਵਿਆਹ ਸੀ। ਉਸਦਾ ਪਰਿਵਾਰ ਵੱਡਾ ਸੀ, ਪੰਜ ਕੁੜੀਆਂ ਸਨ। 'ਮੈਂਖਿਆ, ਚਾਰ ਬੋਰੀਆਂ ਕਣਕ ਦੀਆਂ ਉਸਦੇ ਘਰੇ ਛੱਡ ਆਓ? ਧੀਆਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆ ਹਨ।' ਮੈਂ ਕੋਈ ਹੁੰਗਾਰਾ ਨਾ ਭਰਿਆ। ਉਸਨੇ ਇਸ ਤੋਂ ਅਗਲੇ ਦਿਨ ਪੰਜ ਕਵਿੰਟਲ ਕਣਕ ਦੇ ਸੀਰੀ ਨੂੰ ਭੇਜ ਕੇ ਉਸਦੇ ਘਰ ਭੇਜ ਦਿੱਤੇ। ਮੈਨੂੰ ਇਹ ਜਾਣ ਕੇ ਬਹੁਤ ਖ਼ੁਸ਼ੀ ਹੋਈ।

ਉਹ ਮੇਰੇ ਸਾਰੇ ਰਿਸ਼ਤੇਦਾਰਾਂ ਦਾ ਬਹੁਤ ਪਿਆਰ ਤੇ ਸਤਿਕਾਰ ਕਰਦੀ ਸੀ। ਖ਼ਾਸ ਕਰਕੇ ਮੇਰੀ ਛੋਟੀ ਭੈਣ ਨੂੰ। ਇੱਕ ਵਾਰ ਦੀ ਅਜੀਬ ਗੱਲ ਹੈ। ਇਹ ਤੇ ਮੇਰੀ ਛੋਟੀ ਭੈਣ ਘਰ ਸਨ। ਘਰ ਦਾ ਹੋਰ ਕੋਈ ਜੀਅ ਘਰੇ ਨਹੀਂ ਸੀ। ਇੱਕ ਡੱਗੀ ਵਾਲਾ ਬੀਹੀ ਵਿਚ ਆ ਗਿਆ। ਬਾਰਾਂ-ਤੇਰਾਂ ਸਾਲ ਦੀ ਛੋਟੀ ਭੇਣ ਨੂੰ ਇੱਕ ਸੂਟ ਪਸੰਦ ਆ ਗਿਆ। ਉਹ ਉਸ ਵੱਲ ਹਸਰਤ ਨਾਲ ਝਾਕੀ ਗਈ। ਉਸ ਨੇ ਵੱਡਾ ਬੱਠਲ ਦਾਣਿਆਂ ਦਾ ਭਰ ਕੇ ਦੇ ਦਿੱਤਾ। ਕੁੜੀ ਇਹ ਦਾਣੇ ਹੱਟੀ 'ਤੇ ਵੇਚ ਕੇ ਪੈਸੇ ਲਿਆਈ ਤੇ ਡੱਗੀ ਵਾਲੇ ਨੂੰ ਪੈਸੇ ਦੇ ਕੇ ਸੂਟ ਖਰੀਦ ਲਿਆ। ਉਸ ਨੇ ਉਸਦੀ ਸਧਰ ਪੂਰੀ ਕਰ ਦਿੱਤੀ। ਸ਼ਾਮ ਵੇਲੇ ਜਦ ਮੈਂ ਘਰ ਆਇਆ, ਉਸਨੇ ਝਿਜਕਦੀ ਨੇ ਦੱਸ ਦਿੱਤਾ। ਮੈਂ ਕੁਝ ਤਾਂ ਖ਼ਫ਼ਾ ਹੋਇਆ ਤੇ ਉਸ ਨੂੰ ਕਿਹਾ 'ਤੈਨੂੰ ਇਸ ਤਰ੍ਹਾਂ ਕਰਦੀ ਨੂੰ ਸ਼ਰਮ ਨਾ ਆਈ? ਜੇ ਕੋਈ ਵੇਖ ਲੈਂਦਾ ਤਾਂ ਉਸਨੇ ਕਹਿਣਾ ਸੀ ਕਿ ਹੌਲਦਾਰਾਂ ਦੇ ਬੱਚੇ ਦਾਣੇ ਚੋਰੀ ਵੇਚਣ ਲੱਗ ਪਏ? ਪਰ ਉਸਦੀ ਇਹ ਚੁਪ ਉਸਦੇ ਕੰਮ ਆਈ ਤੇ ਉਸਨੇ ਬੜੀ ਨਿਮਰਤਾ ਨਾਲ ਕਿਹਾ ਕਿ ਛੋਟੀ ਦੀ ਰੀਝ ਤਾਂ ਪੂਰੀ ਕਰਨੀ ਹੀ ਸੀ। ਕੁਝ ਘੰਟਿਆਂ ਬਾਅਦ ਮੇਰਾ ਗੁੱਸਾ ਕਾਫੂਰ ਹੋ ਗਿਆ। ਉਸਨੇ ਆਪਣੇ ਲਈ ਕਦੇ ਕੁਝ ਵੀ ਨਹੀਂ ਸੀ ਮੰਗਿਆ।

ਉਹ ਚਾਰ ਸੁਹਣੇ-ਸੁਨੱਖੇ ਬੱਚਿਆਂ ਦੀ ਮਾਂ ਬਣੀ। ਉਸਨੇ ਬਹੁਤ ਹੀ ਰੀਝ ਨਾਲ ਪਾਲੇ। ਮੈਂ ਹੁਣ ਆਪਣੇ-ਆਪ ਨੂੰ ਬਹੁਤ ਹੀ ਚੰਗੇ ਭਾਗਾਂ ਵਾਲਾ ਸਮਝਦਾ ਹਾਂ। ਉਸਦੇ ਸਿਰ 'ਤੇ ਹੀ ਮੇਰੀ ਜ਼ਿੰਦਗੀ ਫੁੱਲਾਂ ਦੀ ਸੇਜ ਬਣੀ ਰਹੀ ਹੈ। ਬੱਚੇ ਪੜ੍ਹ-ਲਿਖ ਕੇ ਬਾਹਰ ਕੈਨੇਡਾ-ਅਮਰੀਕਾ ਆ ਗਏ। ਉਨ੍ਹਾਂ ਤੋਂ ਚਾਰ ਸਾਲ ਬਾਅਦ ਅਸੀਂ ਕੈਨੇਡਾ ਆ ਗਏ। ਦੋ ਸਾਲ ਉਸਨੇ ਸਖਤ ਮਿਹਨਤ ਕੀਤੀ। ਕਈ ਵਾਰੀ ਸੋਲਾਂ-ਸੋਲਾਂ ਘੰਟੇ ਕੰਮ ਕੀਤਾ ਪਰ ਕੰਮ ਤੋਂ ਉਸਨੇ ਸੀ ਨਾ ਵੱਟੀ। ਪੰਜ ਸਾਲ ਪਿੱਛੋਂ ਉਹ ਛੋਟੇ ਮੁੰਡੇ ਕੋਲ ਅਮਰੀਕਾ ਰਹਿਣ ਲੱਗ ਪਈ। ਹੁਣ ਉਸਦਾ ਕੰਮ ਪੋਤੇ-ਪੋਤੀਆਂ ਨੂੰ ਪਾਲਣ ਦਾ ਸੀ। ਇਸ ਕਾਰਨ ਉਸਦਾ ਪੈਰ ਕਿਸੇ ਇੱਕ ਦੇਸ਼ ਵਿਚ ਨਹੀਂ ਲਗਦਾ ਸੀ। ਕਦੇ ਕਨੇਡਾ ਤੇ ਕਦੇ ਅਮਰੀਕਾ। ਹੁਣ ਉਸਨੂੰ ਤਾਣਾ ਤਣਨਾ ਪੈਂਦਾ ਸੀ।

ਬਾਹਰ ਆ ਕੇ ਉਸਦੀ ਸਿਹਤ ਅੱਗੇ ਨਾਲੋਂ ਕੁਝ ਸੁਧਰ ਗਈ। ਇੱਥੇ ਦੇ ਕਲਚਰ ਨੇ ਉਸਦੀ ਸੰਗ ਕੁਝ ਘੱਟ ਕਰ ਦਿੱਤੀ ਪਰ ਉਸਦੀ ਚੁੱਪ ਵਿਚ ਕੋਈ ਖਾਸ ਫਰਕ ਨਾ ਪਿਆ। ਹਾਂ ਉਸਦੇ ਅੰਦਰ ਬਹੁਤ ਕੁਝ ਬੁਝਿਆ ਹੋਇਆ ਜਾਗਣ ਲਈ ਅੰਗੜਾਈਆਂ ਭਰ ਰਿਹਾ ਸੀ।

ਸਵੇਰ ਦੇ ਸੱਤ ਵਜੇ ਉਹ ਆਪਣੇ ਸੁਭਾਅ ਦੇ ਉਲਟ ਮੇਰੇ ਨਾਲ ਸੈਰ ਕਰਨ ਲੱਗ ਪਈ ਹੈ। ਸਾਰੀ ਉਮਰ ਅੱਗੇ ਤਾਂ ਕੀ ਉਹਨੇ ਮੇਰੇ ਬਰਾਬਰ ਵੀ ਤੁਰ ਕੇ ਨਹੀਂ ਸੀ ਵੇਖਿਆ। ਉਸਨੇ ਆਨੰਦ ਕਾਰਜ ਦੀ ਪਿੱਛੇ ਪੱਲਾ ਫੜ ਕੇ ਤੁਰਨ ਦੀ ਰਸਮ ਨੂੰ ਕਦੇ ਵੀ ਨਹੀਂ ਸੀ ਭੁਲਾਇਆ। ਬਾਹਰ ਜਾ ਕੇ ਉਸਨੂੰ ਬਰਾਬਰ ਤੁਰਨ ਦੀ ਰੀਝ ਕਿਵੇਂ ਜਾਗੀ, ਇਸ ਤੋਂ ਮੈਂ ਹੈਰਾਨ ਹੋਣਾ ਹੀ ਸੀ।

ਇੱਕ ਦਿਨ ਸਵੇਰੇ ਉਹ ਮੇਰੇ ਨਾਲ ਹੱਥ ਵਿਚ ਹੱਥ ਫੜ ਕੇ ਬਰਾਬਰ ਤੁਰਨ ਲੱਗੀ। ਸੜਕ 'ਤੇ ਤੁਰਦੇ ਨੌਜਵਾਨ ਤੇ ਬੁਢੀਆਂ-ਠੇਰੀਆਂ ਜੋੜੀਆਂ ਵੱਲ ਬੜੀ ਨੀਝ ਤੇ ਹਸਰਤ ਨਾਲ ਵੇਖਦੀ। 'ਬੁੱਢੇ ਵਾਰੇ ਇਹ ਠਰਕ ਭੋਗਣ ਕਿਉਂ ਲੱਗੀ?' ਮੈਂ ਪੁੱਛਿਆ। 'ਜਵਾਨੀ ਵੇਲੇ ਤਾਂ ਤੂੰ ਮੈਨੂੰ ਕਿਤੇ ਬਾਹਰ ਲੈ ਕੇ ਨਹੀਂ ਸੀ ਗਿਆ। ਸਾਰੀ ਉਮਰ ਮੈਂ ਤੇਰੇ ਜੁਆਕਾਂ ਦੇ ਪੋਤੜੇ ਧੋਂਦੀ ਰਹੀ। ਸਾਰੇ ਕੰਮ ਸਵੇਰ ਤੋਂ ਸ਼ਾਮ ਤੱਕ ਮੇਰੇ ਜੁੰਮੇ।' ਠੀਕ ਸੀ ਉਸਦੀ ਗੱਲ। ਉਸਨੂੰ ਸਿਰ ਖੁਰਕਣ ਦੀ ਵਿਹਲ ਨਹੀਂ ਸੀ ਮਿਲਦੀ। ਉਹ ਧੌਲਰ ਬਲਦ ਸੀ, ਜਿਸ ਦੇ ਮੋਢਿਆਂ 'ਤੇ ਪਰਿਵਾਰ ਦਾ ਭਾਰ ਟਿਕਿਆ ਰਹਿੰਦਾ।'

ਉਹ ਆਪਣਾ ਦਰਦ ਕਿਸੇ ਨਾਲ ਸਾਂਝਾ ਵੀ ਨਹੀਂ ਕਰਦੀ ਸੀ। ਇਸ ਕਰਕੇ ਉਹ ਮਾਨਸਿਕ ਦਬਾਅ ਵਿਚ ਆ ਗਈ। ਹੌਲ਼ੀ-ਹੌਲ਼ੀ ਉਸਦਾ ਇਹ ਡਿਪਰੈਸ਼ਨ ਡਮੈਂਸ਼ੀਏ ਵਿਚ ਬਦਲ ਗਿਆ। ਕੁਝ ਸਾਲਾਂ ਵਿਚ ਉਹ ਸਭਨੂੰ ਭੁੱਲ ਗਈ। ਉਹ ਆਪਣੀ ਲੜਕੀ-ਲੜਕੇ ਤੇ ਪੋਤੇ-ਦੋਹਤਿਆਂ ਨੂੰ ਭੁੱਲ ਗਈ। ਨਹੀਂ ਭੁੱਲੀ ਸੀ ਤਾਂ ਉਹ ਮੈਨੂੰ ਆਖਰੀ ਸਾਹ ਤੀਕਰ? ਉਸ ਨੇ ਆਖਰੀ ਸਾਹ ਮੇਰੀ ਬੁੱਕਲ ਵਿਚ ਲਿਆ।

ਜੱਗ ਚਾਰ ਦਿਨਾਂ ਦਾ ਮੇਲਾ ਸੱਜਣਾ
ਹਸਦੇ ਨਾਲ ਹਰ ਕੋਈ ਹਸਦਾ ਰੋਂਦੇ ਨਾਲ ਕੋਈ ਨਾ ਰੋਵੇ
ਇਹੀ ਹੈ ਜੱਗ ਦੀ ਰੀਤ ਵੇ ਸੱਜਣਾ
ਸੂਰਜ ਜਿਹੜਾ ਅੱਜ ਹੈ ਚੜ੍ਹਿਆ ਆਖਰ ਓੜਕ ਨੂੰ ਡੁੱਬ ਜਾਣਾ
ਰਾਤ ਹਨੇਰੀ ਛੂਕਦੀ ਦਿਲ ਪਿਆ ਗਾਏ ਗੀਤ ਬਿਰਹਾ ਦੇ ਸੱਜਣਾ।

*(ਪਿਛਲੇ ਸਫੇ ਦਾ ਬਾਕੀ)*

ਓਂ ਜੀ।' ਮੈਨੂੰ ਸੁਣ ਕੇ ਤਸੱਲੀ ਜਿਹੀ ਹੋਈ।

'ਚਲੋ ਕੋਈ ਤਾਂ ਹੈ ਜੋ ਮੈਨੂੰ ਬੇਗੁਨਾਹ ਸਮਝਦਾ, ਨ੍ਹੀਂ ਬਥੇਰੇ ਹੈਗੇ ਜਿਨ੍ਹਾਂ ਲਈ ਮੈਂ ਬੜਾ ਵੱਡਾ ਚੋਰ ਆਂ।'

'ਜਦੋਂ ਮੈਂ ਆਵਦੀ ਘਰ ਆਲੀ ਨੂੰ ਸ਼ੋੜੇ ਬਾਰੇ ਦੱਸਿਆ ਉਹ ਤਾਂ ਜੀ ਰੋਣ ਈ ਲੱਗ'ਪੀ। ਮੈਨੂੰ ਕਹਿੰਦੀ ਹੁਣੇ ਜਾ ਕੇ ਆ ਸਾਬ੍ਹ ਜੀ ਦੇ ਘਰ। ਅਸੀਂ ਤਾਂ ਜੀ ਥੋਡਾ ਦੇਣ ਨ੍ਹੀਂ ਜੀ ਦੇ ਸਕਦੇ।' ਉਸਦੀ ਆਵਾਜ਼ ਭਾਰੀ ਹੁੰਦੀ ਜਾ ਰਹੀ ਸੀ।

'ਆਹ ਲਓ ਜੀ ਮੈਥੋਂ ਤਾਂ ਮਸੀਂ ਇੰਨੇ ਕੁ ਹੋਏ ਆ...ਤੁਸੀਂ ਰੱਖ ਲਓ ਜੀ।' ਮੁੜੇ-ਤੁੜੇ ਜਿਹੇ ਸੌ-ਸੌ ਦੇ ਪੰਜ ਨੋਟ ਉਸਨੇ ਖੀਸੇ ਵਿਚੋਂ ਖੱਡ ਕੇ ਮੇਰੇ ਵੱਲ ਵਧਾ ਦਿੱਤੇ ਸਨ।

'ਨ੍ਹੀਂ...ਨ੍ਹੀਂ ਰਹਿਣ ਦੇ ਵੀਰ ਮੇਰਿਆ। ਤੂੰ ਤਾਂ ਆਪ ਗ਼ਰੀਬੀ ਦਾ ਮਾਰਿਆ ਪਿਐਂ। ਤੇਰੇ ਅਰਗੇ ਗ਼ਰੀਬ ਬੰਦੇ ਦੀਆਂ ਤਾਂ ਦੁਆਵਾਂ ਹੀ ਬਹੁਤ ਨੇ ਮੇਰੇ ਲਈ।' ਮੈਂ ਉਸਦਾ ਹੱਥ ਉਸਦੀ ਜੇਬ ਵੱਲ ਮੋੜਦਿਆਂ ਕਿਹਾ ਸੀ। ਮੈਂ ਸੋਚ ਰਿਹਾ ਸਾਂ ਕਿ ਇਹ ਪੰਜ ਸੌ ਮੇਰੀ ਤੰਗੀ ਕੀ ਦੂਰ ਕਰ ਦੇਊ ਜਿੱਥੇ ਹਰ ਦਿਨ ਧੜਾਧੜ ਪੈਸੇ ਲੱਗ ਰਹੇ ਸਨ। ਵਕੀਲਾਂ ਦੀਆਂ ਮਹਿੰਗੀਆਂ ਫ਼ੀਸਾਂ, ਪੁਲਿਸ ਦੇ ਵੱਡੇ ਢਿੱਡਾਂ ਨੂੰ ਪੈਰ-ਪੈਰ 'ਤੇ ਦੇਣੀ ਪੈ ਰਹੀ ਰਿਸ਼ਵਤ ਅਤੇ ਬਹਾਲੀ ਲਈ ਉਤਲੇ ਅਧਿਕਾਰੀਆਂ ਨੂੰ ਪਾਈਆਂ ਜਾਣ ਵਾਲੀਆਂ ਬੁਰਕੀਆਂ। ਪੈਸੇ ਤਾਂ ਲੱਗੋ-ਲੱਗ ਸਨ। ਉਤੋਂ ਤਨਖਾਹ ਬੰਦ ਹੋਈ ਪਈ ਸੀ। ਹੱਥ ਡਾਹਡਾ ਹੀ ਤੰਗ ਸੀ ਪਰ ਉਸ ਗ਼ਰੀਬ ਆਦਮੀ ਦੇ ਪੰਜ ਸੌ ਦੀ ਕੀ ਵਟੀਂਦੀ ਸੀ...?

'ਸਾਬ੍ਹ ਜੀ...ਅਸੀਂ ਗ਼ਰੀਬ ਜ਼ਰੂਰ ਆਂ ਜੀ ਪਰ ਦਿਲ ਨ੍ਹੀਂ ਜੀ ਗ਼ਰੀਬ ਸਾਡਾ। ਮੇਰਾ ਵੱਸ ਚੱਲੇ ਤਾਂ ਜੀ...।' ਉਹ ਅੱਖਾਂ ਭਰ ਆਇਆ ਸੀ।

'ਮੈਨੂੰ ਪਤਾ ਥੋਨੂੰ ਤੰਗੀ-ਫੰਗੀ ਐ ਜੀ...ਜਦੋਂ ਕੋਈ ਕੇਸ ਪੈਜੇ... ਕਚਹਿਰੀਆਂ ਦੀਆਂ ਤਾਂ ਕੰਧਾਂ ਵੀ ਪੈਹੇ ਮੰਗਦੀਆਂ। ਮੈਂ ਗ਼ਰੀਬ ਆਦਮੀ ਥੋਨੂੰ ਕੀ ਦੇ ਸਕਦਾਂ ਜੀ, ਏਹ ਤਾਂ ਜੀ..ਸਾਡੀ ਖ਼ੂਨ-ਪਸੀਨੇ ਦੀ ਕਮਾਈ ਐ ਜੀ। ਮੇਰੀ ਘਰ ਵਾਲੀ ਨੇ ਲੋਕਾਂ ਦੇ ਘਰਾਂ ਦਾ ਗੋਹਾ-ਕੂੜਾ ਕਰਕੇ ਕਮਾਏ ਐ ਜੀ... ਮੋੜੋ ਨਾ ਰੱਖ ਲੋ ਸਾਬ੍ਹ ਜੀ...।'

ਮੈਂ ਦੇਖਿਆ ਮੋਟੇ-ਮੋਟੇ ਅੱਥਰੂ ਉਸਦੀਆਂ ਮਟਮੈਲੀਆਂ ਅੱਖਾਂ ਵਿਚੋਂ ਨਿਕਲ ਕੇ ਕਰੜ-ਬਰੜੀ ਦਾੜ੍ਹੀ ਵਿਚ ਗੁਆਚ ਗਏ ਸਨ। ਮੇਰੀ ਪਤਨੀ ਨੇ ਅੱਖਾਂ ਵਿਚ ਆਈ ਨਮੀ ਛੁਪਾਉਣ ਲਈ ਮੂੰਹ ਦੂਜੇ ਪਾਸੇ ਕਰ ਲਿਆ ਸੀ। ਪੈਸੇ ਫ਼ੜਦਿਆਂ ਦੋ ਮੋਟੇ-ਮੋਟੇ ਅੱਥਰੂ ਮੇਰੀਆਂ ਅੱਖਾਂ ਵਿਚੋਂ ਨਿਕਲ ਕੇ ਉਸਦੇ ਅੱਟਣਾਂ ਭਰੇ ਕਿਰਤੀ ਹੱਥਾਂ ਵਿਚ ਜਾ ਡਿੱਗੇ ਸਨ।

## ਤਰਜ਼ਮਾਨੀ ਏ ਹਾਲਾਤ

ਅੱਜ ਜੋ ਹਾਲਾਤ ਵਿਸ਼ਵ ਦੇ ਬਣੇ ਹੋਏ ਹਨ ਉਹ ਵੇਖ ਕੇ (ਓਸ਼ੋ ਰਜਨੀਸ਼) ਦੀ ਇਹ ਲਿਖਤ ਬਾਕਮਾਲ ਰਾਹ ਵਿਖਾਉਂਦੀ ਹੈ ਕਿ ਕਿਵੇਂ ਵਿਸ਼ਵ ਦੇ ਵੱਡੇ ਲੋਕ ਆਮ ਜਨਤਾ ਦਾ ਸ਼ੋਸ਼ਣ ਕਰਦੇ ਹਨ ਉਨ੍ਹਾਂ ਨੂੰ ਕਿਵੇਂ ਗੁੰਮਰਾਹ ਕਰ ਕੇ



**ਹਰਦੀਪ ਸਿੰਘ ਸੋਢੀ**
**ਫੋਨ: 480-794-0325**

ਪਹਿਲਾਂ ਉਨ੍ਹਾਂ ਦੀਆਂ ਵੋਟਾਂ ਬਟੋਰ ਕੇ ਸੱਤਾ 'ਤੇ ਕਾਬਜ਼ ਹੋਇਆ ਜਾਂਦਾ ਹੈ ਫਿਰ ਉਨ੍ਹਾਂ ਨੂੰ ਲੁੱਟਿਆ-ਕੁੱਟਿਆ ਅਤੇ ਜ਼ਲੀਲ ਕੀਤਾ ਜਾਂਦਾ ਹੈ। ਮਿਸਾਲ ਵਜੋਂ ਕਿਸੇ ਦੇਸ਼ ਜਾਂ ਸੂਬੇ 'ਤੇ (ੳ) ਰਾਜ ਕਰ ਰਿਹਾ ਹੁੰਦਾ ਹੈ ਜੋ ਥੋੜ੍ਹਾ ਬਹੁਤ ਖਾ ਰਿਹਾ ਹੁੰਦਾ ਹੈ। ਥੋੜ੍ਹਾ ਖਰਚ ਰਿਹਾ ਹੁੰਦਾ ਹੈ ਤਾਂ ਉਥੇ (ਭ) ਐਂਟਰੀ ਮਾਰਦਾ ਹੈ ਕਹਿੰਦਾ ਹੈ ਉਹੇ ਮੇਰੇ ਦੇਸ਼ ਦੇ ਭੋਲੇ-ਭਾਲੇ ਲੋਕੋ ਮੇਰੀ ਉਂਗਲ ਫੜੋ ਤੁਹਾਨੂੰ ਸਹੀ ਮਾਰਗ ਦਿਖਾਵਾਂ! ਤਾਕਤ 'ਚ ਆਉਂਦੇ ਹੀ ਲੋਕਾਂ ਨੂੰ ਭੰਬੂਤਾਰੇ ਦਿਖਾਉਂਦਾ ਹੈ। ਲੋਕ ਦੋਵਾਂ ਤੋਂ ਦੁਖੀ ਹੋ ਕੇ ਤੀਜੇ ਨੂੰ ਰੱਬ ਸਮਝ ਕੇ ਆਪ ਲਿਆਉਂਦੇ ਹਨ ਜਦੋਂ ਤੀਜੇ ਵੱਲੋਂ ਵੀ ਉਹੀ ਕਹਾਵਤ ਸੱਚ ਕੀਤੀ ਜਾਂਦੀ ਹੈ 'ਆਪ ਫਾਥੜੀਏ ਤੈਨੂੰ ਕੌਣ ਛੁਡਾਵੇ' ਤਾਂ ਲੋਕਾਂ ਕੋਲ ਖ਼ੁਦਕੁਸ਼ੀਆਂ ਤੋਂ ਇਲਾਵਾ ਕੋਈ ਚਾਰਾ ਨਹੀਂ ਰਹਿ ਜਾਂਦਾ ਜਿਨ੍ਹਾਂ ਖ਼ੁਦਕੁਸ਼ੀਆਂ ਦੀ ਗਾਥਾ (ਓਸ਼ੋ) ਨੇ ਪੰਜਾਹ ਸਾਲ ਪਹਿਲਾਂ ਲਿਖ ਦਿੱਤੀ ਸੀ। ਕਾਸ਼! ਅੱਜ ਓਸ਼ੋ ਹੁੰਦਾ ਤਾਂ ਆਪਣੀ ਇਸ ਲਿਖਤ ਨੂੰ ਸੱਚ ਹੋਇਆ ਵੇਖਦਾ: ਗਰੀਕ ਵਿਚ ਇੱਕ ਦਾਰਸ਼ਨਿਕ ਹੋਇਆ ਹੈ, ਪਾਈਰੋ। ਉਹ ਲੋਕਾਂ ਨੂੰ ਸਮਝਾਉਂਦਾ ਸੀ, ਜਿਸ ਦਾ ਮੋਟਾ ਮੋਟਾ ਅਰਥ ਸੀ ਕਿ ਜੀਵਨ ਬੇਕਾਰ ਹੈ ਅਤੇ ਆਤਮ-ਹੱਤਿਆ ਇੱਕੋ ਇੱਕ ਉਪਾਅ ਹੈ। ਉਹ ਤਰਿਆਨਵੇਂ ਸਾਲ ਤਕ ਜਿਉਂਦਾ ਰਿਹਾ, ਉਸ ਨੇ ਆਪ ਆਤਮ-ਹੱਤਿਆ ਨਹੀਂ ਕੀਤੀ ਅਤੇ ਬੜੇ ਮਜ਼ੇ ਨਾਲ ਜੀਵਿਆ।

ਬੁਢਾਪੇ ਵਿਚ ਉਸ ਤੋਂ ਕਿਸੇ ਨੇ ਪੁੱਛਿਆ ਕਿ ਪਾਈਰੋ ਤੂੰ ਜ਼ਿੰਦਗੀ ਭਰ ਲੋਕਾਂ ਨੂੰ ਇਹੀ ਸਮਝਾਉਂਦਾ ਰਿਹਾ ਹੈਂ ਕਿ ਜ਼ਿੰਦਗੀ ਬੇਕਾਰ ਹੈ ਤੇ ਆਤਮ-ਹੱਤਿਆ ਇੱਕੋ ਇੱਕ ਉਪਾਅ ਹੈ ਅਤੇ ਅਸੀਂ ਸੁਣਿਆ ਹੈ ਕਿ ਤੇਰੀ ਮੰਨ ਕੇ ਕਈ ਲੋਕਾਂ ਨੇ ਆਤਮ-ਹੱਤਿਆ ਵੀ ਕਰ ਲਈ ਹੈ। ਪਰ ਤੂੰ ਕਿਉਂ ਨਹੀਂ ਕੀਤੀ?

ਉਸ ਨੇ ਕਿਹਾ ਕਿ ਮੇਰੀ ਮਜਬੂਰੀ ਹੈ, ਲੋਕਾਂ ਨੂੰ ਸਮਝਾਉਣ ਲਈ ਮੈਨੂੰ ਰੁਕੇ ਰਹਿਣਾ ਪਿਆ, ਜਿਉਂਦੇ ਰਹਿਣਾ ਪਿਆ ਨਹੀਂ ਤਾਂ ਲੋਕਾਂ ਨੂੰ ਸਮਝਾਉਂਦਾ ਕੌਣ! ਪੰਡਤ ਅਜਿਹਾ ਹੀ ਹੈ। ਉਹ ਦੂਜਿਆਂ ਨੂੰ ਸਮਝਾਉਣ ਵਿਚ ਜ਼ਿੰਦਗੀ ਗੁਆ ਦਿੰਦਾ ਹੈ, ਅਤੇ ਜੋ ਦੂਜੇ ਨੂੰ ਸਮਝਾ ਰਿਹਾ ਹੈ, ਉਸ ਨੂੰ ਕਦੇ ਆਪਣੀ ਜ਼ਿੰਦਗੀ ਵਿਚ ਨਹੀਂ ਉਤਾਰਦਾ। ਇਹੀ ਕਸੌਟੀ ਹੈ, ਕਿਉਂਕਿ ਜਿਸ ਨੂੰ ਤੁਸੀਂ ਦੂਜੇ ਲਈ ਬਹੁਮੁੱਲਾ ਸਮਝਦੇ ਹੋ, ਉਸ ਨੂੰ ਇੰਨਾ ਮੁੱਲਵਾਨ ਵੀ ਨਹੀਂ ਸਮਝਦੇ ਕਿ ਆਪਣੀ ਜ਼ਿੰਦਗੀ ਵਿਚ ਉਤਾਰ ਸਕੋ।

*-ਓਸ਼ੋ*

# ਸ਼ੰਕਰ ਮਹਾਦੇਵਨ ਨੇ ਏ.ਆਈ. ਨਾਲ ਬਣਾਇਆ ਗਾਣਾ



ਭਾਰਤੀ ਸਿਨੇਮਾ ਤੇ ਸੰਗੀਤ 'ਚ ਢਾਈ ਦਹਾਕਿਆਂ ਤੋਂ ਸਰਗਰਮ ਸੰਗੀਤਕਾਰ ਤੇ ਗਾਇਕ ਸ਼ੰਕਰ ਮਹਾਦੇਵਨ ਨੇ ਇਨ੍ਹਾਂ ਦਿਨਾਂ ਵਿੱਚ ਏ.ਆਈ. ਦਾ ਪ੍ਰਯੋਗ ਕਰ ਕੇ ਇੱਕ ਗਾਣਾ ਬਣਾਇਆ ਹੈ। ਰਚਨਾਤਮਕ ਖੇਤਰਾਂ ਵਿਚ ਏ.ਆਈ. ਦਾ ਪ੍ਰਯੋਗ ਬਾਰੇ ਪੇਸ਼ ਹਨ ਸ਼ੰਕਰ ਮਹਾਦੇਵਨ ਦੇ ਵਿਚਾਰ:-



## ਰਚਨਾਤਮਕ ਕੰਮ 'ਤੇ ਕੋਈ ਫ਼ਰਕ ਨਹੀਂ ਪੈਂਦਾ

ਹੁਣੇ ਜਿਹੇ ਤੁਸੀਂ ਏ.ਆਈ ਦੀ ਵਰਤੋਂ ਕਰਕੇ ਇਕ ਗਾਣਾ ਤਿਆਰ ਕੀਤਾ ਹੈ। ਇਸ ਨੂੰ ਕਲਾ ਦੇ ਖੇਤਰ ਵਿਚ ਵੱਡੇ ਖ਼ਤਰੇ ਵਜੋਂ ਵੇਖਿਆ ਜਾ ਰਿਹਾ ਹੈ? ਤੁਹਾਡੀ ਕੀ ਰਾਏ ਹੈ? ਇਸ 'ਤੇ ਸ਼ੰਕਰ ਮਹਾਦੇਵਨ ਕਹਿੰਦੇ ਹਨ ਕਿ ਆਰਟੀਫਿਸ਼ੀਅਲ ਇੰਟੈਲੀਜੈਂਸੀ (ਏਆਈ.) ਇਕ ਤਕਨੀਕ ਹੈ ਜੋ ਤੁਹਾਡਾ ਕੰਮ ਹੋਰ ਤੇਜ਼ੀ ਤੇ ਆਸਾਨੀ ਨਾਲ ਕਰਦੀ ਹੈ। ਏਆਈ ਨੂੰ ਕੀ ਕਰਨਾ ਹੈ ਅਤੇ ਕੀ ਨਹੀਂ, ਇਹ ਫ਼ੈਸਲਾ ਲੈਣ ਅਤੇ ਨਿਰਦੇਸ਼ ਦੇਣ ਵਾਲੇ ਤਾਂ ਤੁਸੀਂ ਆਪ ਹੀ ਹੋ। ਜੇਕਰ ਤੁਸੀਂ ਬਹੁਤ ਵੱਡਾ ਕੋਈ ਗੁਣਾ ਤਕਸੀਮ ਕਰਨੀ ਹੈ ਤਾਂ ਕੈਲਕੁਲੇਟਰ ਦਾ ਇਸਤੇਮਾਲ ਹੀ ਕਰੋਗੇ ਨਾ। ਵੈਸੇ ਵੀ ਏ.ਆਈ. ਇਕ ਸਹੂਲਤ ਹੈ। ਇਸ ਦਾ ਤੁਹਾਡੇ ਰਚਨਾਤਮਕ ਕੰਮ 'ਤੇ ਕੋਈ ਫ਼ਰਕ ਨਹੀਂ ਪੈਂਦਾ।

## ਦੋ ਚੀਜ਼ਾਂ ਤੋਂ ਬਹੁਤ ਦੂਰ ਰਹਿੰਦਾ ਹਾਂ

ਸ਼ੰਕਰ ਮਹਾਦੇਵਨ ਦਾ ਆਖਣਾ ਹੈ ਕਿ ਉਹ ਦੋ ਚੀਜ਼ਾਂ ਤੋਂ ਬਹੁਤ ਦੂਰ ਰਹਿੰਦੇ ਹਨ। ਪਹਿਲਾ ਗੁੱਸਾ ਤੇ ਦੂਸਰਾ ਹੰਕਾਰ। ਇਹ ਦੋਵੇਂ ਚੀਜ਼ਾਂ ਇਨਸਾਨ ਨੂੰ ਖ਼ਤਮ ਕਰ ਸਕਦੀਆਂ ਹਨ। ਜੀਵਨ ਵਿਚ ਇਨ੍ਹਾਂ ਦੋਵਾਂ ਚੀਜ਼ਾਂ ਨੂੰ ਹਟਾ ਦੇਣਾ ਚਾਹੀਦਾ ਹੈ। ਗੁੱਸੇ ਦੌਰਾਨ ਇਨਸਾਨ ਦਾ ਆਪਣੇ-ਆਪ ਉਤੇ ਕਾਬੂ ਨਹੀਂ ਹੁੰਦਾ। ਦੂਜੇ ਪਾਸੇ ਹੰਕਾਰ ਕਦੇ ਦੂਸਰਿਆਂ ਦੇ ਬਾਰੇ ਚੰਗਾ ਸੋਚਣ ਜਾਂ ਕਰਨ ਨਹੀਂ ਦਿੰਦਾ। ਮੈਂ ਛੋਟੀਆਂ ਮੋਟੀਆਂ ਚੀਜ਼ਾਂ ਉਤੇ ਧਿਆਨ ਨਹੀਂ ਦਿੰਦਾ। ਮੈਂ ਬਸ ਸੋਚਦਾ ਹਾਂ ਕਿ ਕੀ ਕੰਮ ਕਰਕੇ

**ਕਲਾ ਪਰਿਕਰਮਾ**

ਜਾਂ ਉਸ ਕਲਾਕਾਰ ਨਾਲ ਅਨੰਦ ਆਵੇਗਾ।

## ਸੰਗੀਤ ਨਾਲ ਹੁੰਦੈ ਲੋਕਾਂ ਦਾ ਮੇਲ

ਉਨ੍ਹਾਂ ਕਿਹਾ ਕਿ ਪੈਨ ਇੰਡੀਆ ਫਿਲਮਾਂ ਨਾਲ ਲੋਕ ਹੁਣ ਹਰ ਤਰ੍ਹਾਂ ਦੇ ਗਾਣੇ ਸੁਣ ਰਹੇ ਹਨ। ਸੰਗੀਤ ਦੇ ਮਾਧਿਅਮ ਨਾਲ ਇਕ-ਦੂਜੇ ਦੀ ਸੰਸਕ੍ਰਿਤੀ ਬਾਰੇ ਜਾਨਣ ਦਾ ਵਧੀਆ ਮੌਕਾ ਵੀ ਮਿਲਦਾ ਹੈ। ਅਤੇ ਲੋਕ ਇਸ ਦੇ ਰਾਹੀਂ ਇਹ ਜਾਣ ਰਹੇ ਹਨ। ਹੁਣ ਹਿੰਦੀ ਦੇ ਨਾਲ ਤੇਲਗੂ ਅਤੇ ਮਾਲਿਆਲਮ ਗਾਣੇ ਵੀ ਆ ਰਹੇ ਹਨ। ਹੁਣ ਉੱਤਰ ਦਿਸ਼ਾ ਦੇ ਲੋਕਾਂ ਨੂੰ ਪਤਾ ਲੱਗ ਗਿਆ ਕਿ ਚੰਗਾ ਸੰਗੀਤ ਸਿਰਫ਼ ਹਿੰਦੀ ਵਿਚ ਹੀ ਨਹੀਂ, ਬਲਕਿ ਦੂਸਰੀਆਂ ਭਾਸ਼ਾਵਾਂ ਵਿਚ ਹੈ। ਇਹ ਬਹੁਤ ਵਧੀਆ ਹੈ। ਹੁਣ ਅਸੀਂ ਸੰਗੀਤ ਬਣਾਉਣ ਸਮੇ ਵੀ ਅਲੱਗ-ਅਲੱਗ ਸੰਗੀਤ ਨੂੰ ਇਕ-ਦੂਜੇ ਨਾਲ ਮਿਲਾ ਕੇ ਇਸ ਦਾ ਪ੍ਰਯੋਗ ਕਰ ਰਹੇ ਹਾਂ।

## ਕਲਾਕਾਰ ਬਾਰੇ ਜਾਣਨ ਦਾ ਮੌਕਾ ਮਿਲਦੈ




ਸ਼ੰਕਰ ਮਹਾਦੇਵਨ ਨੇ ਕਿਹਾ ਕਿ ਹਰ ਗਾਣੇ 'ਤੇ ਕਲਾਕਾਰ ਬਾਰੇ ਜਾਨਣ ਬਾਅਦ ਇਕ ਵਿਚਾਰ ਮਨ 'ਚ ਆਉਂਦਾ ਹੈ। ਜਦੋਂ ਇਕ ਹੀ ਘਰ ਦੀਆਂ ਦੋ ਪੀੜੀਆਂ ਦੇ ਕਲਾਕਾਰਾਂ ਲਈ ਗਾਣਾ ਗਾਉਣਾ ਪਵੇ ਤਾਂ ਅਸੀਂ ਸੋਚਦੇ ਹਾਂ ਕਿ ਦੋਵਾਂ ਦਾ ਅੰਦਾਜ਼ ਕੀ ਹੋਵੇਗਾ। ਦੋਵਾਂ ਦਾ ਸੁਭਾਅ ਕੀ ਹੋਵੇਗਾ। ਇਥੋਂ ਤਕ ਕਿ ਸ਼ਬਦਾਂ ਵਿਚ ਵੀ, ਦੋਵੇਂ ਆਪਣੀਆਂ ਗੱਲਾਂ ਵਿਚ ਕਿਸ ਤਰ੍ਹਾਂ ਅਲੱਗ-ਅਲੱਗ ਸ਼ਬਦਾਂ ਦਾ ਪ੍ਰਯੋਗ ਕਰਦੇ ਹਨ। ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰੱਖ ਕੇ ਹੀ ਅਸੀਂ ਗਾਣਾ ਤਿਆਰ ਕਰਦਾ ਹਾਂ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਅਗਸਤ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-703



*ਮਨ ਦੀ ਚਾਦਰ ਹੋ ਗਈ ਕਾਲ਼ੀ, ਗੁਨਾਹਾਂ ਨੇ ਪਾਏ ਧੱਬੇ।*
*ਝੂਠ ਫਰੇਬ ਦਾ ਰੰਗ ਹੈ ਚੜ੍ਹਿਆ, ਸੱਚ ਨੂੰ ਪਾਇਆ ਯੱਭੇ।*
*ਨਿੰਦਿਆ ਚੁਗਲੀ ਤੇ ਹੇਰਾ ਫੇਰੀ, ਰੱਖ ਚਤੁਰਾਈਆਂ ਗੱਭੇ।*
*ਅਕਲ ਲਤੀਫ਼ ਤੂੰ ਬਣ ਜਾ ਬੰਦੇ, ਸਾਰ ਨਾ ਕਰ ਲੱਲੇ ਭੱਭੇ।*
*ਯਾਦ ਰੱਖ ਔਕਾਤ ਤੂੰ ਆਪਣੀ, ਕਰ ਨੇਕ ਅਮਲ ਤੂੰ ਸੱਭੇ।*
*ਪਾਰ ਉਤਾਰਾ ਨ ਹੋਣਾ ਇਸ ਬਿਨ, ਨ ਰਹਿਮਤ ਉਦ੍ਹੀ ਲੱਭੇ।*

## ਕੈਪਸ਼ਨ ਮੁਕਾਬਲਾ-701



ਧੀਏ ਰਾਣੀਏ ਭੋਲੀ-ਭਾਲੀਏ ਨੀ,
ਦਿਲ ਤੱਕ ਤੈਨੂੰ ਹੋ ਬਾਗੋ-ਬਾਗ਼ ਜਾਂਦਾ।
ਤੈਨੂੰ ਤੱਕਿਆਂ ਅੰਦਰੋਂ ਲਫ਼ਜ਼ ਉੱਗਣ,
ਇਕ ਰਾਗ ਆਂਦਾ ਸਾਜ਼ ਤੇ ਰਾਗ ਜਾਂਦਾ।
ਬਾਲ-ਉਮਰੇ ਹੀ ਅੰਮੀਂ ਛੱਡ ਗਈ ਤੈਨੂੰ,
ਬਿਨਾਂ ਤੇਲ ਨਾ ਰਹੇ, ਬੁਝ ਚਿਰਾਗ਼ ਜਾਂਦਾ।
ਮੁੱਖੜਾ ਤੱਕਾਂ ਜਾਂ ਨਿਰਛਲ ਮਾਸੂਮ ਤੇਰਾ,
ਬੱਧੋ-ਬੱਧੀ ਮਨ ਭਰ ਨਾਲ ਵੈਰਾਗ ਜਾਂਦਾ।
ਮੈਂ ਹਾਂ ਬਾਪ ਤੇਰਾ ਨਾਲੇ ਹਾਂ ਮਾਂ ਧੀਏ,
ਧੁਰੋਂ ਮੱਥੇ ਕੀ ਏ ਤੂੰ ਨਾਲ ਭਾਗ ਆਂਦਾ।
ਪਹਿਲਾਂ ਮਾਂ ਤੇਰੀ ਹੁਣ ਨੀ ਤੂੰ ਧੀਏ,
ਨਾਲ ਸਾਜ਼ ਮੇਰੇ ਤੂੰ ਡੱਫਲੀ ਵਜਾਉਣੀ ਏ।
ਪਤਾ ਲੱਗਣਾ ਨਾ ਬਚਪਨ ਕਦੋਂ ਲੰਘਾ,
ਰੁੱਤ ਜੋਬਨ ਭੀ ਇੰਜ ਹੀ ਲੰਘਾਉਣੀ ਏ।
ਦੱਬ ਦਿਲ ਵਿਚ ਹਸਰਤਾਂ ਸੱਧਰਾਂ ਨੂੰ,
ਸਦਾ ਪਤਝੜ ਹੀ, ਨਾ ਬਸੰਤ ਆਉਣੀ ਏ।
'ਨਾਕਾਮ' ਕੌਣ ਆਖੇ ਕਿੰਜ ਰੱਬ ਸੱਚੜੇ ਨੂੰ,
ਖੈਰ ਪਾਉਣੀ ਜੋ ਉਸ ਓਹੀਓ ਪਾਉਣੀ ਏ।
*-ਗੁਰਬਖਸ਼ ਸਿੰਘ 'ਨਾਕਾਮ'*
*ਫੋਨ: +1-864-318-5500*

---

ਆ ਨਿੱਕੀਏ ਤੈਨੂੰ ਪਿਆਰ ਦਿਆਂ
ਨਾਲ਼ੇ ਤੈਨੂੰ ਸ਼ਿੰਗਾਰ ਦਿਆਂ।
ਖੁਸ਼ ਦੇਖ ਕੇ ਤੈਨੂੰ ਮੈਂ ਤਾਂ
ਸਭ ਕੁੱਝ ਆਪਣਾ ਵਾਰ ਦਿਆਂ।
*- ਜਗਮੀਤ ਸਿੰਘ ਪੰਧੇਰ*

---

ਚਾਹੇ ਹੈ ਉਹ ਗਰੀਬ ਕਿੰਨਾ,
ਬਾਪੂ ਚਾਅ ਸਾਂਭ ਰੱਖੇ ਨੇ,
ਨਿਹਾਰਦਾ ਹੈ ਨੀਝ ਲਾ ਲਾ,
ਪਾਲ਼ ਬੜੇ ਖ਼ੁਆਬ ਰੱਖੇ ਨੇ।
ਵੱਡੀ ਹੋ ਕੇ ਪੜ੍ਹ ਲਿਖ ਧੀਏ,
ਲੱਗ ਜਾਵੀਂ ਕਿਤੇ ਅਫ਼ਸਰ,
ਦੇਵਾਂ ਲੱਖ ਲੱਖ ਅਸੀਸ ਮੈਂ,
ਨੀਂ ਤੂੰ ਬਣ ਜਾਵੀਂ ਡਾਕਟਰ।
*-ਸੇਵਾ ਸਿੰਘ "ਨੂਰਪੁਰੀ"*

---

ਮਾਂ ਵਾਂਗ ਪਿਤਾ ਕੰਮ ਕਰਦਾ ਹੈ
ਉਹ ਦਿਲ ਤੋਂ ਲਾਡ ਲਡਾਉਂਦਾ ਹੈ।
ਲੱਗਦੈ, ਮਾਂ ਵਿਛੜ ਗਈ ਹੈ
ਉਹ ਤਾਹੀਓਂ ਫਰਜ਼ ਨਿਭਾਉਂਦਾ ਹੈ।
ਛੋਟਾ ਬੱਚਾ ਬੜਾ ਪਿਆਰਾ ਹੈ
ਉਹ ਸਭ ਦੇ ਮਨ ਨੂੰ ਭਾਉਂਦਾ ਹੈ।
ਗੁੱਡੀਆਂ, ਪੰਜਾਬੀ ਪਹਿਰਾਵੇ 'ਚ ਹੈ
ਪਿਆਰ ਉਸ ਦਾ ਆਉਂਦਾ ਹੈ।
ਧੀ ਰਾਣੀ ਸਾਂਭ ਸੰਭਾਲ ਵਿਚ ਹੈ
ਭੁਵੱਖ, ਨਜ਼ਰ ਉਸ ਦਾ ਆਉਂਦਾ ਹੈ।
*-ਲੋਕ ਨਾਥ ਸ਼ਰਮਾ*

---

ਪਿਤਾ ਦੀ ਭੂਮਿਕਾ ਬਿਨਾ ਵੀ
ਬੱਚੇ ਦਾ ਵਿਕਾਸ ਨਹੀਂ ਹੁੰਦਾ।
ਭਾਵੇਂ ਬੱਚੇ ਦਾ ਲਾਡ ਵੀ ਜ਼ਰੂਰੀ
ਪਿਓ ਦੀ ਓਟ ਅਤੇ ਹੱਲਾਸ਼ੇਰੀ
ਧੀ ਦਾ ਹਰ ਤਰ੍ਹਾਂ ਵਿਕਾਸ ਹੁੰਦਾ।
ਅਰਬ ਦੇਸ਼ਾਂ ਵਿਚ
ਧੀਆਂ ਨਾਲ ਹੁੰਦੀ ਜੱਗੋਂ ਤੇਰ੍ਹਵੀਂ
ਉਸ ਦਾ ਖਮਿਆਜ਼ਾ ਭੁਗਤਦੀਆਂ ਉਹ ਕੌਮਾਂ
ਨਿਤ ਜ਼ੁਲਮਾਂ ਦੀ ਚੱਲੇ ਨੇਰ੍ਹੀ ਹੱਡ ਚੀਰਵੀਂ।
*-ਅਮਰਜੀਤ ਸਿੰਘ ਤੂਰ*

---

ਸਾਡਾ ਵਿਰਸਾ ਸਾਡਾ ਸੱਭਿਆਚਾਰ
ਵਾਂਢੇ ਬਣ ਠਣ ਕੇ ਜਾਣਾ
ਬਾਪ ਦੀ ਖ਼ੁਸ਼ੀ
ਬੱਚਿਆਂ ਦੀ ਦੇਖ ਰੇਖ 'ਚ ਸਮਾਈ।
ਦੇਖ ਦੇਖ ਬੱਚੀ ਦਾ ਚਾਅ
ਬਾਪ ਦੀ ਖ਼ੁਸ਼ੀ ਹੋਈ ਦੂਣ ਸਵਾਈ।
*-ਦਰਸ਼ਨ ਪਾਲ ਦੋਸਾਂਝ*

# ਵਿਸ਼ਵ ਪੰਜਾਬੀ ਕਾਨਫ਼ਰੰਸਾਂ ਦੀ ਸਮਕਾਲੀ ਸਾਰਥਿਕਤਾ



ਡਾ. ਲਖਵਿੰਦਰ ਸਿੰਘ ਜੌਹਲ

ਵਿਸ਼ਵ ਪੰਜਾਬੀ ਕਾਨਫ਼ਰੰਸਾਂ ਦਾ ਰੁਝਾਨ ਵਿਸ਼ਵ ਭਰ ਵਿਚ ਵਸਦੇ ਪੰਜਾਬੀਆਂ ਦੀ ਫ਼ਿਤਰਤ ਦਾ ਨਿਵੇਕਲਾ ਪਹਿਲੂ ਹੈ। ਵਿਸ਼ਵ ਪੰਜਾਬੀ ਕਾਨਫ਼ਰੰਸਾਂ ਦੇ ਇਤਿਹਾਸ ਨੂੰ ਨਿਹਾਰਨ ਦਾ ਯਤਨ ਕਰੀਏ ਤਾਂ ਲਗਪਗ 45 ਸਾਲ ਪਹਿਲਾਂ 1980 ਵਿਚ ਬਰਤਾਨੀਆ ਦੇ ਸਾਊਥਾਲ ਵਿਖੇ 6 ਤੋਂ 21 ਜੂਨ ਤੱਕ ਰਣਜੀਤ ਧੀਰ, ਜੋਗਿੰਦਰ ਸ਼ਮਸ਼ੇਰ, ਅਵਤਾਰ ਜੰਡਿਆਲਵੀ ਅਤੇ ਸ਼ਿਵਚਰਨ ਗਿੱਲ ਦੇ ਯਤਨਾਂ ਨਾਲ ਕਰਵਾਈ ਗਈ ਪਹਿਲੀ ਵਿਸ਼ਵ ਪੰਜਾਬੀ ਕਾਨਫ਼ਰੰਸ ਅੱਜ ਤੱਕ ਵੀ ਮਿਸਾਲ ਬਣੀ ਹੋਈ ਹੈ। ਇਸ ਕਾਨਫ਼ਰੰਸ ਵਿਚ ਚਾਲੀ ਤੋਂ ਵੱਧ ਵਿਦੇਸ਼ੀ ਡੈਲੀਗੇਟ ਸ਼ਾਮਿਲ ਹੋਏ ਸਨ। ਬਰਤਾਨੀਆ ਦੇ ਲਗਭਗ ਸਾਰੇ ਸ਼ਹਿਰਾਂ ਵਿਚ ਕੀਤੇ ਗਏ ਸੈਮੀਨਾਰਾਂ ਵਿਚ ਗੰਭੀਰ ਬਹਿਸਾਂ ਹੋਈਆਂ ਸਨ। ਭਾਰਤ ਵਿਚੋਂ ਇਸ ਕਾਨਫ਼ਰੰਸ ਵਿਚ ਹਾਜ਼ਰ ਹੋਣ ਵਾਲਿਆਂ ਵਿਚ ਸੰਤ ਸਿੰਘ ਸੇਖੋਂ, ਡਾਕਟਰ ਹਰਿਭਜਨ ਸਿੰਘ, ਸੋਹਣ ਸਿੰਘ ਜੋਸ਼ ਅਤੇ ਕ੍ਰਿਸ਼ਨ ਕੁਮਾਰ ਰੱਤੂ ਅਤੇ ਪਾਕਿਸਤਾਨ ਤੋਂ ਸ਼ਰੀਫ਼ ਕੁੰਜਾਹੀ ਵਰਗੇ ਵਿਦਵਾਨ ਅਤੇ ਲੇਖਕ ਸ਼ਾਮਿਲ ਸਨ। ਅਜੇਹੀ ਇਤਿਹਾਸਕ ਅਤੇ ਕਾਲਜਈ ਕਾਨਫ਼ਰੰਸ ਤੋਂ ਸ਼ੁਰੂ ਹੋਇਆ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਦਾ ਸਫ਼ਰ ਬੈਂਕਾਕ, ਲਾਹੌਰ, ਬਰੈਂਪਟਨ, ਮਿਲਵਾਕੀ, ਸਰੀ, ਹੇਵਰਡ (ਸਾਨਫ਼ਰਾਂਸਿਸਕੋ), ਲੰਡਨ ਅਤੇ ਲੈਸਟਰ ਤੱਕ ਫੈਲਦਾ ਹੋਇਆ, ਕਈ ਮੰਜ਼ਿਲਾਂ ਤੈਅ ਕਰ ਚੁੱਕਿਆ ਹੈ। ਬਹੁਤੀਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਭਾਵੇਂ ਵਿਦੇਸ਼ਾਂ ਵਿਚ ਹੋਈਆਂ ਹੀ ਹਨ, ਪਰ ਡਾਕਟਰ ਵਿਸ਼ਵਾਨਾਥ ਤਿਵਾੜੀ ਵੱਲੋਂ 1982 ਵਿਚ ਕਰਵਾਈ ਗਈ ਦਿੱਲੀ ਕਾਨਫ਼ਰੰਸ ਅਤੇ ਡਾਕਟਰ ਜਸਪਾਲ ਸਿੰਘ ਤਤਕਾਲੀਨ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਵਰਗੀ ਮੁੱਖ ਮੰਤਰੀ ਦਰਬਾਰਾ ਸਿੰਘ ਦੇ ਵੱਡੇ ਬੇਟੇ ਸਵਰਗੀ ਜੋਗਿੰਦਰ ਸਿੰਘ ਜੌਹਲ ਨਾਲ ਮਿਲ ਕੇ ਕਰਵਾਈਆਂ ਗਈਆਂ ਪਟਿਆਲਾ ਅਤੇ ਕੋਲਕਾਤਾ ਦੀਆਂ ਪੰਜਾਬੀ ਕਾਨਫ਼ਰੰਸਾਂ ਦੇ ਨਾਲ ਨਾਲ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਕਰਵਾਈਆਂ ਗਈਆਂ ਆਲਮੀ ਪੰਜਾਬੀ ਕਾਨਫ਼ਰੰਸਾਂ ਅਤੇ ਹਰਵਿੰਦਰ ਸਿੰਘ ਹੰਸਪਾਲ ਅਤੇ ਦੀਪਕ ਮਨਮੋਹਨ ਸਿੰਘ ਵੱਲੋਂ ਕਰਵਾਈਆਂ ਗਈਆਂ ਚੰਡੀਗੜ੍ਹ ਕਾਨਫਰੰਸਾਂ ਵੀ ਆਪਣਾ ਧਿਆਨ ਖਿੱਚਦੀਆਂ ਰਹੀਆਂ ਹਨ। ਇਨ੍ਹਾਂ ਸਾਰੀਆਂ ਕਾਨਫਰੰਸਾਂ ਦੀ ਸਾਂਝੀ ਤੰਦ ਇਹੀ ਹੈ ਕਿ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਅਤੇ ਦੇਸ਼ ਵਿਚ ਵੱਖ ਵੱਖ ਜਥੇਬੰਦੀਆਂ ਅਤੇ ਸਭਾ ਸੁਸਾਇਟੀਆਂ ਨਾਲ ਜੁੜੇ ਹੋਏ ਪੰਜਾਬੀ ਆਪਣੀ ਭਾਸ਼ਾ, ਸਭਿਆਚਾਰ, ਅਤੇ ਆਪਣੇ ਸਮਾਜ ਦੇ ਸਰਬਪੱਖੀ ਵਿਕਾਸ ਲਈ ਫ਼ਿਕਰਮੰਦ ਜਿਊਂਦੇ ਜਾਗਦੇ ਜਿਊੜੇ ਹਨ। ਉਨ੍ਹਾਂ ਨੇ ਆਪਣੀਆਂ ਰਹਿਤਲਾਂ ਦੀ ਸਲਾਮਤੀ ਲਈ ਗਹਿਰੇ ਫ਼ਿਕਰ ਅਤੇ ਇਛਾਵਾਂ ਆਪਣੇ ਮਨਾਂ ਵਿਚ ਪੂਰੀ ਸ਼ਿੱਦਤ ਨਾਲ ਵਸਾਏ ਹੋਏ ਹਨ।


ਪਰ ਕੀ ਵਿਸ਼ਵ ਭਰ ਵਿਚ ਫੈਲੇ ਪੰਜਾਬੀਆਂ ਦੇ ਮਸਲੇ ਇਨ੍ਹਾਂ ਕਾਨਫ਼ਰੰਸਾਂ ਵਿਚ ਨਿਠ ਕੇ ਵਿਚਾਰੇ ਜਾਂਦੇ ਹਨ? ਇਹ ਸਵਾਲ ਬਹੁਤ ਮਹੱਤਵਪੂਰਨ ਹੈ।

ਵੇਖਿਆ ਗਿਆ ਹੈ ਕਿ ਪਰਵਾਸੀਆਂ ਨੂੰ ਦਰਪੇਸ਼ ਦੁਸ਼ਵਾਰੀਆਂ ਨਾਲ ਨਜਿੱਠਣ ਲਈ ਕੋਈ ਸਾਂਝੀ ਰਾਏ ਬਣਾਉਣ ਦੀ ਥਾਂ ਬਹੁਤੀਆਂ ਕਾਨਫ਼ਰੰਸਾਂ ਵਿਅਕਤੀਗਤ ਯਤਨਾਂ ਨਾਲ ਸੰਤੁਸ਼ਟ ਹੋਣ ਦੀਆਂ ਕੋਸ਼ਿਸ਼ਾਂ ਵਾਲੀਆਂ ਹਨ। ਇਨ੍ਹਾਂ ਕਾਨਫ਼ਰੰਸਾਂ ਵਿਚ ਹੋਣ ਵਾਲੇ ਵਿਚਾਰ-ਵਟਾਂਦਰੇ ਅਤੇ ਬਹਿਸਾਂ ਸਿਰਫ਼ ਮਤੇ ਪਾਸ ਕਰਨ ਤੱਕ ਹੀ ਸਿਮਟ ਕੇ ਰਹਿ ਜਾਂਦੀਆਂ ਹਨ।

ਵਿਸ਼ਵ ਪੰਜਾਬੀ ਕਾਨਫ਼ਰੰਸਾਂ ਦੀ ਸਾਰਥਿਕਤਾ ਬਾਰੇ ਉੱਘੇ ਚਿੰਤਕ ਡਾ. ਬਲਕਾਰ ਸਿੰਘ ਦੇ ਵਿਚਾਰ ਹਨ।

"ਪਰਵਾਸੀਆਂ ਦੀਆਂ ਸਮੱਸਿਆਵਾਂ ਬਹੁ-ਪਰਤੀ ਹਨ ਪਰ ਹੋ ਰਹੇ ਯਤਨ ਇਕ-ਪਰਤੀ ਨਜ਼ਰ ਆਉਂਦੇ ਹਨ।...ਪੰਜਾਬੀ, ਦੁਨੀਆ ਵਿਚ ਜਿੱਥੇ ਵੀ ਗਏ ਹਨ, ਪੰਜਾਬੀ ਸੁਭਾਅ ਨੂੰ ਤਾਂ ਨਾਲ ਲੈ ਕੇ ਗਏ ਹਨ, ਪਰ ਪੰਜਾਬੀ ਸੁਜੱਗਤਾ ਨਾਲ ਨਿਭਣ ਦੀ ਦ੍ਰਿੜ੍ਹਤਾ ਨਾਲ ਕਿਹੜੇ ਕਾਰਨਾਂ ਕਰਕੇ ਨਹੀਂ ਨਿਭ ਸਕੇ, ਇਸ ਨੂੰ ਪੰਜਾਬੀ ਕਾਨਫਰੰਸਾਂ ਦਾ ਮੁੱਦਾ ਬਣਾਏ ਜਾਣ ਦੀ ਲੋੜ ਹੈ।"

ਵਿਸ਼ਵ ਪੰਜਾਬੀ ਕਾਨਫ਼ਰੰਸਾਂ ਨੂੰ ਇਸ ਨਜ਼ਰ ਨਾਲ ਦੇਖੀਏ ਤਾਂ ਵਰਤਮਾਨ ਦੌਰ ਵਿਚ "ਵਿਸ਼ਵ ਪੰਜਾਬੀ ਸਾਹਿਤ ਅਕਾਡਮੀ ਕੈਲੀਫ਼ੋਰਨੀਆ" ਵੱਲੋਂ ਹੇਵਰਡ (ਸਾਨਫਰਾਂਸਿਸਕੋ) ਵਿਖੇ ਪਿਛਲੇ ਸਾਲ ਪੰਜਾਬੀ ਗ਼ਜ਼ਲਗੋਆਂ ਕੁਲਵਿੰਦਰ ਅਤੇ ਜਗਜੀਤ ਸਿੰਘ ਸੰਧੂ ਨੌਸ਼ਹਿਰਵੀ ਦੀ ਅਗਵਾਈ ਵਿਚ ਕਰਵਾਈ ਗਈ ਪੰਜਾਬੀ ਸਾਹਿਤਕ ਕਾਨਫ਼ਰੰਸ ਅਤੇ ਅਜ਼ੀਮ ਸ਼ੇਖਰ ਵੱਲੋਂ ਸਾਊਥ ਹਾਲ (ਲੰਡਨ) ਵਿਖੇ ਸ਼ੁਰੂ ਕੀਤੇ ਗਏ ਅਦਬੀ ਮੇਲੇ ਦੀ ਸੰਜੀਦਗੀ ਕੁਝ ਨਿਵੇਕਲੀ ਭਾ ਵਾਲੀ ਦਿਸਦੀ ਹੈ। ਇਨ੍ਹਾਂ ਦੋਵਾਂ ਯਤਨਾਂ ਨੇ ਪੰਜਾਬੀ ਸਾਹਿਤ ਦੀਆਂ ਨਵੀਨ ਪ੍ਰਵਿਰਤੀਆਂ ਉੱਤੇ ਨਿਵੇਕਲੀ ਨਜ਼ਰ ਟਿਕਾਉਂਦੇ ਹੋਏ, ਰਵਾਇਤੀ ਕਾਨਫਰੰਸਾਂ ਦੇ ਠਹਿਰੇ ਹੋਏ ਜਮੂਦ ਨੂੰ ਤੋੜਨ ਦਾ ਯਤਨ ਕੀਤਾ ਹੈ ਅਤੇ ਪੰਜਾਬੀ ਬੁੱਧੀਜੀਵੀਆਂ ਦੇ ਨਵੇਂ ਮਰਹੱਲਿਆਂ ਵਿਚ ਪ੍ਰਵੇਸ਼ ਪਾਇਆ ਹੈ। ਇਸੇ ਕੜੀ ਦਾ ਇੱਕ ਹੋਰ ਯਤਨ ਬਰਤਾਨੀਆ ਦੇ ਲੈਸਟਰ ਸ਼ਹਿਰ ਵਿਚ ਵੀ ਨਜ਼ਰ ਆਇਆ।



1980 ਦੀ ਸਾਊਥਾਲ ਕਾਨਫ਼ਰੰਸ ਵਿਚ ਮੌਜੂਦ ਸੰਤ ਸਿੰਘ ਸੇਖੋਂ, ਡਾ.ਹਰਿਭਜਨ ਸਿੰਘ, ਰਣਜੀਤ ਧੀਰ, ਸੋਹਣ ਸਿੰਘ ਜੋਸ਼ ਅਤੇ ਸ਼ਰੀਫ਼ ਕੁੰਜਾਹੀ।

ਜੁਲਾਈ ਦੇ ਪਹਿਲੇ ਹਫਤੇ "ਸਿੱਖ ਐਜੂਕੇਸ਼ਨ ਕੌਂਸਲ ਯੂ.ਕੇ." ਵੱਲੋਂ ਕਰਵਾਈ ਗਈ "ਪੰਜਾਬੀ ਕਾਨਫ਼ਰੰਸ ਯੂ.ਕੇ" ਵਿਚ ਸਾਹਿਤਕ ਅਤੇ ਅਕਾਦਮਿਕ ਮਸਲਿਆਂ ਦੇ ਨਾਲ-ਨਾਲ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਉੱਤੇ ਵੀ ਨਿਠ ਕੇ ਵਿਚਾਰਾਂ ਕੀਤੀਆਂ ਗਈਆਂ। ਇਸ ਕਾਨਫ਼ਰੰਸ ਦੇ ਵੱਖ-ਵੱਖ ਸੈਸ਼ਨਾਂ ਵਿਚ ਹੋਈਆਂ ਵਿਚਾਰਾਂ ਨੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਦਰਪੇਸ਼ ਬਹੁ-ਪਸਾਰੀ ਸਮੱਸਿਆਵਾਂ ਉੱਤੇ ਧਿਆਨ ਕੇਂਦਰਿਤ ਕੀਤਾ। ਦੋ ਦਿਨਾਂ ਤੱਕ ਚੱਲੀਆਂ ਭਰਪੂਰ ਬਹਿਸਾਂ ਵਿਚ ਗੁਰਮੁਖੀ ਲਿੱਪੀ ਅਤੇ ਪੰਜਾਬੀ ਭਾਸ਼ਾ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਸਮਝਣ ਦੇ ਯਤਨ ਕੀਤੇ ਗਏ। ਕਾਨਫ਼ਰੰਸ ਦ੍ਰਿੜਤਾ ਨਾਲ ਇਸ ਵਿਚਾਰ ਉੱਤੇ ਪਹੁੰਚੀ ਕਿ ਪੰਜਾਬੀ ਭਾਸ਼ਾ ਨੂੰ ਉਸਦੀਆਂ ਸਾਰੀਆਂ ਧੁਨੀਆਂ ਅਨੁਸਾਰ ਲਿਖਣ ਲਈ ਗੁਰਮੁਖੀ ਲਿੱਪੀ ਹੀ ਸਭ ਤੋਂ ਵਧੇਰੇ ਢੁੱਕਵੀਂ ਅਤੇ ਵਿਗਿਆਨਕ ਹੈ।

ਇਸ ਪੰਜਾਬੀ ਕਾਨਫ਼ਰੰਸ ਦੇ ਉਦੇਸ਼ਾਂ ਵਿਚ ਪ੍ਰਮੁੱਖਤਾ ਨਾਲ ਜਿਹੜੇ ਨੁਕਤੇ ਸ਼ਾਮਿਲ ਕੀਤੇ ਗਏ ਉਹ ਇਸ ਪ੍ਰਕਾਰ ਸਨ:

-ਪੰਜਾਬੀ ਭਾਸ਼ਾ ਦੀ ਸੰਸਾਰ ਪੱਧਰ 'ਤੇ ਪ੍ਰਫੁੱਲਤਾ ਅਤੇ ਪਾਸਾਰ ਲਈ ਅਮਲੀ ਤੇ ਸਥਿਰ ਪ੍ਰੋਗਰਾਮ ਉਲੀਕਣੇ।

-ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਨੂੰ ਵਿਗਿਆਨਕ ਤੌਰ 'ਤੇ ਲਗਾਤਾਰ ਵਿਕਸਤ ਕਰਨਾ।

-ਵਿਗਿਆਨ ਦੇ ਵੱਖ-ਵੱਖ ਵਿਸ਼ਿਆਂ ਅਤੇ ਦਰਸ਼ਨ ਬਾਰੇ ਪੰਜਾਬੀ ਭਾਸ਼ਾ ਵਿਚ ਮਿਆਰੀ ਕਿਤਾਬਾਂ ਲਿਖਣੀਆਂ ਅਤੇ ਲਿਖਵਾਉਣੀਆਂ।

-ਪੰਜਾਬੀ ਦੀ ਸ਼ਬਦਾਵਲੀ 'ਚ ਲੋੜੀਂਦੇ ਸ਼ਬਦਾਂ ਦੀ ਆਮਦ ਤੇ ਸ਼ਬਦ ਕੋਸ਼ ਦੇ ਵਿਸਥਾਰ ਲਈ ਉਪਰਾਲੇ ਕਰਨੇ।

-ਪੰਜਾਬੀ ਨੂੰ ਪੰਜਾਬ ਰਾਜ ਦੇ ਹਰ ਖੇਤਰ, ਜਿਵੇਂ ਕਿ ਕਾਨੂੰਨ ਪ੍ਰਬੰਧ ਤੇ ਸਿੱਖਿਆ ਆਦਿ 'ਚ ਲਾਗੂ ਕਰਵਾਉਣ ਲਈ ਹਰ ਸੰਭਵ ਯਤਨ ਕਰਨੇ।

ਇਸ ਕਾਨਫ਼ਰੰਸ ਦੇ ਸਭਾਪਤੀ ਡਾ. ਪਰਗਟ ਸਿੰਘ ਅਤੇ ਜਨਰਲ ਸਕੱਤਰ ਬਲਵਿੰਦਰ ਸਿੰਘ ਚਾਹਲ ਨੇ ਕਾਨਫ਼ਰੰਸ ਦੇ ਅੰਤ ਉੱਤੇ ਐਲਾਨ ਕੀਤਾ ਕਿ "13 ਅਪ੍ਰੈਲ 2030 ਨੂੰ ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਦੇ ਪ੍ਰਕਾਸ਼ਨ ਦਾ ਸੌਵਾਂ ਵਰ੍ਹਾ ਪੂਰਾ ਹੋ ਰਿਹਾ ਹੈ।

ਪੰਜਾਬੀ ਭਾਸ਼ਾ ਅਤੇ ਸਿੱਖੀ ਲਈ ਇਸ ਮਹਾਨ ਰਚਨਾ ਦੀ ਖਾਸ ਮਹੱਤਤਾ ਨੂੰ ਧਿਆਨ ਵਿਚ ਰੱਖਦਿਆਂ 'ਸਿੱਖ ਐਜੂਕੇਸ਼ਨ ਕੌਂਸਲ' ਵਲੋਂ ਪੰਜਾਬੀ ਕਾਨਫਰੰਸ ਯੂ.ਕੇ. 2030 ਇਸ ਮਹਾਨ ਗ੍ਰੰਥ ਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗੀ।"

ਵਿਸ਼ਵ ਪੰਜਾਬੀ ਕਾਨਫ਼ਰੰਸਾਂ ਦਾ ਇਹ ਲੇਖਾ-ਜੋਖਾ ਸਪੱਸ਼ਟ ਕਰਦਾ ਹੈ ਕਿ ਵੱਖ ਵੱਖ ਦੇਸ਼ਾਂ-ਪ੍ਰਦੇਸ਼ਾਂ ਵਿਚ ਵਸਦੇ ਪੰਜਾਬੀਆਂ ਅਤੇ ਦੇਸ਼ ਵਿਚ ਵੱਖ ਵੱਖ ਜਥੇਬੰਦੀਆਂ ਨਾਲ ਜੁੜੇ ਸਾਹਿਤਕਾਰਾਂ ਵਲੋਂ ਕਰਵਾਈਆਂ ਜਾਣ ਵਾਲੀਆਂ ਪੰਜਾਬੀ ਕਾਨਫ਼ਰੰਸਾਂ ਆਪਣੇ ਉਦੇਸ਼ਾਂ ਅਤੇ ਆਸ਼ਿਆਂ ਨੂੰ ਤਾਂ ਹੀ ਸਾਰਥਕ ਨਤੀਜਿਆਂ ਤੱਕ ਪਹੁੰਚਾ ਸਕਣਗੀਆਂ, ਜੇਕਰ ਸਮੁੱਚੀ ਪੰਜਾਬੀਅਤ ਨੂੰ ਦਰਪੇਸ਼ ਮਸਲਿਆਂ ਬਾਰੇ ਗੁਣਵੱਤਾ ਪੂਰਵਕ ਵਿਚਾਰਾਂ ਵਿਚੀਂ ਗੁਜ਼ਰ ਕੇ, ਸੰਜੀਦਾ ਸੰਵਾਦ ਰਾਹੀਂ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ ਦੇ ਭਵਿੱਖ ਲਈ ਨਵੀਂ ਦਿਸ਼ਾ ਦਰਸਾਉਂਦੀਆਂ ਹੋਈਆਂ, ਢੁੱਕਵੀਂ ਅਕਾਦਮਿਕ ਅਤੇ ਸਾਹਿਤਕ ਪਛਾਣ ਬਣਾਉਣ ਵਲ ਸੇਧਿਤ ਹੋਣਗੀਆਂ।










ਜੁਲਾਈ ਦੇ ਪਹਿਲੇ ਹਫਤੇ ਸਿੱਖ ਐਜੂਕੇਸ਼ਨ ਕੌਂਸਲ ਯੂ.ਕੇ. ਵੱਲੋਂ ਕਰਵਾਈ ਗਈ ਪੰਜਾਬੀ ਕਾਨਫ਼ਰੰਸ ਦੀਆਂ ਕੁਝ ਤਸਵੀਰਾਂ।

# ਕਾਰਜਕਾਰੀ ਸੰਸਥਾਵਾਂ ਤੇ ਸਥਾਨ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਹੁਣ ਮੈਂ ਆਪਣੀ ਜ਼ਿੰਦਗੀ ਦੇ ਉਸ ਪੜਾਅ ਵਿਚੋਂ ਲੰਘ ਰਿਹਾ ਹਾਂ ਜਦੋਂ ਬੰਦਾ ਆਪਣੇ ਜੀਵਨ ਦੀਆਂ ਹੋਈਆਂ ਬੀਤੀਆਂ ਨੂੰ ਚੇਤੇ ਕਰਨ ਦਾ ਬਹਾਨਾ ਲਭਦਾ ਰਹਿੰਦਾ ਹੈ। ਪੰਜਾਬ ਸਰਕਾਰ ਵੱਲੋਂ ਮੇਰੇ ਜੱਦੀ ਪਿੰਡ ਸੂਨੀ ਨੇੜੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਪੁਰਖਿਆਂ ਦੇ ਪਿੰਡ ਖਟਕੜ ਕਲਾਂ ਵਿਚ 51 ਕਰੋੜ 70 ਲੱਖ ਦੀ ਲਾਗਤ ਵਾਲੇ ਵਿਰਾਸਤੀ ਕੰਪਲੈਕਸ ਦਾ ਨੀਂਹ ਪੱਥਰ ਰੱਖਣਾ ਸ਼ਲਾਘਾਯੋਗ ਹੈ। ਇਸ ਲਈ ਮੈਨੂੰ ਆਪਣੇ ਸਮੇਂ ਦਾ ਖਾਲਸਾ ਹਾਈ ਸਕੂਲ ਤੇ ਕਾਲਜ ਚੇਤੇ ਆ ਜਾਣਾ ਕੁਦਰਤੀ ਹੈ। ਇਹ ਦੋਵੇਂ ਮਾਹਿਲਪੁਰ ਵਿਚ ਸਥਿਤ ਹਨ। ਵੱਡੀ ਗੱਲ ਇਹ ਕਿ ਇਹ ਕਸਬਾ ਹੁਣ ਜ਼ਿਲ੍ਹਾ ਭਗਤ ਸਿੰਘ ਨਗਰ ਦਾ ਅੰਗ ਬਣ ਚੁੱਕਿਆ ਹੈ।

ਮੈਂ ਖੁਸ਼ ਹਾਂ ਕਿ ਇਹ ਉਪਰਾਲਾ ਇਸ ਮਿੱਟੀ ਨਾਲ ਜੁੜੇ ਭਗਤ ਸਿੰਘ ਸਪੂਤ ਦੀ ਲਾਸਾਨੀ ਵਿਰਾਸਤ ਦੀ ਸਾਂਭ-ਸੰਭਾਲ ਤੇ ਪਸਾਰ ਦਾ ਸੋਮਾ ਬਣੇਗਾ। ਵਿਰਾਸਤੀ ਲਾਂਘਾ ਵੀ ਇਸ ਪ੍ਰੋਜੈਕਟ ਦਾ ਅਹਿਮ ਹਿੱਸਾ ਹੋਵੇਗਾ। ਇਹ ਵਿਰਾਸਤੀ ਲਾਂਘਾ ਸ਼ਹੀਦ ਭਗਤ ਸਿੰਘ ਅਜਾਇਬ ਘਰ ਨੂੰ ਸ਼ਹੀਦ ਭਗਤ ਸਿੰਘ ਦੇ ਪੁਰਖਿਆਂ ਦੇ ਘਰ ਨਾਲ ਜੋੜੇਗਾ।

ਇਸ ਲਾਂਘੇ ਨੂੰ ਅਜਿਹੇ ਬੁੱਤਾਂ ਤੇ ਕੰਧ-ਚਿਤਰਾਂ ਨਾਲ ਸ਼ਿੰਗਾਰਿਆ ਜਾਵੇਗਾ ਜਿਹੜੇ ਭਗਤ ਸਿੰਘ ਤੇ ਹੋਰ ਸੁਤੰਤਰਤਾ ਦੀ ਬਾਤ ਪਾਉਣਗੇ। ਏਸ ਕੰਪਲੈਕਸ ਵਿਚ 700 ਮੀਟਰ ਦੀ ਸਮਰੱਥਾ ਵਾਲਾ ਆਡੀਟੋਰੀਅਮ ਪੂਰੀ ਤਰ੍ਹਾਂ ਵਾਤਾਨਕੂਲ (ਏ.ਸੀ.) ਹੋਵੇਗਾ ਜਿੱਥੇ ਸੱਭਿਆਚਾਰਕ ਪ੍ਰੋਗਰਾਮ ਅਤੇ ਸੈਮੀਨਾਰਾਂ ਸਮੇਤ ਹੋਰ ਗਤੀਵਿਧੀਆਂ ਕਰਵਾਈਆਂ ਜਾਣਗੀਆਂ ਭਗਤ ਸਿੰਘ ਦੇ ਅਦਾਲਤੀ ਮੁਕੱਦਮੇ ਦਾ ਦ੍ਰਿਸ਼ ਵੀ ਸਿਰਜਿਆ ਜਾਵੇਗਾ, ਜੋ ਸੈਲਾਨੀਆਂ ਨੂੰ ਅਤੀਤ ਵਿਚ ਲੈ ਟੂਰਿਸਟਾਂ ਲਈ ਸੁਵਿਧਾ ਕੇਂਦਰ, ਸੈਲਾਨੀਆਂ ਲਈ ਠਹਿਰਨ, ਬਾਗ-ਬਗੀਚੇ, ਸੰਗੀਤਕ ਫੁਹਾਰਾ ਅਤੇ ਪਾਰਕਿੰਗ ਲਈ ਢੁਕਵੀਂ ਥਾਂ ਹੋਵੇਗੀ।

ਮੇਰੇ ਲਈ ਤਾਂ ਐਜੂਰੈਂਕ 2025 ਵਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਪੀ.ਏ.ਯੂ. ਲੁਦਿਹਾਣਾ ਨੂੰ ਸੌ ਵਿਚੋਂ 93ਵਾਂ ਸਥਾਨ ਪ੍ਰਦਾਨ ਕਰਨਾ ਵੀ ਮਾਣ ਦੀ ਗੱਲ ਹੈ। ਦੁਨੀਆਂ ਭਰ ਦੀਆਂ 4407 ਸੰਸਥਾਵਾਂ ਵਿਚੋਂ ਪੀ.ਏ.ਯੂ. ਭਾਰਤ ਦੀ ਇਕਲੌਤੀ ਰਾਜ ਖੇਤੀਬਾੜੀ ਯੂਨੀਵਰਸਿਟੀ ਹੈ ਜੋ ਇਸ ਉੱਚ ਸੂਚੀ ਵਿਚ ਸ਼ਾਮਲ ਹੈ। ਇਹ ਦਰਜਾਬੰਦੀ ਪੀ.ਏ.ਯੂ. ਦੀ ਉੱਚਤਾ ਅਤੇ ਮਿਆਰ ਨੂੰ ਇਕ ਵਾਰ ਫਿਰ ਸਾਬਿਤ ਕਰਦੀ ਹੈ।

ਜ਼ਿਕਰਯੋਗ ਹੈ ਕਿ ਐਜੂਰੈਂਕ ਇਕ ਸੁਤੰਤਰ ਗਲੋਬਲ ਰੈਂਕਿੰਗ ਪਲੇਟਫਾਰਮ ਹੈ ਜੋ ਖੇਤੀ ਖੋਜ ਦੀ ਵਿਹਾਰਤਾ ਅਤੇ ਅਕਾਦਮਿਕ ਪ੍ਰਭਾਵ ਵਰਗੇ ਮਾਪਦੰਡਾਂ ਦੇ ਅਧਾਰ 'ਤੇ 14,000 ਤੋਂ ਵੱਧ ਸੰਸਥਾਵਾਂ ਦਾ ਮੁਲਾਂਕਣ ਕਰਦਾ ਹੈ। ਪੀ.ਏ.ਯੂ. ਦਾ ਸਿਖਰਲੀਆਂ 100 ਸੰਸਥਾਵਾਂ ਵਿਚ ਸ਼ਾਮਿਲ ਹੋਣਾ ਵਿਸ਼ਵ ਪੱਧਰ 'ਤੇ ਖੇਤੀਬਾੜੀ ਖੋਜ ਅਤੇ ਸਿੱਖਿਆ ਵਿਚ ਇਸ ਯੂਨੀਵਰਸਿਟੀ ਦੇ ਵਧ ਰਹੇ ਪ੍ਰਭਾਵ ਦਾ ਸੂਚਕ ਹੈ।

ਧਿਆਨ ਰਹੇ ਕਿ ਏਸ਼ੀਆ ਤੋਂ ਸਿਰਫ਼ 22 ਸੰਸਥਾਵਾਂ ਨੇ ਖੇਤੀਬਾੜੀ ਵਿਗਿਆਨ ਵਿਚ ਵਿਸ਼ਵ ਪੱਧਰੀ ਚੋਟੀ ਦੇ 100 ਵਿਚ ਜਗ੍ਹਾ ਬਣਾਈ ਇਨ੍ਹਾਂ ਵਿਚੋਂ ਤੇਰਾਂ ਚੀਨ ਤੋਂ ਹਨ, ਦੋ ਜਾਪਾਨ ਤੋਂ ਅਤੇ ਇਜ਼ਰਾਈਲ, ਸਿੰਗਾਪੁਰ, ਮਲੇਸ਼ੀਆ, ਇੰਡੋਨੇਸ਼ੀਆ, ਪਾਕਿਸਤਾਨ ਅਤੇ ਭਾਰਤ ਤੋਂ ਇੱਕ-ਇੱਕ ਸੰਸਥਾ ਸ਼ਾਮਿਲ ਹੈ। ਭਾਰਤ ਦੀ ਨੁਮਾਇੰਦਗੀ ਇਸ ਸ਼੍ਰੇਣੀ ਵਿਚ ਸਿਰਫ਼ ਦੋ ਖੇਤੀਬਾੜੀ ਸੰਸਥਾਵਾਂ ਦੁਆਰਾ ਕੀਤੀ ਗਈ। ਇਨ੍ਹਾਂ ਵਿਚ ਭਾਰਤੀ ਖੇਤੀਬਾੜੀ ਖੋਜ ਸੰਸਥਾ ਨਵੀਂ ਦਿੱਲੀ 47ਵੇਂ ਸਥਾਨ 'ਤੇ ਅਤੇ ਪੀ.ਏ.ਯੂ. 93ਵੇਂ ਸਥਾਨ 'ਤੇ ਰਹੇ।

ਇਹ ਪ੍ਰਾਪਤੀ ਪੀ.ਏ.ਯੂ. ਦੀਆਂ ਲਗਾਤਾਰ ਸਫ਼ਲਤਾਵਾਂ ਵਜੋਂ ਵੇਖੀ ਜਾ ਸਕਦੀ ਹੈ। ਯੂਨੀਵਰਸਿਟੀ ਨੂੰ ਸਿੱਖਿਆ ਮੰਤਰਾਲੇ ਦੇ ਰਾਸ਼ਟਰੀ ਸੰਸਥਾਗਤ ਦਰਜਾਬੰਦੀ ਫਰੇਮਵਰਕ (ਐੱਨ.ਆਈ.ਆਰ.ਐੱਫ) ਦੁਆਰਾ ਲਗਾਤਾਰ ਦੋ ਸਾਲਾਂ, 2023 ਅਤੇ 2024 ਲਈ ਭਾਰਤ ਦੀਆਂ ਸਾਰੀਆਂ ਰਾਜ ਖੇਤੀਬਾੜੀ ਯੂਨੀਵਰਸਿਟੀਆਂ ਵਿਚੋਂ ਸਿਖਰਲਾ ਦਰਜਾ ਦਿੱਤਾ ਗਿਆ ਸੀ। ਇਸ ਤੋਂ ਇਲਾਵਾ, ਭਾਰਤੀ ਸੰਸਥਾਗਤ ਦਰਜਾਬੰਦੀ ਫਰੇਮਵਰਕ (ਆਈ.ਆਈ.ਆਰ.ਐੱਫ) 2025, ਇੱਕ ਪ੍ਰਮੁੱਖ ਨਿੱਜੀ-ਖੇਤਰ ਏਜੰਸੀ, ਨੇ ਪੀ.ਏ.ਯੂ. ਨੂੰ ਦੇਸ਼ ਦੀ ਸਿਖਰਲੀ ਰਾਜ ਖੇਤੀਬਾੜੀ ਯੂਨੀਵਰਸਿਟੀ ਦੀ ਦਰਜਾਬੰਦੀ ਨਾਲ ਸਨਮਾਨਿਤ ਕੀਤਾ ਹੈ।

1962 ਵਿਚ ਸਥਾਪਿਤ ਹੋਈ ਪੀ.ਏ.ਯੂ. ਭਾਰਤ ਨੇ ਖੇਤੀਬਾੜੀ ਵਿਚ ਗੁਣਾਤਮਕ ਯੋਗਦਾਨ ਪਾ ਕੇ ਹਰੀ ਕ੍ਰਾਂਤੀ ਦੀ ਰੂਪ ਵਿਚ ਦੇਸ਼ ਦੇ ਭੋਜਨ ਸੁਰੱਖਿਆ ਦ੍ਰਿਸ਼ਟੀਕੋਣ ਨੂੰ ਆਕਾਰ ਦਿੱਤਾ ਹੈ। ਮੈਂ 1978-80 ਵਿਚ ਇਸ ਯੂਨੀਵਰਸਟੀ ਦੇ ਸੰਚਾਰ ਕੇਂਦਰ ਦਾ ਮੁਖੀ ਰਿਹਾ ਹਾਂ। ਮੌਜੂਦਾ ਸਮੇਂ ਪੀ.ਏ.ਯੂ. ਵਿਚ ਵਾਤਾਵਰਨ ਪੱਖੀ ਅਤੇ ਟਿਕਾਊ ਖੇਤੀਬਾੜੀ ਅਤੇ ਖੇਤੀਬਾੜੀ ਭੋਜਨ ਖੇਤਰ ਲਈ ਲਈ ਸਮਰੱਥਾ ਨਿਰਮਾਣ ਵਿਚ ਨਵੀਨਤਾਵਾਂ ਦੇ ਖੇਤਰ ਵਿਚ ਕਾਰਜ ਜਾਰੀ ਹਨ।

ਇਹ ਕੌਮਾਂਤਰੀ ਦਰਜਾਬੰਦੀ ਪੀ.ਏ.ਯੂ. ਦੇ ਸਮੂਹ ਵਿਗਿਆਨੀਆਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਨੂੰ ਇਸ ਸੰਸਥਾ ਦੇ ਹੋਰ ਵਿਕਾਸ ਲਈ ਜੱਦੋ-ਜਹਿਦ ਕਰਦੇ ਰਹਿਣ ਲਈ ਪ੍ਰੇਰਿਤ ਕਰੇਗੀ। ਇਹ ਵੀ ਖਟਕੜ ਕਲਾਂ ਵਰਗਾ ਹੀ ਸਵਾਗਤ ਮੰਗਦੀ ਹੈ।

ਮਹਿਲਾ ਪੱਤਰਕਾਰਾਂ ਦੀ ਬੱਲੇ-ਬੱਲੇ

ਕੋਈ ਸਮਾਂ ਸੀ ਪੱਤਰਕਾਰਤਾ ਦੇ ਪੇਸ਼ੇ ਨੂੰ ਮਹਿਲਾਵਾਂ ਨਹੀਂ ਸਨ ਅਪਨਾਉਂਦੀਆਂ। ਅੱਜ ਦੇ ਦਿਨ ਤਾਂ ਮੀਡੀਆ ਸੰਸਥਾਵਾਂ ਵਿਚ ਮਹਿਲਾਵਾਂ ਦੀ ਭਰਮਾਰ ਹੈ। ਜੇ ਇਕੱਲੇ ਚੰਡੀਗੜ੍ਹ ਦੀ ਪ੍ਰਮਾਣ ਦੇਣੀ ਹੋਵੇ ਤਾਂ ਇਸ ਸ਼ਹਿਰ ਜਿਓਤੀ ਮਲਹੋਤਰਾ (ਚੀਫ ਐਡੀਟਰ ਟ੍ਰਿਬਿਊਨ), ਮਨਰਾਜ ਗਰੇਵਾਲ (ਰੈਜ਼ੀਡੈਂਟ ਐਡੀਟਰ ਇੰਡੀਅਨ ਐਕਸਪ੍ਰੈਸ), ਅਰਵਿੰਦਰ ਪਾਲ ਕੌਰ (ਐਡੀਟਰ ਪੰਜਾਬੀ ਟ੍ਰਿਬਿਊਨ), ਮੀਨਾਕਸ਼ੀ (ਨਿਊਜ਼ ਐਡੀਟਰ ਦੈਨਿਕ ਟ੍ਰਿਬਿਊਨ), ਕਮਲ ਦੁਸਾਂਝ ਤੇ ਦਵੀ ਦੇਵਿੰਦਰ (ਸਪੋਕਸਮੈਨ) ਇਸ ਪੇਸ਼ੇ ਨਾਲ ਸਬੰਧਤ ਹਨ ਜਾਂ ਰਹੇ ਹਨ। ਇਸ ਪੇਸ਼ੇ ਵਿਚ ਮਹਿਲਾਵਾਂ ਦੀ ਬਹੁਲਤਾ ਦਾ ਸੋਮਾ ਮਹਿਲਾਵਾਂ ਦੀ ਉਡਾਰੀ ਹੀ ਨਹੀਂ ਇਸ ਵਿਚ ਡਿਜੀਟਲ ਸਾਧਨਾਂ ਦੀ ਬਹੁਲਤਾ ਵੀ ਹੈ। 70 ਸਾਲ ਤੋਂ ਸਰਕਾਰੀ ਤੇ ਗੈਰ-ਸਰਕਾਰੀ ਪ੍ਰਕਾਸ਼ਨਾਵਾਂ ਨਾਲ ਸਬੰਧਤ ਰਿਹਾ ਹੋਣ ਸਦਕਾ ਮੈਂ ਇਸ ਰੁਝਾਨ ਦਾ ਸਵਾਗਤ ਕਰਦਾ ਹਾਂ!

***ਅੰਤਿਕਾ***

ਪੰਜਾਬੀ ਲੋਕ ਟੱਪਾ॥
ਮੇਰੇ ਕੰਤ ਨੇ ਬਾਰਾ ਪਾਇਆ,
ਚੜ੍ਹਦੀ ਦੇ ਪੱਟ ਫੁੱਲ ਗਏ।

# ਨਾਗਾਸਾਕੀ 'ਤੇ ਐਟਮ ਬੰਬ ਕਿਉਂ ਸੁੱਟਿਆ?


***80 ਸਾਲ ਪਹਿਲਾਂ ਦੂਜੀ ਵਿਸ਼ਵ ਜੰਗ ਸਮੇਂ ਅਮਰੀਕਾ ਵਲੋਂ ਜਪਾਨ ਦੇ ਸ਼ਹਿਰ ਨਾਗਾਸਾਕੀ ਉਤੇ ਸੁੱਟੇ ਗਏ ਦੁਨੀਆਂ ਦੇ ਪਹਿਲੇ ਐਟਮ ਬੰਬ ਵਲੋਂ ਮਚਾਈ ਗਈ ਤਬਾਹੀ ਅੱਜ ਵੀ ਲੋਕ ਮਨਾਂ 'ਤੇ ਨਸ਼ਤਰ ਵਾਂਗ ਉਕਰੀ ਹੋਈ ਹੈ। ਖੁਦ ਅਮਰੀਕਨਾਂ ਨੂੰ ਵੀ ਇਸ ਤਬਾਹੀ ਉਤੇ ਪਛਤਾਵਾ ਹੈ। 9 ਅਗਸਤ ਨੂੰ ਇਸ ਤਬਾਹੀ ਦੀ ਵਰ੍ਹੇਗੰਢ ਆ ਰਹੀ ਹੈ। ਇਸ ਮੌਕੇ ਸ. ਮਣੈਲ ਸਿੰਘ ਸਰਾਂ ਦਾ ਇਹ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

**ਮਣੈਲ ਸਿੰਘ ਸਰਾਂ**

ਜਪਾਨ ਦੇ ਸ਼ਹਿਰ ਹੀਰੋਸ਼ੀਮਾ 'ਤੇ ਪਹਿਲਾ ਐਟਮ ਬੰਬ 6 ਅਗਸਤ 1945 ਨੂੰ ਸੁੱਟਣ ਤੋਂ ਬਾਅਦ ਉਥੇ ਮਚਾਈ ਤਬਾਹੀ ਨੂੰ ਦੇਖ ਕੇ ਦੂਜਾ ਐਟਮ ਬੰਬ ਵੀ ਜਪਾਨ 'ਤੇ ਛੇਤੀ ਤੋਂ ਛੇਤੀ ਸੁੱਟ ਕੇ ਅਮਰੀਕਾ ਦੂਜੇ ਵਿਸ਼ਵ ਯੁੱਧ ਨੂੰ ਖਤਮ ਕਰਨ ਦਾ ਸਿਹਰਾ ਰੂਸ ਦੀ ਬਜਾਏ ਆਪਣੇ ਸਿਰ ਬੰਨ੍ਹਣਾ ਚਾਹੁੰਦਾ ਸੀ, ਤੇ ਇਹ ਵੀ ਦੱਸਣਾ ਚਾਹੁੰਦਾ ਸੀ ਕਿ ਜਪਾਨ ਇਹ ਸਮਝੇ ਕਿ ਪਤਾ ਨਹੀਂ ਹੋਰ ਕਿੰਨੇ ਕੁ ਐਹੋ ਜਿਹੇ ਅਮਰੀਕਾ ਕੋਲ ਤਬਾਹੀ ਆਲੇ ਬੰਬ ਹਨ। ਤੇ ਉਸੇ ਦਿਨ ਟੀਨੀਅਨ ਟਾਪੂ 'ਤੇ ਦੂਜੇ ਐਟਮ ਬੰਬ ਦੀ ਤਿਆਰੀ ਸ਼ੁਰੂ ਕਰ ਦਿੱਤੀ, ਪਰ 7 ਤੇ 8 ਅਗਸਤ ਨੂੰ ਮੌਸਮ ਹਵਾਈ ਹਮਲੇ ਦੇ ਅਨੁਕੂਲ ਨਾ ਹੋਣ ਕਰਕੇ ਜਿਓਂ ਹੀ 9 ਅਗਸਤ ਨੂੰ ਮੌਸਮ ਥੋੜ੍ਹਾ ਜਿਹਾ ਠੀਕ ਹੋਇਆ ਤਾਂ ਇਹ ਦੂਜਾ ਐਟਮ ਬੰਬ ਸੁੱਟਣ ਲਈ ਹਵਾਈ ਹਮਲਾ ਕਰ ਦਿੱਤਾ ਗਿਆ। ਪਰ ਇਹ ਐਟਮ ਬੰਬ ਨਾਗਾਸਾਕੀ ਸ਼ਹਿਰ 'ਤੇ ਸੁੱਟਣ ਲਈ ਨਹੀਂ ਸੀ ਭੇਜਿਆ। ਦਰਅਸਲ ਅਮਰੀਕੀ ਰੱਖਿਆ ਮਹਿਕਮੇ ਨੇ ਜਿਹੜੀ ਤਿੰਨ ਸ਼ਹਿਰਾਂ ਦੀ ਲਿਸਟ ਬਣਾਈ ਸੀ, ਉਹਦੇ ਵਿਚ ਹੀਰੋਸ਼ੀਮਾ, ਕੋਕੂਰਾ ਤੇ ਕੋਇਓਟਾ ਸਨ ਪਰ ਬਾਅਦ ਵਿਚ ਕੋਇਓਟਾ ਦਾ ਨਾਮ ਇਸ ਕਰਕੇ ਕੱਢ ਦਿੱਤਾ ਕਿ ਇਹਦੇ ਵਿਚ ਜਪਾਨ ਦੀਆਂ ਵਿਰਾਸਤੀ ਤੇ ਸਭਿਅਤਾ ਨਾਲ ਸਬੰਧਤ ਇਮਾਰਤਾਂ ਸਨ। ਇਸ ਦੀ ਜਗ੍ਹਾ ਨਾਗਾਸਾਕੀ ਦਾ ਨਾਮ ਪਾ ਲਿਆ ਕਿ ਜੇ ਦੋ ਤੋਂ ਜ਼ਿਆਦਾ ਐਟਮ ਬੰਬ ਸੁੱਟਣੇ ਪਏ ਤਾਂ ਉਹ ਨਾਗਾਸਾਕੀ ਹੋਵੇਗਾ। ਜਿਵੇਂ ਪਹਿਲੇ ਐਟਮ ਬੰਬ ਸੁੱਟਣ ਵਿਚ ਕੋਈ ਦਿੱਕਤ ਨਹੀਂ ਸੀ ਆਈ ਤੇ ਸਭ ਕੁਝ ਯੋਜਨਾਬੱਧ ਤਰੀਕੇ ਨਾਲ ਨਿਪਟਿਆ ਸੀ, ਪਰ ਦੂਜੇ ਐਟਮ ਬੰਬ ਦੀ ਵਾਰੀ ਸ਼ੁਰੂ ਵਿਚ ਹੀ ਕਈ ਗੱਲਾਂ ਅਣਕਿਆਸੀਆਂ ਹੋ ਗਈਆਂ, ਜਿਸ ਕਾਰਨ ਇਹ ਬੰਬ ਨਾਗਾਸਾਕੀ 'ਤੇ ਸੁੱਟਿਆ ਗਿਆ, ਇਸ ਦਾ ਥੋੜ੍ਹਾ ਜਿਹਾ ਵੇਰਵਾ ਇਸ ਤਰ੍ਹਾਂ ਹੈ:

ਦੂਜਾ ਐਟਮ ਬੰਬ ਪਲੂਟੋਨੀਅਮ ਸੀ ਜਦੋਂ ਕਿ ਪਹਿਲਾ ਯੂਰੇਨੀਅਮ ਸੀ। ਇਹ 6 ਅਗਸਤ ਨੂੰ ਹੀ ਅਸੈਂਬਲ ਕਰ ਲਿਆ ਸੀ ਤਾਂ ਕਿ ਛੇਤੀ ਤੋਂ ਛੇਤੀ ਜਪਾਨ 'ਤੇ ਸੁੱਟਿਆ ਜਾਵੇ। ਇਸ ਦੂਜੇ ਐਟਮ ਬੰਬ ਨੂੰ ਵੀ ਸੁੱਟਣ ਲਈ ਪਹਿਲੇ ਐਟਮ ਬੰਬ ਵਾਲੇ ਪੌਲ ਟਿੱਬਟ ਨੂੰ ਹੀ ਇੰਚਾਰਜ ਬਣਾਇਆ ਗਿਆ ਤੇ ਉਸਦਾ ਹੀ ਪਹਿਲੇ ਵਾਲਾ ਬੰਬਰ ਜਹਾਜ਼ ਇਨੋਲਾ ਗੇ ਇਸ ਕੰਮ ਵਾਸਤੇ ਚੁਣਿਆ ਸੀ। ਆਉਣ ਵਾਲੇ ਦਿਨਾਂ ਦੇ ਮੌਸਮ ਨੂੰ ਧਿਆਨ ਵਿਚ ਰੱਖਦੇ ਹੋਏ 11 ਅਗਸਤ ਦਾ ਦਿਨ ਮੁਕੱਰਰ ਕਰ ਦਿੱਤਾ ਸੀ। ਪੌਲ ਟਿੱਬਟ ਇਸ ਦੂਜੇ ਐਟਮ ਬੰਬ ਨੂੰ ਸੁੱਟਣ ਦੀ ਜ਼ਿੰਮੇਵਾਰੀ ਆਪਣੇ ਦੋਸਤ ਮੇਜਰ ਸਵੀਨੇ ਨੂੰ ਦੇਣੀ ਚਾਹੁੰਦਾ ਸੀ ਤਾਂਕਿ ਉਸ ਦਾ ਨਾਮ ਵੀ ਇਤਿਹਾਸ ਵਿਚ ਲਿਖਿਆ ਜਾ ਸਕੇ। ਜਿਓਂ ਹੀ ਟੀਨੀਅਨ ਟਾਪੂ 'ਤੇ ਦੂਜੇ ਐਟਮ ਬੰਬ ਦੀ ਤਿਆਰੀ ਸ਼ੁਰੂ ਕੀਤੀ ਗਈ ਤਾਂ ਰੱਖਿਆ ਮਹਿਕਮੇ ਵਲੋਂ ਇਹ ਹੁਕਮ ਆ ਗਏ ਕਿ ਐਟਮ ਬੰਬ ਹੁਣ 11 ਦੀ ਬਜਾਏ 9 ਅਗਸਤ ਨੂੰ ਸੁੱਟਿਆ ਜਾਵੇ, ਕਿਓਂਕਿ 10 ਤੇ 11 ਨੂੰ ਜਪਾਨ 'ਤੇ ਮੌਨਸੂਨ ਦੇ ਤੂਫ਼ਾਨ ਦੀ ਕਿਆਸਅਰਾਈ ਸੀ, ਇਸ ਕਰਕੇ ਬੰਬ ਦੀ ਤਿਆਰੀ ਵਿਚ ਤੇਜ਼ੀ ਲਿਆਂਦੀ ਗਈ ਤੇ 8 ਅਗਸਤ ਤੱਕ ਐਟਮ ਬੰਬ ਤਿਆਰ ਕਰ ਕੇ ਜਹਾਜ਼ ਵਿਚ ਲੋਡ ਕਰਨ ਯੋਗ ਬਣਾ ਦਿੱਤਾ ਸੀ। ਮੇਜਰ ਸਵੀਨੇ ਨੇ ਬੋਕਸਕਾਰ ਨਾਮ ਜਹਾਜ਼ ਦੀ ਚੋਣ ਕੀਤੀ ਤੇ 8 ਅਗਸਤ ਨੂੰ ਇਸੇ ਜਹਾਜ਼ ਦੀ ਰਨਵੇਅ 'ਤੇ ਰਿਹਰਸਲ ਕੀਤੀ। ਐਟਮ ਬੰਬ ਜਿਸਦਾ ਨਾਮ 'ਫੈਟ ਮੈਨ' ਰੱਖਿਆ ਸੀ, ਨੂੰ ਲੋਡ ਕਰ ਦਿੱਤਾ ਗਿਆ ਤੇ ਨਾਲ ਦੀ ਨਾਲ ਹੀ ਕਈ ਖਤਰਨਾਕ ਤੇ ਦਿਲਚਸਪ ਕਿੱਸੇ ਵੀ ਸ਼ੁਰੂ ਹੋ ਗਏ। ਜਦੋਂ ਦੋਵੇਂ ਪ੍ਰਮਾਣੂ ਇੰਜੀਨੀਅਰ ਐਟਮ ਬੰਬ ਦੀ ਆਖ਼ਿਰੀ ਅਸੈਂਬਲੀ ਕਰ ਰਹੇ ਸੀ, ਤਾਂ ਉਨ੍ਹਾਂ ਤੋਂ ਫਾਇਰਿੰਗ ਯੂਨਿਟ ਵਿਚ ਤਾਰ ਉਲਟ ਪਾਸੇ ਤੋਂ ਪਾ ਹੋ ਗਈ, ਜਿਸ ਕਰਕੇ ਬੰਬ ਫਟਣ ਵਾਲਾ ਪਲੀਤਾ ਤਿਆਰ ਹੋ ਗਿਆ। ਉਹ ਦੋਵੇਂ ਬਹੁਤ ਪ੍ਰੇਸ਼ਾਨ ਤੇ ਖ਼ੌਫਜ਼ਦਾ ਹੋ ਗਏ ਕਿ ਬੰਬ ਹੁਣੇ ਹੀ ਉਨ੍ਹਾਂ ਦੇ ਹੱਥਾਂ ਵਿਚ ਹੀ ਫਟ ਜਾਵੇਗਾ, ਪਰ ਕਈ ਘੰਟੇ ਅਤਿ ਦੀ ਹੁੰਮਸ ਭਰੀ ਗਰਮੀ 'ਚ ਘੋਲ ਕਰ ਕੇ ਗ਼ਲਤੀ ਠੀਕ ਕਰ ਦਿੱਤੀ। ਦੂਜੀ ਮੁਸ਼ਕਿਲ ਐਨ ਉਡਾਣ ਭਰਨ ਤੋਂ ਪਹਿਲਾਂ ਜਿਓਂ ਹੀ ਜਹਾਜ਼ ਦੀ ਪ੍ਰੀ-ਚੈਕਿੰਗ ਕੀਤੀ, ਤਾਂ ਜਿਹੜਾ 640 ਗੈਲਨ ਤੇਲ ਰਿਜ਼ਰਵ ਟੈਂਕੀ ਵਿਚ ਸੀ, ਉਹਨੂੰ ਲੋੜ ਪੈਣ 'ਤੇ ਮੇਨ ਟੈਂਕੀ ਵਿਚ ਭੇਜਣ ਵਾਲੀ ਗੇਜ਼ ਖਰਾਬ ਸੀ, ਜਿਸਨੂੰ ਠੀਕ ਕਰਨ ਨੂੰ ਕਈ ਘੰਟੇ ਲੱਗ ਜਾਣੇ ਸੀ ਤੇ ਜਹਾਜ਼ ਬਦਲ ਕੇ ਹੋਰ ਜਹਾਜ਼ ਵਿਚ ਬੰਬ ਲੋਡ ਕਰਦੇ ਤਾਂ ਵੱਡਾ ਖਤਰਾ ਸੀ ਬੰਬ ਫਟਣ ਦਾ। ਬੜੀ ਕਸੂਤੀ ਦੁਬਿਧਾ, ਅੰਤ ਨੂੰ ਪੌਲ ਟਿੱਬਟ ਨੇ ਫੈਸਲਾ ਕੀਤਾ ਕਿ ਇਸੇ ਤਰ੍ਹਾਂ ਹੀ ਬੋਕਸਕਾਰ ਜਹਾਜ਼ ਬੰਬ ਸੁੱਟਣ ਲਈ ਉਡਾਇਆ ਜਾਵੇਗਾ, ਕਿਓਂਕਿ ਉਸ ਮੁਤਾਬਿਕ ਮੇਨ ਟੈਂਕੀ ਦਾ ਤੇਲ ਆਉਣ-ਜਾਣ ਲਈ ਕਾਫ਼ੀ ਹੈ। ਉਸਨੇ ਮੇਜਰ ਸਵੀਨੇ ਨੂੰ ਲੋੜੀਂਦੀਆਂ ਹਦਾਇਤਾਂ ਕੀਤੀਆਂ, ਜੋ ਬੰਬ ਸੁੱਟਣ ਵਕਤ ਜ਼ਰੂਰੀ ਸਨ। ਇਹ ਐਟਮ ਜਪਾਨ ਦੇ ਸ਼ਹਿਰ ਕੋਕੂਰਾ 'ਤੇ ਸੁੱਟਣ ਲਈ ਭੇਜਿਆ ਗਿਆ।

ਬੋਕਸਕਾਰ ਦੀ ਉਡਾਣ ਤੋਂ ਪਹਿਲਾਂ ਦੋ ਜਹਾਜ਼ ਇੱਕ ਘੰਟਾ ਪਹਿਲਾਂ ਉਡਾਏ ਗਏ ਤਾਂ ਕਿ ਉਥੋਂ ਦੇ ਮੌਸਮ ਬਾਰੇ ਜਾਣਕਾਰੀ ਦਿੱਤੀ ਜਾਵੇ ਬੋਕਸਕਾਰ ਨੇ 9 ਅਗਸਤ ਨੂੰ ਤੜਕੇ ਦੋ ਵਜੇ ਦੇ ਕਰੀਬ ਉਡਾਣ ਭਰੀ। ਉਸਦੇ ਨਾਲ ਜਹਾਜ਼ ਵਿਚ ਕੁੱਲ 10 ਅਫ਼ਸਰ ਸਨ ਤੇ ਇਹਦੀ ਮਦਦ ਲਈ ਦੋ ਹੋਰ ਬੰਬਰ ਜਹਾਜ਼ ਪਿਛੇ ਉਡਾਏ ਗਏ, ਜਿਨ੍ਹਾਂ ਦਾ ਕੰਮ ਸੀ, ਬੰਬ ਸੁੱਟਣ ਤੋਂ ਬਾਅਦ ਫੋਟੋਗ੍ਰਾਫੀ ਕਰਕੇ ਐਟਮ ਬੰਬ ਦੀ ਸਫ਼ਲਤਾ ਦੀ ਵਿਗਿਆਨਕ ਦ੍ਰਿਸ਼ਟੀ ਤੋਂ ਨਿਰੀਖਣ ਕਰਨਾ। ਤਾਂਕਿ ਭਵਿੱਖ ਵਿਚ ਸਫ਼ਲਤਾ ਪੂਰਵਕ ਉਸਤੋਂ ਵੀ ਵੱਡੇ ਤੇ ਮਾਰੂ ਬੰਬ ਬਣਾਏ ਜਾਣ। ਬੋਕਸਕਾਰ ਨੂੰ ਉਡਾਣ ਸਾਰ ਹੀ ਸਵੀਨੇ ਨੇ ਜਹਾਜ਼ ਦਾ ਕੰਟਰੋਲ ਆਪਣੇ ਸਹਾਇਕ ਪਾਇਲਟ ਨੂੰ ਸੰਭਾਲ ਕੇ ਆਪ ਥੋੜ੍ਹਾ ਆਰਾਮ ਕਰਨ ਲਈ ਲੰਮਾ ਪੈ ਗਿਆ। ਕਿਓਂਕਿ ਪਿਛਲਾ ਸਾਰਾ ਦਿਨ ਹੀ ਬਹੁਤ ਨੱਠ-ਭੱਜ ਕਰ ਕੇ ਥਕਾਵਟ ਮਹਿਸੂਸ ਕਰ ਰਿਹਾ ਸੀ। ਮੌਸਮ ਅਜੇ ਵੀ ਖਰਾਬ ਹੀ ਸੀ। ਮੀਂਹ, ਤੇਜ਼ ਹਵਾ ਤੇ ਖ਼ੌਫਜ਼ਦਾ ਲਿਸ਼ਕਦੀ ਬਿਜਲੀ ਵਿਚ ਬੋਕਸਕਾਰ ਨੱਕ ਦੀ ਸੇਧੇ ਸੈਂਕੜੇ ਮੀਲ ਦੂਰ ਲੱਖਾਂ ਲੋਕਾਂ ਨੂੰ ਮਾਰਨ ਉੱਡਿਆ ਜਾ ਰਿਹਾ ਸੀ। ਖਰਾਬ ਮੌਸਮ ਕਰਕੇ ਜਹਾਜ਼ ਨੂੰ 9000 ਫੁੱਟ ਦੀ ਉਚਾਈ 'ਤੇ ਉਡਾਇਆ ਜਾ ਰਿਹਾ ਸੀ, ਜਿਸ ਕਰਕੇ ਜ਼ਿਆਦਾ ਤੇਲ ਖਾ ਰਿਹਾ ਸੀ। ਇਸੇ ਦੌਰਾਨ ਐਟਮ ਬੰਬ ਦੇ ਕਮਾਂਡਰ ਐਸ਼ਵਰਥ ਤੇ ਉਹਦੇ ਸਹਾਇਕ ਨੇ ਅੰਤਿਮ ਛੋਹਾਂ ਦਿੰਦੇ ਹੋਏ ਬੰਬ ਦੇ ਹਰੀ ਲਾਈਟ ਵਾਲੇ ਸੇਫਟੀ ਪਲੱਗ ਉਤਾਰ ਦਿੱਤੇ, ਤਾਂ ਕਿ ਫੈਟ ਮੈਨ ਤਿਆਰ ਹੋ ਜਾਵੇ। ਇਹ ਸਭ ਕਰਨ ਤੋਂ ਬਾਅਦ ਐਸ਼ਵਰਥ ਬੇਫਿਕਰ ਹੋ ਕੇ ਐਟਮ ਬੰਬ 'ਤੇ ਸਿਰ ਰੱਖ ਕੇ ਸੌਂ ਗਿਆ। ਇਸਦੇ ਤਿੰਨ ਘੰਟੇ ਬਾਅਦ ਸਵੇਰ ਹੋਣ ਤੋਂ ਪਹਿਲਾਂ ਬੰਬ ਦੇ ਕੰਟਰੋਲ ਪੈਨਲ 'ਤੇ ਲਾਲ ਲਾਈਟਾਂ ਫਲੈਸ਼ ਕਰਨ ਲੱਗ ਪਈਆਂ, ਜਿਸਦਾ ਮਤਲਬ ਸੀ ਕਿ ਬੰਬ ਹੁਣੇ ਹੀ ਫਟ ਜਾਵੇਗਾ। ਇਹ ਦੇਖ ਕੇ ਸਹਾਇਕ ਬਾਰਨੇ ਨੇ ਬਹੁਤ ਘਬਰਾ ਤੇ ਖ਼ੌਫਜ਼ਦਾ ਹੋ ਕੇ ਐਸ਼ਵਰਥ ਨੂੰ ਸੁੱਤੇ ਪਏ ਨੂੰ ਝੰਜੋੜ ਕੇ ਉਠਾਇਆ ਕਿ ਆਪਾਂ ਤੋਂ ਬਹੁਤ ਵੱਡੀ ਕੋਈ ਗਲਤੀ ਹੋ ਗਈ ਤੇ ਬੰਬ ਨੇ ਹੁਣੇ ਫਟ ਜਾਣਾ। ਐਸ਼ਵਰਥ ਅੱਬੜਵਾਹੇ ਜਾਗਿਆ ਤੇ ਕਹਿੰਦਾ 'ਓ ਮਾਈ ਗੌਡ' ਤੇ ਦੋਵਾਂ ਨੇ ਬਿਨਾਂ ਕਿਸੇ ਨੂੰ ਦੱਸੇ ਕਾਹਲੀ-ਕਾਹਲੀ ਸਾਰੇ ਬਲਿਊ ਪ੍ਰਿੰਟ ਦੇਖੇ ਤੇ ਦਸਾਂ ਕੁ ਮਿੰਟਾਂ ਵਿਚ ਗਲਤੀ ਲੱਭ ਕੇ ਠੀਕ ਕਰਕੇ ਸੁਖ ਦਾ ਸਾਹ ਲਿਆ। ਪਰ ਬੋਕਸਕਾਰ ਦੀਆਂ ਮੁਸ਼ਕਿਲਾਂ ਅਜੇ ਮੁੱਕੀਆਂ ਨਹੀਂ, ਕੋਕੂਰਾ 'ਤੇ ਬੰਬ ਸੁੱਟਣ ਤੋਂ ਪਹਿਲਾਂ ਮਿਥੇ ਨਿਸ਼ਾਨੇ 'ਤੇ ਇਨ੍ਹਾਂ ਤਿੰਨਾਂ ਜਹਾਜ਼ਾਂ ਨੇ ਇੱਕਠੇ ਹੋਣਾ ਸੀ। ਉਹ ਸੀ ਜਾਪਾਨੀ ਸਮੇਂ ਮੁਤਾਬਿਕ 9 ਵਜੇ ਤੇ 30000 ਫੁੱਟ ਦੀ ਉਚਾਈ। ਪਰ ਇਥੇ ਇੱਕ ਜਹਾਜ਼ ਨਾ ਪਹੁੰਚਿਆ ਤੇ ਸਵੀਨੇ ਨੇ ਉਸ ਜਗ੍ਹਾ 'ਤੇ 50 ਮਿੰਟ ਗੇੜੇ ਲਾ ਕੇ ਤੇਲ ਫੂਕਿਆ। ਵੱਡੀ ਗੱਲ ਇਹ ਹੋਈ ਕਿ ਇਹਦਾ ਰੇਡੀਓ ਸਿਸਟਮ ਵੀ ਖਰਾਬ ਹੋ ਗਿਆ, ਜਿਸ ਕਰਕੇ ਇਹ ਦੂਜੇ ਜਹਾਜ਼ ਨਾਲ ਰਾਬਤਾ ਨਾ ਬਣਾ ਸਕਿਆ, ਜਦੋਂ ਕਿ ਇਹ ਉਸੇ ਜਗ੍ਹਾ 'ਤੇ ਬੋਕਸਕਾਰ ਤੋਂ 9000 ਫੁੱਟ ਵੱਧ ਉਚਾਈ 'ਤੇ ਉਡ ਰਿਹਾ ਸੀ। ਸਵੀਨੇ ਤੇਲ ਦੀ ਕਮੀ ਦੇ ਮੱਦੇਨਜ਼ਰ ਹੋਰ ਉਡੀਕ ਨਾ ਕਰਦੇ ਦਸ ਵਜੇ ਦੇ ਕਰੀਬ ਕੋਕੂਰਾ ਸ਼ਹਿਰ 'ਤੇ ਬੰਬ ਸੁੱਟਣ ਨੂੰ ਜਹਾਜ਼ ਮੋੜ ਲਿਆ, ਪਰ ਇਥੇ ਇੱਕ ਹੋਰ ਸਮੱਸਿਆ ਇਹ ਆਈ ਕਿ ਜਿਹੜਾ ਜਹਾਜ਼ ਉਥੇ ਪਹੁੰਚਿਆ ਨਹੀਂ ਸੀ, ਉਹਦੇ ਪਾਇਲਟ ਨੇ ਸਮਝਿਆ ਕਿ ਬੋਕਸਕਾਰ ਕਿਤੇ ਰਸਤੇ ਵਿਚ ਨਾ ਡਿੱਗ ਗਿਆ ਹੋਵੇ। ਉਹਨੇ ਰੇਡੀਓ 'ਤੇ ਟੀਨੀਅਨ ਟਾਪੂ ਦੇ ਕੰਟਰੋਲ ਰੂਮ ਤੋਂ ਪੁੱਛਿਆ, 'ਕੀ ਬੋਕਸਕਾਰ ਡਿੱਗ ਗਿਆ?' ਪਰ ਕੰਟਰੋਲ ਰੂਮ ਨੇ ਇਹ ਸੁਣਿਆ ਕਿ 'ਬੋਕਸਕਾਰ ਡਿੱਗ ਗਿਆ' ਜਿਓਂ ਹੀ ਇਹ ਲਫ਼ਜ਼ ਪੌਲ ਟਿੱਬਟ ਤੇ ਇੱਕ ਹੋਰ ਫੌਜੀ ਜਰਨੈਲ, ਜੋ ਬ੍ਰੇਕਫਾਸਟ ਕਰ ਰਹੇ ਸੀ ਨੇ ਸੁਣਿਆ, ਤਾਂ ਉਹਨੂੰ ਹੁੱਥੂ ਆ ਗਿਆ ਤੇ ਹੱਥਾਂ ਪੈਰਾਂ ਦੀ ਪੈ ਗਈ ਕਿ ਇਹ ਕੀ ਭਾਣਾ ਵਰਤ ਗਿਆ। ਕਿਓਂਕਿ ਉਹ ਤਾਂ ਦੂਜੇ ਐਟਮ ਬੰਬ ਦੀ ਕਾਮਯਾਬੀ ਦੇ ਜਸ਼ਨ ਮਨਾਉਣ ਦੀ ਤਿਆਰੀ ਕਰੀ ਬੈਠੇ ਸੀ। ਉਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਪ੍ਰੈਜ਼ੀਡੈਂਟ ਟਰੂਮੇਨ ਤੇ ਰੱਖਿਆ ਮਹਿਕਮੇ ਨੂੰ ਇਹ ਮਨਹੂਸ ਖਬਰ ਕਿੱਦਾਂ ਦੱਸੀ ਜਾਊਗੀ, ਕਿਓਂਕਿ ਅਮਰੀਕਾ ਵਾਸਤੇ ਇੱਕ ਬਹੁਤ ਵੱਡੀ ਨਮੋਸ਼ੀ ਦੇ ਨਾਲ-ਨਾਲ ਦੂਜੇ ਮਹਾਂਯੁੱਧ ਦਾ ਨਾਇਕ ਕੋਈ ਹੋਰ ਬਣ ਸਕਦਾ ਸੀ। ਕਾਹਲੀ ਵਿਚ ਉਨ੍ਹਾਂ ਨੇ ਸਾਰੇ ਬਚਾਅ ਕਰਨ ਵਾਲੇ ਜਹਾਜ਼ ਅਲਰਟ ਕਰ ਦਿੱਤੇ ਕਿ ਜਿਥੇ ਵੀ ਬੋਕਸਕਾਰ ਡਿੱਗਿਆ ਪਤਾ ਲਾਇਆ ਜਾਵੇ ਤੇ ਐਟਮ ਬੰਬ ਦਾ ਕੀ ਬਣਿਆ? ਘਬਰਾਹਟ ਵਿਚ ਕਿਸੇ ਨੇ ਵੀ ਬੋਕਸਕਾਰ ਤੇ ਇੱਕ ਹੋਰ ਤੀਜਾ ਜਹਾਜ਼ ਜਿਹੜਾ ਉਹਦੇ ਨਾਲ ਸੀ ਨਾਲ ਰਾਬਤਾ ਨਾ ਕੀਤਾ।





*ਟੀਨੀਅਨ ਟਾਪੂ 'ਤੇ ਮੌਜੂਦ ਨਾਗਾਸਾਕੀ 'ਤੇ ਸੁੱਟੇ ਗਏ ਪੰਜ ਟਨ ਭਾਰੇ ਐਟਮ ਬੰਬ 'ਫੈਟ ਮੈਨ' ਅਤੇ ਐਟਮੀ ਹਮਲੇ ਮਗਰੋਂ ਤਬਾਹ ਹੋਏ ਨਾਗਾਸਾਕੀ ਸ਼ਹਿਰ ਦੀਆਂ ਫਾਈਲ ਫੋਟੋਆਂ।*

ਉਧਰ ਬੋਕਸਕਾਰ ਕੋਕੂਰਾ ਤੇ ਆਪਣੇ ਟਾਰਗੇਟ, ਜੋ ਕਿ ਬਹੁਤ ਵੱਡੀ ਅਸਲਾ ਫੈਕਟਰੀ ਸੀ, ਨੂੰ ਲੱਭਣ ਲਈ ਉਡਾਣ ਭਰ ਰਿਹਾ ਸੀ, ਪਰ ਬਹੁਤ ਜ਼ਿਆਦਾ ਸੰਘਣੀ ਬੱਦਲਵਾਈ ਅਤੇ ਨਾਲ ਦੇ ਸ਼ਹਿਰ ਦੀਆਂ ਫੈਕਟਰੀਆਂ ਦਾ ਧੂੰਆਂ ਇਧਰ ਆਉਣ ਕਰਕੇ ਥੱਲੇ ਕੁਛ ਵੀ ਨਜ਼ਰ ਨਹੀਂ ਸੀ ਆ ਰਿਹਾ। ਸਵੀਨੇ ਬੰਬ ਨੂੰ ਐਨ ਟਿਕਾਣੇ 'ਤੇ ਸੁੱਟ ਕੇ ਇਤਿਹਾਸ ਸਿਰਜਣਾ ਚਾਹੁੰਦਾ ਸੀ। ਇਸ ਕਰਕੇ ਬੰਬ ਸੁੱਟਣ ਦੇ ਇੰਚਾਰਜ ਕੈਪਟਨ ਬੇਹਨ ਨੂੰ ਉਦੋਂ ਤੱਕ ਬੰਬ ਨਾ ਸੁੱਟਣ ਦੀ ਹਦਾਇਤ ਕੀਤੀ ਜਦੋਂ ਤੱਕ ਟਾਰਗੇਟ ਸਾਫ ਨਾ ਦਿਸੇ। ਸਿਰਫ ਰਾਡਾਰ ਦੇ ਭਰੋਸੇ ਬੰਬ ਨਾ ਸੁੱਟਿਆ ਜਾਵੇ। ਇਸ ਤਰ੍ਹਾਂ ਬੋਕਸਕਾਰ ਦੀ ਪਹਿਲੀ ਕੋਸ਼ਿਸ਼ ਬੇਕਾਰ ਗਈ ਤੇ ਜਦੋਂ ਸਵੀਨੇ ਨੇ ਦੂਜੀ ਵਾਰੀ ਕੋਸ਼ਿਸ਼ ਕੀਤੀ ਤਾਂ ਜਪਾਨ ਨੇ ਬੋਕਸਕਾਰ 'ਤੇ ਹਵਾਈ ਤੋਪਾਂ ਨਾਲ ਜ਼ਮੀਨ ਤੋਂ ਹਮਲਾ ਕਰ ਦਿੱਤਾ ਤੇ ਨਾਲ ਹੀ ਜਾਪਾਨੀ 10 ਹਵਾਈ ਲੜਾਕੂ ਜਹਾਜ਼ਾਂ ਨੇ ਬੋਕਸਕਾਰ ਦਾ ਪਿੱਛਾ ਕਰ ਕੇ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ, ਜੋ ਬਿਲਕੁਲ ਬੋਕਸਕਾਰ ਦੇ ਲਾਗਿਓਂ ਜਾਂਦੇ ਸੀ ਤੇ ਬੜਾ ਵੱਡਾ ਖਤਰਾ ਹੋ ਗਿਆ, ਸਾਰੇ ਅਫਸਰਾਂ ਵਿਚ ਦਹਿਲ ਦਾ ਮਾਹੌਲ ਬਣ ਗਿਆ। ਜਦੋਂ ਇਹ ਦੂਜੀ ਕੋਸ਼ਿਸ਼ ਵੀ ਬੇਕਾਰ ਗਈ ਤਾਂ ਕਮਾਂਡਰ ਐਸ਼ਵਰਥ, ਜਿਹੜਾ ਇਸ ਸਾਰੇ ਮਿਸ਼ਨ ਦਾ ਚੀਫ ਸੀ, ਨੇ ਬੜੀ ਸਖਤੀ ਨਾਲ ਸਵੀਨੇ ਨੂੰ ਕਿਹਾ ਕਿ ਇਹ ਮਿਸ਼ਨ ਇਥੇ ਹੀ ਬੰਦ ਕਰ ਤੇ ਵਾਪਿਸ ਟੀਨੀਅਨ ਜਾਣ ਲਈ ਜਹਾਜ਼ ਮੋੜ! ਸਾਰੇ ਜਹਾਜ਼ ਦੇ ਮੈਂਬਰਾਂ ਵਿਚ ਤਲਖੀ ਵਧੀ ਹੋਈ ਸੀ। ਸਵੀਨੇ ਇਸ ਮਿਸ਼ਨ ਨੂੰ ਅਧੂਰਾ ਨਹੀਂ ਛੱਡਣਾ ਚਾਹੁੰਦਾ ਸੀ। ਉਸਨੇ ਬੜੀ ਉੱਚੀ ਆਵਾਜ਼ ਵਿਚ ਕਿਹਾ, 'ਮੈਂ ਇੱਕ ਵਾਰ ਹੋਰ ਵੱਖਰੀ ਦਿਸ਼ਾ ਤੋਂ ਕੋਸ਼ਿਸ਼ ਕਰਕੇ ਦੇਖਦਾਂ।' ਇਸ ਕੋਸ਼ਿਸ਼ ਦੌਰਾਨ ਜਪਾਨੀ ਲੜਾਕੂ ਜਹਾਜ਼ ਇੱਕ ਕਤਾਰ ਬਣਾ ਕੇ ਉਹਦੇ ਅੱਗੇ ਆ ਗਏ, ਪਰ ਬੋਕਸਕਾਰ ਨੇ ਕੋਸ਼ਿਸ਼ ਜਾਰੀ ਰੱਖੀ। ਇਸ ਵਾਰ ਵੀ ਸਫਲਤਾ ਨਹੀਂ ਮਿਲੀ। ਹਾਲਾਤ ਇਹ ਬਣ ਚੁੱਕੇ ਸਨ ਕਿ ਜਿੰਨਾ ਜਹਾਜ਼ ਵਿਚ ਤੇਲ ਸੀ, ਉਸ ਨਾਲ ਵਾਪਸ ਟੀਨੀਅਨ ਪਹੁੰਚਣਾ ਮੁਸ਼ਕਿਲ ਸੀ ਤੇ ਸਭ ਤੋਂ ਵੱਡਾ ਖਤਰਾ ਬੋਕਸਕਾਰ 'ਚ ਉਸ ਵਕਤ ਦਾ ਸਭ ਤੋਂ ਵੱਡਾ ਤਬਾਹਕੁਨ ਐਟਮ ਬੰਬ 'ਫੈਟ ਮੈਨ' ਸੀ, ਜਿਹਨੂੰ ਫਟਣ ਨੂੰ ਇੱਕ ਸਵਿਚ ਹੀ ਉੱਪਰ ਥੱਲੇ ਹੋਣਾ ਸੀ। ਹੁਣ ਇੱਕ ਸਕਿੰਟ ਵੀ ਵਾਧੂ ਸਮਾਂ ਨਹੀਂ ਸੀ ਸੋਚਣ ਦਾ, ਕਿ ਇਹਦੇ ਤੋਂ ਛੁਟਕਾਰਾ ਕਿਵੇਂ ਮਿਲੇ। ਜਿਵੇਂ ਪੰਜਾਬੀ 'ਚ ਕਹਾਵਤ ਆ 'ਮੈਂ ਤਾਂ ਕੰਬਲ ਨੂੰ ਛੱਡਦਾਂ ਪਰ ਹੁਣ ਕੰਬਲ ਨੀ ਮੈਨੂੰ ਛੱਡਦਾ।' ਇੰਨੇ ਨੂੰ ਕਮਾਂਡਰ ਐਸ਼ਵਰਥ ਨੇ ਪੂਰਾ ਕੰਟਰੋਲ ਆਪਣੇ ਹੱਥ ਲੈ ਕੇ ਹੁਕਮ ਕੀਤਾ ਕਿ ਬੋਕਸਕਾਰ ਨੂੰ ਨਾਗਾਸਾਕੀ ਜੋ ਉਥੋਂ 95 ਮੀਲ ਦੂਰ ਸੀ ਲਿਜਾਇਆ ਜਾਵੇ, ਤਾਂਕਿ ਉਥੇ ਜਿਹੜੀ ਸਭ ਤੋਂ ਵੱਡੀ ਜਪਾਨ ਦੀ ਮਿਤਸੁਬਿਸ਼ੀ ਅਸਲੇ ਦੀ ਫੈਕਟਰੀ ਤੇ ਹੋਰ ਵੱਡੀਆਂ ਫੈਕਟਰੀਆਂ ਹਨ, ਇਸ ਐਟਮ ਬੰਬ ਨਾਲ ਤਬਾਹ ਕੀਤੀਆਂ ਜਾ ਸਕਣ। ਇਸ ਤਬਦੀਲੀ ਲਈ ਉਹਨੇ ਕਿਸੇ ਵੀ ਉੱਚ ਅਧਿਕਾਰੀ ਦੀ ਇਜਾਜ਼ਤ ਨਾ ਮੰਗੀ। ਸਵੀਨੇ ਪਹਿਲਾਂ ਹੀ ਘਬਰਾਹਟ ਵਿਚ ਸੀ ਤੇ ਜਹਾਜ਼ ਵਿਚ ਤੇਲ ਵੀ ਸਿਰਫ ਕੁਛ ਕੁ ਘੰਟਿਆਂ ਦਾ ਹੀ ਬਚਿਆ ਸੀ। ਇਸ ਹਾਲਾਤ ਵਿਚ ਉਹਨੇ ਬੋਕਸਕਾਰ ਨੂੰ ਖਤਰਨਾਕ ਤਿੱਖਾ ਕੂਹਣੀ ਮੋੜ ਮੋੜਿਆ। ਬਿਨਾਂ ਸੋਚੇ ਕਿ ਇੱਕ ਤੀਜਾ ਜਹਾਜ਼ ਜਿਹੜਾ ਪਿਛੇ ਆ ਰਿਹਾ ਸੀ ਐਨਾ ਨੇੜੇ ਹੋ ਗਿਆ, ਕਿ ਦੋਵੇਂ ਆਪਸ ਵਿਚ ਟਕਰਾਉਣੋਂ ਮਸਾਂ ਬਚੇ। ਇਸ ਤਰ੍ਹਾਂ ਕੋਕੂਰਾ ਦੀ ਹੁੰਦੀ-ਹੁੰਦੀ ਤਬਾਹੀ ਹਾਲਾਤ ਕਾਰਨ ਬਚ ਗਈ ਪਰ ਨਾਗਾਸਾਕੀ ਵਾਲਿਆਂ ਦੀ ਮੌਤ ਦਾ ਸਬੱਬ ਬਣ ਗਈ।

ਜਿਓਂ ਹੀ ਬੋਕਸਕਾਰ ਨਾਗਾਸਾਕੀ ਵੱਲ ਚੱਲਿਆ ਤਾਂ ਸਵੀਨੇ ਨੇ ਤੇਲ ਦੇ ਹਿਸਾਬ ਨਾਲ ਇਹ ਨਤੀਜਾ ਕੱਢਿਆ ਕਿ ਇਹ ਨਾਗਾਸਾਕੀ 'ਤੇ ਬੰਬ ਸੁੱਟ ਕੇ 450 ਮੀਲ ਤੋਂ ਵੱਧ ਨਹੀਂ ਜਾ ਸਕੇਗਾ। ਇਹ ਯਕੀਨੀ ਸੀ ਕਿ ਕਿਤੇ ਸਮੁੰਦਰ ਵਿਚ ਹੀ ਡਿੱਗੇਗਾ। ਇਸ ਨਾਲ ਸਾਰੇ ਜਹਾਜ਼ 'ਚ ਸਵਾਰ ਭੈਭੀਤ ਬੈਠੇ ਸਨ। ਇਸ ਗਿਣਤੀ-ਮਿਣਤੀ 'ਚ ਬੋਕਸਕਾਰ ਨਾਗਾਸਾਕੀ ਪੁੱਜ ਗਿਆ ਤੇ ਸਵੀਨੇ ਨੇ ਜਹਾਜ਼ ਨੂੰ 28000 ਫੁੱਟ ਦੀ ਉਚਾਈ 'ਤੇ ਲੈ ਆਂਦਾ, ਪਰ ਮੁਸ਼ਕਿਲ ਇਥੇ ਵੀ ਉਹੋ ਸੀ ਕਿ ਸੰਘਣੇ ਬੱਦਲਾਂ ਵਿਚੋਂ ਥੱਲੇ ਕੁਛ ਵੀ ਨਹੀਂ ਸੀ ਦਿਸਦਾ। ਐਸ਼ਵਰਥ ਨੇ ਸਵੀਨੇ ਨੂੰ ਹੁਕਮ ਕੀਤਾ ਕਿ ਜੇ ਬੰਬ ਹੁਣ ਨਾ ਸੁੱਟ ਹੋਇਆ ਤਾਂ ਇਹਨੂੰ ਸਮੁੰਦਰ ਵਿਚ ਸੁੱਟ ਕੇ ਤਬਾਹ ਕਰ ਦੇਵੇ। ਜਿਸ ਨਾਲ ਉਹਨੇ ਵੀ ਸਹਿਮਤੀ ਪ੍ਰਗਟਾਈ। ਉਹ ਬੋਕਸਕਾਰ ਨੂੰ ਮੋੜਨ ਹੀ ਵਾਲਾ ਸੀ, ਕਿਓਂਕਿ ਪੰਜ ਮਿੰਟ ਦੀ ਬੰਬ ਸੁੱਟਣ ਵਾਲੀ ਉਡਾਣ ਐਵੇਂ ਅਜਾਈਂ ਹੀ ਜਾਂਦੀ ਦਿਸੀ। ਸਬੱਬੀਂ ਬਿਹਾਨ ਨੂੰ, ਜਿਥੋਂ ਬੱਦਲ ਥੋੜ੍ਹੇ ਫਟੇ ਹੋਏ ਸੀ, ਹੇਠ ਜ਼ਮੀਨ 'ਤੇ ਇੱਕ ਬਿਲਡਿੰਗ ਦਿਖਾਈ ਦਿੱਤੀ ਤੇ ਨਾਲ ਹੀ ਉਹਨੇ ਚੀਕ ਮਾਰ ਕੇ ਕਿਹਾ ਕਿ ਟਾਰਗੇਟ ਮਿਲ਼ ਗਿਆ ਤੇ ਨਾਲ ਹੀ ਪੰਜ ਟਨ ਭਾਰਾ ਕਾਲੇ ਰੰਗ ਦਾ ਐਟਮ ਬੰਬ 'ਫੈਟ ਮੈਨ' ਸੁੱਟ ਦਿੱਤਾ ਤੇ ਸਵੀਨੇ ਨੂੰ ਕਿਹਾ ਕਿ ਹੁਣ ਭੱਜ ਲੈ ਜਿੰਨਾ ਛੇਤੀ ਹੋ ਸਕਦੈ। ਉਹਨੇ ਬੋਕਸਕਾਰ ਨੂੰ ਸੱਜੇ ਪਾਸੇ ਮੋੜ ਕੇ ਉਚਾਈ ਘਟਾਈ ਤੇ ਪੂਰੀ ਸਪੀਡ ਦੇ ਦਿੱਤੀ, ਤਾਂਕਿ ਐਟਮ ਬੰਬ ਡਿੱਗਣ ਸਾਰ ਜਿਹੜੀ ਅੱਗ ਦੀ ਲਾਟ ਨਿਕਲਣੀ ਸੀ, ਉਸ ਤੋਂ ਬਚਾ ਹੋ ਸਕੇ। ਪਿੱਛੇ ਮੁੜ ਕੇ ਵੀ ਨਾ ਦੇਖਿਆ, ਨਾ ਕੋਈ ਫੋਟੋ ਲੈ ਸਕੇ। ਐਟਮ ਬੰਬ ਡਿੱਗਣ ਤੋਂ ਬਾਅਦ 43 ਸਕਿੰਟਾਂ ਵਿਚ ਫਟ ਗਿਆ ਤੇ ਅੱਗ ਦਾ ਗੁਬਾਰ ਸਕਿੰਟਾਂ ਵਿਚ ਹੀ ਅਸਮਾਨ ਵੱਲ ਉੱਠ ਗਿਆ।

ਬੋਕਸਕਾਰ ਵਾਲਿਆਂ ਦੀ ਇੱਕ ਮੁਸ਼ਕਿਲ ਮਸਾਂ ਹੱਲ ਹੋਈ ਕਿ ਜਿਹੜੇ ਮੌਤ ਦੇ ਫਰਿਸ਼ਤੇ 'ਫੈਟ ਮੈਨ' ਨੂੰ ਚੁੱਕੀ ਫਿਰਦੇ ਸੀ, ਤੋਂ ਛੁਟਕਾਰਾ ਮਿਲਿਆ। ਪਰ ਜਹਾਜ਼ 'ਚ ਤੇਲ ਦੀ ਕਮੀ ਨੇ ਤਾਂ ਉਨ੍ਹਾਂ ਨੂੰ ਜਿਊਂਦਿਆਂ ਹੀ ਮਾਰਿਆ ਪਿਆ ਸੀ। ਸਵੀਨੇ ਨੇ ਬੰਬ ਸੁੱਟਣ ਸਾਰ ਜਿਓਂ ਹੀ ਇਹਦੇ ਖਤਰੇ ਤੋਂ ਬਾਹਰ ਜਹਾਜ਼ ਨਿਕਲਿਆ ਤਾਂ ਰੇਡੀਓ 'ਤੇ 'ਮੇ ਡੇ ਮੇ ਡੇ' ਪੁਕਾਰਿਆ ਤੇ ਕਿਹਾ ਤੇਲ ਖਤਮ ਹੋ ਗਿਆ ਤਾਂਕਿ ਕੋਈ ਵੀ ਅਮਰੀਕਨ ਜਹਾਜ਼ ਉਸ ਖਿੱਤੇ ਵਿਚ ਹੋਵੇ, ਉਹਨੂੰ ਪਤਾ ਲੱਗ ਜਾਵੇ। ਇਹ ਹਵਾਈ ਉਡਾਣਾਂ ਦੇ ਆਪਣੇ ਲਫ਼ਜ਼ ਹਨ ਜਿਹਦਾ ਮਤਲਬ ਹੁੰਦਾ ਕਿ ਜਹਾਜ਼ ਨੂੰ ਬਹੁਤ ਵੱਡਾ ਖਤਰਾ ਤੇ ਫੌਰੀ ਮੱਦਦ ਚਾਹੀਦੀ ਆ। ਉਸਦਾ ਇਹ ਮੈਸੇਜ ਪਤਾ ਨਹੀਂ ਕਿਵੇਂ ਟੀਨੀਅਨ ਟਾਪੂ ਦੇ ਕੰਟਰੋਲ ਟਾਵਰ ਵਿਚ ਸੁਣਿਆ ਗਿਆ। ਉਹ ਇਹ ਸੁਣ ਕੇ ਹੱਕੇ-ਬੱਕੇ ਰਹਿ ਗਏ ਕਿ ਬੋਕਸਕਾਰ ਅਜੇ ਸਹੀ ਸਲਾਮਤ ਹੈ ਤੇ ਸਾਰੇ ਮੈਂਬਰ ਜਿਊਂਦੇ ਹਨ। ਜਿਹਨੂੰ ਉਹ ਪਿਛਲੇ ਇੱਕ ਘੰਟੇ ਤੋਂ ਤਬਾਹ ਹੋਇਆ ਸਮਝ ਰਹੇ ਸੀ, ਉਥੋਂ ਸਭ ਤੋਂ ਨੇੜੇ ਓਕਿਨਾਵਾ ਟਾਪੂ ਸੀ ਜਿਹੜਾ ਅਜੇ ਕੁਛ ਹਫਤੇ ਪਹਿਲਾਂ ਹੀ ਅਮਰੀਕਨਾਂ ਨੇ ਜਪਾਨ ਤੋਂ ਖੋਹਿਆ ਸੀ। ਉਸ ਵੱਲ ਨੂੰ ਬੋਕਸਕਾਰ ਉਡਾ ਲਿਆ, ਪਰ ਜਦੋਂ ਤੇਲ ਦਾ ਜਾਇਜ਼ਾ ਲਿਆ ਤਾਂ ਜਹਾਜ਼ ਪੰਜਾਹ ਮੀਲ ਪਿੱਛੇ ਰਹਿ ਜਾਣਾ ਸੀ, ਮਤਲਬ ਕਿ ਸਮੁੰਦਰ ਵਿਚ। ਸਾਰੇ ਅਰਦਾਸਾਂ ਕਰੀ ਜਾਂਦੇ ਕਿ ਰੱਬਾ ਬਚਾ ਲੈ ਇੱਕ ਵਾਰ। ਖੁਦ ਇਹ ਸਾਰੇ ਹਜ਼ਾਰਾਂ ਬੇਕਸੂਰਿਆਂ ਨੂੰ ਕੁਛ ਮਿੰਟ ਪਹਿਲਾਂ ਹੀ ਮੌਤ ਦੇ ਘਾਟ ਉਤਾਰ ਕੇ ਖੁਸ਼ੀ ਮਨਾਉਂਦੇ ਸੀ। ਆਪਣੀ ਵਾਰੀ ਸਾਹਮਣੇ ਮੌਤ ਦੇਖ ਕੇ ਕਿੱਦਾਂ ਡਰ ਗਏ, ਆਪਣੇ ਬਚਾਅ ਲਈ ਸੇਫਟੀ ਜੈਕਟਾਂ ਪਾ ਲਈਆਂ ਤਾਂਕਿ ਸਮੁੰਦਰ ਵਿਚ ਡਿੱਗਣ ਕਰਕੇ ਇਹ ਤਰਦੇ ਰਹਿ ਸਕਣ। ਪਰ ਸਮੁੰਦਰ ਦੇ ਜਖ ਠੰਡੇ ਪਾਣੀ ਨੂੰ ਮਹਿਸੂਸ ਕਰਕੇ ਇਨ੍ਹਾਂ ਨੂੰ ਕੰਬਣੀ ਛਿੜੀ ਜਾਂਦੀ ਸੀ। ਸਵੀਨੇ ਬੜਾ ਤਜ਼ਰਬੇਕਾਰ ਪਾਇਲਟ ਸੀ ਇਸ ਲਈ ਉਹ ਬੋਕਸਕਾਰ ਨੂੰ ਉਸ ਉਚਾਈ 'ਤੇ ਉਡਾ ਰਿਹਾ ਸੀ ਜਿਸ ਨਾਲ ਤੇਲ ਦੀ ਖਪਤ ਘੱਟ ਤੇ ਸਪੀਡ ਵੱਧ ਰਹੇ। ਉਹਨੂੰ ਓਕਿਨਾਵਾ ਟਾਪੂ ਦਿਸ

*(ਬਾਕੀ ਅਗਲੇ ਸਫੇ 'ਤੇ)*

# ਹਾਕੀ ਦਾ ਬੰਗਾਲੀ ਫੁੱਲ ਬੈਕ ਗੁਰਬਖ਼ਸ਼ ਸਿੰਘ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਗੁਰਬਖ਼ਸ਼ ਸਿੰਘ ਜੰਮਿਆ ਭਾਵੇਂ ਪਿਸ਼ਾਵਰ ਵਿਚ ਸੀ ਪਰ ਵੱਜਦਾ ਕਲਕੱਤੇ ਦਾ ਹੈ। ਜਿਵੇਂ ਜਰਨੈਲ ਸਿੰਘ ਬੰਗਾਲ ਲਈ ਫੁੱਟਬਾਲ ਖੇਡਿਆ ਉਵੇਂ ਬੰਗਾਲ ਲਈ ਉਹ ਪੰਦਰਾਂ ਸਾਲ ਹਾਕੀ ਖੇਡਿਆ। ਜਿੰਨਾ ਨਾਮਣਾ ਤੇ ਨਾਵਾਂ ਬੰਗਾਲ ਵਿਚ ਜਰਨੈਲ ਸਿੰਘ ਪਨਾਮੀਏ ਨੇ ਫੁੱਟਬਾਲ ਖੇਡ ਕੇ ਕਮਾਇਆ ਉਨਾ ਹੀ ਜੱਸ ਗੁਰਬਖ਼ਸ਼ ਸਿੰਘ ਕੋਹਲੀ ਨੇ ਹਾਕੀ ਖੇਡ ਕੇ ਖੱਟਿਆ। 60ਵਿਆਂ ਵਿਚ ਉਹਦੀ ਗੁੱਡੀ ਸਿਖ਼ਰਾਂ ਉੱਤੇ ਸੀ। ਉਦੋਂ ਕੋਈ ਵੀ ਭਾਰਤੀ ਹਾਕੀ ਟੀਮ ਗੁਰਬਖ਼ਸ਼ ਸਿੰਘ ਦੀ ਸ਼ਮੂਲੀਅਤ ਬਿਨਾਂ ਮੁਕੰਮਲ ਨਹੀਂ ਸੀ ਸਮਝੀ ਜਾਂਦੀ। ਉਹ ਪੈਨਲਟੀ ਕਾਰਨਰ ਦਾ ਕਿੰਗ ਕਹੇ ਜਾਂਦੇ ਪ੍ਰਿਥੀਪਾਲ ਸਿੰਘ ਨਾਲ ਹਾਕੀ ਦਾ ਦੂਜਾ ਫੁੱਲ ਬੈਕ ਜਾਂ ਹਾਫ਼ ਬੈਕ ਹੁੰਦਾ ਸੀ। 1968 ਦੀਆਂ ਓਲੰਪਿਕ ਖੇਡਾਂ ਸਮੇਂ ਉਹ ਤੇ ਪ੍ਰਿਥੀਪਾਲ ਸਿੰਘ ਭਾਰਤੀ ਹਾਕੀ ਟੀਮ ਦੇ ਜੁੜਵੇਂ ਕਪਤਾਨ ਸਨ। ਉਥੇ ਉਹ ਹਾਕੀ ਦੀ ਵਿਸ਼ਵ ਇਲੈਵਨ ਵਿਚ ਚੁਣਿਆ ਗਿਆ ਸੀ ਜੋ ਭਾਰਤੀ ਹਾਕੀ ਲਈ ਮਾਣ ਦੀ ਗੱਲ ਸੀ।

ਹਾਕੀ ਦੀ ਖੇਡ ਨਾਲ ਜਿੰਨੇ ਪਾਸਿਆਂ ਤੋਂ ਗੁਰਬਖ਼ਸ਼ ਸਿੰਘ ਜੁੜਿਆ ਆ ਰਿਹਾ ਹੈ ਉਨੇ ਪਾਸਿਆਂ ਤੋਂ ਸ਼ਾਇਦ ਹੀ ਕੋਈ ਹੋਰ ਖਿਡਾਰੀ ਜੁੜਿਆ ਹੋਵੇ। ਉਹ ਫਾਰਵਰਡ ਵੀ ਖੇਡਿਆ, ਹਾਫ਼ ਬੈਕ ਵੀ ਤੇ ਫੁੱਲ ਬੈਕ ਵੀ। ਭਾਰਤੀ ਹਾਕੀ ਟੀਮਾਂ ਦਾ ਮੈਂਬਰ ਬਣਨ ਤੇ ਟੀਮਾਂ ਦੀਆਂ ਕਪਤਾਨੀਆਂ ਕਰਨ ਪਿੱਛੋਂ ਉਹ ਭਾਰਤੀ ਹਾਕੀ ਟੀਮਾਂ ਦਾ ਕੋਚ ਵੀ ਬਣਿਆ ਤੇ ਮੈਨੇਜਰ ਵੀ ਰਿਹਾ। ਉਹਨੇ ਕੌਮੀ ਤੇ ਕੌਮਾਂਤਰੀ ਪੱਧਰ ‘ਤੇ ਅੰਪਾਇਰ ਬਣ ਕੇ ਮੈਚ ਵੀ ਖਿਡਾਏ। ਉਹ ਦੋ ਵਾਰ ਛੇ-ਛੇ ਮਹੀਨਿਆਂ ਲਈ ਫਰਾਂਸ ਦੀ ਹਾਕੀ ਟੀਮ ਨੂੰ ਕੋਚਿੰਗ ਦੇਣ ਗਿਆ ਤੇ ਦਿਲਚਸਪ ਗੱਲ ਹੈ ਕਿ ਉਹਨੇ ਪੱਤਰਕਾਰ ਬਣ ਕੇ ਮਿਊਨਿਖ਼ ਦੀਆਂ ਓਲੰਪਿਕ ਖੇਡਾਂ ਦੇ ਹਾਕੀ ਮੈਚ ਕਲਕੱਤੇ ਦੇ ਅਖ਼ਬਾਰਾਂ ਲਈ ਕਵਰ ਕੀਤੇ। ਜਦੋਂ ਮੈਂ 1981 ਵਿਚ ਬੰਬਈ ਦਾ ਵਿਸ਼ਵ ਹਾਕੀ ਕੱਪ ਟੂਰਨਾਮੈਂਟ ‘ਪੰਜਾਬੀ ਟ੍ਰਿਬਿਊਨ’ ਲਈ ਕਵਰ ਕਰਨ ਗਿਆ ਤਾਂ ਉਹ ‘ਸਪੋਰਟਸ ਵੀਕ’ ਦਾ ਨੁਮਾਇੰਦਾ ਬਣ ਕੇ ਆਪਣੀਆਂ ਮਾਹਿਰਾਨਾ ਟਿੱਪਣੀਆਂ ਭੇਜ ਰਿਹਾ ਸੀ।

ਬੰਬਈ ਦੇ ਵਿਸ਼ਵ ਕੱਪ ਸਮੇਂ ਉਹ ਕਈ ਫਰੰਟਾਂ ‘ਤੇ ਕੰਮ ਕਰ ਰਿਹਾ ਸੀ। ਕਦੇ ਉਹ ਮੈਦਾਨ ‘ਚ ਦਿਸਦਾ, ਕਦੇ ਖੇਡ ਅਧਿਕਾਰੀਆਂ ਦੀਆਂ ਮੀਟਿੰਗਾਂ ਵਿਚ, ਕਦੇ ਕੋਚਾਂ ਨਾਲ ਵਿਚਾਰ-ਵਟਾਂਦਰਾ ਕਰ ਰਿਹਾ ਹੁੰਦਾ ਤੇ ਕਦੇ ਕੁਮੈਂਟਰੀ ਬੌਕਸ ਵਿਚ ਵਿਸ਼ੇਸ਼ਗ ਵਜੋਂ ਬੋਲਦਾ। ਕਦੇ ਕੰਟੀਨ ‘ਚ ਹੁੰਦਾ, ਕਦੇ ਖਿਡਰੀਆਂ ਦੇ ਰਿਹਾਇਸ਼ੀ ਹੋਟਲਾਂ ‘ਚ ਤੇ ਕਦੇ ਉਹ ਸਾਡੇ ਕੋਲ ਪ੍ਰੈੱਸ ਸੈਂਟਰ ਵਿਚ ਓਕੜੂ ਜਿਹਾ ਖੜ੍ਹਾ ਹੁੰਦਾ ਜਿਵੇਂ ਪੈਨਲਟੀ ਕਾਰਨਰ ਰੋਕਣਾ ਹੋਵੇ। ਨਿੱਠ ਕੇ ਬੈਠਾਂ ਤਾਂ ਮੈਂ ਉਹਨੂੰ ਕਦੇ ਵੇਖਿਆ ਈ ਨਹੀਂ ਸੀ। ਪਲ ‘ਚ ਇਥੇ ਪਲ ‘ਚ ਉਥੇ, ਐਨ ਉਵੇਂ ਹੀ ਜਿਵੇਂ ਹਾਕੀ ਖੇਡਦਾ ਗਰਾਊਂਡ ਵਿਚ ਫਿਰਕੀ ਵਾਂਗ ਘੁੰਮਦਾ ਹੁੰਦਾ ਸੀ। ਪੰਦਰਾਂ ਦਿਨ ਮੈਂ ਉਹਨੂੰ ਪੱਬਾਂ ਭਾਰ ਈ ਵੇਖਿਆ ਅਤੇ ਆਪਣੇ ਇਕ ਤਬਸਰੇ ਵਿਚ ਲਿਖਿਆ ਵੀ ਕਿ ਗੁਰਬਖ਼ਸ਼ ਸਿੰਘ ਇਥੇ ਵਿਆਹ ‘ਚ ਨੈਣ ਵਾਂਗ ਕਦੇ ਏਧਰ, ਕਦੇ ਓਧਰ ਨੱਠਾ ਫਿਰਦਾ ਹੈ।


ਗੁਰਬਖ਼ਸ਼ ਸਿੰਘ ਵੈਸੇ ਦੇਖਣੀ ਪਾਖਣੀ ਖਿਡਾਰੀ ਨਹੀਂ ਸੀ ਲੱਗਦਾ। ਐਨਕਾਂ ਲਾਈ ਉਹ ਪ੍ਰੋਫ਼ੈਸਰ ਪਰਤੀਤ ਹੁੰਦਾ ਜਾਂ ਕਿਸੇ ਅਦਾਰੇ ਦਾ ਮੈਨੇਜਰ। ਉਹਦਾ ਕੱਦ ਵਾਹਵਾ ਲੰਮਾ ਹੈ ਪਰ ਜੁੱਸਾ ਇਕਹਿਰਾ ਜਿਹਾ ਹੀ ਹੈ ਜਿਵੇਂ ਅਮਲੀਆਂ ਦੇ ਹੁੰਦੇ ਨੇ। ਪਰ ਉਹ ਅਮਲੀ ਨਹੀਂ, ਪੂਰਾ ਗੁਰਸਿੱਖ ਹੈ। ਉਸ ਦਾ ਕੱਦ ਪੰਜ ਫੁੱਟ ਦਸ ਇੰਚ ਹੈ ਪਰ ਸਰੀਰਕ ਵਜ਼ਨ 65 ਕਿਲੋਗਰਾਮ ਹੀ ਹੈ। ਦਾੜ੍ਹੀ ਵਿਰਲੀ ਜਿਹੀ ਹੈ ਤੇ ਉਹ ਵੀ ਡੋਰੀ ਪਾ ਕੇ ਕਸੀ ਤੇ ਫਿਕਸੋ ਨਾਲ ਜਮਾਈ ਹੁੰਦੀ ਹੈ। ਉਸ ਨੂੰ ਸਲੀਕੇ ਨਾਲ ਵਿਚਰਨਾ ਆਉਂਦਾ ਹੈ। ਜਿੰਨੀ ਕਾਮਯਾਬੀ ਉਸ ਨੂੰ ਮਿਲਦੀ ਉਸ ਬਾਰੇ ਉਹਦਾ ਇਹੋ ਕਹਿਣਾ ਹੁੰਦਾ ਸੀ, “ਸਭ ਵਾਹਿਗੁਰੂ ਦੀ ਕਿਰਪਾ।”

ਹਾਕੀ ਦੀ ਖੇਡ ਵਿਚ ਉਦੋਂ ਉੱਚ ਕੋਟੀ ਦਾ ਸ਼ਾਇਦ ਉਹੀ ਇਕੋ ਇਕ ਖਿਡਾਰੀ ਸੀ ਜੋ ਹਮੇਸ਼ਾਂ ਐਨਕਾਂ ਲਾ ਕੇ ਖੇਡਿਆ। ਸ਼ੁਰੂ-ਸ਼ੁਰੂ ਵਿਚ ਅਸੀਂ ਜਦੋਂ ਉਸ ਨੂੰ ਐਨਕਾਂ ਲਾਈ ਹਾਕੀ ਖੇਡਦਾ ਵੇਖਦੇ ਤਾਂ ਆਪਸ ਵਿਚ ਗੱਲਾਂ ਕਰਦੇ, “ਜੇ ਬਾਲ ਸਿੱਧੀ ਐਨਕਾਂ ’ਤੇ ਵੱਜੇ, ਫੇਰ ਕੀ ਹੋਵੇ?” ਪਰ ਉਹਦੇ ਵੀਹ ਸਾਲਾਂ ਦੇ ਹਾਕੀ ਕੈਰੀਅਰ ਵਿਚ ਇਕ ਵਾਰ ਵੀ ਹਾਕੀ ਜਾਂ ਗੇਂਦ ਉਹਦੀਆਂ ਐਨਕਾਂ ’ਤੇ ਨਹੀਂ ਵੱਜੀ।

ਗੁਰਬਖ਼ਸ਼ ਸਿੰਘ ਦੀ ਗਰਦਨ ਪਤਲੀ ਹੈ ਤੇ ਉਹਦੀ ਘੰਡੀ ਗੇਂਦ ਵਾਂਗ ਗੇੜੇ ਖਾਂਦੀ ਦਿੱਸਦੀ ਹੈ। ਰੰਗ ਕਣਕਵੰਨਾ ਤੇ ਪੱਗ ਦਾ ਬੰਨ੍ਹੇਜ ਭਾਪਿਆਂ ਵਾਲਾ। ਉਸ ਨੇ ਮੁੱਢਲੀ ਪੜ੍ਹਾਈ ਰਾਵਲਪਿੰਡੀ ਵਿਚ ਕੀਤੀ ਸੀ। ਉਹ ਕਸਵੀਂ ਟੂਟੀਦਾਰ ਪੱਗ ਬੰਨ੍ਹਦਾ ਹੈ। ਗੱਲ ਬਾਤ ਦਾ ਲਹਿਜ਼ਾ ਪੋਠੋਹਾਰੀ ਹੈ। ਉਹਦਾ ਜੱਦੀ ਪਿੰਡ ਜ਼ਿਲ੍ਹਾ ਜਿਹਲਮ ਵਿਚ ਮੰਗਵਾਲ ਸੀ। ਉਹਦੇ ਪਿਤਾ ਸ. ਕਰਤਾਰ ਸਿੰਘ ਫੌਜ ਵਿਚ ਮੇਜਰ ਸਨ। ਜਦੋਂ ਉਹ ਪਿਸ਼ਾਵਰ ਵਿਚ ਤਾਇਨਾਤ ਸਨ ਤਾਂ ਉਥੇ 11 ਫਰਵਰੀ 1936 ਨੂੰ ਗੁਰਬਖ਼ਸ਼ ਸਿੰਘ ਦਾ ਜਨਮ ਹੋਇਆ ਸੀ। ਮੇਜਰ ਕਰਤਾਰ ਸਿੰਘ ਖ਼ੁਦ ਹਾਕੀ ਦੇ ਤਕੜੇ ਖਿਡਾਰੀ ਸਨ ਤੇ ਉਹ ਵੀ ਫੁੱਲ ਬੈਕ ਖੇਡਦੇ ਸਨ।

ਦੇਸ਼ ਦੀ ਵੰਡ ਪਿੱਛੋਂ ਕਰਤਾਰ ਸਿੰਘ ਦੇ ਪਰਿਵਾਰ ਨੂੰ ਉੱਜੜ ਕੇ ਲਖਨਊ ਆਉਣਾ ਪਿਆ ਜਿਥੇ ਗੁਰਬਖ਼ਸ਼ ਮੁੜ ਪੜ੍ਹਨ ਲੱਗਾ ਤੇ ਆਪਣੇ ਸਕੂਲ ਦੀ ਹਾਕੀ ਟੀਮ ਵਿਚ ਚੁਣਿਆ ਗਿਆ। ਸਕੂਲ ਦੀ ਟੀਮ ‘ਚ ਉਹ ਕਦੇ ਰਾਈਟ ਇਨ ਤੇ ਕਦੇ ਲੈਫਟ ਇਨ ਖੇਡਦਾ। ਫਿਰ ਇੰਦੌਰ ਕਾਲਜ ਵਿਚ ਪੜ੍ਹਨ ਲੱਗਾ ਤੇ ਆਗਰਾ ਯੂਨੀਵਰਸਿਟੀ ਵੱਲੋਂ ਫੁੱਲ ਬੈਕ ਖੇਡਿਆ। ਬੀ.ਏ. ਦਾ ਇਮਤਿਹਾਨ ਉਸ ਨੇ ਪ੍ਰਾਈਵੇਟ ਵਿਦਿਆਰਥੀ ਵਜੋਂ ਪੰਜਾਬ ਯੂਨੀਵਰਸਿਟੀ ਤੋਂ ਪਾਸ ਕੀਤਾ। 1957 ਵਿਚ ਉਹ ਮੋਟਰ ਪਾਰਟਸ ਦਾ ਕੰਮ ਸਿੱਖਣ ਲਈ ਕਲਕੱਤੇ ਚਲਾ ਗਿਆ ਤੇ ਉਥੇ ਵਿਆਹ ਕਰਵਾ ਕੇ ਉਥੋਂ ਦਾ ਹੀ ਹੋ ਗਿਆ। ਕਲਕੱਤੇ ਉਸ ਨੇ ਪਹਿਲੇ ਅੱਠ ਸਾਲ ਕਸਟਮ ਦੀ ਨੌਕਰੀ ਕੀਤੀ ਤੇ ਕਸਟਮ ਵਾਲਿਆਂ ਦੀ ਹਾਕੀ ਟੀਮ ਬਣਾਈ। 1965 ਵਿਚ ਕਸਟਮ ਦੀ ਨੌਕਰੀ ਛੱਡ ਕੇ ਆਪਣੇ ਸਹੁਰਿਆਂ ਦਾ ਮੋਟਰ ਪਾਰਟਸ ਦਾ ਕਾਰੋਬਾਰ ਸੰਭਾਲ ਲਿਆ। ਹੁਣ ਉਹ ਸਫਲ ਵਪਾਰੀ ਹੈ ਤੇ ਆਪਣੇ ਬੱਚਿਆਂ ਦੇ ਰਿਸ਼ਤੇ ਨਾਤੇ ਨਿਊਯਾਰਕ ਤਕ ਬਣਾਈ ਬੈਠਾ ਹੈ। ਉਸ ਦੀਆਂ ਚਾਰ ਧੀਆਂ ਹਨ ਤੇ ਇਕ ਪੁੱਤਰ। ਅਗਾਂਹ ਉਨ੍ਹਾਂ ਦੇ ਬੱਚੇ ਹਨ।

1959 ਵਿਚ ਜਦੋਂ ਅਫਰੀਕਾ ਦੇ ਟੂਰ ਲਈ ਭਾਰਤੀ ਹਾਕੀ ਟੀਮ ਦਾ ਕੋਚਿੰਗ ਕੈਂਪ ਲੱਗਾ ਤਾਂ ਗੁਰਬਖ਼ਸ਼ ਸਿੰਘ ਨੂੰ ਸਟੈਂਡ ਬਾਈ ਰੱਖਿਆ ਗਿਆ। ਰੋਮ ਦੀਆਂ ਓਲੰਪਿਕ ਖੇਡਾਂ-1960 ਲਈ ਚੁਣੇ ਜਾਣ ਵੇਲੇ ਉਹਦਾ ਦਾਅ ਨਾ ਲੱਗਾ। ਉਦੋਂ ਬੰਗਾਲ ਦਾ ਹੀ ਕਲਾਡੀਅਸ ਭਾਰਤੀ ਟੀਮ ਦਾ ਕਪਤਾਨ ਬਣਿਆ। 1961 ਵਿਚ ਨਿਊਜ਼ੀਲੈਂਡ ਦੇ ਟੂਰ ਸਮੇਂ ਉਹ ਪਹਿਲੀ ਵਾਰ ਭਾਰਤੀ ਹਾਕੀ ਟੀਮ ਦਾ ਮੈਂਬਰ ਚੁਣਿਆ ਗਿਆ। 1962 ਵਿਚ ਉਹ ਅਹਿਮਦਾਬਾਦ ਦਾ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਖੇਡਿਆ। ਉਦੋਂ ਉਹਦੇ ਨਾਲ ਪ੍ਰਿਥੀਪਾਲ ਸਿੰਘ ਤੇ ਝਮਨ ਲਾਲ ਫੁੱਲ ਬੈਕ ਸਨ।




1963 ਵਿਚ ਉਹ ਲਿਓਂਸ ਦਾ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਖੇਡਣ ਗਿਆ ਜਿਥੇ ਭਾਰਤੀ ਟੀਮ ਜੇਤੂ ਰਹੀ।

1964 ਵਿਚ ਟੋਕੀਓ ਦੀਆਂ ਓਲੰਪਿਕ ਖੇਡਾਂ ਸਮੇਂ ਉਹ ਭਾਰਤੀ ਟੀਮ ਵਿਚ ਲੈਫਟ ਹਾਫ਼ ਖੇਡਿਆ। ਪ੍ਰਿਥੀਪਾਲ ਸਿੰਘ ਨਾਲ ਦੂਜਾ ਫੁੱਲ ਬੈਕ ਧਰਮ ਸਿੰਘ ਸੀ। ਫਾਈਨਲ ਮੈਚ ਪਾਕਿਸਤਾਨ ਦੀ ਟੀਮ ਵਿਰੁੱਧ ਖੇਡਿਆ ਗਿਆ ਜੋ ਭਾਰਤੀ ਟੀਮ ਨੇ 1-0 ਗੋਲ ਨਾਲ ਜਿੱਤਿਆ। ਚਾਰ ਸਾਲ ਪਹਿਲਾਂ ਰੋਮ ਵਿਚ ਪਾਕਿਸਤਾਨ ਦੀ ਟੀਮ ਨੇ ਭਾਰਤੀ ਟੀਮ ਨੂੰ 1-0 ਗੋਲ ਨਾਲ ਹਰਾਇਆ ਸੀ। ਉਨ੍ਹੀਂ ਦਿਨੀਂ ਭਾਰਤ-ਪਾਕਿ ਹਾਕੀ ਮੈਚਾਂ ਵਿਚ ਜਿਹੜਾ ਮੁਲਕ ਜਿੱਤ ਜਾਂਦਾ ਉਹ ਏਨੀ ਖ਼ੁਸ਼ੀ ਮਨਾਉਂਦਾ ਜਿਵੇਂ ਮੈਚ ਨਹੀਂ ਜੰਗ ਜਿੱਤ ਗਿਆ ਹੋਵੇ!

ਟੋਕੀਓ ਵਿਖੇ ਗੁਰਬਖ਼ਸ਼ ਸਿੰਘ ਹੋਰਾਂ ਦੀ ਜਿੱਤ ਉਤੇ ਭਾਰਤਵਾਸੀ ਏਨੇ ਖ਼ੁਸ਼ ਹੋਏ ਕਿ ਜੇਤੂ ਖਿਡਾਰੀਆਂ ਲਈ ਵੱਡੇ-ਵੱਡੇ ਇਨਾਮ ਐਲਾਨੇ ਗਏ। ਇਹ ਵੱਖਰੀ ਗੱਲ ਹੈ ਕਿ ਕਈ ਐਲਾਨਾਂ ਉਤੇ ਹੁਣ ਤਕ ਵੀ ਅਮਲ ਨਹੀਂ ਹੋਇਆ। ਪੰਜਾਬ ਦੇ ਮੁੱਖ ਮੰਤਰੀ ਸ. ਪਰਤਾਪ ਸਿੰਘ ਕੈਰੋਂ ਨੇ ਜੇਤੂ ਖਿਡਾਰੀਆਂ ਨੂੰ ਚੰਡੀਗੜ੍ਹ ਵਿਚ ਪਲਾਟ ਅਲਾਟ ਕਰਨ ਦਾ ਐਲਾਨ ਕੀਤਾ ਸੀ ਪਰ ਪ੍ਰਿਥੀਪਾਲ ਸਿੰਘ ਹੋਰੀਂ ਪਲਾਟ ਉਡੀਕਦੇ ਇਸ ਜਹਾਨ ਤੋਂ ਕੂਚ ਕਰ ਗਏ। ਉਨ੍ਹਾਂ ਦੇ ਪਰਿਵਾਰਾਂ ਨੂੰ ਫਿਰ ਕੀਹਨੇ ਪਲਾਟ ਦੇਣੇ ਸਨ? ਸ. ਦਰਬਾਰਾ ਸਿੰਘ ਦੀ ਸਰਕਾਰ ਨੇ ਵੀ 1982 ਵਿਚ ਦਿੱਲੀ ਦੀਆਂ ਏਸ਼ਿਆਈ ਖੇਡਾਂ ਦੇ ਜੇਤੂ ਪੰਜਾਬੀ ਖਿਡਾਰੀਆਂ ਨੂੰ ਲੱਖ ਲੱਖ ਰੁਪਏ ਦੇ ਇਨਾਮ ਦੇਣ ਦਾ ਐਲਾਨ ਕੀਤਾ ਸੀ ਜੋ ਅੱਧ ਪਚੱਧ ਹੀ ਪੂਰਾ ਹੋ ਸਕਿਆ। ਅਕਸਰ ਵੇਖਿਆ ਗਿਆ ਹੈ ਕਿ ਮੁੱਖ ਮੰਤਰੀ ਤੇ ਮੰਤਰੀ ਐਲਾਨ ਤਾਂ ਵੱਡੇ ਵੱਡੇ ਕਰ ਦਿੰਦੇ ਹਨ ਪਰ ਐਲਾਨਾਂ ‘ਤੇ ਅਮਲ ਕਰਨਾ ਅਕਸਰ ਭੁੱਲ ਜਾਂਦੇ ਹਨ।

1966 ਵਿਚ ਬੈਂਕਾਕ ਦੀਆਂ ਏਸ਼ਿਆਈ ਖੇਡਾਂ ਸਮੇਂ ਗੁਰਬਖ਼ਸ਼ ਸਿੰਘ ਨੂੰ ਭਾਰਤੀ ਹਾਕੀ ਟੀਮ ਦਾ ਮੀਤ ਕਪਤਾਨ ਬਣਾਇਆ ਗਿਆ ਸੀ। ਉਸ ਟੀਮ ਨੇ ਪਹਿਲੀ ਵਾਰ ਏਸ਼ਿਆਈ ਖੇਡਾਂ ਦਾ ਗੋਲਡ ਮੈਡਲ ਜਿੱਤਿਆ। ਉਹ ਟੀਮ ਲਗਭਗ ਸਾਰੀ ਹੀ ਸਰਦਾਰ ਖਿਡਾਰੀਆਂ ਨਾਲ ਲੈਸ ਸੀ ਜਿਨ੍ਹਾਂ ਦੇ ਜੂੜਿਆਂ ਉਤੇ ਸਫੈਦ ਰੁਮਾਲ ਸੋਂਹਦੇ ਸਨ। ਇੰਜ ਜਾਪਦਾ ਸੀ ਜਿਵੇਂ ਕਿਸੇ ਖਾਲਸਾ ਕਾਲਜ ਦੀ ਟੀਮ ਹੋਵੇ! ਉਸੇ ਸਾਲ ਭਾਰਤ ਸਰਕਾਰ ਨੇ ਗੁਰਬਖ਼ਸ਼ ਸਿੰਘ ਨੂੰ ਦੇਸ਼ ਦੇ ਸਰਵੋਤਮ ਖੇਡ ਪੁਰਸਕਾਰ ਅਰਜਨ ਅਵਾਰਡ ਨਾਲ ਸਨਮਾਨਿਤ ਕੀਤਾ।

1966 ਵਿਚ ਹੀ ਜਰਮਨੀ ਦੇ ਸ਼ਹਿਰ ਹੈਮਬਰਗ ਵਿਚ ਹਾਕੀ ਦਾ ਕੌਮਾਂਤਰੀ ਟੂਰਨਾਮੈਂਟ ਹੋਇਆ। ਗੁਰਬਖ਼ਸ਼ ਸਿੰਘ ਨੂੰ ਉਸ ਲਈ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਾਇਆ ਗਿਆ। ਉਸੇ ਸਾਲ ਜਪਾਨ ਦੇ ਟੂਰ ਸਮੇਂ ਵੀ ਭਾਰਤੀ ਹਾਕੀ ਟੀਮ ਦੀ ਅਗਵਾਈ ਗੁਰਬਖ਼ਸ਼ ਸਿੰਘ ਨੂੰ ਹੀ ਸੌਂਪੀ ਗਈ। ਫਿਰ ਸ੍ਰੀਲੰਕਾ ਦੇ ਟੂਰ ਵੇਲੇ ਵੀ ਉਹ ਕਪਤਾਨ ਬਣਿਆਂ। 1967 ਵਿਚ ਉਹ ਲੰਡਨ ਦਾ ਪ੍ਰੀ ਓਲੰਪਿਕ ਹਾਕੀ ਟੂਰਨਾਮੈਂਟ ਖੇਡਿਆ।

1968 ਵਿਚ ਮੈਕਸੀਕੋ ਦੀਆਂ ਓਲੰਪਿਕ ਖੇਡਾਂ ਸਮੇਂ ਸਥਿਤੀ ਅਜਿਹੀ ਬਣੀ ਕਿ ਸੀਨੀਅਰ ਖਿਡਾਰੀਆਂ ਪ੍ਰਿਥੀਪਾਲ ਸਿੰਘ ਤੇ ਗੁਰਬਖ਼ਸ਼ ਸਿੰਘ ਦੋਹਾਂ ਨੂੰ ਭਾਰਤੀ ਹਾਕੀ ਟੀਮ ਦੇ ਜੌੜੇ ਕਪਤਾਨ ਬਣਾਉਣਾ ਪਿਆ। ਅਜਿਹਾ ਪ੍ਰਬੰਧ ਪਹਿਲੀ ਵਾਰ ਕਰਨਾ ਪਿਆ ਸੀ। ਗੱਲ ਵਿਚੋਂ ਇਹੋ ਸੀ ਕਿ ਦੋਵੇਂ ਖਿਡਾਰੀ ਹੀ ਮੈਰਿਟ ਪੱਖੋਂ ਓਲੰਪਿਕ ਖੇਡਾਂ ਲਈ ਭਾਰਤੀ ਹਾਕੀ ਟੀਮ ਦੀ ਕਪਤਾਨੀ ਕਰਨ ਦੇ ਹੱਕਦਾਰ ਸਨ। ਪਰ ਉਮਰ ਪੱਖੋਂ ਅਗਲੀ ਓਲੰਪਿਕਸ ਖੇਡ ਸਕਣਾ ਦੋਹਾਂ ਲਈ ਸ਼ੱਕੀ ਸੀ। ਸੋ ਦੋਹਾਂ ਨੂੰ ਹੀ ਜੁਆਇੰਟ ਕਪਤਾਨ ਬਣਾ ਦਿੱਤਾ ਗਿਆ। ਟੀਮ ਮਸੀਂ ਤਾਂਬੇ ਦਾ ਤਮਗ਼ਾ ਜਿੱਤ ਸਕੀ।

ਮੈਕਸੀਕੋ ਦੀ ਓਲੰਪਿਕਸ ਖੇਡ ਕੇ ਗੁਰਬਖ਼ਸ਼ ਸਿੰਘ ਕੌਮਾਂਤਰੀ ਹਾਕੀ ਤੋਂ ਰਿਟਾਇਰ ਹੋ ਗਿਆ ਪਰ ਕੌਮੀ ਪੱਧਰ ‘ਤੇ ਬੰਗਾਲ ਵੱਲੋਂ 1972 ਤਕ ਖੇਡਦਾ ਰਿਹਾ। ਬੰਗਾਲ ਵਿਚ ਉਹ ਕਸਟਮਜ਼, ਮੋਹਨ ਬਾਗਾਨ ਤੇ ਈਸਟ ਬੰਗਾਲ ਕਲੱਬਾਂ ਦੀਆਂ ਟੀਮਾਂ ਦਾ ਮੈਂਬਰ ਰਿਹਾ। 1973 ਵਿਚ ਉਹਨੂੰ ਭਾਰਤੀ ਹਾਕੀ ਟੀਮ ਦੀ ਚੋਣ ਕਮੇਟੀ ਦਾ ਮੈਂਬਰ ਬਣਾਇਆ ਗਿਆ ਤੇ ਟੀਮ ਦੀ ਮੈਨੇਜਰੀ ਵੀ ਸੌਂਪੀ ਗਈ। 1974 ਤੇ 75 ਵਿਚ ਉਹ ਛੇ-ਛੇ ਮਹੀਨਿਆਂ ਲਈ ਫਰਾਂਸ ਦੀ ਕੌਮੀ ਟੀਮ ਨੂੰ ਕੋਚਿੰਗ ਦੇਣ ਜਾਂਦਾ ਰਿਹਾ।

1976 ਵਿਚ ਮਾਂਟਰੀਅਲ ਦੀਆਂ ਓਲੰਪਿਕ ਖੇਡਾਂ ਸਮੇਂ ਉਹ ਭਾਰਤੀ ਟੀਮ ਦਾ ਕੋਚ ਸੀ। 1980 ਤੋਂ 84 ਤਕ ਉਹ ਫੇਰ ਭਾਰਤੀ ਹਾਕੀ ਟੀਮ ਦੀ ਚੋਣ ਕਮੇਟੀ ਦਾ ਮੈਂਬਰ ਰਿਹਾ। 1983 ਵਿਚ ਉਹ ਕਰਾਚੀ ਦੀ ਚੈਂਪੀਅਨਜ਼ ਟਰਾਫੀ ਸਮੇਂ ਫਿਰ ਭਾਰਤੀ ਟੀਮ ਦਾ ਮੈਨੇਜਰ ਸੀ। 1973 ‘ਚ ਨੈਸ਼ਨਲ ਅੰਪਾਇਰ ਬਣਿਆ ਅਤੇ 1981 ਵਿਚ ਇੰਟਰਨੈਸ਼ਨਲ ਅੰਪਾਇਰ ਬਣ ਗਿਆ। 1982 ਦੀਆਂ ਏਸ਼ਿਆਈ ਖੇਡਾਂ ਸਮੇਂ ਵੀ ਉਸ ਨੇ ਕਈ ਮੈਚ ਖਿਡਾਏ।

ਇਕ ਵਾਰ ਅਸੀਂ ਦਿੱਲੀ ਦੇ ਨਹਿਰੂ ਹਾਕੀ ਟੂਰਨਾਮੈਂਟ ਉਤੇ ‘ਕੱਠੇ ਹੋਏ ਤਾਂ ਪੰਜਾਬ ਪੁਲਿਸ ਦਾ ਮੈਚ ਦੱਖਣ ਵੱਲ ਦੀ ਕਿਸੇ ਟੀਮ ਨਾਲ ਚੱਲ ਰਿਹਾ ਸੀ। ਪੰਜਾਬੀ ਹਾਕੀ ਖਿਡਾਰੀਆਂ ਦੇ ਢਿੱਲੇ ਪੈ ਜਾਣ ‘ਤੇ ਉਸ ਨੇ ਦਿਲੀ ਦੁੱਖ ਪਰਗਟ ਕੀਤਾ। ਉਸ ਨੇ ਕਿਹਾ, “ਸਾਡੇ ਨਵੇਂ ਮੁੰਡਿਆਂ ਦੀ ਖੇਡ ਵਿਚ ਉਹ ਜਾਨ ਨਹੀਂ ਰਹੀ ਜਿਹੜੀ ਹੋਣੀ ਚਾਹੀਦੀ ਏ। ਇਨ੍ਹਾਂ ‘ਚੋਂ ਕਈ ਨਸ਼ਿਆਂ ਵੱਲ ਪੈ ਗਏ ਨੇ। ਸਾਡੇ ਵੇਲੇ ਪੰਜਾਬੀ ਖਿਡਾਰੀ ਮੁਲਕ ਦੀ ਹਰੇਕ ਟੀਮ ਵਿਚ ਸਨ। ਪੰਜਾਬ ਹਾਕੀ ਦਾ ਘਰ ਏ ਤੇ ਉਥੋਂ ਹੋਰ ਚੰਗੇ ਖਿਡਾਰੀ ਉੱਠਣੇ ਚਾਹੀਦੇ ਨੇ।”

ਉਸ ਦੀ ਇੱਛਾ ਟੋਕੀਓ-2021 ਤੇ ਪੈਰਿਸ-2024 ਦੀਆਂ ਓਲੰਪਿਕ ਖੇਡਾਂ ਵਿਚ ਪੰਜਾਬੀ ਖਿਡਾਰੀਆਂ ਨੇ ਪੂਰੀ ਕਰ ਦਿੱਤੀ। ਪੰਜਾਬੀ ਖਿਡਾਰੀਆਂ ਨਾਲ ਭਰਪੂਰ ਭਾਰਤੀ ਟੀਮ ਫਿਰ ਵਿਕਟਰੀ ਸਟੈਂਡ ‘ਤੇ ਚੜ੍ਹੀ।

ਮੈਂ ਪੁੱਛਿਆ, “ਕੀ ਸਾਡੇ ਖਿਡਾਰੀ ਹੀ ਮਾਂਦੇ ਪੈ ਗਏ ਨੇ ਜਾਂ ਹੋਰ ਦੁਨੀਆਂ ਤਕੜੀ ਹੋ ਗਈ ਐ?” ਗੁਰਬਖ਼ਸ਼ ਸਿੰਘ ਨੇ ਆਖਿਆ, “ਇਹ ਠੀਕ ਏ ਕਿ ਦੂਜੇ ਮੁਲਕਾਂ ਦੇ ਖਿਡਾਰੀ ਹਾਕੀ ਖੇਡਣ ’ਚ ਪਹਿਲਾਂ ਨਾਲੋਂ ਵਧੇਰੇ ਮਾਹਿਰ ਹੋ ਗਏ ਨੇ ਪਰ ਸਾਡੇ ਖਿਡਾਰੀਆਂ ਨੂੰ ਵੀ ਬਦਲਦੇ ਸਮੇਂ ਨਾਲ ਆਪਣੀ ਟੈਕਨੀਕ ’ਚ ਸੁਧਾਰ ਲਿਆਉਂਦੇ ਰਹਿਣਾ ਚਾਹੀਦੈ। ਸਾਡੇ ਮੁੰਡੇ ਹਾਲਾਂ ਵੀ ਗਰਾਸ ਹਾਕੀ ਖੇਡਦੇ ਨੇ ਤੇ ਐਸਟਰੋ ਟਰਫ ਦੀ ਟੈਕਨੀਕ ਨੂੰ ਨਹੀਂ ਅਪਨਾ ਰਹੇ। ਇਹੋ ਵਜ੍ਹਾ ਏ ਕਿ ਇੰਟਰਨੈਸ਼ਨਲ ਮੈਚਾਂ ’ਚ ਹਾਰ ਖਾਂਦੇ ਨੇ।”

ਮੈਂ ਬੱਚਿਆਂ ਨੂੰ ਕੋਈ ਸੰਦੇਸ਼ ਦੇਣ ਲਈ ਕਿਹਾ ਤਾਂ ਉਸ ਨੇ ਆਖਿਆ, “ਬੱਚਿਆਂ ਨੂੰ ਖੇਡਾਂ ਸ਼ਿੱਦਤ ਨਾਲ ਅਪਨਾਉਣੀਆਂ ਚਾਹੀਦੀਆਂ ਨੇ। ਖੇਡਾਂ ਦੀ ਲਗਨ ਵਿਦਿਆਰਥੀ ਜੀਵਨ ਵਿਚ ਈ ਲੱਗੇ ਤਦ ਹੀ ਚੰਗੇ ਨਤੀਜੇ ਨਿਕਲ ਸਕਦੇ ਨੇ। ਕਿਸੇ ਵੀ ਖੇਡ ’ਚ ਮਾਹਿਰ ਬਣਨ ਲਈ ਮਿਹਨਤ, ਲਗਨ ਤੇ ਸਿਰੜ ਦੀ ਲੋੜ ਏ। ਜੀਹਦੇ ਵਿਚ ਲਗਨ ਤੇ ਸਿਰੜ ਐ ਉਹ ਜ਼ਰੂਰ ਕੁਝ ਨਾ ਕੁਝ ਕਰ ਕੇ ਈ ਦਮ ਲਵੇਗਾ।”

ਮੈਂ ਪੁੱਛਿਆ, “ਤੁਹਾਨੂੰ ਅਕਸਰ ਹੀ ਹਾਕੀ ਟੂਰਨਾਮੈਂਟਾਂ ਉਤੇ ਤੁਰੇ ਫਿਰਦੇ ਵੇਖੀਦਾ। ਪਿੱਛੇ ਤੁਹਾਡਾ ਕਾਰੋਬਾਰ ਕਿਵੇਂ ਚੱਲਦੈ? ਬਿਜ਼ਨਸ ਸਫਰ ਨਹੀਂ ਕਰਦਾ?”

ਗੁਰਬਖ਼ਸ਼ ਸਿੰਘ ਨੇ ਮੁਸਕਰਾਉਂਦਿਆਂ ਕਿਹਾ, “ਬਿਜ਼ਨਸ ਤਾਂ ਜ਼ਰੂਰ ਸਫਰ ਕਰਦਾ ਪਰ ਤੁਹਾਨੂੰ ਪਤਾ ਈ ਏ ਪਈ ਇਕ ਵਾਰ ਜਿਹੜਾ ਝੱਸ ਬੰਦੇ ਨੂੰ ਪੈ ਜਾਏ ਉਹ ਮਰਦੇ ਦਮ ਤਕ ਛੁੱਟਦਾ ਵੀ ਤੇ ਨਹੀਂ। ਇਹ ਹਾਕੀ ਵਾਲਾ ਸ਼ੌਕ ਤਾਂ ਹੁਣ ਉਮਰ ਭਰ ਈ ਰਹੇਗਾ ਭਾਵੇਂ ਕਿੰਨੇ ਘਾਟੇ ਪਈ ਜਾਣ।” ਹੁਣ ਉਹ ਨੱਬਿਆਂ ਨੂੰ ਢੁੱਕ ਚੁੱਕੈ ਤੇ 1957 ਤੋਂ ਕੋਲਕੱਤੇ ਦਾ ਵਸਨੀਕ ਹੈ। ਬੰਗਾਲ ਸਰਕਾਰ ਨੇ ਉਸ ਨੂੰ ‘ਬੰਗਾ ਬਿਭੂਸ਼ਨ ਪੁਰਸਕਾਰ’ ਨਾਲ ਅਤੇ ਈਸਟ ਬੰਗਾਲ ਕਲੱਬ ਨੇ ‘ਭਾਰਤ ਗੌਰਵ ਅਵਾਰਡ’ ਨਾਲ ਸਨਮਾਨਿਆ ਹੈ।

---

*(ਪਿਛਲੇ ਸਫੇ ਦਾ ਬਾਕੀ)*

ਪਿਆ ਪਰ ਉਹ ਉਸਦੇ ਕੰਟਰੋਲ ਟਾਵਰ ਨਾਲ ਰਾਬਤਾ ਨਾ ਬਣਾ ਸਕਿਆ। ਬੋਕਸਕਾਰ ਨੂੰ ਐਮਰਜੈਂਸੀ ਇਹ ਸੋਚ ਕੇ 1:51 ਵਜੇ ਦੁਪਹਿਰ ਨੂੰ ਉਤਾਰ ਦਿੱਤਾ ਕਿ ਰਨਵੇਅ ਪੱਧਰਾ ਹੀ ਹੋਣੈ। ਪਰ ਉਥੇ ਲੜਾਕੂ ਜਹਾਜ਼ ਛੋਟੇ ਬੰਬਾਂ ਨਾਲ ਲੋਡ ਹਵਾਈ ਹਮਲੇ ਦੀ ਤਿਆਰੀ ਵਿਚ ਕਤਾਰ ਬਣਾ ਕੇ ਖੜੇ ਸਨ, ਬੋਕਸਕਾਰ ਇੰਨੀਂ ਤੇਜ਼ ਰਫਤਾਰ ਨਾਲ ਰਨਵੇਅ ’ਤੇ ਉਤਰਿਆ ਕਿ ਜ਼ਮੀਨ ਨਾਲ ਲੱਗ ਕੇ 25 ਫੁੱਟ ਉੱਪਰ ਨੂੰ ਉਭਰਿਆ ਤੇ ਉਹਦਾ ਸੰਤੁਲਨ ਵੀ ਵਿਗੜ ਗਿਆ, ਪਰ ਸਵੀਨੇ ਨੇ ਉਹਨੂੰ ਬੜੀ ਹੁਸ਼ਿਆਰੀ ਨਾਲ ਕਾਬੂ ਕਰ ਲਿਆ ਜਿਹੜਾ ਮਸਾਂ ਹੀ ਰਨਵੇਅ ’ਤੇ ਖੜੇ ਬੀ-24 ਬੰਬਰ ਜਹਾਜ਼ਾਂ ਨਾਲ ਟਕਰਾਉਣ ਤੋਂ ਬਚ ਸਕਿਆ, ਨਹੀਂ ਤਾਂ ਉਥੇ ਉਹ ਤਬਾਹੀ ਮਚਣੀ ਸੀ ਕਿ ਇਸ ਮਹਾਂਯੁੱਧ ਦਾ ਇਤਿਹਾਸ ਹੀ ਵੱਖਰਾ ਹੋ ਜਾਣਾ ਸੀ। ਬੋਕਸਕਾਰ ਦੇ ਉਤਰਨਸਾਰ ਉਸਦੇ ਸਾਰੇ ਇੰਜਣ ਤੇਲ ਦੀ ਕਮੀ ਕਰਕੇ ਬੰਦ ਹੋਣੇ ਸ਼ੁਰੂ ਹੋ ਗਏ ਤੇ ਬੋਕਸਕਾਰ ਦੀਆਂ ਬਰੇਕਾਂ ਤੇ ਕੰਟਰੋਲ ਘਟਦਾ ਗਿਆ ਤੇ ਲਗਦਾ ਸੀ ਕਿ ਰਨਵੇਅ ਤੋਂ ਅੱਗੇ ਨਿਕਲ ਕੇ ਟਕਰਾ ਜਾਵੇਗਾ। ਦੋਵੇਂ ਪਾਇਲਟ ਇੱਕ ਤਰ੍ਹਾਂ ਬਰੇਕਾਂ ’ਤੇ ਪੂਰਾ ਭਾਰ ਦੇ ਕੇ ਖੜੈ ਹੀ ਗਏ ਤੇ ਕੰਢੇ ‘ਤੇ ਜਾ ਕੇ ਇਹ ਮਸਾਂ ਹੀ ਰੁਕਿਆ। ਉਸ ਵਕਤ ਇਹਦੇ ਵਿਚ ਇੱਕ ਤੁਪਕਾ ਵੀ ਤੇਲ ਦਾ ਨਹੀਂ ਸੀ। ਜਿਓਂ ਹੀ ਬੋਕਸਕਾਰ ਖਤਰਨਾਕ ਤਰੀਕੇ ਨਾਲ ਉਤਰਿਆ ਤਾਂ ਇਹਨੂੰ ਐਮਰਜੈਂਸੀ ਫਾਇਰ ਟਰੱਕਾਂ ਨੇ ਘੇਰ ਲਿਆ ਤੇ ਏਅਰ ਬੇਸ ਦੇ ਕਮਾਂਡਰ ਜਿੰਮੀ ਨੇ ਉੱਚੀ ਆਵਾਜ਼ ’ਚ ਕਿਹਾ ‘ਤੂੰ ਕੌਣ ਆ’ (ਹੂ ਦਾ ਹੈਲ ਆਰ ਯੂ) ਸਵੀਨੇ ਨੇ ਦੱਸਿਆ ਕਿ ਅਸੀਂ ਨਾਗਾਸਾਕੀ ’ਤੇ ਐਟਮ ਬੰਬ ਸੁੱਟ ਕੇ ਆਏ ਆਂ ਤੇ ਮੈਨੂੰ ਲਗਦਾ ਕਿ ਸ਼ਾਇਦ ਅਸੀਂ ਸਹੀ ਟਾਰਗੇਟ ’ਤੇ ਨਹੀਂ ਸੁੱਟ ਸਕੇ।


ਵਾਕਿਆ ਹੀ ਇਹ ਐਟਮ ਬੰਬ ਟਾਰਗੇਟ ਤੋਂ 2 ਮੀਲ ਦੂਰ ਦੋ ਪਹਾੜੀਆਂ ਦੇ ਵਿਚ ਡਿੱਗਿਆ ਜਿਸ ਕਰਕੇ ਇਹ ਪਹਿਲੇ ਐਟਮ ਬੰਬ ਜਿੰਨੀ ਤਬਾਹੀ ਨਾ ਮਚਾ ਸਕਿਆ। ਅੱਗ ਪਹਾੜੀਆਂ ਕਰਕੇ ਜ਼ਿਆਦਾ ਨਾ ਫ਼ੈਲ ਸਕੀ, ਜਦੋਂ ਕਿ ਇਹ ਐਟਮ ਬੰਬ ਪਹਿਲੇ ਨਾਲੋਂ ਕਈ ਗੁਣਾਂ ਵੱਧ ਤਾਕਤਵਰ ਸੀ। ਪਰ ਫਿਰ ਵੀ ਬੰਬ ਡਿੱਗਣ ਸਾਰ 45000 ਲੋਕਾਂ ਦੀ ਮੌਤ ਹੋ ਗਈ। ਮਿਤਸੁਬਿਸ਼ੀ ਅਸਲੇ ਦੀ ਫੈਕਟਰੀ ਸਮੇਤ ਸੈਂਕੜੇ ਕਾਮੇ ਖਤਮ ਹੋ ਗਏ, ਡੂੰਘੇ ਪੱਥਰ ਦੇ ਬੰਕਰਾਂ ਵਿਚ ਲੁਕੇ ਲੋਕ ਅੰਦਰ ਹੀ ਭੱਠੀ ਦੀ ਅੱਗ ਵਾਂਗ ਝੁਲਸੇ ਗਏ, ਤਪਸ਼ ਤੋਂ ਡਰਦੇ ਬਚਾਅ ਲਈ ਲੋਕ ਦੌੜਨ ਲੱਗ ਪਏ ਪਰ ਕੁਛ ਹੀ ਦੂਰ ਜਾ ਕੇ ਭੱਠੀ ‘ਚੋਂ ਭੁੱਜਦੇ ਦਾਣਿਆਂ ਵਾਂਗ ਡਿੱਗ ਕੇ ਦਮ ਤੋੜ ਦਿੰਦੇ। ਮਿੰਟਾਂ ਵਿਚ ਹੀ ਚਮੜੀ ਰੇਡੀਏਸ਼ਨ ਕਰਕੇ ਪੀਲੀ ਹੋਈ ਜਾਂਦੀ ਸੀ, ਲਾਸ਼ਾਂ ਕੋਲਿਆਂ ਵਾਂਗ ਕਾਲੀਆਂ ਬੇਪਛਾਣ ਹੋ ਗਈਆਂ। ਤਬਾਹੀ ਦਾ ਮੰਜ਼ਰ ਘੱਟ ਏਰੀਏ ਵਿਚ ਸੀ, ਪਰ ਸੀ ਬਹੁਤ ਡਰਾਵਣਾ। ਹਜ਼ਾਰਾਂ ਲੋਕ ਹੀ ਢਠੀਆਂ ਬਿਲਡਿੰਗਾਂ ਤੇ ਘਰਾਂ ਦੇ ਮਲਬੇ ਵਿਚ ਦੱਬੇ ਗਏ ਤੇ ਇੱਕ ਹਫਤੇ ਦੇ ਅੰਦਰ ਹੀ ਮੌਤਾਂ ਦੀ ਗਿਣਤੀ 80,000 ਨੂੰ ਪੁੱਜ ਗਈ, ਜੇ ਇਹ ਐਟਮ ਬੰਬ ਨਾਗਾਸਾਕੀ ਦੇ ਟਾਰਗੇਟ ‘ਤੇ ਡਿਗਦਾ ਜਾਂ ਕੋਕੂਰਾ ਸ਼ਹਿਰ ਦੇ ਸਹੀ ਟਾਰਗੇਟ ‘ਤੇ ਡਿਗਦਾ ਤਾਂ ਇਹਨੇ ਤਬਾਹੀ ਬਹੁਤ ਕਰਨੀ ਸੀ ਲੱਖਾਂ ਲੋਕ ਅੱਖ ਦੇ ਫਰੋਕੇ ਨਾਲ ਸੁਆਹ ਬਣ ਜਾਣੇ ਸਨ।

ਨਾਗਾਸਾਕੀ ਵਿਚ ਐਨੀਆਂ ਮ੍ਰਿਤਕ ਦੇਹਾਂ ਨੂੰ ਦਫਨਾਉਣ ਲਈ ਕੋਈ ਜਗ੍ਹਾ ਨਾ ਹੋਣ ਕਰਕੇ ਉਨ੍ਹਾਂ ਨੇ ਪਹਿਲੀ ਵਾਰ ਖੁੱਲ੍ਹੇ ਅਸਮਾਨ ਹੇਠ ਸਮੂਹਿਕ ਕੋਲੇ ਹੋਈਆਂ ਲਾਸ਼ਾਂ ਨੂੰ ਫੌਜ ਦੀ ਮਦਦ ਨਾਲ ਅੱਗ ‘ਚ ਜਲਾਉਣਾ ਸ਼ੁਰੂ ਕਰ ਦਿੱਤਾ। ਇਥੇ ਇੱਕ ਕਿੱਸਾ ਜਪਾਨ ਵਿਚ ਬੜਾ ਮਕਬੂਲ ਹੋਇਆ ਸੀ, ਜੋ ਇਨ੍ਹਾਂ ਬੰਬਾਂ ਨਾਲ ਹੋਈ ਤਬਾਹੀ ਦੇ ਮੰਜ਼ਰ ਦੇ ਦਰਦ ਨੂੰ ਖਾਮੋਸ਼ੀ ਨਾਲ ਬਿਆਨ ਕਰਦਾ ਹੈ,”ਇੱਕ ਦਸ ਕੁ ਸਾਲ ਦਾ ਮੁੰਡਾ ਆਪਣੀ ਪਿੱਠ ‘ਤੇ ਤਿੰਨ ਕੁ ਸਾਲ ਦੇ ਨਿਆਣੇ ਨੂੰ ਬੰਨ੍ਹੀ ਸਿਵਿਆਂ ‘ਚ ਕਤਾਰ ‘ਚ ਆ ਕੇ ਖੜ੍ਹ ਗਿਆ ਜੋਕਿ ਐਦਾਂ ਲਗਦਾ ਸੀ ਕਿ ਸੁੱਤਾ ਹੋਇਆ ਹੈ। ਉਹਨੂੰ ਦੇਖ ਕੇ ਉਥੇ ਕੰਮ ਕਰਦੇ ਕਰਿੰਦੇ ਨੇ ਕਿਹਾ ਕਿ ਤੈਨੂੰ ਭਾਰ ਲੱਗ ਜਾਣਾ ਇਹਨੂੰ ਥੱਲੇ ਲਾਹ ਲੈ ਤਾਂ ਮੁੰਡੇ ਨੇ ਜਵਾਬ ਦਿੱਤਾ ਇਹ ਭਾਰ ਥੋੜ੍ਹੋ ਆ ਇਹ ਮੇਰਾ ਭਰਾ ਆ। ਫਿਰ ਉਹਦੀ ਜਦੋਂ ਵਾਰੀ ਆਈ ਤਾਂ ਉਹਨੇ ਆਪਣੀ ਪਿੱਠ ਤੋਂ ਉਤਾਰ ਕੇ ਆਪਣੇ ਭਰਾ ਦੀ ਦੇਹ ਨੂੰ ਸੰਸਕਾਰ ਕਰਨ ਵਾਲੇ ਨੂੰ ਫੜਾ ਦਿੱਤਾ ਤੇ ਕੁੱਛ ਕਦਮ ਪਿੱਛੇ ਹਟ ਕੇ ਖੜ੍ਹ ਗਿਆ ਤੇ ਇੱਕ ਟੱਕ ਆਪਣੇ ਭਰਾ ਦੀ ਦੇਹ ਨੂੰ ਅੱਗ ‘ਚ ਸੜਦੀ ਦੇਖਦਾ ਰਿਹਾ। ਉਹਨੇ ਆਪਣਾ ਹੇਠਲਾ ਬੁੱਲ੍ਹ ਦੰਦਾਂ ਵਿਚ ਲਿਆ ਹੋਇਆ ਸੀ ਤੇ ਐਨੇ ਜ਼ੋਰ ਨਾਲ ਦੰਦੀ ਵੱਢੀ ਹੋਈ ਸੀ ਕਿ ਉਹਦੇ ਵਿਚੋਂ ਲਹੂ ਚੋਣ ਲੱਗ ਪਿਆ ਪਰ ਉਹਦੀ ਅੱਖ ਵਿਚੋਂ ਤਿੱਪ ਵੀ ਹੰਝੂ ਨਹੀਂ ਨਿਕਲਿਆ ਉਹ ਉਥੇ ਇੱਕ ਫੌਜੀ ਵਾਂਗ ਅਹਿੱਲ ਖੜ੍ਹਾ ਰਿਹਾ। ਦੂਜੇ ਮਹਾਂਯੁੱਧ ਤੋਂ ਬਾਅਦ ਜਪਾਨ ਵਿਚ ਉਸ ਮੁੰਡੇ ਦੇ ਬੋਲ “ਇਹ ਭਾਰ ਥੋੜ੍ਹੋ ਇਹ ਮੇਰਾ ਭਰਾ ਹੈ” ਇੱਕ ਅਖਾਣ ਵਾਂਗ ਹਰ ਇੱਕ ਦੀ ਜ਼ੁਬਾਨ ‘ਤੇ ਸਨ ਤੇ ਇਸਨੇ ਜਪਾਨ ਨੂੰ ਮੁੜ ਇੱਕਮੁੱਠ ਹੋ ਕੇ ਆਪਣੇ ਪੈਰਾਂ ‘ਤੇ ਖੜ੍ਹਨ ‘ਚ ਅਹਿਮ ਭੂਮਿਕਾ ਨਿਭਾਈ। ਬਾਅਦ ਵਿਚ ਪੋਪ ਨੇ ਉਹ ਫੋਟੋ ਲਾ ਕੇ ਲੱਖਾਂ ਪੋਸਟ ਕਾਰਡ ਵੰਡੇ ਕਿ ਲੋਕ ਜੰਗ ਨਹੀਂ ਸ਼ਾਂਤੀ ਚਾਹੁੰਦੇ ਆ ਪਰ ਬੇਰਹਿਮ ਹਾਕਮਾਂ ‘ਤੇ ਇਨ੍ਹਾਂ ਪੋਸਟ ਕਾਰਡਾਂ ਦਾ ਕਦੇ ਵੀ ਅਸਰ ਨਹੀਂ ਹੁੰਦਾ ਜੇ ਭੋਰਾ ਕੁ ਹੀ ਹੋਇਆ ਹੁੰਦਾ ਤਾਂ ਅੱਜ ਗਾਜ਼ਾ ਵਿਚ ਹਜ਼ਾਰਾਂ ਹੀ ਨਿੱਕੇ-ਨਿੱਕੇ ਨਿਆਣੇ ਰੋਟੀ ਨੂੰ ਤਰਸਦੇ ਬੰਬਾਂ ਦਾ ਸ਼ਿਕਾਰ ਨਾ ਹੋ ਰਹੇ ਹੁੰਦੇ। ਹਰ ਰੋਜ਼ ਉਥੇ ਨਾਗਾਸਾਕੀ ਬਣਾਇਆ ਜਾਂਦਾ, ਪਤਾ ਨਹੀਂ ਇਨ੍ਹਾਂ ਹਾਕਮਾਂ ‘ਚ ਐਨੀ ਨਿਰਦੈਤਾ ਤੇ ਪਸ਼ੂ ਬਿਰਤੀ ਕਿਓਂ ਭਰੀ ਹੋਈ ਆ।

# ਗੁਰੂ ਪਰਿਵਾਰਾਂ ਦੀਆਂ ਬੀਬੀਆਂ – 7

## ਮਾਤਾ ਬਿਸ਼ਨ ਕੌਰ

ਮਾਤਾ ਬਿਸ਼ਨ ਕੌਰ ਜੀ ਮਾਤਾ ਗੁਜਰੀ ਜੀ ਦੇ ਮਾਤਾ ਜੀ ਸਨ। ਇਕ ਵਾਰ ਮਾਤਾ ਬਿਸ਼ਨ ਕੌਰ ਆਪਣੇ ਪਤੀ ਲਾਲ ਚੰਦ ਸੁਭਿੱਖੀ ਨਾਲ ਕਰਤਾਰਪੁਰ ਤੋਂ ਅੰਮ੍ਰਿਤਸਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੁੱਤਰ ਬਾਬਾ ਸੂਰਜ ਮਲ ਜੀ ਦੇ ਵਿਆਹ ‘ਤੇ ਗਏ। ਉਥੇ ਹੀ ਇਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਪੁੱਤਰ ਤੇਗ਼ ਬਹਾਦਰ (ਗੁਰੂ) ਨੂੰ ਵੇਖਿਆ। ਇਨ੍ਹਾਂ ਨੂੰ ਤੇਗ਼ ਬਹਾਦਰ ਸਾਹਿਬ (ਗੁਰੂ) ਬਹੁਤ ਚੰਗੇ ਲਗੇ। ਉਦੋਂ ਹੀ ਇਨ੍ਹਾਂ ਦੋਵਾਂ ਜੀਆਂ ਨੇ ਮਨ ਵਿਚ ਫੈਸਲਾ ਕੀਤਾ ਕਿ ਆਪਣੀ ਪੁੱਤਰੀ ਗੁਜਰੀ ਦਾ ਵਿਆਹ ਗੁਰੂ ਜੀ ਦੇ ਸਪੁੱਤਰ ਤੇਗ਼ ਬਹਾਦਰ ਨਾਲ ਕਰਨਗੇ। ਉਦੋਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਉਮਰ ਸਿਰਫ਼ 11 ਸਾਲ ਦੀ ਸੀ। ਦੋਵਾਂ



ਡਾ. ਹਰਜਿੰਦਰ ਸਿੰਘ ਦਿਲਗੀਰ
ਰਚੇਤਾ: ‘ਨਵਾਂ ਤੇ ਵਡਾ ਮਹਾਨ ਕੋਸ਼’

ਨੇ ਗੁਰੂ ਜੀ ਅਗੇ ਆਪਣੇ ਮਨ ਦੀ ਗੱਲ ਕਹਿ ਦਿਤੀ। ਜਿਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਖ਼ੁਸ਼ੀ ਨਾਲ ਮਨਜ਼ੂਰ ਕਰ ਲਿਆ। ਉਨ੍ਹਾਂ ਬਾਰੇ ਇਸ ਤੋਂ ਵਧ ਜਾਣਕਾਰੀ ਨਹੀਂ ਮਿਲਦੀ।

## ਮਾਤਾ ਜੀਤ ਕੌਰ (ਮਾਤਾ ਜੀਤਾਂ)



ਮਾਤਾ ਜੀਤ ਕੌਰ ਲਾਹੌਰ ਦੇ ਭਾਈ ਹਰਿਜਸ ਸੁਭਿੱਖੀ ਦੀ ਬੇਟੀ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਪਤਨੀ ਸਨ। ਆਪ ਦਾ ਜਨਮ ਲਾਹੌਰ ਵਿਚ ਹੋਇਆ ਸੀ ਤੇ ਆਪਣਾ ਬਚਪਨ ਵੀ ਇਸੇ ਸ਼ਹਿਰ ਵਿਚ ਬਿਤਾਇਆ ਸੀ।

ਮਾਰਚ 1673 ਦੇ ਆਖ਼ਰੀ ਹਫ਼ਤੇ ਲਾਹੌਰ ਤੋਂ ਭਾਈ ਹਰਿਜਸ ਸੁਭਿੱਖੀ ਵੀ ਦਰਸ਼ਨਾਂ ਵਾਸਤੇ ਆਇਆ ਤੇ ਆਪਣੀ ਬੇਟੀ ਜੀਤਾਂ/ਜੀਤੋ ਦਾ ਵਿਆਹ ਸਾਹਿਬਜ਼ਾਦੇ ਗੋਬਿੰਦ ਦਾਸ ਨਾਲ ਕਰਨ ਦੀ ਖ਼ਾਹਿਸ਼ ਜ਼ਾਹਿਰ ਕੀਤੀ ਜਿਸ ਨੂੰ ਮਾਤਾ ਗੁਜਰੀ ਅਤੇ ਗੁਰੂ ਤੇਗ਼ ਬਹਾਦਰ ਜੀ ਨੇ ਕਬੂਲ ਕਰ ਲਿਆ। ਮੰਗਣੀ ਦੀ ਅਰਦਾਸ 12 ਮਈ 1673 ਦੇ ਦਿਨ ਕੀਤੀ ਗਈ। ਪਰ 11 ਨਵੰਬਰ 1675 ਦੇ ਦਿਨ ਗੁਰੂ ਤੇਗ਼ ਬਹਾਦਰ ਜੀ ਸ਼ਹੀਦ ਕਰ ਦਿੱਤੇ ਗਏ ਇਸ ਕਰ ਕੇ ਇਹ ਸ਼ਾਦੀ ਮੁਲਤਵੀ ਹੋ ਗਈ। ਪਰ 1677 ਵਿਚ ਭਾਈ ਹਰਿਜਸ ਸੁਭਿੱਖੀ ਨੇ ਗੁਰੂ ਸਾਹਿਬ ਦੀ ਸ਼ਾਦੀ ਵਾਸਤੇ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ। ਉਸ ਦੀ ਚਾਹ ਸੀ ਕਿ ਗੁਰੂ ਸਾਹਿਬ ਬਰਾਤ ਲੈ ਕੇ ਲਾਹੌਰ ਆਉਣ। ਗੁਰੂ ਜੀ ਨੇ ਲਾਹੌਰ, ਹਿਫ਼ਾਜ਼ਤ ਪੱਖੋਂ, ਜਾਣਾ ਸਹੀ ਨਾ ਸਮਝਿਆ; ਪਰ, ਹੋਣ ਵਾਲੇ ਸਹੁਰੇ ਦੀ ਖ਼ਾਹਿਸ਼ ਪੂਰੀ ਕਰਨ ਵਾਸਤੇ, ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਤੋਂ ਯਾਰ੍ਹਾਂ ਕੁ ਕਿਲੋਮੀਟਰ ਦੂਰ ‘ਗੁਰੂ ਦਾ ਲਾਹੌਰ’ ਦੀ ਨੀਂਹ ਰੱਖੀ। 21 ਜੂਨ 1677 ਦੇ ਦਿਨ ਗੁਰੂ ਗੋਬਿਦ ਸਿੰਘ ਜੀ ਦਾ ਵਿਆਹ ਇਸੇ ਜਗ੍ਹਾ ’ਤੇ ਹੋਇਆ।

ਮਾਤਾ ਜੀਤੋ ਲਾਹੌਰ ਵਰਗੇ ਵੱਡੇ ਸ਼ਹਿਰ ਵਿਚ ਜੰਮੀ, ਪਲੀ ਤੇ ਵੱਡੀ ਹੋਈ ਸੀ। ਉੱਥੇ ਉਸ ਦੀਆਂ ਬਚਪਨ ਦੀਆਂ ਸਾਥਣਾਂ ਤੇ ਰਿਸ਼ਤੇਦਾਰ ਸਨ। ਵਿਆਹ ਮਗਰੋਂ ਉਹ ਇਕ ਨਿੱਕੇ ਜਿਹੇ ਪਿੰਡ ‘ਚੱਕ ਨਾਨਕੀ’ ਵਿਚ ਆ ਵਸੀ ਸੀ ਜਿੱਥੇ ਉਹ ਆਪਣੇ ਆਪ ਨੂੰ ਇਕੱਲੀ ਮਹਿਸੂਸ ਕਰਦੀ ਸੀ। ਭਾਵੇਂ ਹਜ਼ਾਰਾਂ ਸੰਗਤਾਂ ਉੱਥੇ ਆਉਂਦੀਆਂ ਸਨ ਪਰ ਉਹ ਸਾਰੇ ਗੁਰੂ ਸਾਹਿਬ ਦੇ ਦਰਸ਼ਨਾਂ ਵਾਸਤੇ ਆਉਂਦੇ ਸਨ, ਉਨ੍ਹਾਂ ਦਾ ਮਾਤਾ ਜੀਤੋ ਨਾਲ ਕੋਈ ਰਾਬਤਾ ਨਹੀਂ ਸੀ ਹੁੰਦਾ। ਇਸ ਇਕੱਲੇਪਣ ਕਾਰਨ ਉਹ ਬੀਮਾਰ ਰਹਿਣ ਲਗ ਪਏ ਸਨ।

ਅਖ਼ੀਰ ਜਦ ਸੱਤ-ਕੁ ਸਾਲ ਬੀਤ ਗਏ ਤੇ ਉਹ ਠੀਕ ਨਾ ਹੋ ਸਕੇ ਤਾਂ ਉਨ੍ਹਾਂ ਗੁਰੂ ਸਾਹਿਬ ਨੂੰ ਮਜਬੂਰ ਕਰ ਕੇ ਦੂਜਾ ਵਿਆਹ ਕਰਨ ਵਾਸਤੇ ਜ਼ੋਰ ਪਾਇਆ। ਗੁਰੂ ਗੋਬਿੰਦ ਸਿੰਘ ਜੀ ਦਾ ਦੂਜਾ ਵਿਆਹ ਸੁੰਦਰੀ (ਮਗਰੋਂ ਸੁੰਦਰ ਕੌਰ) ਨਾਲ ਹੋਇਆ। 1685 ਵਿਚ ਗੁਰੂ ਜੀ ਪਾਉਂਟਾ ਚਲੇ ਗਏ। ਉੱਥੇ ਸੁੰਦਰ ਕੌਰ ਨੇ 26 ਜਨਵਰੀ 1686 ਦੇ ਦਿਨ ਅਜੀਤ ਸਿੰਘ ਨੂੰ ਜਨਮ ਦਿੱਤਾ। ਬੱਚੇ ਨੂੰ ਜਨਮ ਦੇਣ ਮਗਰੋਂ ਮਾਤਾ ਸੁੰਦਰੀ ਬੀਮਾਰ ਪੈ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਮਾਤਾ ਜੀਤੋ ਨੇ ਸੰਭਾਲਣਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਅਜੀਤ ਸਿੰਘ ਵਧੇਰੇ ਮਾਤਾ ਜੀਤੋ ਦੀ ਗੋਦੀ ਵਿਚ ਹੀ ਰਹਿਣ ਲਗ ਪਿਆ। ਇਸ ਬਾਲ ਨਾਲ ਖੇਡਣ ਕਾਰਨ ਮਾਤਾ ਜੀਤੋ ਦਾ ਮਨ ਲਗ ਗਿਆ ਅਤੇ ਉਹ ਹੌਲੀ-ਹੌਲੀ ਠੀਕ ਹੋਣ ਲਗ ਪਏ। ਦੂਜੇ ਪਾਸੇ ਮਾਤਾ ਸੁੰਦਰੀ ਦੀ ਬੀਮਾਰੀ ਲਮਕ ਗਈ। ਮਾਤਾ ਜੀਤੋ ਠੀਕ ਹੋਣ ਮਗਰੋਂ ਸਾਰੇ ਕੰਮ ਵਿਚ ਪੂਰੀ ਦਿਲਚਸਪੀ ਲੈਣ ਲਗ ਪਏ ਤੇ ਮਾਤਾ ਸੁੰਦਰੀ ਦੀ ਸੇਵਾ ਵੀ ਕਰਦੇ ਰਹੇ।

ਸਿਹਤ ਠੀਕ ਹੋਣ ਮਗਰੋਂ ਮਾਤਾ ਜੀਤੋ ਨੇ ਤਿੰਨ ਬੱਚਿਆਂ ਨੂੰ ਜਨਮ ਦਿੱਤਾ: ਜੁਝਾਰ ਸਿੰਘ 27 ਚੇਤਰ ਸੰਮਤ 1747 (25 ਮਾਰਚ 1691), ਜ਼ੋਰਾਵਰ ਸਿੰਘ 6 ਮੱਘਰ ਸੰਮਤ 1753 (15 ਨਵੰਬਰ 1696), ਫ਼ਤਹਿ ਸਿੰਘ 2 ਫੱਗਣ 1755 (27 ਜਨਵਰੀ 1698)।

1698 ਵਿਚ ਅਜਿਹਾ ਸਮਾਂ ਵੀ ਆ ਗਿਆ ਕਿ ਮਾਤਾ ਜੀਤੋ ਫਿਰ ਬੀਮਾਰ ਪੈ ਗਏ। ਇਸ ਬੀਮਾਰੀ ਨੇ ਉਨ੍ਹਾਂ ਦਾ ਅੰਤ ਸਮੇਂ ਤਕ ਪਿੱਛਾ ਨਾ ਛੱਡਿਆ ਤੇ 5 ਦਸੰਬਰ 1700 ਦੇ ਦਿਨ ਉਹ ਚੜ੍ਹਾਈ ਕਰ ਗਏ। ਉਨ੍ਹਾਂ ਦਾ ਸਸਕਾਰ ਪਿੰਡ ਅਗੰਮਗੜ੍ਹ ਵਿਚ ਕੀਤਾ ਗਿਆ ਸੀ।

## ਮਾਤਾ ਸੁੰਦਰ ਕੌਰ (ਮਾਤਾ ਸੁੰਦਰੀ)

ਮਾਤਾ ਸੁੰਦਰ ਕੌਰ ਲਾਹੌਰ ਦੇ ਭਾਈ ਰਾਮ ਸਰਨ ਕੁਮਰਾਓ ਦੀ ਬੇਟੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਪਤਨੀ ਸਨ। ਗੁਰੂ ਗੋਬਿੰਦ ਸਿੰਘ ਜੀ ਨਾਲ ਆਪ ਦਾ ਵਿਆਹ 4 ਅਪਰੈਲ 1684 ਦੇ ਦਿਨ ਹੋਇਆ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਪਹਿਲੀ ਪਤਨੀ ਜੀਤ ਕੌਰ ਨੇ ਆਪਣੀ ਬੀਮਾਰੀ ਕਾਰਨ ਗੁਰੂ ਸਾਹਿਬ ’ਤੇ ਜ਼ੋਰ ਦੇ ਕੇ ਇਹ ਵਿਆਹ ਕਰਵਾਇਆ ਸੀ।



1685 ਵਿਚ ਗੁਰੂ ਸਾਹਿਬ ਪਾਉਂਟਾ ਚਲੇ ਗਏ। ਉੱਥੇ ਸੁੰਦਰ ਕੌਰ ਨੇ 30 ਮਾਘ ਸੰਮਤ 1743 (26 ਜਨਵਰੀ 1686) ਦੇ ਦਿਨ ਅਜੀਤ ਸਿੰਘ ਨੂੰ ਜਨਮ ਦਿੱਤਾ। ਬੱਚੇ ਨੂੰ ਜਨਮ ਦੇਣ ਮਗਰੋਂ ਮਾਤਾ ਸੁੰਦਰੀ ਬੀਮਾਰ ਪੈ ਗਏ। ਉਨ੍ਹਾਂ ਨੇ 1688 ਤੋਂ ਮਾਰਚ 1705 ਤਕ ਸਾ ਸਮਾਂ ਅਨੰਦਪੁਰ ਵਿਚ ਹੀ ਬਿਤਾਇਆ। 1705 ਵਿਚ ਅਨੰਦਪੁਰ ਦਾ ਘੇਰਾ ਪੈਣ ਤੋਂ ਕੁਝ ਦਿਨ ਪਹਿਲਾਂ ਉਹ ਆਪਣੀ ਨੂੰਹ ਤਾਰਾ ਕੌਰ ਨਾਲ ਅਨੰਦਪੁਰ ਤੋਂ ਲਖਨੌਰ, ਆਗਰਾ ਹੁੰਦੇ ਹੋਏ ਬੁਰਹਾਨਪੁਰ ਚਲੇ ਗਏ। 1706 ਵਿਚ ਜਦ ਆਪ ਨੂੰ ਗੁਰੂ ਸਾਹਿਬ ਦੇ ਤਲਵੰਡੀ ਹੋਣ ਦਾ ਪਤਾ ਲਗਾ ਤਾਂ ਆਪ ਉੱਥੇ ਪੁੱਜੇ ਤੇ ਛੇ-ਕੁ ਮਹੀਨੇ ਉੱਥੇ ਰਹੇ। ਅਕਤੂਬਰ 1708 ਵਿਚ ਜਦ ਗੁਰੂ ਜੀ ਦੱਖਣ ਵੱਲ ਗਏ ਤਾਂ ਆਪ ਭਾਈ ਮੱਲਾ ਸਿੰਘ ਅਤੇ ਗੋਦੜੀਆ ਸਿੰਘ ਨਾਲ ਦਿੱਲੀ ਚਲੇ ਗਏ ਤੇ ਉਥੋਂ ਫਿਰ ਬੁਰਹਾਨਪੁਰ ਚਲੇ ਗਏ। ਮਈ 1708 ਵਿਚ ਗੁਰੂ ਸਾਹਿਬ ਜਦ ਬੁਰਹਾਨਪੁਰ ਪੁੱਜੇ ਤਾਂ ਆਪ ਨਾਲ ਫਿਰ ਮੇਲ ਹੋਇਆ। ਅਕਤੂਬਰ 1708 ਵਿਚ ਆਪ ਗੁਰੂ ਸਾਹਿਬ ਦੀ ਅੰਤਮ ਅਰਦਾਸ ਵਿਚ ਸ਼ਾਮਿਲ ਹੋਣ ਨੰਦੇੜ ਗਏ। ਇਸ ਤੋਂ ਬਾਅਦ ਆਪ ਦਿੱਲੀ ਆ ਕੇ ਦਿਲਵਾਲੀ ਇਲਾਕੇ ਵਿਚ ਰਹਿਣ ਲਗ ਪਏ। ਵਿਚੋਂ ਇਕ ਵਾਰ ਆਪ ਅੰਮ੍ਰਿਤਸਰ ਵੀ ਆਏ। ਦਿੱਲੀ ਵਿਚ ਜਦ ਅਜੀਤ ਸਿੰਘ ਪਾਲਿਤ ਨੇ ਗ਼ਲਤ ਹਰਕਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਆਪ ਉਸ ਨੂੰ ਛੱਡ ਕੇ ਫਿਰ ਬੁਰਹਾਨਪੁਰ ਆ ਗਏ। ਅਜੀਤ ਸਿੰਘ ਦੀ ਮੌਤ (1725) ਮਗਰੋਂ ਦਿੱਲੀ ਦੇ ਸਿੱਖ ਆਪ ਨੂੰ ਵਾਪਿਸ ਲੈ ਆਏ। ਇੱਥੇ ਹੀ 13 ਅੱਸੂ ਸੰਮਤ 1803 (14 ਸਤੰਬਰ 1746) ਦੇ ਦਿਨ ਆਪ ਦੀ ਮੌਤ ਹੋਈ।

ਮਾਤਾ ਸੁੰਦਰ ਕੌਰ ਨੇ ਦਿੱਲੀ ਦੇ ਸਿੱਖਾਂ ਨੂੰ ਗੁਰਮਤਿ ਨਾਲ ਜੋੜੀ ਰੱਖਿਆ। ਮਗਰੋਂ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਨੇ ਆਪ ਨਾਲ ਜ਼ਿਆਦਤੀ ਕੀਤੀ ਤੇ ਇਹ ਲਿਖ ਮਾਰਿਆ ਕਿ ਆਪ ਨੇ ਫ਼ਰੱਖ਼ਸੀਅਰ ਨਾਲ ਮਿਲ ਕੇ ਬੰਦਾ ਸਿੰਘ ਦੇ ਖ਼ਿਲਾਫ਼ ਮੁਹਿੰਮ ਚਲਾਈ ਸੀ। ਜਦ ਕਿ ਇਹ ਕੋਰਾ ਝੂਠ ਹੈ। ਮਾਤਾ ਜੀ ਵੱਲੋਂ ਅਜਿਹਾ ਕੀਤੇ ਜਾਣ ਦਾ ਜ਼ਰਾ ਮਾਸਾ ਵੀ ਸਬੂਤ ਨਹੀਂ ਹੈ।

## ਮਾਤਾ ਸਾਹਿਬ ਕੌਰ (ਸਾਹਿਬ ਦੇਵਾਂ)

ਮਾਤਾ ਸਾਹਿਬ ਕੌਰ, ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਪਤਨੀ ਸਨ। ਇਹ ਭਾਈ ਰਾਮੂ ਬਸੀ ਵਾਸੀ ਰੋਹਤਾਸ ਦੀ ਪੁੱਤਰੀ ਸਨ (ਗੁਰੂ ਸਾਹਿਬ ਦਾ ਪਹਿਲਾ ਵਿਆਹ ਮਾਤਾ ਜੀਤ ਕੌਰ ਤੇ ਦੂਜਾ ਮਾਤਾ ਸੁੰਦਰ ਕੌਰ ਨਾਲ ਹੋਇਆ ਸੀ)।

ਸੰਨ 1698 ਵਿਚ ਅਜਿਹਾ ਸਮਾਂ ਵੀ ਆ ਗਿਆ ਕਿ ਮਾਤਾ ਜੀਤੋ ਫਿਰ ਬੀਮਾਰ ਪੈ ਗਏ। ਹੁਣ ਮਾਤਾ ਸੁੰਦਰੀ ਤੇ ਮਾਤਾ ਜੀਤੋ ਦੋਵੇਂ ਬੀਮਾਰ ਸਨ ਤੇ ਮਾਤਾ ਗੁਜਰੀ ਬਹੁਤ ਬਜ਼ੁਰਗ ਸਨ। ਇਸ ਹਾਲਤ ਵਿਚ ਘਰ ਦਾ ਇੰਤਜ਼ਾਮ ਮੁਸ਼ਕਿਲ ਹੋ ਗਿਆ ਸੀ। ਇਨ੍ਹਾਂ ਦਿਨਾਂ ਵਿਚ ਰੋਹਤਾਸ ਤੋਂ ਸਾਹਿਬ ਦੇਵਾਂ ਦਾ ਪਰਵਾਰ ਉੱਥੇ ਪੁੱਜਾ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਸਾਹਿਬ ਦੇਵਾਂ ਨਾਲ ਵਿਆਹ ਕਰਨ ਵਾਸਤੇ ਅਰਜ਼ ਕੀਤੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਮਝਾਇਆ ਕਿ ਹੁਣ ਮੈਂ ਗ੍ਰਹਿਸਤ ਭੋਗ ਚੁਕਾ ਹਾਂ ਤੇ ਹੋਰ ਇਸ ਤੋਂ ਅੱਗੇ ਨਹੀਂ ਚਲਣਾ ਚਾਹੁੰਦਾ। ਇਸ ’ਤੇ ਸਾਹਿਬ ਦੇਵਾਂ ਨੇ ਕਿਹਾ ਕਿ ਮੇਰੇ ਨਾਲ ਸ਼ਾਦੀ ਕਰ ਲਓ, ਮੈਂ ਤਾਂ ਸਿਰਫ਼ ਸਾਹਿਬਜ਼ਾਦਿਆਂ, ਤੁਹਾਡੀਆਂ ਦੋਹਾਂ ਬੀਮਾਰ ਪਤਨੀਆਂ ਅਤੇ ਮਾਤਾ ਗੁਜਰੀ ਜੀ ਦੀ ਸੇਵਾ ਕਰਿਆ ਕਰਾਂਗੀ। ਇਸ ਸੂਰਤ ਵਿਚ ਗੁਰੂ ਸਾਹਿਬ ਨੇ 5 ਸਾਵਣ 1758 (5 ਜੁਲਾਈ 1700) ਦੇ ਦਿਨ ਸਾਹਿਬ ਦੇਵਾਂ ਨਾਲ ਵਿਆਹ ਕਰ ਲਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਘੇਰਾ ਪੈਣ ਤੋਂ ਪਹਿਲਾਂ ਹੀ ਮਾਤਾ ਸੁੰਦਰ ਕੌਰ ਤੇ ਮਾਤਾ ਸਾਹਿਬ ਕੌਰ



ਨੂੰ ਉੱਥੋਂ ਭੇਜ ਦਿੱਤਾ ਸੀ। ਉਹ ਲਖਨੌਰ ਹੁੰਦੇ ਹੋਏ ਪਹਿਲਾਂ ਆਗਰਾ, ਫਿਰ ਮਥਰਾ ਤੇ ਇਸ ਮਗਰੋਂ ਬੁਰਹਾਨਪੁਰ ਚਲੇ ਗਏ। ਕੁਝ ਚਿਰ ਉੱਥੇ ਰਹਿਣ ਮਗਰੋਂ ਆਪ ਫਿਰ ਦਿੱਲੀ ਆ ਗਏ। ਫਿਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਸਨ ਤਾਂ ਫਿਰ ਆਪ ਉੱਥੇ ਪੁੱਜੇ ਤੇ ਅਪ੍ਰੈਲ ਤੋਂ ਅਕਤੂਬਰ ਤਕ ਉੱਥੇ ਰਹੇ। ਦੱਖਣ ਵੱਲ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਜੀ ਨੇ ਮਾਤਾ ਸੁੰਦਰ ਕੌਰ ਨੂੰ ਭਾਈ ਮਾਲਾ ਸਿੰਘ, ਭਾਈ ਗੋਦਰੀਆ ਸਿੰਘ ਦੇ ਨਾਲ ਦਿੱਲੀ ਭੇਜ ਦਿਤਾ ਸੀ। ਮਾਤਾ ਸਾਹਿਬ ਕੌਰ ਦੱਖਣ ਵਿਚ ਗੁਰੂ ਸਾਹਿਬ ਕੋਲ ਹੀ ਸਨ ਤੇ ਇਸ ਮਗਰੋਂ ਆਪ ਦਿੱਲੀ ਆ ਗਏ। ਆਪ ਨੇ ਆਪਣੀ ਬਾਕੀ ਉਮਰ ਦਿੱਲੀ ਵਿਚ ਹੀ ਬਿਤਾਈ। ਇਥੇ ਹੀ, ਕੇਸਰ ਸਿੰਘ ਛਿਬਰ ਮੁਤਾਬਕ, ਸੰਨ 1731 ਵਿਚ ਅਕਾਲ ਚਲਾਣਾ ਕਰ ਗਏ। ਇਕ ਹੋਰ ਰਿਵਾਇਤ ਮੁਤਾਬਿਕ ਆਪ ਦੀ ਮੌਤ 27 ਅੱਸੂ, ਸੁਦੀ 6, ਸੰਮਤ 1804 (27 ਸਤੰਬਰ 1747) ਦੇ ਦਿਨ ਹੋਈ ਸੀ।

# ਹੁਣ ਕੱਚ ਦੀਆਂ ਬੋਤਲਾਂ ’ਚ ਪਾਏ ਪਦਾਰਥ ਵੀ ਖ਼ਤਰੇ ਤੋਂ ਖਾਲੀ ਨਹੀਂ !

ਲੰਬੇ ਸਮੇਂ ਤੋਂ ਕੱਚ ਦੀਆਂ ਬੋਤਲਾਂ ਨੂੰ ਪਲਾਸਟਿਕ ਦੇ ਬਦਲੇ ਸੁਰੱਖਿਅਤ ਬਦਲ ਮੰਨਿਆ ਜਾਂਦਾ ਰਿਹਾ ਹੈ। ਹਾਲਾਂਕਿ ਇਕ ਨਵੇਂ ਅਧਿਐਨ ਨੇ ਇਹ ਖ਼ੁਲਾਸਾ ਕੀਤਾ ਹੈ ਕਿ ਅਸਲ ਵਿਚ ਇਹ ਕੱਚ ਦੀਆਂ ਬੋਤਲਾਂ ਪੀਣ ਵਾਲੇ ਪਦਾਰਥਾਂ ‘ਚ ਪੰਜਾਹ ਗੁਣਾ ਜ਼ਿਆਦਾ ਮਾਈਕ੍ਰੋਪਲਾਸਟਿਕ ਛੱਡਦੀਆਂ ਹਨ। ਫਰਾਂਸ ਦੀ ਭੋਜਨ ਸੁਰੱਖਿਆ ਏਜੰਸੀ (ਏ.ਐਨ.ਐਸ.ਈ.ਸੀ.) ਦੁਆਰਾ ਕੀਤੇ ਗਏ ਅਧਿਐਨ ਤੋਂ ਪਤਾ ਚਲਦਾ ਹੈ ਕਿ ਭਾਵੇਂ ਮਾਈਕ੍ਰੋਪਲਾਸਟਿਕ ਸਾਰੇ ਪੀਣ ਵਾਲੇ ਪਦਾਰਥਾਂ ਵਿਚ ਮੌਜੂਦ ਹੁੰਦੇ ਹਨ ਪਰ ਕੱਚ ਦੀਆਂ



ਸੁਰਜੀਤ ਸਿੰਘ ਫਲੋਰਾ

ਬੋਤਲਾਂ ਵਿਚ ਪੈਕ ਕੀਤੇ ਗਏ ਪਦਾਰਥਾਂ ‘ਚ ਪਲਾਸਟਿਕ ਦੀਆਂ ਬੋਤਲਾਂ ਜਾਂ ਡੱਬਿਆਂ ਨਾਲੋਂ ਜ਼ਿਆਦਾ ਮਾਈਕ੍ਰੋਪਲਾਸਟਿਕ ਕਣ ਹੁੰਦੇ ਹਨ। ਇਹ ਖ਼ੁਲਾਸਾ ਪਹਿਲੀ ਵਾਰ ਅਣਦੇਖੇ ਪ੍ਰਦੂਸ਼ਣ ਦੇ ਸਰੋਤ ਨੂੰ ਉਜਾਗਰ ਕਰਦਾ ਹੈ ਅਤੇ ਮਾਈਕ੍ਰੋਪਲਾਸਟਿਕ ਪ੍ਰਦੂਸ਼ਣ ਦੀ ਗੁੰਝਲਦਾਰ ਪ੍ਰਕਿਰਤੀ ਨੂੰ ਉਜਾਗਰ ਕਰਦਾ ਹੈ। ਅਧਿਐਨ ਕੀਤੇ ਗਏ ਜ਼ਿਆਦਾਤਰ ਪੀਣ ਵਾਲੇ ਪਦਾਰਥਾਂ ਲਈ ਕੱਚ ਦੀਆਂ ਬੋਤਲਾਂ ‘ਚ ਮਾਈਕ੍ਰੋਪਲਾਸਟਿਕ ਦਾ ਪੱਧਰ ਦੂਜੇ ਡੱਬਿਆਂ ਨਾਲੋਂ ਵੱਧ ਪਾਇਆ ਗਿਆ।

ਉਦਾਹਰਨ ਵਜੋਂ ਔਸਤਨ ਕੋਲਾ, ਨਿੰਬੂ ਪਾਣੀ, ਆਈਸਡ ਚਾਹ ਅਤੇ ਬੀਅਰ ਦੀਆਂ ਕੱਚ ਦੀਆਂ ਬੋਤਲਾਂ ਵਿਚ ਪ੍ਰਤੀ ਲੀਟਰ ਲਗਭਗ 100 ਮਾਈਕ੍ਰੋਪਲਾਸਟਿਕ ਕਣ ਸਨ। ਇਹ ਗਿਣਤੀ ਪਲਾਸਟਿਕ ਦੀਆਂ ਬੋਤਲਾਂ ਅਤੇ ਡੱਬਿਆਂ ਵਿਚ ਪੰਜ ਤੋਂ 50 ਗੁਣਾ ਘੱਟ ਸੀ। ਇਸ ਦੇ ਨਾਲ ਹੀ ਰਿਪੋਰਟ ਅਨੁਸਾਰ ਖੋਜਕਰਤਾਵਾਂ ਨੇ ਕੱਚ ਦੀਆਂ ਬੋਤਲਾਂ ਦੇ ਢੱਕਣਾਂ ‘ਤੇ ਵਰਤੇ ਗਏ ਰੰਗ ਤੋਂ ਗੰਦਗੀ ਦੇ ਅਣਕਿਆਸੇ ਸਰੋਤ ਦਾ ਪਤਾ ਲਗਾਇਆ। ਸਮੇਂ ਦੇ ਨਾਲ ਢੱਕਣ ‘ਤੇ ਰੰਗ ਕੀਤੀ ਪਰਤ ਵਿਗੜ ਜਾਂਦੀ ਹੈ ਅਤੇ ਸਟੋਰੇਜ ਤੇ ਟ੍ਰਾਂਸਪੋਰਟ ਦੌਰਾਨ ਛੋਟੇ ਪਲਾਸਟਿਕ ਕਣਾਂ ਨੂੰ ਤਰਲ ਵਿਚ ਛੱਡ ਦਿੰਦੀ ਹੈ। ਇਸ ਸਰੋਤ ਵੱਲ ਦੋ ਮੁੱਖ ਸੁਰਾਗ ਇਸ਼ਾਰਾ ਕਰਦੇ ਹਨ, ਪਹਿਲਾਂ ਲੱਭੇ ਗਏ ਮਾਈਕ੍ਰੋਪਲਾਸਟਿਕਸ ਢੱਕਣ ਦੇ ਰੰਗ ਅਤੇ ਰਸਾਇਣਕ ਬਣਤਰ ਨਾਲ ਮੇਲ ਖਾਂਦੇ ਹਨ ਅਤੇ ਦੂਜਾ ਸੂਖਮ ਵਿਸ਼ਲੇਸ਼ਣ ਨੇ ਢੱਕਣ ਤੋਂ ਥੋੜ੍ਹਾ-ਥੋੜ੍ਹਾ ਖ਼ਰਚ ਹੋਣ ਦਾ ਖ਼ੁਲਾਸਾ ਕੀਤਾ ਹੈ, ਜੋ ਨੰਗੀ ਅੱਖ ਨੂੰ ਨਹੀਂ ਦਿਸਦਾ। ਸੰਭਾਵਿਤ ਤੌਰ ‘ਤੇ ਸਟੋਰੇਜ ਦੌਰਾਨ ਢੱਕਣ ਇਕ-ਦੂਜੇ ਦੇ ਵਿਰੁੱਧ ਰਗੜਨ ‘ਤੇ ਇਹ ਰੰਗ ਪੀਣ ਵਾਲੇ ਪਦਾਰਥਾਂ ਵਿਚ ਮਿਲ ਜਾਂਦਾ ਹੈ, ਜੋ ਸਿਹਤ ਲਈ ਹਾਨੀਕਾਰਕ ਸਾਬਤ ਹੁੰਦਾ ਹੈ।

ਏ.ਐਨ.ਐਸ.ਈ.ਸੀ. ਦਾ ਕਹਿਣਾ ਹੈ ਕਿ ਜਦੋਂ ਉਹ ਇਹ ਖੋਜ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਉਲਟ ਨਤੀਜੇ ਦੀ ਉਮੀਦ ਸੀ ਪਰ ਇਸ ਦੀ ਬਜਾਏ ਉਨ੍ਹਾਂ ਨੇ ਪਾਇਆ ਕਿ ਕੱਚ ਦੀਆਂ ਬੋਤਲਾਂ ਮਾਈਕ੍ਰੋਪਲਾਸਟਿਕਸ ਦਾ ਇਕ ਵੱਡਾ ਸਰੋਤ ਹਨ, ਜੋ ਉਨ੍ਹਾਂ ਨੇ ਕਦੇ ਸੋਚਿਆ ਵੀ ਨਹੀਂ ਸੀ। ਟੈਸਟ ਕੀਤੇ ਗਏ ਪੀਣ ਵਾਲੇ ਪਦਾਰਥਾਂ ਵਿਚੋਂ ਬੀਅਰ ਸਭ ਤੋਂ ਵੱਧ ਦੂਸ਼ਿਤ ਸੀ, ਜਿਸ ‘ਚ ਪ੍ਰਤੀ ਲੀਟਰ ਔਸਤਨ 60 ਮਾਈਕ੍ਰੋਪਲਾਸਟਿਕ ਕਣ ਸਨ। ਨਿੰਬੂ ਪਾਣੀ ‘ਚ 40 ਕਣ ਪ੍ਰਤੀ ਲੀਟਰ ਨੇੜਿਓਂ ਦੇਖੇ ਗਏ, ਜਦਕਿ ਹੋਰ ਸਾਫ਼ਟ ਡ੍ਰਿੰਕਸ ‘ਚ ਲਗਭਗ 30 ਦੇ ਕਰੀਬ ਸਨ। ਵਾਈਨ ‘ਚ ਹੈਰਾਨੀਜਨਕ ਤੌਰ ‘ਤੇ ਘੱਟ ਮਾਈਕ੍ਰੋਪਲਾਸਟਿਕ ਗਿਣਤੀ ਦਿਖਾਈ ਦਿੱਤੀ, ਕਿਉਂਕਿ ਵਾਈਨ ਦੀਆਂ ਬੋਤਲਾਂ ਧਾਤ ਦੇ ਢੱਕਣਾਂ ਦੀ ਬਜਾਏ, ਕਾਰਕ ਸਟਾਪਰਾਂ ਨਾਲ ਬੰਦ ਕੀਤੀਆਂ ਜਾਂਦੀਆਂ ਹਨ।

ਮਾਈਕ੍ਰੋਪਲਾਸਟਿਕ ਦੇ ਪੱਧਰ ਪੀਣ ਵਾਲੇ ਪਦਾਰਥਾਂ ਵਿਚ ਵੱਖ-ਵੱਖ ਕਿਉਂ ਹੁੰਦੇ ਹਨ, ਇਸ ਦਾ ਕਾਰਨ ਅਜੇ ਲੱਭਣਾ ਬਾਕੀ ਹੈ, ਜਿਵੇਂ ਕਿ ਇਹ ਨਿਰਧਾਰਤ ਕਰਨਾ ਅਜੇ ਸੰਭਵ ਨਹੀਂ ਹੈ ਕਿ, ਕੀ ਇਹ ਪੱਧਰ ਸਿਹਤ ਲਈ ਜੋਖ਼ਮ ਪੈਦਾ ਕਰਦੇ ਹਨ। ਕੱਚ ਦੀਆਂ ਬੋਤਲਾਂ ‘ਚ ਪੀਣ ਵਾਲੇ ਪਦਾਰਥ ਕਿਵੇਂ ਦੂਸ਼ਿਤ ਹੁੰਦੇ ਹਨ ਅਤੇ ਮਾਈਕ੍ਰੋਪਲਾਸਟਿਕ ਦੇ ਪੱਧਰ ਨੂੰ ਘਟਾਉਣ ਦੇ ਤਰੀਕਿਆਂ ਦੀ ਪੜਚੋਲ ਕਰਨ ਲਈ ਖੋਜ ਟੀਮ ਨੇ ਵੱਖ-ਵੱਖ ਸਫ਼ਾਈ ਤਰੀਕਿਆਂ ਦੇ ਪ੍ਰਭਾਵ ਦੀ ਜਾਂਚ ਕੀਤੀ ਹੈ। ਉਨ੍ਹਾਂ ਨੇ ਤਿੰਨ ਦ੍ਰਿਸ਼ਾਂ ਦੀ ਜਾਂਚ ਕੀਤੀ, ਪਹਿਲਾ ਉਨ੍ਹਾਂ ਨੇ ਬੋਤਲਾਂ ਨੂੰ ਸਾਫ਼ ਕੀਤਾ ਤੇ ਉਨ੍ਹਾਂ ਨੂੰ ਫਿਲਟਰ ਕੀਤੇ ਪਾਣੀ ਨਾਲ ਭਰਿਆ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਮਾਈਕ੍ਰੋਪਲਾਸਟਿਕ ਮੌਜੂਦ ਨਹੀਂ ਸੀ, ਫਿਰ ਉਨ੍ਹਾਂ ਨੂੰ ਅਣਪ੍ਰਮਾਣਿਤ ਢੱਕਣਾਂ ਨਾਲ ਬੰਦ ਕਰ ਦਿੱਤਾ। ਅੱਗੇ ਉਨ੍ਹਾਂ ਨੇ ‘ਏਅਰ ਬਲੋਅਰ’ ਨਾਲ ਢੱਕਣਾਂ ‘ਤੇ ਹਵਾ ਉਡਾਉਣ ਦੇ ਪ੍ਰਭਾਵ ਦੀ ਜਾਂਚ ਕੀਤੀ ਅਤੇ ਅੰਤ ਵਿਚ ਉਨ੍ਹਾਂ ਨੇ ਬੋਤਲਾਂ ਨੂੰ ਬੰਦ ਕਰਨ ਤੋਂ ਪਹਿਲਾਂ ਫਿਲਟਰ ਕੀਤੇ ਪਾਣੀ ਤੇ ਅਲਕੋਹਲ ਵਿਚ ਢੱਕਣਾਂ ਨੂੰ ਸਾਫ਼ ਕੀਤਾ।

ਨਤੀਜੇ ਹੈਰਾਨ ਕਰਨ ਵਾਲੇ ਸਨ। ਗੰਦੇ ਢੱਕਣਾਂ ਨਾਲ ਸੀਲ ਕੀਤੀਆਂ ਬੋਤਲਾਂ ‘ਚ ਔਸਤਨ 287 ਕਣ ਪ੍ਰਤੀ ਲੀਟਰ ਸਨ। ਇਹ ਗਿਣਤੀ ਕਾਫ਼ੀ ਘਟ ਕੇ 106 ਕਣ ਪ੍ਰਤੀ ਲੀਟਰ ਹੋ ਗਈ, ਜਦੋਂ ਵਰਤੋਂ ਤੋਂ ਪਹਿਲਾਂ ਢੱਕਣਾਂ ਨੂੰ ਹਵਾ ‘ਚ ਰੱਖ ਕੇ ਸਾਫ ਕਰ ਕੇ ਲਗਾਇਆ ਗਿਆ ਸੀ ਤਾਂ ਪ੍ਰਦੂਸ਼ਣ ਹੋਰ ਵੀ ਘਟ ਕੇ 87 ਕਣ ਪ੍ਰਤੀ ਲੀਟਰ ਹੋ ਗਿਆ, ਜਦੋਂ ਢੱਕਣਾਂ ਨੂੰ ਅਲਕੋਹਲ ਨਾਲ ਧੋਤਾ ਗਿਆ। ਨਵੇਂ ਢੱਕਣਾਂ ਅਤੇ ਪਾਣੀ ਨਾਲ ਭਰੀਆਂ ਤਾਂ ਸਾਫ਼ ਬੋਤਲਾਂ ‘ਚ ਇਨਕੈਪਸੂਲੇਸ਼ਨ ਪ੍ਰਯੋਗਾਂ ਨੇ ਢੱਕਣ ਦੇ ਰੰਗ ਦੇ ਸਮਾਨ ਮਾਈਕ੍ਰੋਪਲਾਸਟਿਕਸ ਦੀ ਮੌਜੂਦਗੀ ਦਾ ਖ਼ੁਲਾਸਾ ਕੀਤਾ। ਇਨ੍ਹਾਂ ਨਤੀਜਿਆਂ ਨੇ ਦਿਖਾਇਆ ਕਿ ਢੱਕਣ ‘ਤੇ ਕੀਤੇ ਰੰਗ ਬੋਤਲਾਂ ‘ਚ ਮਾਈਕ੍ਰੋਪਲਾਸਟਿਕਸ ਗੰਦਗੀ ਦਾ ਇਕ ਸਰੋਤ ਹਨ। ਪਰ ਪਲਾਸਟਿਕ ਕਣਾਂ ਨੂੰ ਢੱਕਣ ਨਾਲ ਬੰਦ ਕੀਤੀਆਂ ਬੋਤਲਾਂ ‘ਚ ਪੈਦਾ ਹੋਣ ਤੋਂ ਰੋਕਣ ਲਈ ਕੀ ਕੀਤਾ ਜਾ ਸਕਦਾ ਹੈ?

ਰਿਪੋਰਟ ਨੇ ਗੰਦਗੀ ਨੂੰ ਘਟਾਉਣ ਲਈ ਇਕ ਵਿਹਾਰਕ ਢੰਗ ਦੀ ਪਛਾਣ ਕੀਤੀ ਹੈ। ਢੱਕਣਾਂ ਨੂੰ ਸਾਫ਼ ਕਰਨਾ, ਹਵਾ ਮਾਰ ਕੇ ਅਤੇ ਪਾਣੀ-ਅਲਕੋਹਲ ਦੇ ਮਿਸ਼ਰਣ ਨਾਲ ਸਾਫ਼ ਕਰ ਕੇ ਮਾਈਕ੍ਰੋਪਲਾਸਟਿਕਸ ਦੇ ਪੱਧਰ ਨੂੰ 60 ਫ਼ੀਸਦੀ ਤੱਕ ਘਟਾਇਆ ਜਾ ਸਕਦਾ ਹੈ। ਇਹ ਖ਼ਪਤਕਾਰਾਂ ਦੀ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਸਹੀ ਪਹੁੰਚ ਪੇਸ਼ ਕਰਦੀ ਹੈ। ਮਾਈਕ੍ਰੋਪਲਾਸਟਿਕ ਸੰਬੰਧੀ ਹੋਰ ਸਥਿਤੀਆਂ ਦੀ ਵੀ ਪੜਚੋਲ ਕੀਤੀ ਜਾ ਸਕਦੀ ਹੈ ਜਿਵੇਂ ਕਿ ਵਰਤੋਂ ਤੋਂ ਪਹਿਲਾਂ ਢੱਕਣਾਂ ਨੂੰ ਤੇ ਸਟੋਰ ਕਰਨ ਵਾਲੇ ਤਰੀਕਿਆਂ ਨੂੰ ਬਦਲਣਾ ਅਤੇ ਰਗੜ ਤੋਂ ਬਚਾਅ ਲਈ ਢੱਕਣ ‘ਤੇ ਵਰਤੇ ਰੰਗ ਦੇ ਤਰੀਕੇ ਨੂੰ ਬਦਲਣਾ ਆਦਿ।

# ਬਾਲਜ਼ਾਕ ਦੀ ਜੀਵਨੀ ਬਾਰੇ ਨਾਵਲ

ਵਿਸ਼ਵ ਦੇ ਮਹਾਨ ਨਾਵਲਕਾਰ, ਕਹਾਣੀਕਾਰ, ਨਾਟਕਕਾਰ, ਨਿਬੰਧਕਾਰ ਅਤੇ ਵਿਚਾਰਕ ਓਨੋਰੇ ਦ ਬਾਲਜ਼ਾਕ (1799-1850) ਦੇ ਬਹੁਪੱਖੀ ਤੇ ਬਹੁਰੰਗੀ ਜੀਵਨ 'ਤੇ ਆਧਾਰਿਤ ਅਮਰੀਕੀ ਲੇਖਕ ਚਾਰਲਸ ਗੋਰਹਾਮ ਦਾ ਜੀਵਨੀ ਮੂਲਕ ਨਾਵਲ 'ਵਾਈਨ ਆਫ ਲਾਈਫ' ਪਹਿਲੀ ਵਾਰ 1958 ਵਿਚ ਡਾਇਲ ਪ੍ਰੈੱਸ, ਨਿਊਯਾਰਕ ਤੋਂ ਪ੍ਰਕਾਸ਼ਿਤ ਹੋਇਆ ਸੀ ਤੇ ਉਸ ਤੋਂ ਬਾਅਦ ਇਹ ਮੁੜ ਕਦੇ ਨਹੀਂ ਛਪਿਆ। ਸਮਾਂ ਬੀਤਣ 'ਤੇ ਇਸ ਦੀ ਗਿਣਤੀ ਦੁਨੀਆ ਦੀਆਂ ਦੁਰਲੱਭ ਪੁਸਤਕਾਂ ਵਿਚ ਹੋਣ ਲੱਗੀ। ਬਾਜ਼ਾਰ 'ਚੋਂ ਪੁਸਤਕ ਓਝਲ ਹੋਈ ਤਾਂ ਉਸ ਦਾ ਲੇਖਕ ਚਾਰਲਸ ਗੋਰਹਾਮ ਵੀ ਅਣਗੌਲਿਆ ਹੀ ਰਿਹਾ। ਇੱਥੋਂ ਤੱਕ ਕਿ 'ਚੈਂਬਰਜ਼ ਬਾਇਓਗਰਾਫੀਕਲ ਡਿਕਸ਼ਨਰੀ' ਵਿਚ ਵੀ ਉਸ ਦੇ ਜੀਵਨ ਸਬੰਧੀ ਕੋਈ ਸੂਚਨਾ ਦਰਜ ਨਹੀਂ ਹੈ।



ਚਾਰਲਸ ਗੋਰਹਾਮ ਦੇ ਨਾਵਲ

**ਜੰਗ ਬਹਾਦਰ ਗੋਇਲ**


'ਵਾਈਨ ਆਫ ਲਾਈਫ' ਦਾ ਨਾਂ ਮੈਂ ਪਹਿਲੀ ਵੇਰਾਂ 1971-72 ਦੇ ਨੇੜੇ-ਤੇੜੇ ਆਪਣੇ ਬਚਪਨ ਦੇ ਦੋਸਤ ਸੁਰਿੰਦਰ ਸ਼ਰਮਾ ਕੋਲੋਂ ਸੁਣਿਆ ਸੀ। ਉਸ ਨੂੰ ਇਸ ਬਾਰੇ ਜਾਣਕਾਰੀ ਪੰਜਾਬੀ ਦੇ ਅਤਿ ਸਤਿਕਾਰਕ ਬਹੁਵਿਧਾਈ ਲੇਖਕ ਮਰਹੂਮ ਸੁਖਬੀਰ ਤੋਂ ਹਾਸਿਲ ਹੋਈ ਸੀ। ਉਹ ਵਿਸ਼ਵ ਸਾਹਿਤ ਦੇ ਬੜੇ ਗੰਭੀਰ ਪਾਠਕ ਸਨ ਤੇ ਉਨ੍ਹਾਂ ਦੀ ਨਿੱਜੀ ਲਾਇਬ੍ਰੇਰੀ ਤਾਂ ਅਨਮੋਲ ਪੁਸਤਕਾਂ ਦਾ ਭੰਡਾਰ ਸੀ। ਇਹ ਜੀਵਨੀ-ਮੂਲਕ ਨਾਵਲ ਉਨ੍ਹਾਂ ਨੇ ਪਿਛਲੀ ਸਦੀ ਦੇ ਛੇਵੇਂ ਦਹਾਕੇ ਵਿਚ ਮੁੰਬਈ ਦੇ ਸਟਰੈਂਡ ਬੁੱਕ ਸਟਾਲ ਤੋਂ ਖਰੀਦ ਕੇ ਪੜ੍ਹਿਆ ਸੀ। ਘਰੇ ਮਿਲਣ ਆਏ ਕਿਸੇ ਦੋਸਤ ਕੋਲ ਇਸ ਨਾਵਲ ਦੀ ਉਨ੍ਹਾਂ ਨੇ ਤਾਰੀਫ਼ ਕੀਤੀ ਤਾਂ ਉਹ ਪੜ੍ਹਨ ਲਈ ਮੰਗ ਕੇ ਲੈ ਗਿਆ। ਸੱਚ ਹੀ ਹੈ ਕਿ ਜੋ ਕਿਤਾਬ ਹੱਥੋਂ ਗਈ ਸੋ ਗਈ। ਰੱਬ ਸਬੱਬੀਂ ਹੀ ਘਰ ਮੁੜਦੀ ਹੈ। 'ਵਾਈਨ ਆਫ ਲਾਈਫ' ਮੁੜ ਸੁਖਬੀਰ ਦੇ ਕਦੇ ਹੱਥ ਨਾ ਲੱਗੀ।

ਮੈਂ ਅਤੇ ਸੁਰਿੰਦਰ ਦੋਵਾਂ ਨੇ ਹੀ ਇਸ ਨਾਵਲ ਦੀ ਥਾਂ-ਥਾਂ ਭਾਲ ਕੀਤੀ ਪਰ ਸਾਨੂੰ ਨਾ ਇਹ ਕਿਸੇ ਵੱਡੀ ਤੋਂ ਵੱਡੀ ਲਾਇਬ੍ਰੇਰੀ 'ਚੋਂ ਲੱਭੀ ਤੇ ਨਾ ਹੀ ਕਿਸੇ ਕਿਤਾਬਾਂ ਦੀ ਦੁਕਾਨ ਤੋਂ। ਮੈਨੂੰ 2001 ਵਿਚ ਬਤੌਰ ਇਲੈਕਸ਼ਨ ਆਬਜ਼ਰਵਰ ਕੋਲਕਾਤਾ ਜਾਣ ਦਾ ਮੌਕਾ ਮਿਲਿਆ ਤਾਂ ਮੈਂ ਉੱਥੋਂ ਦੀ ਬੁੱਕ ਸਟਰੀਟ ਵਿਚ ਇਹ ਕਿਤਾਬ ਲੱਭਣ ਗਿਆ। ਕੋਲਕਾਤਾ ਦੀ ਕਾਲਜ ਸਟਰੀਟ ਦਾ ਬੁੱਕ ਬਾਜ਼ਾਰ ਏਸ਼ੀਆ ਦਾ ਸਭ ਤੋਂ ਵੱਡਾ ਪੁਸਤਕ ਬਾਜ਼ਾਰ ਹੈ ਤੇ ਇਹ ਪੂਰੀ ਦੁਨੀਆ ਵਿਚ ਸਭ ਤੋਂ ਵੱਡੀ ਸੈਕੰਡ ਹੈਂਡ ਬੁੱਕ ਮਾਰਕੀਟ ਹੈ। ਪਰ 'ਵਾਈਨ ਆਫ ਲਾਈਫ' ਉੱਥੋਂ ਦੇ ਕਿਸੇ ਵੀ ਪੁਸਤਕ ਵਿਕਰੇਤਾ ਕੋਲੋਂ ਨਾ ਮਿਲੀ।

ਮੇਰੀ ਜ਼ਿੰਦਗੀ ਵਿਚ 2008 ਤੋਂ ਲੈ ਕੇ 2010 ਤੱਕ ਦਾ ਸਮਾਂ ਸਭ ਤੋਂ ਭਿਆਨਕ ਸਮਾਂ ਸੀ- ਨਿਰਾਸ਼ਾ ਨਾਲ ਭਰਿਆ ਹੋਇਆ। ਮੈਂ ਕਿਸੇ ਲਾ-ਇਲਾਜ ਸਮਝੀ ਜਾਣ ਵਾਲੀ ਬਿਮਾਰੀ ਕਾਰਨ ਬਿਸਤਰ ਨਾਲ ਲੱਗਾ ਹੋਇਆ ਸੀ ਤੇ ਸਰੀਰਕ ਪੀੜ ਕਾਰਨ ਦੁਖੀ ਰਹਿੰਦਾ ਸੀ। ਦਰਦ ਨਿਵਾਰਕ ਗੋਲੀਆਂ ਨਾਲ ਹੀ ਸਮਾਂ ਕੱਟਦਾ ਸੀ। ਅਜਿਹੀ ਸਥਿਤੀ ਵਿਚ ਜਦੋਂ ਮੈਂ ਸਰੀਰਕ ਤੇ ਮਾਨਸਿਕ ਤੌਰ 'ਤੇ ਬੇਹੱਦ ਬੇਚੈਨੀ ਅਤੇ ਬੇਵੱਸੀ ਮਹਿਸੂਸ ਕਰ ਰਿਹਾ ਸੀ ਤਾਂ ਸਾਹਿਤ ਅਧਿਐਨ ਦੀ ਮੇਰੀ ਪ੍ਰਵਿਰਤੀ ਨੇ ਮੈਨੂੰ ਬੜਾ ਸਹਾਰਾ ਦਿੱਤਾ ਅਤੇ ਮੇਰੀ ਸੋਚ ਨੂੰ ਸਥਿਰ ਤੇ ਸੰਤੁਲਿਤ ਬਣਾਈ ਰੱਖਿਆ। ਮੈਂ ਤਾਂ ਕਦੇ ਕਲਪਨਾ ਵੀ ਨਹੀਂ ਸੀ ਕਰ ਸਕਦਾ ਕਿ ਮੇਰੀ ਜ਼ਿੰਦਗੀ ਦੇ ਅਜਿਹੇ ਨਾਜ਼ੁਕ ਦੌਰ ਵਿਚ ਮੈਨੂੰ 'ਵਾਈਨ ਆਫ ਲਾਈਫ' ਟੱਕਰੇਗੀ। ਹੋਇਆ ਇੰਝ ਕਿ ਮੇਰਾ ਇਕਲੌਤਾ ਪੁੱਤਰ ਗੌਰਵ ਲੰਡਨ ਤੋਂ ਪੜ੍ਹ ਕੇ ਆਇਆ ਸੀ ਤੇ ਉਸ ਨੇ ਉੱਥੋਂ ਦੇ ਇੱਕ ਅਜਿਹੇ ਪੁਸਤਕ ਵਿਕਰੇਤਾ ਨਾਲ ਸੰਪਰਕ ਕੀਤਾ ਜੋ ਦੁਰਲੱਭ ਪੁਸਤਕਾਂ ਦਾ ਕਾਰੋਬਾਰ ਕਰਦਾ ਸੀ। ਉਸ ਨੇ ਲਿਟਰੇਰੀ ਲਾਇਸੈਂਸ ਤਹਿਤ ਤਿਆਰ ਕੀਤੀ ਇਸ ਕਿਤਾਬ ਦੀ ਹੂਬਹੂ ਨਕਲ (ਫੇਸੀਮਿਲ ਕਾਪੀ) ਡਾਕ ਰਾਹੀਂ ਭੇਜੀ। ਇਹ ਪਾਰਸਲ ਮੈਨੂੰ 8 ਦਸੰਬਰ 2010 ਨੂੰ ਮਿਲਿਆ। ਉਸ ਸਮੇਂ ਚਿੱਤਰਕਾਰ ਕਵੀ (ਮਰਹੂਮ) ਇਮਰੋਜ਼ ਅਤੇ ਪੰਜਾਬੀ ਦੀ ਲੇਖਿਕਾ ਮਹਿੰਦਰ ਰਿਸ਼ਮ ਮੇਰੀ ਸਿਹਤ ਦਾ ਹਾਲ ਜਾਣਨ ਲਈ ਮੇਰੇ ਕੋਲ ਆਏ ਹੋਏ ਸਨ। ਇਮਰੋਜ਼ ਨੇ ਪਾਰਸਲ ਖੋਲ੍ਹਿਆ ਤੇ 'ਵਾਈਨ ਆਫ ਲਾਈਫ' ਨੂੰ ਉਨ੍ਹਾਂ ਦੇ ਮੁਬਾਰਕ ਹੱਥਾਂ ਦੀ ਛੋਹ ਹਾਸਿਲ ਹੋਈ।

ਹਲਚਲ ਭਰਪੂਰ 19ਵੀਂ ਸਦੀ ਦੀ ਪਿੱਠਭੂਮੀ ਤੇ ਬਾਲਜ਼ਾਕ ਦੀ ਜ਼ਿੰਦਗੀ 'ਤੇ ਆਧਾਰਿਤ ਚਾਰਲਸ ਗੋਰਹਾਮ ਦਾ ਇਹ ਨਾਵਲ ਇੱਕ ਸ਼ਾਨਦਾਰ ਤੇ ਸ਼ਾਹਕਾਰ ਰਚਨਾ ਹੈ। ਜੀਵਨੀ ਮੂਲਕ ਨਾਵਲਾਂ ਦੀ ਇੱਕ ਲੇਖਿਕਾ ਨੈਂਸੀ ਹਾਰੇਨ ਅਨੁਸਾਰ, ''ਬਾਲਜ਼ਾਕ- ਦਿ ਗ੍ਰੇਟ ਦੀ ਜ਼ਿੰਦਗੀ ਦਾ ਅਜਿਹਾ ਪ੍ਰਮਾਣਿਕ ਅਤੇ ਪ੍ਰਭਾਵਪੂਰਨ ਚਿਤਰਣ ਤੁਹਾਨੂੰ ਹੋਰ ਕਿੱਧਰੋਂ ਵੀ ਨਹੀਂ ਲੱਭ ਸਕਦਾ। ਮੈਂ ਇਹ ਸੋਚ ਕੇ ਹੈਰਾਨ ਹਾਂ ਕਿ ਕਿਸੇ ਨਾਮਵਰ ਇਤਿਹਾਸਕ ਹਸਤੀ 'ਤੇ ਇੰਨਾ ਸੋਹਣਾ ਨਾਵਲ ਆਖ਼ਰ ਲਿਖਿਆ ਕਿਵੇਂ ਜਾ ਸਕਦਾ ਹੈ? ਇਹ ਇੱਕ ਅਜਿਹਾ ਨਾਵਲ ਹੈ ਜਿਸ ਦੇ ਟਾਈਟਲ ਪੇਜ 'ਤੇ ਮੈਂ ਵਿਸਮਿਕ ਚਿੰਨ (!) ਅੰਕਿਤ ਕਰਨਾ ਚਾਹਾਂਗੀ।''

ਘਰੇਲੂ ਅੜਚਣਾਂ ਅਤੇ ਆਰਥਿਕ ਮੁਸ਼ਕਿਲਾਂ ਨੂੰ ਦਰਕਿਨਾਰ ਕਰ ਕੇ ਚਾਰਲਸ ਗੋਰਹਾਮ ਨੇ ਦੋ ਸਾਲ ਤੋਂ ਵੱਧ ਦਾ ਸਮਾਂ ਪੈਰਿਸ ਵਿਚ ਬਤੀਤ ਕੀਤਾ। ਉਹ ਬਾਲਜ਼ਾਕ ਦੀ ਜ਼ਿੰਦਗੀ ਨਾਲ ਸਬੰਧਿਤ ਸਭ ਥਾਵਾਂ 'ਤੇ ਗਿਆ। ਭਿੰਨ-ਭਿੰਨ ਸਰੋਤਾਂ ਤੋਂ ਉਸ ਦੇ ਜੀਵਨ ਬਾਰੇ ਜਾਣਕਾਰੀ ਹਾਸਿਲ ਕੀਤੀ ਤੇ ਉਸ ਨੇ ਬਾਲਜ਼ਾਕ ਅਤੇ 19ਵੀਂ ਸਦੀ ਦੇ ਪੈਰਿਸ ਨੂੰ ਪੁਨਰ-ਸੁਰਜੀਤ ਕੀਤਾ। ਨਾਵਲ ਦੇ ਸ਼ੁਰੂ ਵਿਚ ਚਾਰਲਸ ਗੋਰਹਾਮ ਨੇ ਲਿਖਿਆ ਹੈ ਕਿ ਉਸ ਨੇ ਕਥਾਨਕ ਦੀਆਂ ਲੋੜਾਂ ਅਨੁਸਾਰ ਹੀ ਘਟਨਾਵਾਂ ਦੀ ਚੋਣ ਕੀਤੀ ਹੈ। ਕੁਝ ਦ੍ਰਿਸ਼ ਤੇ ਸੰਵਾਦ ਉਸ ਦੀ ਕਲਪਨਾ ਦੀ ਉਪਜ ਹਨ। ਨਾਵਲ ਪੜ੍ਹਦਿਆਂ ਚਾਰਲਸ ਗੋਰਹਾਮ




*ਚਾਰਲਸ ਗੋਰਹਾਮ ਦੇ ਨਾਵਲ 'ਵਾਈਨ ਆਫ ਲਾਈਫ'ਦਾ ਸਰਵਰਕ।*

ਕਿਧਰੇ ਵੀ ਨਜ਼ਰ ਨਹੀਂ ਆਉਂਦਾ। ਉਹ ਖ਼ੁਦ ਹੀ ਬਾਲਜ਼ਾਕ ਹੈ। ਇਸ ਨੂੰ ਸਿਰਜਣਾ ਦਾ ਸਿਖ਼ਰ ਹੀ ਕਿਹਾ ਜਾ ਸਕਦਾ ਹੈ ਕਿ ਜਦੋਂ ਸਿਰਜਕ ਖ਼ੁਦ ਹੀ ਆਪਣੇ ਨਾਇਕ ਦੇ ਕਿਰਦਾਰ ਵਿਚ ਢਲ ਜਾਵੇ।

ਚਾਰਲਸ ਗੋਰਹਾਮ ਨੇ ਬਾਲਜ਼ਾਕ ਦੀ ਪੰਘੂੜੇ ਤੋਂ ਲੈ ਕੇ ਕਬਰ ਤੱਕ ਦੀ ਸੰਪੂਰਨ ਜੀਵਨ ਯਾਤਰਾ ਦੀ ਦਿਲ-ਟੁੰਬਵੀਂ ਕਹਾਣੀ ਏਨੀ ਪ੍ਰਮਾਣਿਕਤਾ ਨਾਲ ਬਿਆਨ ਕੀਤੀ ਹੈ ਕਿ ਜਾਪਦਾ ਹੈ ਜਿਵੇਂ ਉਹ ਬਾਲਜ਼ਾਕ ਦੇ ਅੰਗ-ਸੰਗ ਹੀ ਰਿਹਾ ਹੋਵੇ। ਉਸ ਦੀ ਜ਼ਿੰਦਗੀ ਨਾਲ ਸਬੰਧਿਤ ਕੋਈ ਅਜਿਹੀ ਘਟਨਾ ਬਾਕੀ ਬਚੀ ਨਹੀਂ ਜਾਪਦੀ, ਜੋ ਇਸ ਨਾਵਲ ਵਿਚ ਬਿਆਨ ਨਾ ਕੀਤੀ ਗਈ ਹੋਵੇ। ਚਾਰਲਸ ਗੋਰਹਾਮ ਨੇ ਆਪਣੇ ਮਹਾਨ ਨਾਇਕ ਦੀ ਗੁੰਝਲਦਾਰ ਸ਼ਖ਼ਸੀਅਤ ਅਤੇ ਉਸ ਦੀ ਅਸੀਮ ਸਿਰਜਣਾ ਪ੍ਰਤਿਭਾ ਨੂੰ ਬੜੀ ਸੂਖ਼ਮਤਾ ਨਾਲ ਉਲੀਕਿਆ ਹੈ। ਬਾਲਜ਼ਾਕ ਜਿਹੋ ਜਿਹਾ ਵੀ ਸੀ, ਖ਼ਰਾ-ਖੋਟਾ, ਖਾਲਸ ਰੂਪ ਵਿਚ ਲੇਖਕ ਨੇ ਉਸ ਦੇ ਕਿਰਦਾਰ ਦੀ ਖ਼ਾਕਾਕਸ਼ੀ ਕੀਤੀ ਹੈ। ਬਾਲਜ਼ਾਕ ਦਾ ਸਰਾਪਿਆ ਬਚਪਨ, ਉਸ ਦੀ ਬੇਅੰਤ ਲੇਖਣ ਸ਼ਕਤੀ, ਜ਼ਿਆਦਾ ਤੋਂ ਜ਼ਿਆਦਾ ਧਨ ਕਮਾਉਣ ਲਈ ਉਸ ਦੀਆਂ ਨਾਦਾਨ ਤੇ ਨਾਕਾਮ ਕੋਸ਼ਿਸ਼ਾਂ, ਕਿੰਨੀਆਂ ਹੀ ਔਰਤਾਂ ਨਾਲ ਸਬੰਧ ਸਥਾਪਿਤ ਕਰ ਕੇ ਆਪਣੀ ਇਕੱਲ ਨੂੰ ਭਰਨ ਦੀ ਕੋਸ਼ਿਸ਼, ਸ਼ਾਹੀ ਠਾਠ-ਬਾਠ ਨਾਲ ਜ਼ਿੰਦਗੀ ਜਿਊਣ ਦੀ ਚਾਹਤ, ਲਗਾਤਾਰ ਕਰਜ਼ੇ ਹੇਠ ਰਹਿ ਕੇ ਲੇਖਣ ਕਾਰਜ ਕਰਨ ਦੀ ਮਨੋਵਿਗਿਆਨਕ ਮਜਬੂਰੀ ਤੇ 'ਦਿ ਹਿਊਮਨ ਕਾਮੇਡੀ' ਵਰਗੇ ਅਦਭੁੱਤ ਮਹਾਂਗ੍ਰੰਥ ਦੀ ਰਚਨਾ ਉਸ ਨੂੰ ਮਹਾਮਾਨਵ ਅਤੇ ਬੇਹੱਦ ਗਿਆਨਵਾਨ ਦਾ ਦਰਜਾ ਪ੍ਰਦਾਨ ਕਰਦੀ ਹੈ।

ਬਾਲਜ਼ਾਕ ਨੇ ਆਪਣੀ ਜ਼ਿੰਦਗੀ ਦੇ ਆਖ਼ਰੀ ਵੀਹ ਵਰ੍ਹਿਆਂ ਵਿਚ 90 ਨਾਵਲ ਤੇ ਕਈ ਕਹਾਣੀਆਂ ਲਿਖੀਆਂ, ਜੋ 'ਦਿ ਹਿਊਮਨ ਕਾਮੇਡੀ' ਦੀਆਂ 16 ਜਿਲਦਾਂ ਵਿਚ ਸ਼ਾਮਿਲ ਹਨ। ਇਨ੍ਹਾਂ ਵਿਚ 2472 ਪਾਤਰ ਹਨ। ਵੰਨ-ਸੁਵੰਨੇ ਪਾਤਰਾਂ ਦੀ ਇੰਨੀ ਵਿਸ਼ਾਲ ਗੈਲਰੀ ਦਾ ਵਿਸ਼ਵ ਸਾਹਿਤ ਵਿਚ ਕੋਈ ਸਾਨੀ ਨਹੀਂ ਹੈ। ਇਸ ਨੂੰ ਫਰਾਂਸ ਦੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਜੀਵਨ ਦਾ 'ਰਿਕਾਰਡ ਰੂਮ' ਕਿਹਾ ਜਾਂਦਾ ਹੈ।

19ਵੀਂ ਸਦੀ ਦਾ ਮਨੁੱਖ ਬਾਲਜ਼ਾਕ ਦੇ ਨਾਵਲਾਂ ਦਾ ਪ੍ਰਮੁੱਖ ਵਿਸ਼ਾ ਹੈ। ਇਸ ਸਦੀ ਨੇ ਮਨੁੱਖ ਨੂੰ ਬਰਾਬਰੀ ਅਤੇ ਆਜ਼ਾਦੀ ਦਾ ਖੁੱਲ੍ਹਾ ਆਸਮਾਨ ਤਾਂ ਦਿੱਤਾ ਪਰ ਧਨ ਦੇ ਪਸਾਰੇ ਨੇ ਉਸ ਨੂੰ ਇਖ਼ਲਾਕੀ ਤੌਰ 'ਤੇ ਬੌਣਾ ਬਣਾ ਛੱਡਿਆ ਸੀ। ਚਾਰਲਸ ਗੋਰਹਾਮ ਨੇ ਇੱਕ ਨਿਪੁੰਨ ਸਮਾਜਸ਼ਾਸਤਰੀ ਅਤੇ ਇਤਿਹਾਸਕਾਰ ਵਾਂਗ ਇਸ ਸਦੀ ਦਾ ਬੇਹੱਦ ਸਜੀਵ ਚਿਤਰਣ ਕੀਤਾ ਹੈ। 'ਵਾਈਨ ਆਫ ਲਾਈਫ' ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਅਸੀਂ 19ਵੀਂ ਸਦੀ ਦੇ ਪੈਰਿਸ ਵਿਚ ਹੀ ਨਹੀਂ, ਸਮੁੱਚੇ ਯੂਰਪ ਵਿਚ ਘੁੰਮ ਰਹੇ ਹਾਂ। ਚਾਰਲਸ ਗੋਰਹਾਮ ਦੀ ਕਲਾ ਦਾ ਇਹ ਕਮਾਲ ਹੈ ਕਿ ਉਹ ਥਾਵਾਂ ਅਤੇ ਘਟਨਾਵਾਂ ਦਾ ਮਹਿਜ਼ ਵਰਣਨ ਨਹੀਂ ਕਰਦਾ ਸਗੋਂ ਉਨ੍ਹਾਂ ਨੂੰ ਵਿਖਾਉਂਦਾ ਹੈ।

'ਵਾਈਨ ਆਫ ਲਾਈਫ' ਜਿਹੇ ਅਨੂਠੇ ਜੀਵਨੀ ਮੂਲਕ ਨਾਵਲ ਨੂੰ ਪੜ੍ਹ ਕੇ ਅਤੇ ਉਸ ਨੂੰ ਪੰਜਾਬੀ ਵਿਚ 'ਜੀਵਨ ਮਦਿਰਾ' ਦੇ ਨਾਂ ਹੇਠ ਪੁਨਰ ਸੁਰਜੀਤ ਕਰ ਕੇ ਜੋ ਸੰਤੁਸ਼ਟੀ ਹੋਈ, ਉਸ ਨਾਲ ਮੈਨੂੰ ਚਾਲੀ ਵਰ੍ਹਿਆਂ ਦੀ ਲੰਮੀ ਉਡੀਕ ਸਾਰਥਿਕ ਜਾਪਦੀ ਹੈ। ਬਾਲਜ਼ਾਕ ਦੀ ਵਿਲੱਖਣ ਜੀਵਨ ਪੱਧਤੀ ਅਤੇ ਲੇਖਣ ਸ਼ੈਲੀ ਦਾ ਜਿਸ ਅਪਣੱਤ ਅਤੇ ਸੁਹਿਰਦਤਾ ਨਾਲ ਚਾਰਲਸ ਗੋਰਹਾਮ ਨੇ ਚਿਤਰਣ ਕੀਤਾ ਹੈ, ਉਸ ਦੀ ਖੁਸ਼ਬੂ ਨਾਲ ਸੁਹਿਰਦ ਪਾਠਕ ਵੀ ਸਰਾਬੋਰ ਹੋਣਗੇ- ਇਹ ਮੇਰਾ ਵਿਸ਼ਵਾਸ ਹੈ।

---

# 'ਮੰਜ਼ਿਲ ਬਨਾਮ ਮਾਰਗ'

ਪੈਰ ਪੁੱਟਿਆਂ ਹੀ ਪੈੜ ਪੈਂਦੀ ਹੈ, ਤੋਰ ਬਣਦੀ ਹੈ ਅਤੇ ਤੋਰ ਹੀ ਤੋੜ ਲਾਉਂਦੀ ਹੈ। ਤੁਰਦਿਆਂ ਤਕਲੀਫਾਂ ਵੀ ਝੱਲਣੀਆਂ ਪੈਂਦੀਆਂ ਹਨ, ਰਾਹ ਵਿਚ ਤੂਫਾਨ ਵੀ ਟੱਕਰਦੇ ਹਨ, ਪੈਰੀਂ ਛਾਲੇ ਵੀ ਪੈਂਦੇ ਹਨ, ਥਕਾਵਟੀ ਮੁੜ੍ਹਕੇ ਦੀਆਂ ਘਰਾਲਾਂ ਵੀ ਵਗਦੀਆਂ ਹਨ। ਪਰ ਮੰਜ਼ਿਲ ਦੀ ਚਾਹਤ ਮੁਸਲਸਲ ਮੁਸਾਫਿਰੀ ਬਣ ਜਾਂਦੀ ਐ, ਕਿਉਂਕਿ:

'ਜਿਨ ਕੇ ਹੋਠੋਂ ਪੇ ਹਸੀਂ ਔਰ ਪਾਉਂ ਮੇਂ ਛਾਲੇ ਹੋਂਗੇ
ਹਾਂ ਵੋਹੀ ਲੋਗ ਤੁਮਹੇਂ ਚਾਹਨੇ ਵਾਲੇ ਹੋਂਗੇ'।

ਕਿਸੇ ਕਿਹੈ ਕਿ 'ਰੁਕਣ ਨਾ ਕਦਮ ਕਦੀ/ਕਾਹਦਾ ਉਹ ਸਫਰ ਭਲਾ?/ਜੇ ਰਾਹੀ ਨਾ ਥੱਕਣ ਕਦੀ।/ਅਸੀਂ ਨਿਕਲੇ ਨਹੀਂ ਸੈਰੀਂ/ਕਾਹਦੀ ਉਹ ਮੰਜ਼ਿਲ ਹੋਈ?/ਜੋ ਮਿਲ ਗਈ ਦੋ ਪੈਰੀਂ!'



ਨਾਮਵਰ ਉਰਦੂ ਸ਼ਾਇਰ ਨਿਦਾ ਫਾਜ਼ਲੀ ਕਹਿੰਦੈ:

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

'ਸਫਰ ਮੇਂ ਧੂਪ ਤੋ ਹੋਗੀ ਜੋ ਚਲ ਸਕੋ ਤੋ ਚਲੋ
ਸਭੀ ਹੈਂ ਭੀੜ ਮੇਂ ਜੋ ਨਿਕਲ ਸਕੋ ਤੋ ਚਲੋ'।

ਇਕ ਹੋਰ ਸੱਜਣ ਦੇ ਬੋਲ ਹਨ:

'ਇਨਹੀਂ ਪੱਥਰੋਂ ਪੇ ਚਲ ਕੇ ਜੋ ਆ ਸਕੋ ਤੋ ਆਓ
ਮੇਰੇ ਘਰ ਕੇ ਰਾਸਤੇ ਮੇਂ ਕੋਈ ਕਹਿਕਸ਼ਾਂ ਨਹੀਂ ਹੈ।'

ਸਾਡੀਆਂ ਆਪਣੀਆਂ ਸਤਰਾਂ ਹਨ:

ਜੇ ਕਰ ਮੰਜ਼ਿਲ ਮਾਰਨੀ, ਟਿਕ ਕੇ ਨਾ ਫਿਰ ਬਹਿ।
ਝਈਆਂ ਝੱਖੜਾਂ ਨਾਲ ਲੈ, ਤੂਫਾਨਾਂ ਦੇ ਨਾਲ ਖਹਿ!

ਚੀਨੀ ਕਹਾਵਤ ਹੈ ਕਿ ਹਜ਼ਾਰ ਮੀਲ ਦਾ ਪੰਧ ਪਹਿਲਾ ਕਦਮ ਪੁੱਟਿਆਂ ਸ਼ੁਰੂ ਹੁੰਦੈ। ਆਰੰਭ ਹੀ ਝਾਕਾ ਭਰਿਆ ਹੁੰਦੈ, ਬੇਯਕੀਨੀ ਜਿਹੀ ਵਾਲਾ, ਹਿਚਕਚਾਹਟ ਪੂਰਨ। ਫਿਰ ਚਲ ਪਏ ਤਾਂ ਚਲ ਪਏ, ਬਸ ਚਲ ਸੋ ਚਲ। ਮੰਜ਼ਿਲ ਮਾਰਨ ਵਾਲੇ ਮੀਲ-ਪੱਥਰ ਵਲ ਝਾਤੀਆਂ ਨਹੀਂ ਮਾਰਦੇ, ਅਰਜਨ ਵਾਂਗ ਮਛਲੀ ਦੀ ਅੱਖ 'ਤੇ ਹੀ ਅੱਖ ਰਖਦੇ ਹਨ- 'ਜਬ ਸੇ ਚਲਾ ਹੂੰ ਮੇਰੀ ਮੰਜ਼ਿਲ ਪੇ ਨਜ਼ਰ ਹੈ/ਮੈਂ ਨੇ ਰਾਸਤੇ ਮੇਂ ਮੀਲ ਕਾ ਪੱਥਰ ਨਹੀਂ ਦੇਖਾ (ਬਸ਼ੀਰ ਬਦਰ)।

ਇਹ ਵੀ ਬੜੀ ਨੇਕ ਸਲਾਹ ਹੈ ਕਿ
'ਚਲ ਪੈਂਡਾ ਮਾਰ ਲਈਏ
ਧੁੱਪ-ਛਾਂ ਫੇਰ ਸਹੀ
ਪਹਿਲਾਂ ਮੰਜ਼ਿਲ ਦੀ ਸਾਰ ਲਈਏ!

ਬਹੁਤੇ ਚੱਲੇ ਹੋਏ ਰਾਹਾਂ 'ਤੇ ਚੱਲਦੇ ਹਨ; ਕਈ ਨਵੇਂ ਰਾਹ ਲਭਦੇ ਹਨ ਅਤੇ ਕੁਝ ਔਝੜੇ ਪੈਂਡੇ ਪੈਂਦੇ ਹਨ। ਇਤਿਹਾਸ ਦੇ ਪੰਨਿਆਂ ਉੱਪਰ ਨਵੇਂ ਤੇ ਔਝੜੇ ਪੈਂਡੇ ਪੈਣ ਵਾਲਿਆਂ ਦੀਆਂ ਪੈੜਾਂ ਹੀ ਦਰਜ ਹੁੰਦੀਆਂ ਹਨ। ਅਮਰੀਕੀ ਕਵੀ ਰੌਬਰਟ ਫਰੌਸਟ ਦੀ ਮਸ਼ਹੂਰ ਕਵਿਤਾ ਹੈ-'ਦ ਰੋਡ ਨਾਟ ਟੇਕਨ'(ਅਣ-ਅਪਣਾਇਆ ਰਸਤਾ) ਜਿਸ ਵਿਚ ਉਹ ਇੱਕ ਦੋਰਾਹੇ ਦੀ ਗਲ਼ ਕਰਦਿਆਂ ਲਿਖਦੈ-'ਇੱਕ ਜੰਗਲ ਵਲ ਦੋਰਾਹਾ ਜਾਂਦਾ ਸੀ ਅਤੇ ਮੈਂ/ਮੈਂ ਘਟ ਚਲਿਆ ਰਾਹ ਚੁਣਿਆਂ/ਇਸ ਚੋਣ ਨੇ ਹੀ ਸਾਰਾ ਫਰਕ ਪਾ ਦਿਤੈ'!

ਕਿਸੇ ਠੀਕ ਹੀ ਕਿਹੈ-
'ਚਲ ਪੈੜਾਂ ਛਡ ਚਲੀਏ,
ਬੁੱਸੇ ਰਾਹੀਂ ਕੀ ਚੱਲਣਾ?
ਰਾਹ ਸੱਜਰੇ ਕੱਢ ਚੱਲੀਏ।

ਜ਼ਿੰਦਗੀ ਦੇ ਸਫਰ ਵਿਚ ਸ਼ਾਰਟ ਕੱਟ ਨਹੀਂ ਹੁੰਦੇ। ਮੁਸਾਫਰੀ ਦੇ ਵੰਨ-ਸੁਵੰਨੇ ਰੰਗ ਦੇਖਣੇ ਪੈਂਦੇ ਹਨ ਤੇ ਦੇਖਣੇ ਚਾਹੀਦੇ ਵੀ ਹਨ। ਸ਼ਾਰਟ ਕੱਟ ਕਈ ਵਾਰ ਜੀਵਨ ਹੀ ਕੱਟ ਸ਼ਾਰਟ ਕਰ ਮਾਰਦੇ ਹਨ। ਵੈਸੇ ਵੀ ਜੇ ਸਫਰ ਸ਼ਾਰਟ ਕੱਟ ਕਰ ਲਿਆ ਤਾਂ ਯਾਤਰਾ ਦੇ ਮਾਰਗ ਦੇ ਖੱਟੇ-ਮਿਠੇ ਤਜਰਬਿਆਂ ਅਤੇ ਦ੍ਰਿਸ਼ਾਂ ਦੇ ਅਨੰਦ ਤੋਂ ਵਿਰਵੇ ਰਹਿ ਜਾਈਦੈ। ਕਈ ਵਾਰੀ ਮੰਜ਼ਿਲ ਨਾਲੋਂ ਮਾਰਗ ਦੇ ਮੰਜ਼ਰ ਵਧੇਰੇ ਮਨਮੋਹਕ ਹੁੰਦੇ ਹਨ!

ਮੰਜ਼ਿਲ ਨਾਲੋਂ ਬੇਹਤਰ ਰਾਹ,
ਚਲਦੇ ਰਹਿਣਾ, ਜੀਣ ਦਾ ਚਾਅ।
ਰਸਤਾ ਨਹੀਂ ਤਾਂ ਰਸਤਾ ਬਣਾ,
ਸਾਬਤ ਕਦਮੀਂ ਚਲਦਾ ਜਾਹ।

ਬਿਖੜੇ ਪੈਂਡਿਆਂ ਉਪਰ ਇਕੱਲੇ ਹੀ ਚਲਣਾ ਪੈਂਦੈ। ਇਨ੍ਹੀਂ ਰਾਹੀਂ 'ਕੱਲੇ ਦਾ ਕਾਫਿਲਾ' ਹੁੰਦੈ!

'ਰਾਹ ਬਣਦੇ ਚਲਿਆਂ ਹੀ,
ਪੰਧ ਜੇ ਔਝੜ ਹੋਵੇ
ਜਾਣਾ ਪੈਂਦਾ 'ਕੱਲਿਆਂ ਹੀ'।

ਪਰ 'ਚਲਦਾ ਰਹਿ ਮਿੱਤਰਾ/ਤੇਰਾ ਪੰਧ ਲੰਮੇਰਾ ਹੈ/ਨਾ ਟਿਕ ਕੇ ਬਹਿ ਮਿੱਤਰਾ'।

ਅਤੇ 'ਨਾ ਅੱਕ ਨਾ ਥੱਕ ਮਾਹੀਆ/ਤੂੰ 'ਕੱਲਾ ਹੀ ਕਾਫਿਲਾ ਏਂ/ਨਾ ਹੋਰਾਂ ਵਲ ਤਕ ਮਾਹੀਆ'।

ਮੰਜ਼ਿਲ 'ਤੇ ਪੁੱਜ ਕੇ ਵੀ ਅਗੋਂ ਤੁਰੇ ਰਹਿਣ ਦੀ ਲਲਕ ਲੱਗੀ ਰਹਿਣੀ ਚਾਹੀਦੀ ਹੈ- 'ਸਿਤਾਰੋਂ ਕੇ ਆਗੇ ਜਹਾਂ ਔਰ ਭੀ ਹੈਂ/ਅਭੀ ਜ਼ਿੰਦਗੀ ਕੇ ਇਮਤਿਹਾਂ ਔਰ ਭੀ ਹੈਂ/ਤੂ ਸ਼ਾਹੀਨ ਹੈ ਕਾਮ ਹੈ ਪਰਵਾਜ਼ ਤੇਰਾ/ਤੇਰੇ ਸਾਹਮਨੇ ਆਸਮਾਂ ਔਰ ਭੀ ਹੈਂ" (ਡਾ.ਇਕਬਾਲ)।

ਜੀਵਨ ਦੀਆਂ ਕਾਮਯਾਬੀਆਂ-ਨਾਕਾਮਯਾਬੀਆਂ ਤੋਂ ਇਲਾਵਾ ਵੀ ਤਾਂ ਜੀਵਨ ਦਾ ਕੋਈ ਮਕਸਦ ਹੁੰਦੈ, ਆਪਣੇ ਮੂਲ ਵਿਚ ਸਮਾ ਜਾਣ ਦਾ। ਜਾਣੀ ਜੀਵਨ ਯਾਤਰਾ ਉਪਰੰਤ ਵੀ ਜੀਵਨ ਯਾਤਰਾ ਹੁੰਦੀ ਹੈ। ਵਿਕਟੋਰੀਅਨ ਯੁਗ ਦੇ ਅੰਗਰੇਜ਼ੀ ਕਵੀ ਰਾਬਰਟ ਬਰਾਊਨਿੰਗ ਦੀ ਇਕ ਖ਼ੂਬਸੂਰਤ ਕਵਿਤਾ ਹੈ- 'ਦ ਲਾਸਟ ਰਾਈਡ ਟੁਗੈਦਰ'(ਇਕੱਠਿਆਂ ਆਖਰੀ ਘੁੜਸਵਾਰੀ)। ਇਸ ਵਿਚ ਕਵੀ ਆਪਣੀ ਮਹਿਬੂਬਾ, ਜੋ ਉਸ ਨੂੰ ਠੁਕਰਾ ਚੁੱਕੀ ਹੈ, ਨਾਲ ਆਖਰੀ ਘੁੜਸਵਾਰੀ ਕਰਨ ਦੀ ਇੱਛਾ ਪ੍ਰਗਟ ਕਰਦਾ ਹੈ, ਜੋ ਔਖੇ-ਸੌਖੇ ਪ੍ਰਵਾਨ ਹੋ ਜਾਂਦੀ ਹੈ।

ਸਵਾਰੀ ਦੌਰਾਨ ਕਵੀ ਵੱਖ-ਵੱਖ ਕਿਸਮ ਦੇ ਵਿਚਾਰਾਂ ਦੇ ਵਹਿਣ ਵਿਚ ਵਹਿ ਜਾਂਦਾ ਹੈ। ਉਹ ਆਪਣੀ ਮੌਜੂਦਾ ਅਵਸਥਾ ਨੂੰ ਮਹਿਮਾਮਈ ਮੰਨਦੈ। ਨਾਲ ਹੀ ਉਹ ਇਕ ਦਾਰਸ਼ਨਿਕ ਵਾਂਗ ਦਲੀਲ ਦਿੰਦੈ ਕਿ ਜ਼ਿੰਦਗੀ ਵਿਚ ਕੁਝ ਅਣਮਿਲਿਆ-ਅਧੂਰਾ ਵੀ ਰਹਿਣਾ ਚਾਹੀਦੈ ਤਾਂ ਕਿ ਪਰਮ ਪਿਤਾ ਪਰਮਾਤਮਾ ਨੂੰ ਮਿਲ ਕੇ ਉਸ ਅਪੂਰਤ ਦੀ ਪੂਰਤੀ ਮੰਗੀ ਜਾ ਸਕੇ। ਹੁਣ ਪ੍ਰਭੂ ਮਿਲਾਪ ਤੋਂ ਇਲਾਵਾ ਪ੍ਰੇਮਿਕਾ-ਮਿਲਣ ਉਸ ਦੇ ਜੀਵਨ ਤੋਂ ਬਾਅਦਲੇ ਜੀਵਨ ਦਾ ਮਕਸਦ ਹੋਵੇਗਾ! ਨਾਟਕੀ ਇਕਬਚਨੀ ਵਿਧਾ ਵਾਲੀ ਇਸ ਬਾਕਮਾਲ ਕਵਿਤਾ ਵਿਚ ਕਵੀ ਸਵਾਲ ਕਰਦੈ-



ਕਿਸ ਨੂੰ ਪਤੈ ਉਸ ਲਈ ਕੀ ਸਹੀ ਹੈ?..ਇਸ ਜੀਵਨ ਉਪਰੰਤ ਵੀ ਤਾਂ ਇਕ ਜੀਵਨ ਜੀਊਣੈ, ਕੋਈ ਅਨੰਦਮਈ ਸੂਰਤ ਤਾਂ ਰਹੇ ਮਰਨ ਬਾਅਦ...ਜੇ ਧਰਤੀ ਐਨੀਂ ਚੰਗੀ ਐ ਤਾਂ ਕੀ ਸੁਰਗ ਸ੍ਰੇਸ਼ਟ ਨਹੀਂ ਹੋਵੇਗਾ? ਹੁਣ, ਸੁਰਗ ਅਤੇ ਉਹ (ਮਹਿਬੂਬਾ) ਇਸ ਸਵਾਰੀ ਤੋਂ ਅਗੋਂ ਮਿਲਣਗੇ!

ਬਰਾਊਨਿੰਗ ਇਕ ਹੋਰ ਕਵਿਤਾ ਵਿਚ ਵੀ ਕਹਿੰਦੈ-ਆਹ! ਬੰਦੇ ਦੀ ਪਹੁੰਚ ਉਸ ਦੀ ਪਕੜ ਤੋਂ ਪਾਰ ਤਕ ਹੋਣੀ ਚਾਹੀਦੀ ਐ, ਵਰਨਾ ਸੁਰਗ ਫਿਰ ਕਾਹਦੇ ਲਈ ਹੈ?

ਸੁਣਿਐਂ ਸੁਰਗ ਵਿਚ ਹੂਰਾਂ ਹੁੰਦੀਆਂ ਹਨ ਜੋ ਨੇਕ ਕੰਮ ਕਰਨ ਵਾਲਿਆਂ ਨੂੰ ਨਸੀਬ ਹੁੰਦੀਆਂ ਹਨ। ਇਨ੍ਹਾਂ ਹੂਰਾਂ ਨੇ ਤਾਂ ਵਡਿਆਂ-ਵਡਿਆਂ ਦੀ ਵਾਟ ਲਗਾ ਛਡੀ!

ਡਾ. ਮੁਹੰਮਦ ਇਕਬਾਲ ਐਂਵੇਂ ਤਾਂ ਨਹੀਂ ਕਹਿੰਦਾ-

ਉਮੀਦ-ਏ-ਹੂਰ ਨੇ ਸਭ ਕੁਛ ਸਿਖਾ ਰਖਾ ਹੈ ਵਾਇਜ਼ ਕੋ,
ਯੇ ਹਜ਼ਰਤ ਦੇਖਨੇ ਮੇਂ ਸੀਧੇ-ਸਾਦੇ ਭੋਲੇ-ਭਾਲੇ ਹੈਂ।

# ਧੀਆਂ ਧਿਆਣੀਆਂ

## ਰੱਖੜੀ ਦੇ ਤਿਉਹਾਰ 'ਤੇ ਵਿਸ਼ੇਸ਼ ਕਹਾਣੀ

ਰਣਜੀਤ ਨੇ ਫ਼ੋਨ ਬੰਦ ਕੀਤਾ ਤੇ ਬਹੁਤ ਹੀ ਖ਼ੁਸ਼ੀ ਅਤੇ ਹੁਲਾਸ ਭਰੇ ਲਹਿਜ਼ੇ ਵਿਚ ਆਪਣੀ ਸੱਸ ਨੂੰ ਕਿਹਾ, 'ਮਾਂ ਜੀ, ਕੱਲ੍ਹ ਨੂੰ ਰੱਖੜੀ ਦੇ ਤਿਉਹਾਰ 'ਤੇ ਮੇਰੇ ਭਾਅ ਜੀ ਅਤੇ ਵੱਡੇ ਭੈਣ ਜੀ ਆ ਰਹੇ ਨੇ। ਮੈਂ ਖਾਣ-ਪੀਣ ਦਾ ਸਾਮਾਨ ਤਾਂ ਘਰ ਵਿਚ ਹੀ ਤਿਆਰ ਕਰ ਲੈਣੈਂ। ਪਰੰਤੂ ਭੈਣ ਜੀ ਦੀ ਪਸੰਦ ਦੇ ਦੋ ਵਧੀਆ ਜਿਹੇ ਸੂਟ ਅਸੀਂ ਦੋਵੇਂ ਜੀਅ ਬਜ਼ਾਰ ਜਾ ਕੇ ਲੈ ਆਉਨੇ ਆਂ।'

ਬਚਨ ਕੌਰ ਨੂੰ ਲੱਗਿਆ ਕਿ ਨੂੰਹ ਦੀ ਵੱਡੀ ਭੈਣ ਅਤੇ ਉਹਦਾ ਜੀਜਾ ਆ ਰਹੇ ਨੇ। ਉਹ ਇੱਕਦਮ ਅੱਗ ਦੇ ਭਮੂਕੇ ਵਾਂਗੂੰ ਭੜਕਦਿਆਂ ਬੋਲੀ, 'ਲੈ, ਉਨ੍ਹਾਂ ਨੇ ਏਥੇ ਆ ਕੇ ਕੀ ਟਿੰਡੀਆਂ ਲੈਣੀਐਂ। ਜੀਹਦਾ ਜੀਅ ਕਰਦੈ, ਮੂੰਹ ਚੱਕੀ ਤੁਰਿਆ ਆਉਂਦੈ ਏਧਰ ਨੂੰ। ਸੁੱਖੀ-ਸਾਂਦੀ ਤਿਉਹਾਰ ਵਾਲ਼ੇ ਦਿਨ ਵੀ ਕੋਈ ਕਿਸੇ ਦੇ ਘਰ ਜਾਂਦਾ ਹੁੰਦੈ?'



ਸੱਸ ਤੋਂ ਸੋਹਲੇ ਸੁਣ ਕੇ ਨੂੰਹ ਨੂੰ ਇੱਕਦਮ ਸਮਝ ਆ ਗਈ ਕਿ ਉਹਦੀ ਸੱਸ ਮਾਂ ਤਾਂ ਇਹ ਸਮਝ ਬੈਠੇ ਐ ਕਿ ਨੂੰਹ ਦੀ ਵੱਡੀ ਭੈਣ ਅਤੇ ਜੀਜਾ ਆ ਰਹੇ ਨੇ। ਪਹਿਲਾਂ ਤਾਂ ਉਸ ਦੇ ਮਨ ਵਿਚ ਆਇਆ ਕਿ ਆਪਣੀ ਸੱਸ ਨੂੰ ਸਾਫ਼-ਸਾਫ਼ ਦੱਸ ਦੇਵੇ ਕਿ ਮਾਂ ਮੁਹਾਲੀ ਵਿਆਹੀ ਤੁਹਾਡੀ ਧੀ ਤੁਹਾਡੇ ਪੁੱਤ ਨੂੰ ਰੱਖੜੀ ਬੰਨ੍ਹਣ ਆ ਰਹੀ ਹੈ। ਪਰੰਤੂ ਕੁਝ ਸੋਚ ਕੇ ਮਨ ਹੀ ਮਨ ਮੁਸਕੁਰਾਈ ਤੇ ਸ਼ੁਗਲ ਕਰਨ ਦੀ ਠਾਣ ਲਈ। ਉਸ ਨੇ ਆਪਣੀ ਸੱਸ ਨੂੰ ਸੁਣਾਉਣ ਦੇ ਬਹਾਨੇ ਆਪਣੇ ਘਰਵਾਲ਼ੇ ਨੂੰ ਫ਼ੋਨ ਕਰਦਿਆਂ ਉੱਚੀ ਅਵਾਜ਼ ਵਿਚ ਆਖਿਆ, 'ਹਾਂ ਜੀ, ਸਰਦਾਰਾ ਸਿੰਘ ਜੀ, ਹੁਣੇ-ਹੁਣੇ ਵੱਡੇ ਭੈਣ ਜੀ ਦਾ ਫ਼ੋਨ ਆਇਆ ਸੀ। ਉਹ ਕੱਲ੍ਹ ਸਵੇਰੇ ਹੀ ਆਪਣੇ ਕੋਲ ਆ ਰਹੇ ਆ। ਤੁਸੀਂ ਕਾਹਲੀ ਨਾਲ ਕ੍ਰਿਸ਼ਨ ਦੀ ਡੇਅਰੀ ਤੋਂ ਸੱਤ ਲੀਟਰ ਦੁੱਧ ਲਿਆ ਦਿਉ। ਭੈਣ ਜੀ ਨੂੰ ਇੱਕ ਤਾਂ ਠੰਢੀ ਖੀਰ ਬਹੁਤ ਪਸੰਦ ਆ। ਨਾਲ ਹੀ ਮੈਂ ਆਈਸ ਕਰੀਮ ਤਿਆਰ ਕਰ ਕੇ ਰੈਫਰਿਜਰੇਟਰ ਵਿਚ ਲਾ ਦਿਆਂਗੀ। ਤੁਸੀਂ ਬਹੁਤੀ ਦੇਰ ਨਾ ਕਰਿਓ ਹੁਣ। ਸੱਤ ਕੁ ਵਜੇ ਫ਼ਿਰ ਆਪਾਂ ਭੈਣ ਜੀ ਲਈ ਸੋਹਣੇ-ਸੋਹਣੇ ਦੋ ਸੂਟ ਵੀ ਲੈ ਕੇ ਆਉਨੇ ਐਂ।'

ਡਾ. ਇਕਬਾਲ ਸਿੰਘ ਸਕਰੌਦੀ
ਫੋਨ: 84276-85020

ਜਿਉਂ ਹੀ ਉਸ ਨੇ ਫ਼ੋਨ ਬੰਦ ਕੀਤਾ ਤਾਂ ਸੱਸ ਨੇ ਨੂੰਹ ਵੱਲ ਤਿਰਛਾ ਜਿਹਾ ਵੇਂਹਦਿਆਂ ਇੱਕ ਲੰਮੀਂ ਹੂੰਘਰ ਮਾਰੀ, 'ਹੂੰ...ਊਂ...। ਕਰ ਲੈ ਬਹੂ ਤੂੰ ਆਪਣੇ ਮਨ ਦੀਆਂ। ਸਿੱਧਾ-ਸਾਦਾ ਘਰ ਆਲ਼ਾ ਜੋ ਟੱਕਰਿਐ ਤੈਨੂੰ। ਤੂੰ ਜੇ ਦਿਨ ਨੂੰ ਰਾਤ ਕਹਿਨੀਂ ਐਂ ਤਾਂ ਉਹ ਵਿਚਾਰਾ ਰਾਤ ਕਹਿ ਦਿੰਦੈ। ਪਤਾ ਨੀਂ ਭਾਈ, ਕੀ ਸਿਰ 'ਚ ਘੋਲ਼ ਕੇ ਪਾਇਐ ਤੂੰ?'

ਸੱਸ ਦੀਆਂ ਕਰਾਰੀਆਂ ਜਿਹੀਆਂ ਸੁਣ ਕੇ ਉਹ ਮੁਸਕੁਰਾਈ ਤੇ ਰਸੋਈ ਵਿਚ ਚਲੀ ਗਈ। ਦੋ ਕੁ ਮਿੰਟ ਬਾਅਦ ਇੱਕ ਥਾਲ਼ ਵਿਚ ਚੌਲ਼ ਪਾ ਕੇ ਇੱਕ ਗੀਤ ਦੇ ਬੋਲ, 'ਕੋਠੇ 'ਤੇ ਕਾਂ ਬੋਲੇ, ਚਿੱਠੀ ਮੇਰੇ ਮਾਹੀਏ ਦੀ, ਵਿਚ ਮੇਰਾ ਨਾਂ ਬੋਲੇ' ਗੁਣਗੁਣਾਉਂਦੀ ਹੋਈ ਸੱਸ ਕੋਲੇ ਆ ਗਈ। ਚੌਲਾਂ ਵਾਲ਼ਾ ਥਾਲ਼ ਸੱਸ ਅੱਗੇ ਕਰਕੇ ਕਹਿੰਦੀ, 'ਮਾਂ ਜੀ, ਦੇਖਿਓ ਭਲਾਂ, ਖੀਰ ਲਈ ਇੰਨੇ ਕੁ ਚੌਲ਼ ਠੀਕ ਰਹਿਣਗੇ?'

ਸੱਸ ਵੀ ਸਭ ਸਮਝਦੀ ਸੀ। ਉਹਨੂੰ ਪਤਾ ਸੀ ਕਿ ਉਹਦੀ ਨੂੰਹ ਜਾਣ-ਬੁੱਝ ਕੇ ਉਸ ਨੂੰ ਤੰਗ ਪ੍ਰੇਸ਼ਾਨ ਕਰਦੀ ਐ। ਗੁੱਸਾ ਤਾਂ ਉਹਨੂੰ ਪਹਿਲਾਂ ਹੀ ਬਥੇਰਾ ਚੜ੍ਹਿਆ ਹੋਇਆ ਸੀ। ਉਹ ਤਾਂ ਪਹਿਲਾਂ ਹੀ ਪੂਰੀ ਤਪੀ ਪਈ ਸੀ। ਉਹ ਹੋਰ ਦੁਖੀ ਹੋ ਕੇ ਬੋਲੀ, 'ਬੱਸ-ਬੱਸ, ਰਹਿਣ ਦੇ ਏਹ ਖੇਖਣ। ਸਭ ਜਾਣਦੀ ਆਂ ਮੈਂ ਤੈਨੂੰ ਵੱਡੀ ਚਲਾਕੋ ਨੂੰ। ਆਉਣ ਆਲ਼ਾ ਈ ਐ, ਜੀਹਨੂੰ ਹੁਣੇ ਫੂਨ ਖੜਕਾਇਐ। ਓਸੇ ਨੂੰ ਪੁੱਛ ਲੀਂ। ਅੱਗੇ ਵੀ ਤਾਂ ਦੋਏ ਜੀਅ ਰਸੋਈ 'ਚ ਵੜ ਕੇ ਪਤਾ ਨੀਂ ਕੇਹੜੇ ਗੁਰਮਤੇ ਪੜ੍ਹਦੇ ਰਹਿਨੇਂ ਓਂ?' ਉਸ ਨੇ ਮਸਾਂ-ਮਸਾਂ ਆਪਣੇ ਹਾਸੇ ਨੂੰ ਅੰਦਰ ਹੀ ਅੰਦਰ ਰੋਕਿਆ। ਉਸ ਨੇ ਸੱਸ ਦੀਆਂ ਗੱਲਾਂ ਸੁਣ ਕੇ ਅੱਖਾਂ ਵਿਚ ਹੀ ਹੱਸਦਿਆਂ ਕਿਹਾ, 'ਮਾਂ ਜੀ, ਉਹ ਤਾਂ ਸਰਦਾਰਾ ਸਿੰਘ ਜੀ। ਨਾ ਸੱਚ ਥੋਡੇ ਪੁੱਤ ਜੀ, ਗਰਮ-ਗਰਮ ਰੋਟੀ ਖਾ ਕੇ ਬਲਾਈਂ ਖ਼ੁਸ਼ ਹੁੰਦੇ ਐ। ਮੈਨੂੰ ਵੀ ਬੜਾ ਚੰਗਾ ਲੱਗਦੈ, ਜਦੋਂ ਉਹ ਰਸੋਈ ਵਿਚ ਮੇਰੇ ਕੋਲ ਬਹਿ ਕੇ ਗਰਮ-ਗਰਮ ਰੋਟੀ ਖਾ ਲੈਂਦੇ ਐ।'

ਉਸੇ ਵੇਲੇ ਸਰਦਾਰਾ ਸਿੰਘ ਦੁੱਧ ਦੀ ਢੋਲੀ ਲੈ ਕੇ ਅੰਦਰ ਵੜਿਆ। ਵਹੁਟੀ ਨੂੰ ਦੁੱਧ ਦੀ ਢੋਲੀ ਫ਼ੜਾਈ। ਫ਼ਿਰ ਮਾਂ ਨੂੰ ਪੁੱਛਿਆ, 'ਮਾਂ ਜੀ! ਕੀ ਗੱਲ ਐ? ਤੁਹਾਡਾ ਚਿੱਤ ਤਾਂ ਰਾਜ਼ੀ ਐ? ਤੁਹਾਡਾ ਤਾਂ ਚਿਹਰਾ ਈ ਉੱਤਰਿਆ ਪਿਐ!'

'ਭਾਈ, ਸਾਡੇ ਉੱਤਰੇ-ਚੜ੍ਹੇ ਚਿਹਰੇ ਦੀ ਕੀਹਨੂੰ ਪ੍ਰਵਾਹ ਐ? ਬਹੂ ਨੇ ਤੈਨੂੰ ਮੁੱਠੀ 'ਚ ਕੀਤਾ ਹੋਇਐ। ਤਿੰਨ ਕਰੇ, ਤੇਰ੍ਹਾਂ ਕਰੇ! ਤੂੰ ਕਦੇ ਟੋਕਿਐ ਉਹਨੂੰ?' ਭਰੀ ਪੀਤੀ ਮਾਂ ਨੇ ਸਾਰਾ ਗੁੱਭ-ਗੁਭਾਟ ਕੱਢ ਦਿੱਤਾ।

ਉਸ ਨੇ ਮਾਂ ਨੂੰ ਗਲ਼ੇ ਲਾਉਂਦਿਆਂ ਹੋਇਆਂ ਕਿਹਾ, 'ਓਹ ਹੋ! ਮਾਂ ਜੀ! ਤੁਸੀਂ ਵੀ ਪਤਾ ਨੀਂ ਕਦੇ-ਕਦੇ ਕਿਹੜੀਆਂ ਗੱਲਾਂ ਲੈ ਬਹਿੰਦੇ ਓ। ਤੁਹਾਡੀ ਨੂੰਹ ਤਾਂ ਸਾਰਾ ਦਿਨ 'ਮੇਰੇ ਮਾਂ ਜੀ, ਮੇਰੇ ਮਾਂ ਜੀ' ਕਰਦੀ ਰਹਿੰਦੀ ਐ। ਮੁਹਾਲੀ ਤੋਂ ਵੱਡੇ ਭੈਣ ਜੀ ਅਤੇ ਜੀਜਾ ਜੀ ਦੇ ਆਉਣ 'ਤੇ ਉਹਨੂੰ ਚਾਅ ਚੜ੍ਹ ਜਾਂਦੈ। ਹੋਰ ਦੱਸੋ, ਕੀ ਚਾਹੀਦੈ ਆਪਾਂ ਨੂੰ? ਚਲੋ, ਏਦਾਂ ਕਰਦਾਂ, ਨਾਲੇ ਥੋਡਾ ਚਿੱਤ ਰਾਜ਼ੀ ਹੋ ਜੂਗਾ। ਮੈਂ ਥੋਡੀ ਵੱਡੇ ਭੈਣ ਜੀ ਨਾਲ ਫ਼ੋਨ 'ਤੇ ਗੱਲ ਕਰਵਾਉਂਦਾ ਹਾਂ।' ਇੰਨੀਂ ਗੱਲ ਕਹਿ ਕੇ ਉਸ ਨੇ ਮੁਹਾਲੀ ਰਹਿੰਦੀ ਵੱਡੀ ਭੈਣ ਇੰਦਰਪ੍ਰੀਤ ਨੂੰ ਫ਼ੋਨ ਲਾ ਲਿਆ। ਜਿਉਂ ਹੀ ਭੈਣ ਨੇ 'ਹੈਲੋ' ਕਿਹਾ ਤਾਂ ਉਸ ਨੇ ਭੈਣ ਨੂੰ ਸਤਿਕਾਰ ਦਿੰਦਿਆਂ ਕਿਹਾ, 'ਪੈਰੀਂ ਪੈਨਾਂ ਭੈਣ। ਹੋਰ ਸੁਣਾਓ! ਜੀਜਾ ਜੀ ਅਤੇ ਮੇਰੇ ਭਾਣਜੇ-ਭਾਣਜੀ ਦਾ ਕੀ ਹਾਲ ਐ?'

'ਬੱਸ ਵੀਰ, ਗੁਰੂ ਦੀ ਕਿਰਪਾ ਨਾਲ ਸਭ ਰਾਜ਼ੀ ਖ਼ੁਸ਼ੀ ਆਂ। ਹੋਰ ਮੇਰੀ ਭਾਬੋ ਰਾਣੀ ਕੀ ਕਰੀ ਜਾਂਦੀ ਐ? ਮਾਂ ਦੀ ਸਿਹਤ ਕਿਵੇਂ ਐਂ?' ਭੈਣ ਨੇ ਪੁੱਛਿਆ।

'ਭੈਣੇ, ਥੋਡੇ ਵੱਡਿਆਂ ਦੇ ਅਸ਼ੀਰਵਾਦ ਸਦਕਾ ਸਭ ਰਾਜ਼ੀ ਬਾਜ਼ੀ ਆਂ। ਚੜ੍ਹਦੀ ਕਲਾ 'ਚ ਆਂ। ਆਹ ਲਓ, ਮਾਂ ਜੀ ਨਾਲ ਕਰੋ ਗੱਲ।' ਉਸ ਨੇ ਫ਼ੋਨ ਮਾਂ ਦੇ ਕੰਨ ਨਾਲ ਲਾ ਦਿੱਤਾ।

ਮਾਂ ਨੇ ਉੱਚੀ-ਉੱਚੀ ਦੋ ਵਾਰ 'ਹੈ... ਲੋ...ਹੈ... ਲੋ...' ਕਿਹਾ। ਤਦ ਦੂਜੇ ਪਾਸੇ ਤੋਂ ਧੀ ਦੀ ਅਵਾਜ਼ ਉਸ ਦੇ ਕੰਨੀਂ ਪਈ, 'ਸਤਿ ਸ਼੍ਰੀ ਅਕਾਲ ਮਾਂ। ਹੋਰ ਸੁਣਾਓ! ਤੁਹਾਡੀ ਸਿਹਤ ਕਿਵੇਂ ਰਹਿੰਦੀ ਐ? ਮੇਰੀ ਭਾਬੋ ਰਾਣੀ ਦਾ ਕੀ ਹਾਲ਼ ਐ?'

ਮਾਂ ਨੇ ਹਲਕੀ ਜਿਹੀ ਖ਼ਾਂਸੀ ਕਰਕੇ ਗਲ਼ਾ ਸਾਫ਼ ਕੀਤਾ। ਤੇ ਬੋਲੀ, 'ਹਾਂ ਧੀਏ, ਸਿਹਤ ਤਾਂ ਮੇਰੀ ਚੰਗੀ-ਭਲੀ ਐ। ਸੁੱਖ ਨਾਲ ਬੈਠੀ-ਬਿਠਾਈ ਨੂੰ ਤਿੰਨੋਂ ਡੰਗ ਤੱਤੀ ਰੋਟੀ ਮਿਲਦੀ ਐ।




ਹੋਰ ਫ਼ਲ-ਫ਼ਰੂਟ ਵੀ ਆਪਣੇ ਘਰ ਵਿਚ ਵਾਧੂ ਹੁੰਦੈ। ਤੂੰ ਦੱਸ, ਪ੍ਰਾਹੁਣਾ, ਜੁਆਕ ਸਭ ਰਾਜ਼ੀ ਬਾਜ਼ੀ ਨੇ? ਧੀਏ! ਕੱਲ੍ਹ ਨੂੰ ਸੁੱਖ ਨਾਲ ਰੱਖੜੀ ਦਾ ਤਿਉਹਾਰ ਐ! ਤੂੰ ਆ ਜਾਂਦੀ ਕੱਲ੍ਹ ਨੂੰ। ਨਾ ਅੰਮ੍ਰਿਤਸਰ ਕਿਹੜਾ ਦੂਰ ਐ?'

ਮਾਂ ਦੀਆਂ ਗੱਲਾਂ ਸੁਣ ਕੇ ਉਹ ਬੋਲੀ, 'ਮਾਂ, ਅੰਮ੍ਰਿਤਸਰ ਜੇ ਦੂਰ ਨੀਂ ਤਾਂ ਮੁਹਾਲੀ ਤੋਂ ਬਹੁਤਾ ਨੇੜੇ ਵੀ ਨਹੀਂ ਹੈ। ਘਰਾਂ ਦੇ ਕੰਮ-ਕਾਜ ਹੀ ਇੰਨੇਂ ਹੁੰਦੇ ਆ। ਘਰਾਂ 'ਚੋਂ ਨਿੱਕਲਿਆ ਕਿਹੜਾ ਜਾਂਦੈ? ਪਹਿਲਾਂ ਤਾਂ ਮੇਰਾ ਆਉਣ ਦਾ ਕੋਈ ਇਰਾਦਾ ਈ ਨਹੀਂ ਸੀ। ਇਸੇ ਕਰਕੇ ਮੈਂ ਰੱਖੜੀਆਂ ਡਾਕ ਰਾਹੀਂ ਭੇਜ ਦਿੱਤੀਆਂ ਸਨ। ਪਰ ਆਹ ਘੰਟਾ ਕੁ ਪਹਿਲਾਂ ਮੇਰੀ ਪਿਆਰੀ ਭਾਬੋ ਰਾਣੀ ਦਾ ਫ਼ੋਨ ਆਇਆ ਸੀ। ਉਹਨੇ ਪੂਰਾ ਜ਼ੋਰ ਦੇ ਕੇ ਮੈਨੂੰ ਅੰਮ੍ਰਿਤਸਰ ਆ ਕੇ ਆਪਣੇ ਵੀਰ ਨੂੰ ਰੱਖ਼ੜੀ ਬੰਨ੍ਹਣ ਲਈ ਕਿਹਾ ਹੈ। ਇਸ ਲਈ ਅਸੀਂ ਮੁਹਾਲੀ ਤੋਂ ਸੁਵੱਖਤੇ ਪੰਜ ਵਜੇ ਚੱਲ ਕੇ ਨੌਂ ਵਜੇ ਤੱਕ ਅੰਮ੍ਰਿਤਸਰ ਪਹੁੰਚ ਜਾਵਾਂਗੇ। ਮਾਂ, ਮੈਂ ਇੱਥੇ ਆਪਣੇ ਆਲ਼ੇ-ਦੁਆਲ਼ੇ ਬਥੇਰੇ ਘਰਾਂ 'ਚ ਵੇਖਦੀ ਹਾਂ। ਭਰਾ, ਭਰਾ ਨਾਲ ਨਹੀਂ ਵਰਤਦੇ। ਨਾ ਹੀ ਭੈਣ-ਭਰਾ ਵਰਤਦੇ ਨੇ। ਹੁਣ ਤਾਂ ਬੱਸ ਸਾਲ਼ੀ ਅਤੇ ਸਾਂਢੂ ਨਾਲ ਹੀ ਰਿਸ਼ਤੇਦਾਰੀ ਬਾਕੀ ਰਹਿ ਗਈ ਐ। ਮਾਂ, ਮੈਂ ਤੁਹਾਨੂੰ ਪਹਿਲਾਂ ਵੀ ਬਹੁਤ ਵਾਰੀ ਕਿਹਾ ਹੈ। ਆਪਣਾ ਤਾਂ ਭਾਗਾਂ ਵਾਲ਼ਾ ਘਰ ਐ। ਜੋ ਰਣਜੀਤ ਜਿਹੀ ਮੇਰੀ ਪਿਆਰੀ ਭਾਬੋ ਨੇ ਆਪਣੇ ਘਰ ਨੂੰ ਭਾਗ ਲਾਏ ਨੇ। ਤੁਹਾਡੇ ਜੁਆਈ ਨੇ ਵੀ ਇਹੀ ਗੱਲ ਮੈਨੂੰ ਕਈ ਵਾਰੀ ਕਹੀ ਹੈ। ਅੰਮ੍ਰਿਤਸਰ ਰਣਜੀਤ ਭੈਣ ਨੂੰ ਮਿਲ ਕੇ ਇੰਝ ਲੱਗਦਾ ਹੁੰਦੈ, ਜਿਵੇਂ ਆਪਣੀ ਸਕੀ ਭੈਣ ਨੂੰ ਮਿਲਿਆ ਹੋਵਾਂ। ਮਾਂ ਤੂੰ ਤਾਂ ਬਹੁਤ ਵੱਡੇ ਭਾਗਾਂ ਵਾਲੀ ਹੈਂ, ਜੋ ਆਪਣਾ ਬੁਢਾਪਾ ਸੁਖਾਲੇ ਢੰਗ ਨਾਲ ਨੂੰਹ-ਪੁੱਤ ਨਾਲ ਕੱਟ ਰਹੀ ਐਂ। ਮੇਰੀ ਰਣਜੀਤ ਭਾਬੀ ਵਰਗੀਆਂ ਨੂੰਹਾਂ ਭਾਗਾਂ ਨਾਲ ਮਿਲਦੀਆਂ ਨੇ। ਚੰਗਾ ਮਾਂ, ਮੈਂ ਹੁਣ ਘਰ ਦਾ ਰੋਟੀ ਟੁੱਕ ਵੀ ਕਰਨੈਂ। ਕੱਲ੍ਹ ਸੁਵੱਖਤੇ ਇੱਥੋਂ ਤੁਰਨਾ ਵੀ ਐ।' ਇੰਨਾ ਕਹਿ ਕੇ ਉਸ ਨੇ ਫ਼ੋਨ ਬੰਦ ਕਰ ਦਿੱਤਾ।

ਬਚਨ ਕੌਰ ਨੇ ਫ਼ੋਨ ਨੂੰ ਇੱਕ ਪਾਸੇ ਰੱਖ ਆਪਣੀਆਂ ਅੱਖਾਂ ਬੰਦ ਕਰ ਲਈਆਂ। ਉਹ ਅਣਜਾਣੇ ਵਿਚ ਨੂੰਹ ਨੂੰ ਬੋਲੀਆਂ ਕੌੜੀਆਂ-ਕਸੈਲੀਆਂ ਕਹਿ ਕੇ ਪਛਤਾ ਰਹੀ ਸੀ। ਉਸੇ ਵੇਲੇ ਨੂੰਹ ਖੀਰ ਦੀ ਭਰੀ ਪਲੇਟ ਲੈ ਕੇ ਆ ਗਈ। ਪਲੇਟ ਉਸ ਨੇ ਮੰਜੇ ਦੇ ਕੋਲ ਪਏ ਮੇਜ ਉੱਤੇ ਰੱਖ ਦਿੱਤੀ। ਫ਼ਿਰ ਕਿਹਾ, 'ਮਾਂ ਜੀ, ਆਹ ਜ਼ਰਾ ਖੀਰ ਖਾ ਕੇ ਦੱਸਿਓ! ਮਿੱਠਾ ਕਿਵੇਂ ਐਂ?'

ਸੱਸ ਨੇ ਨੂੰਹ ਦਾ ਹੱਥ ਫ਼ੜ ਕੇ ਘੁੱਟ ਲਿਆ। ਉਸ ਨੂੰ ਆਪਣੇ ਮੰਜੇ 'ਤੇ ਬਿਠਾਉਂਦਿਆਂ ਬੋਲੀ, 'ਧੀਏ, ਮੈਨੂੰ ਮੁਆਫ਼ ਕਰ ਦੇ। ਮੇਰੀ ਚੰਦਰੀ ਜ਼ੁਬਾਨ ਪਤਾ ਨਹੀਂ ਤੈਨੂੰ ਕੀ-ਕੀ ਬੋਲ ਗੀ? ਪਰ ਜਦ ਤੂੰ ਫੂਨ ਕਰਕੇ ਮੇਰੀ ਧੀ ਨੂੰ ਇੱਥੇ ਬੁਲਾਇਆ ਸੀ। ਤੂੰ ਮੈਨੂੰ ਸਾਫ਼-ਸਾਫ਼ ਕਿਉਂ ਨੀਂ ਸੀ ਦੱਸਿਆ ਕਿ ਸਰਦਾਰੇ ਦੇ ਰੱਖੜੀ ਬੰਨ੍ਹਣ ਲਈ ਉਹਦੀ ਵੱਡੀ ਭੈਣ ਨੂੰ ਬੁਲਾਇਆ ਹੈ?'

ਉਸ ਨੇ ਸੱਸ ਨੂੰ ਘੁੱਟ ਕੇ ਗਲਵਕੜੀ ਪਾ ਲਈ। ਉਹਦਾ ਹਾਸਾ ਬੰਦ ਨਹੀਂ ਸੀ ਹੋ ਰਿਹਾ। ਕੁਝ ਪਲਾਂ ਬਾਅਦ ਉਹ ਬੋਲੀ- 'ਮਾਂ ਜੀ! ਮੈਂ ਤਾਂ ਤੁਹਾਨੂੰ ਬਿਲਕੁਲ ਸਹੀ ਦੱਸਿਆ ਸੀ। ਬਈ ਕੱਲ੍ਹ ਨੂੰ ਵੱਡੇ ਭੈਣ ਜੀ ਤੇ ਭਾਅ ਜੀ ਆ ਰਹੇ ਨੇ। ਪਰ ਜਦੋਂ ਤੁਸੀਂ ਇਹ ਸਮਝ ਲਿਆ ਕਿ ਮੇਰੇ ਵੱਡੇ ਦੀਦੀ ਅਤੇ ਜੀਜਾ ਜੀ ਆ ਰਹੇ ਹਨ। ਤਦ ਮੈਂ ਸੋਚਿਆ ਕਿ ਚਲੋ, ਜੇਕਰ ਮਾਂ ਨੂੰ ਹੁਣ ਭੁਲੇਖਾ ਲੱਗ ਹੀ ਗਿਆ ਹੈ ਤਾਂ ਏਦਾਂ ਈ ਠੀਕ ਐ! ਨੂੰਹ-ਸੱਸ ਵਿਚ ਕੁਝ ਦੇਰ ਹਾਸਾ ਠੱਠਾ ਵੀ ਤਾਂ ਹੋਣਾ ਚਾਹੀਦੈ! ਨਾਲੇ ਮਾਂ ਜੀ, ਮੁਹਾਲੀ ਵਾਲ਼ੇ ਭੈਣ ਜੀ ਤਾਂ ਕੱਲ੍ਹ ਨੂੰ ਆਉਣ ਲਈ ਰਾਜ਼ੀ ਹੀ ਨਹੀਂ ਸੀ ਹੁੰਦੇ। ਇਹ ਤਾਂ ਮੈਂ ਜਦੋਂ ਉਨ੍ਹਾਂ ਨੂੰ ਕਿਹਾ- 'ਭੈਣ ਜੀ, ਤੁਹਾਡਾ ਆਪਣੀ ਛੋਟੀ ਭਾਬੀ ਨੂੰ ਮਿਲਣ ਲਈ ਜਮ੍ਹਾਂ ਈਂ ਜੀਅ ਨੀਂ ਕਰਦਾ?' ਤਦ ਕਿਤੇ ਉਹ ਆਉਣ ਲਈ ਤਿਆਰ ਹੋਏ। ਨਾਲੇ ਮਾਂ, ਧੀਆਂ-ਧਿਆਣੀਆਂ ਨੇ ਕਿਹੜਾ ਕਿਸੇ ਦਾ ਘਰ ਚੁੱਕ ਕੇ ਲੈ ਜਾਣਾ ਹੁੰਦੈ। ਇਹ ਤਾਂ ਸਗੋਂ ਆਪਣੇ ਬਾਬੁਲ ਦੇ ਵਿਹੜੇ ਦੀ, ਆਪਣੇ ਵੀਰਾਂ ਦੀ, ਭਾਬੀਆਂ ਦੀ, ਭਤੀਜੇ-ਭਤੀਜੀਆਂ ਦੀ ਸਦਾ ਸੁੱਖ ਈ ਮੰਗਦੀਆਂ ਆਈਆਂ ਨੇ। ਮਾਂ ਜੀ ਇਹ ਤਿੱਥ-ਤਿਉਹਾਰ ਤਾਂ ਭੈਣ ਭਰਾਵਾਂ ਦੇ ਮੇਲ ਮਿਲਾਪ ਦੇ ਵਸੀਲੇ ਹੁੰਦੇ ਨੇ। ਨਹੀਂ ਤਾਂ ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਕੀਹਦੇ ਕੋਲ ਵਿਹਲ ਐ? ਭਲਾਂ ਕੌਣ ਕਿਸੇ ਨੂੰ ਮਿਲਣ ਜਾਂਦੈ?' ਨੂੰਹ ਦੀਆਂ ਇੰਨੀਆਂ ਸਿਆਣਪ ਭਰੀਆਂ ਗੱਲਾਂ ਸੁਣ ਕੇ ਬਚਨ ਕੌਰ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ।

---

### ਰੱਖੜੀ

ਬਾਕੀ ਤਿਉਹਾਰਾਂ ਨਾਲੋਂ ਡਿੱਠਾ, ਬੜਾ ਪਵਿੱਤਰ ਇਹ ਤਿਉਹਾਰ।
ਰੱਖੜੀ ਦੇ ਇਸ ਗਾਨੇ ਵਿਚ, ਭੈਣ-ਭਰਾ ਦਾ ਗੁੰਦਿਆ ਪਿਆਰ।

ਭੈਣਾਂ ਦੀਆਂ ਸੱਧਰਾਂ ਵਾਲਾ, ਏਹਦੇ ਵਿਚ ਹੈ ਛੁਪਿਆ ਖਜ਼ਾਨਾ।
ਵੀਰਾਂ ਦੇ ਗੁੱਟ 'ਤੇ ਬੰਨ੍ਹਣ ਲਈ, ਬਹੁਤ ਕੀਮਤੀ ਹੈ ਇਹ ਗਾਨਾ।

ਭੈਣਾਂ ਵੱਲੋਂ ਵੀਰਾਂ ਦੇ ਲਈ, ਏਹਦੇ ਵਿਚ ਹੀ ਹਨ ਸ਼ੁਭਇਛਾਵਾਂ।
ਖਿੜੇ ਰਹਿਣ ਬਾਗ ਵੀਰਾਂ ਦੇ, ਉਹ ਵੀ ਇਹਦੇ ਵਿਚ ਨੇ ਦੁਆਵਾਂ।

ਏਹਦੇ ਰੰਗਾਂ ਵਾਂਗੂੰ ਹੀ ਰਹਿਣ, ਵੀਰਾਂ ਦੀ ਜ਼ਿੰਦਗੀ ਦੇ ਵਿਚ ਰੰਗ।
ਭਤੀਜੇ ਭਤੀਜੀਆਂ ਕਰਨ ਤਰੱਕੀ, ਦੇਖਣ ਵਾਲਾ ਰਹਿ ਜਾਵੇ ਦੰਗ।

ਭੈਣਾਂ ਲਈ ਵੀ ਵੀਰਾਂ ਦੇ ਨੇ ਹੁੰਦੇ, ਬਹੁਤ ਹੀ ਉਚੇ-ਸੁੱਚ ਫਰਜ਼।
ਉਹ ਵੀ ਸਾਨੂੰ ਰੱਖੜੀ ਹੈ ਦੱਸਦੀ, ਪੂਰੇ ਕਰਨੇ ਨੇ ਬਿਨਾਂ ਗਰਜ਼।

ਭੈਣ ਭਰਾ ਦਾ ਪਵਿੱਤਰ ਰਿਸ਼ਤਾ, ਜਿਹੜੇ ਲੋਕੀਂ ਸਮਝ ਨੇ ਲੈਂਦੇ।
'ਅਮਰੀਕ ਤਲਵੰਡੀ' ਵਾਲੇ ਦੇ ਵਾਗੂੰ, ਭੈਣ ਤੋਂ ਜਾਨ ਵਾਰਦੇ ਰਹਿੰਦੇ।

***-ਅਮਰੀਕ ਸਿੰਘ ਤਲਵੰਡੀ ਕਲਾਂ***
***ਫੋਨ: 94635-42896***

---

### ਤੀਆਂ ਦਾ ਗੀਤ

ਸਾਉਣ ਦਾ ਮਹੀਨਾ, ਆਏ ਤੀਆਂ ਵਾਲ਼ੇ ਦਿਨ ਵੇ,
ਪੈਂਦੀ ਏ ਫ਼ੁਹਾਰ ਚੰਨਾ, ਛੇਤੀ ਛੇਤੀ ਆਣ ਮਿਲ ਵੇ।
ਪੀਂਘ ਦੇ ਹੁਲਾਰੇ ਨਾਲ਼, ਜਦੋਂ ਛੇੜਾਂ ਤੇਰੇ ਬੋਲ ਵੇ,
ਪੁੱਛਦੀਆਂ ਸਖੀਆਂ, ਨੀਂ ਕਿੱਥੇ ਹੈ ਤੇਰਾ ਢੋਲ ਵੇ?
ਝੂਠੇ ਲਾ ਕੇ ਬਹਾਨੇ, ਵਕਤ ਲੰਘਾਵਾਂ ਵੇ,
ਵੱਢ ਵੱਢ ਖਾਵੇ ਮੈਨੂੰ ਝੋਰਾ ਤੇਰੇ ਬਿਨ ਵੇ।
ਸਾਉਣ ਦਾ ਮਹੀਨਾ...।

ਲੈ ਕੇ ਸੰਧਾਰਾ ਜਦੋਂ, ਮੇਰਾ ਵੱਡਾ ਵੀਰ ਆਇਆ ਸੀ,
ਭਰ ਕੇ ਉਹ ਟੋਕਰਾ, ਮੱਠੀਆਂ ਦਾ ਲਿਆਇਆ ਸੀ।
ਮੱਥਾ ਟੇਕ ਸੱਸੜੀ ਨੂੰ ਆਖ ਸੁਣਾਇਆ ਵੇ,
ਸੱਜਦੇ ਨਾ ਭੈਣਾਂ ਬਿਨ ਪੇਕੇ ਇਹ ਦਿਨ ਵੇ।
ਸਾਉਣ ਦਾ ਮਹੀਨਾ...।

ਗਿੱਧੇ ਵਿਚ ਵੜ ਕੇ, ਮੈਂ ਗੇੜਾ ਦੇਹ ਬੋਲੀ ਪਾਈ ਵੇ,
ਸਹੇਲੀਆਂ ਦੇ ਨਾਲ਼, ਤਾਹਨੇ ਮਾਰੇ ਭਰਜਾਈ ਵੇ।
ਵੀਰ ਵੀ ਹੋਇਆ ਅੱਜਕਲ੍ਹ ਚੁੱਪ ਚੁੱਪ ਵੇ,
ਕਾਹਦਾ ਹੱਕ ਪੇਕੇ ਮਾਪਿਆਂ ਦੇ ਬਿਨ ਵੇ।
ਸਾਉਣ ਦਾ ਮਹੀਨਾ...।

***-ਸੇਵਾ ਸਿੰਘ "ਨੂਰਪੁਰੀ "***

---

### ਨਫ਼ਰਤਾਂ ਦੇ ਕੰਡੇ

ਸਿਰ ਉੱਤੇ ਚੁੰਨੀ, ਦਸਤਾਰ ਕਾਹਤੋਂ ਚੁੱਭਦੇ
ਵੈਰੀਆਂ ਨੂੰ ਪਹਿਨਿਓ, ਕਕਾਰ ਕਾਹਤੋਂ ਚੁੱਭਦੇ।

ਝੂਠਿਆਂ ਦੇ ਸਿਰਾਂ ਨੂੰ, ਸਲਾਮਾਂ ਨਿੱਤ ਹੁੰਦੀਆਂ
ਖਾਲਸੇ ਦੇ ਸੱਚੇ, ਕਿਰਦਾਰ ਕਾਹਤੋਂ ਚੁੱਭਦੇ

ਕੀਤੇ ਆ ਰਿਕਾਰਡ ਪੈਦਾ, ਹਿੱਕਾਂ ਦਿਆਂ ਜ਼ੋਰਾਂ 'ਤੇ
ਮਿਹਨਤਾਂ ਮਸ਼ੱਕਤਾਂ, ਮਿਆਰ, ਕਾਹਤੋਂ ਚੁੱਭਦੇ।

ਚਿਹਰਿਆਂ ਤੇ ਖਿੜਿਓ ਜਲਾਲ, ਜ਼ਰ ਹੁੰਦੇ ਨਾ
ਖਾਲਸਾਈ ਚੜ੍ਹਤਾਂ, ਦੀਦਾਰ ਕਾਹਤੋਂ ਚੁੱਭਦੇ।

ਪਿੰਡਾਂ 'ਚੋਂ ਭਜਾਏ ਪਹਿਲਾਂ, ਅਤਿਵਾਦੀ ਆਖ ਕੇ
ਹੁਣ, ਵੱਸਦੇ ਸਮੁੰਦਰਾਂ ਤੋਂ, ਪਾਰ ਕਾਹਤੋਂ ਚੁੱਭਦੇ।

ਧੱਕੇਸ਼ਾਹੀਆਂ ਠੋਕਰਾਂ 'ਤੇ, ਵੈਰਾਂ ਦੇ ਲਤਾੜਿਓ
ਡਿੱਗ ਡਿੱਗ ਹੋਏ ਪੱਬਾਂ, ਭਾਰ ਕਾਹਤੋਂ ਚੁੱਭਦੇ।

ਜਿਨ੍ਹਾਂ ਨੇ ਬਚਾਏ ਜੰਞੂ, ਧੋਤੀਆਂ ਤੇ ਟੋਪੀਆਂ
ਓਹੀ ਮੁੱਛ ਦਾਹੜੀ, ਦਸਤਾਰ ਕਾਹਤੋਂ ਚੁੱਭਦੇ।

ਹਾਰਲੇ ਬੁਲਟ ਉੱਤੇ, ਨੀਲਾ ਚੋਲਾ ਖਿੰਡਦਾ
ਘੋੜਿਆਂ 'ਤੇ ਸਜਿਓ ਸਵਾਰ, ਕਾਹਤੋਂ ਚੁੱਭਦੇ।

ਕੁੜਤੇ ਪਜਾਮੇ ਚਿੱਟੇ, ਜੁੱਤੀ ਪਾਈ ਕੱਢਵੀਂ
ਸਿੰਘ ਹੋ ਕੇ ਨਿੱਕਲੇ, ਤਿਆਰ ਕਾਹਤੋਂ ਚੁੱਭਦੇ।

ਵੱਖਰੀ dress ਪਾ ਕੇ, ਨਿੱਕਲੇ ਸਹੋਤਿਆ
ਸੋਹਣੇ ਤੇ ਸੁਨੱਖੇ, ਸਰਦਾਰ ਕਾਹਤੋਂ ਚੁੱਭਦੇ।

***- ਕੁਲਵੀਰ ਸਿੰਘ ਡਾਨਸੀਵਲ***
***ਫੋਨ: 778-863-2472***

### ਗ਼ਜ਼ਲ

ਲੱਭਦਾ ਜ਼ਮੀਰ ਔਖਾ ਜਿੱਥੇ ਅਮੀਰ ਮਿਲਦੇ।
ਹੁੰਦਾ ਹੈ ਰੱਬ ਤਾਂ ਓਥੇ ਜਿੱਥੇ ਫਕੀਰ ਮਿਲਦੇ।

ਸਹਿਬਾਂ ਦੇ ਵੀਰ ਬਚ 'ਗੇ ਮਿਰਜ਼ੇ ਦੀ ਮੌਤ ਕਰਕੇ
ਮਿਰਜ਼ੇ ਨੇ ਨਾ ਸੀ ਮਰਨਾ ਉਸਨੂੰ ਜੇ ਤੀਰ ਮਿਲਦੇ।

ਵਿਛੜੇ ਜਦੋਂ ਵੀ ਆਸ਼ਿਕ ਮਿਲਦੇ ਨਹੀਂ ਦੁਬਾਰਾ
ਫ਼ਿਲਮਾਂ 'ਚ ਹੀ ਇਹ ਹੁੰਦਾ ਆ ਕੇ ਅਖੀਰ ਮਿਲਦੇ।

ਕਿੱਦਾਂ ਮਿਟੇਗੀ ਦੂਰੀ ਹੱਦਾਂ 'ਤੇ ਹੈ ਪਈ ਜੋ
ਲੀਡਰ ਦਿਲਾਂ 'ਚ ਖਿੱਚ ਕੇ ਪੱਕੀ ਲਕੀਰ ਮਿਲਦੇ।

ਲਗਦਾ ਹੈ ਜਲਦੀ ਹੀ ਹੁਣ ਮੰਡੀ 'ਚ ਹੋਕਾ ਲੱਗਣਾ
ਏਥੇ ਇਮਾਨ ਮਿਲਦੇ ਏਥੇ ਜ਼ਮੀਰ ਮਿਲਦੇ।

ਦਿਸਦੇ ਨਾ ਰੁੱਖ ਕਿਤੇ ਵੀ ਬੰਜ਼ਰ ਜ਼ਮੀਨ ਹੋਈ
ਬਸ ਸੁਪਨਿਆਂ 'ਚ ਹੀ ਹੁਣ ਕਿੱਕਰ ਕਰੀਰ ਮਿਲਦੇ।

ਖ਼ਬਰੇ ਹਵਾ 'ਚ ਕੀ ਹੈ ਮੁੱਕੀ ਮਿਠਾਸ ਸਭ 'ਚੋਂ
ਨਿਵ ਕੇਂ ਨਾ ਕੋਈ ਮਿਲਦਾ ਬਣ ਕੇ ਸ਼ਤੀਰ ਮਿਲਦੇ।
-ਹਰਦੀਪ ਬਿਰਦੀ

## ਕਵਿ-ਕਿਆਰੀ

**ਅਮਰੀਕ ਸਿੰਘ ਸ਼ਿਕਾਗੋ**



### ਕਵਿਤਾ

ਇਹ ਚੱਲ ਰਹੀ ਹਵਾ ਦਾ,
ਹਾਕਮਾਂ ਰੁਖ਼ ਤੇ ਦੇਖ ਲੈ।

ਕਿੰਨੇ ਮਰਨਗੇ ਤੇਰੀ ਝੋਲੀ ਭਰਨ ਲਈ
ਉੱਜੜ ਰਹੇ ਕਿਸਾਨਾਂ ਦੇ ਦੁੱਖ ਤੇ ਦੇਖ ਲੈ।

ਕਿਵੇਂ ਚੀਕ-ਚਿਹਾੜਾ ਪਵੇਗਾ ਉਨ੍ਹਾਂ ਪੰਛੀਆਂ ਦਾ
ਜਿਨ੍ਹਾਂ ਦੇ ਪਏ ਨੇ ਆਲ੍ਹਣੇ ਉਹ ਰੁੱਖ ਤੇ ਦੇਖ ਲੈ।

ਤੇਰੀਆਂ ਡਾਂਗਾਂ ਤਾਂ ਸਾਡੀਆਂ ਹਿੱਕਾਂ ਸਹਿ ਲੈਣਗੀਆਂ
ਬੇਗੈਰਤਾ ਸਾਡੀਆਂ ਧੀਆਂ-ਭੈਣਾਂ ਦੀ ਕੁੱਖ ਤੇ ਦੇਖ ਲੈ।

'ਅਮਰ' ਬੜੇ ਅਣਖੀ ਨੇ ਲੋਕ ਪੰਜਾਬ ਵਾਲੇ
ਤੋੜ ਦੇਣਗੇ ਤੇਰਾ ਗ਼ਰੂਰ ਸੱਤਾ ਦੇ ਸੁੱਖ ਤੂੰ ਦੇਖ ਲੈ।

# ਕੈਨੇਡਾ ਵਿਚ ਭਾਰਤੀ ਰੇਡੀਓ ਪ੍ਰਸਾਰਨ ਦੇ ਇਤਿਹਾਸ ਵਿਚ ਵਿਲੱਖਣ ਤਜਰਬਾ: ਹਫਤਾਵਾਰੀ ਰੇਡੀਓ ਮੈਗਜ਼ੀਨ 'ਸਮੇਂ ਦੀ ਅਵਾਜ਼'

ਮੌਜੂਦਾ ਸਮੇਂ ਕੈਨੇਡਾ ਦੇ ਪੰਜਾਬੀ/ਭਾਰਤੀ ਮੀਡੀਆ ਦੇ ਖੇਤਰ ਵਿਚ ਰੇਡੀਓ ਦਾ ਬੋਲਬਾਲਾ ਹੈ। ਹਫਤੇ ਦੇ 7 ਦਿਨ 24 ਘੰਟੇ ਪ੍ਰੋਗਰਾਮ ਚਲਦੇ ਹਨ ਅਤੇ ਪੰਜਾਬੀਆਂ/ਭਾਰਤੀਆਂ ਦੀ ਸੰਘਣੀ ਵਸੋਂ ਵਾਲੇ ਸਾਰੇ ਸ਼ਹਿਰਾਂ ਵਿਚ ਪੰਜਾਬੀਆਂ/ਭਾਰਤੀਆਂ ਨੂੰ ਸੇਵਾਵਾਂ ਦੇਣ ਵਾਲੇ ਰੇਡੀਓ ਦੇ ਕਈ ਕਈ ਸਟੇਸ਼ਨ ਹਨ। ਪਰ ਕੈਨੇਡਾ ਵਿਚ ਪੰਜਾਬੀ/ ਭਾਰਤੀ ਰੇਡੀਓ ਦੀ ਅਜਿਹੀ ਸਥਿਤੀ ਹਮੇਸ਼ਾਂ ਨਹੀਂ ਸੀ। ਇੱਥੇ ਪੰਜਾਬੀਆਂ/ਭਾਰਤੀਆਂ ਦੇ ਰੇਡੀਓ ਪ੍ਰੋਗਰਾਮ



**ਸੁਖਵੰਤ ਹੁੰਦਲ**

1970ਵਿਆਂ ਦੇ ਪਹਿਲੇ ਸਾਲਾਂ ਵਿਚ ਸ਼ੁਰੂ ਹੋਏ। ਉਸ ਸਮੇਂ ਰੇਡੀਓ ਪ੍ਰੋਗਰਾਮ ਚਲਾਉਣ ਵਾਲੇ ਮੁੱਖ ਧਾਰਾ ਦੇ ਰੇਡੀਓ ਸਟੇਸ਼ਨਾਂ ਤੋਂ ਹਫਤੇ ਦਾ ਘੰਟਾ, ਦੋ ਘੰਟੇ ਜਾਂ ਕੁੱਝ ਘੰਟਿਆਂ ਦਾ ਸਮਾਂ ਕਿਰਾਏ 'ਤੇ ਲੈਂਦੇ ਸੀ ਅਤੇ ਉੱਥੋਂ ਰੇਡੀਓ ਪ੍ਰੋਗਰਾਮ ਕਰਦੇ ਸੀ। ਮੁੱਖ ਤੌਰ 'ਤੇ ਰੇਡੀਓ ਪ੍ਰੋਗਰਾਮਾਂ ਦਾ ਵਿਸ਼ਾ ਵਸਤੂ ਹੁੰਦਾ ਸੀ: ਪੰਜਾਬੀ-ਹਿੰਦੀ ਦਾ ਗੀਤ-ਸੰਗੀਤ ਅਤੇ ਇਸ਼ਤਿਹਾਰਬਾਜ਼ੀ। ਪ੍ਰੋਗਰਾਮ ਕਰਨ ਵਾਲਿਆਂ ਦਾ ਮਕਸਦ ਵੱਧ ਤੋਂ ਵੱਧ ਇਸ਼ਤਿਹਾਰ ਇਕੱਤਰ ਕਰ ਕੇ ਆਪਣੀ ਰੋਟੀ ਰੋਜ਼ੀ ਕਮਾਉਣਾ ਸੀ। 1990ਵਿਆਂ ਤੱਕ ਕੈਨੇਡਾ ਵਿਚ ਪੰਜਾਬੀ/ ਭਾਰਤੀ ਰੇਡੀਓ ਦੀ ਸਥਿਤੀ ਤਕਰੀਬਨ ਇਸ ਤਰ੍ਹਾਂ ਦੀ ਹੀ ਰਹੀ।

ਪਰ ਇਸ ਸਮੇਂ ਦੌਰਾਨ (1986-1989 ਵਿਚਕਾਰ) ਵੈਨਕੂਵਰ ਦੇ ਪੰਜਾਬੀ/ਭਾਰਤੀ ਰੇਡੀਓ ਦੇ ਦ੍ਰਿਸ਼ 'ਤੇ ਰੇਡੀਓ ਦੇ ਪ੍ਰਸਾਰਨ ਵਿਚ ਇਕ ਵਿਲੱਖਣ ਅਤੇ ਵੱਖਰਾ ਪ੍ਰੋਗਰਾਮ ਕਰਨ ਦਾ ਤਜਰਬਾ ਕੀਤਾ ਗਿਆ। ਇਸ ਪ੍ਰੋਗਰਾਮ ਦਾ ਨਾਂ ਸੀ, 'ਸਮੇਂ ਦੀ ਅਵਾਜ਼' (ਦੀ ਵੁਆਇਸ ਆਫ ਦੀ ਟਾਈਮਜ਼)। ਇਹ ਪ੍ਰੋਗਰਾਮ ਹਰ ਸ਼ਨਿਚਰਵਾਰ ਇਕ ਘੰਟੇ ਲਈ ਵੈਨਕੂਵਰ ਕੋਆਪ੍ਰੇਟਿਵ ਰੇਡੀਓ, 102.7 ਐਫ ਐਮ, 'ਤੇ ਪੇਸ਼ ਕੀਤਾ ਜਾਂਦਾ ਸੀ। ਇਸ ਪ੍ਰੋਗਰਾਮ ਦੀ ਰੂਪ-ਰੇਖਾ ਹਫਤਾਵਾਰੀ ਰੇਡੀਓ ਮੈਗਜ਼ੀਨ ਦੇ ਰੂਪ ਵਿਚ ਸੀ। ਪੰਜਾਬੀ ਅਤੇ ਅੰਗਰੇਜ਼ੀ ਵਿਚ ਪੇਸ਼ ਕੀਤੇ ਜਾਂਦੇ ਇਸ ਪ੍ਰੋਗਰਾਮ ਦਾ ਵਿਸ਼ਾ ਵਸਤੂ ਕਮਿਊਨਿਟੀ ਨੂੰ ਪ੍ਰਭਾਵਿਤ ਕਰਨ ਵਾਲੇ ਸਥਾਨਕ ਅਤੇ ਅੰਤਰਰਾਸ਼ਟਰੀ ਮਸਲੇ ਹੁੰਦੇ ਸਨ। ਇਸ ਵਿਚ ਕੋਈ ਵੀ ਇਸ਼ਤਿਹਾਰ ਨਹੀਂ ਦਿੱਤਾ ਜਾਂਦਾ ਸੀ। ਪ੍ਰੋਗਰਾਮ ਦਾ ਮਕਸਦ ਪੈਸਾ ਕਮਾਉਣਾ ਨਹੀਂ ਸਗੋਂ ਕਮਿਊਨਿਟੀ ਨੂੰ ਉਸ ਦੇ ਦਰਪੇਸ਼ ਮਸਲਿਆਂ ਬਾਰੇ ਚੇਤਨ ਕਰਨਾ ਸੀ। ਇਸ ਲੇਖ ਵਿਚ ਪਾਠਕਾਂ ਨੂੰ 'ਸਮੇਂ ਦੀ ਅਵਾਜ਼' ਰੇਡੀਓ ਪ੍ਰੋਗਰਾਮ ਬਾਰੇ ਸੰਖੇਪ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ।

ਵੈਨਕੂਵਰ ਕੋਆਪ੍ਰੇਟਿਵ ਰੇਡੀਓ ਤੋਂ ਇਸ ਪ੍ਰੋਗਰਾਮ ਲਈ ਸਮਾਂ ਚਰਨਪਾਲ ਗਿੱਲ ਦੇ ਉਦਮ ਨਾਲ ਪਿਕਸ ਸੁਸਾਇਟੀ ਦੇ ਨਾਂ 'ਤੇ ਲਿਆ ਗਿਆ ਸੀ। ਇਸ ਪ੍ਰੋਗਰਾਮ ਨੂੰ ਸ਼ੁਰੂ ਕਰਨ ਵਾਲੀ ਟੀਮ ਵਿਚ ਚਰਨਪਾਲ ਗਿੱਲ, ਸੁਖਵੰਤ ਹੁੰਦਲ, ਨੀਤਾ ਪੰਧੇਰ, ਰਾਣੀ ਗਿੱਲ, ਕੁਲਵਿੰਦਰ ਬੈਂਸ ਅਤੇ ਨਿੱਕ ਸਹੋਤਾ ਸ਼ਾਮਲ ਸਨ। ਉਸ ਤੋਂ ਬਾਅਦ ਰੀਤਾ ਗਿੱਲ, ਸੁਰਜੀਤ ਕਲਸੀ, ਹਰਜੀ ਸਾਂਗਰਾ ਅਤੇ ਮੱਖਣ ਟੁੱਟ ਵੀ ਇਸ ਨਾਲ ਆ ਜੁੜੇ। ਪ੍ਰੋਗਰਾਮ ਪੇਸ਼ ਕਰਨ ਵਾਲੀ ਇਸ ਟੀਮ ਤੋਂ ਬਿਨਾਂ ਕਮਿਊਨਿਟੀ ਵਿਚੋਂ ਹੋਰ ਕਈ ਲੋਕ ਵੀ ਸਮੇਂ ਸਮੇਂ 'ਤੇ ਇਸ ਪ੍ਰੋਗਰਾਮ ਲਈ ਸਮੱਗਰੀ ਤਿਆਰ ਕਰਨ ਵਿਚ ਮਦਦ ਕਰਦੇ ਰਹੇ। ਇਨ੍ਹਾਂ ਵਿਚ ਅਮਰਜੀਤ ਸੂਫੀ, ਸਾਧੂ ਬਿਨਿੰਗ, ਅਜਮੇਰ ਰੋਡੇ ਅਤੇ ਸਰਵਨ ਬੋਲ ਦੇ ਨਾਮ ਜ਼ਿਕਰਯੋਗ ਹਨ।

ਪਹਿਲੀ ਅਤੇ ਦੂਜੀ ਪੀੜ੍ਹੀ ਦੇ ਮੈਂਬਰਾਂ ਵਲੋਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਪ੍ਰਸਾਰਿਤ ਕੀਤੇ ਜਾਂਦੇ ਇਸ ਪ੍ਰੋਗਰਾਮ ਵਿਚ ਕੈਨੇਡਾ ਦੀ ਪੰਜਾਬੀ/ ਭਾਰਤੀ ਕਮਿਊਨਿਟੀ 'ਤੇ ਪ੍ਰਭਾਵ ਪਾਉਣ ਵਾਲੇ ਕੈਨੇਡੀਅਨ ਅਤੇ ਅੰਤਰਰਾਸ਼ਟਰੀ ਮਸਲਿਆਂ ਬਾਰੇ ਸਥਾਨਕ ਅਤੇ ਕੈਨੇਡਾ ਦੀਆਂ ਫੇਰੀਆਂ 'ਤੇ ਆਏ ਅੰਤਰਰਾਸ਼ਟਰੀ ਵਿਚਾਰਵਾਨਾਂ, ਸਿਆਸੀ ਅਤੇ ਸਮਾਜਕ ਕਾਰਕੁਨਾਂ, ਲੇਖਕਾਂ, ਕਲਾਕਾਰਾਂ, ਔਰਤ ਦੇ ਮਸਲਿਆਂ ਬਾਰੇ ਕੰਮ ਕਰ ਰਹੇ ਵਰਕਰਾਂ, ਸਭਿਆਚਾਰਕ ਕਾਮਿਆਂ ਆਦਿ ਨਾਲ ਗੱਲਬਾਤ ਅਤੇ ਅਗਾਂਹਵਧੂ ਗੀਤ ਸੰਗੀਤ ਪੇਸ਼ ਕੀਤਾ ਜਾਂਦਾ ਸੀ। ਇਸ ਵਿਚ ਕੈਨੇਡਾ ਵਿਚ ਪੰਜਾਬੀ/ਭਾਰਤੀ ਸਮਾਜ ਨਾਲ ਸੰਬੰਧਿਤ ਵਿਚਾਰੇ ਜਾਂਦੇ ਵਿਸ਼ਿਆਂ/ ਪ੍ਰੋਗਰਾਮਾਂ ਦੀਆਂ ਕੁੱਝ ਉਦਾਹਰਨਾਂ ਇਸ ਪ੍ਰਕਾਰ ਹਨ: ਕੈਨੇਡਾ ਵਿਚ ਭਾਰਤੀ ਮੂਲ ਦੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਅਤੇ ਜਦੋ-ਜਹਿਦਾਂ, ਨਸਲਵਾਦ, ਪਰਿਵਾਰਕ ਹਿੰਸਾ, ਬਜ਼ੁਰਗਾਂ ਦੀਆਂ ਸਮੱਸਿਆਵਾਂ ਅਤੇ ਬਜ਼ੁਰਗਾਂ ਦੀਆਂ ਸੰਸਥਾਵਾਂ ਵਲੋਂ ਉਨ੍ਹਾਂ ਨਾਲ ਨਿਪਟਣ ਲਈ ਕੀਤੀਆਂ ਜਾਂਦੀਆਂ ਕੋਸ਼ਿਸ਼ਾਂ, ਸਭਿਆਚਾਰਕ ਵਖਰੇਵੇਂ ਕਾਰਨ ਪਹਿਲੀ ਪੀੜ੍ਹੀ ਦੇ ਮਾਪਿਆਂ ਅਤੇ ਦੂਜੀ ਪੀੜ੍ਹੀ ਦੇ ਬੱਚਿਆਂ ਵਿਚਕਾਰ ਤਣਾਅ, ਕੈਨੇਡਾ ਵਿਚ ਪੰਜਾਬੀਆਂ/ ਭਾਰਤੀਆਂ ਦਾ ਇਤਿਹਾਸ, ਇਮੀਗ੍ਰੇਸ਼ਨ, ਨਵੇਂ ਇਮੀਗ੍ਰੈਂਟਾਂ ਨੂੰ ਕੈਨੇਡਾ ਵਿਚ ਸੈਟਲ ਆਉਣ ਵਿਚ ਆਉਂਦੀਆਂ ਮੁਸ਼ਕਿਲਾਂ ਅਤੇ ਇਨ੍ਹਾਂ ਮੁਸ਼ਕਿਲਾਂ ਨਾਲ ਨਿਪਟਣ ਵਿਚ ਮਦਦ ਕਰਨ ਵਾਲੀਆਂ ਸੰਸਥਾਵਾਂ ਵਲੋਂ ਪੇਸ਼ ਕੀਤੇ ਜਾਂਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਆਦਿ। ਇਸ ਦੇ ਨਾਲ-ਨਾਲ ਕੈਨੇਡਾ ਵਿਚ ਪ੍ਰਫੁੱਲਤ ਹੋ ਰਹੇ ਸਾਹਿਤ, ਨਾਟਕ ਅਤੇ ਹੋਰ ਸਭਿਆਚਾਰਕ ਗਤੀਵਿਧੀਆਂ ਬਾਰੇ ਇੰਟਰਵਿਊਜ਼/ਰਿਪੋਰਟਾਂ ਵੀ ਪੇਸ਼ ਕੀਤੀਆਂ ਜਾਂਦੀਆਂ ਸਨ। ਕਈ ਪ੍ਰੋਗਰਾਮਾਂ ਵਿਚ ਕੈਨੇਡਾ ਵਿਚ ਪੰਜਾਬੀਆਂ ਦੇ ਜੀਵਨ ਬਾਰੇ ਕੈਨੇਡਾ ਦੇ ਪੰਜਾਬੀ ਨਾਟਕਕਾਰਾਂ ਵਲੋਂ ਲਿਖੇ ਨਾਟਕ ਰੇਡੀਓ ਨਾਟਕਾਂ ਵਜੋਂ ਪ੍ਰਸਾਰਿਤ ਕੀਤੇ ਜਾਂਦੇ ਸਨ। ਇਸ ਤੋਂ ਬਿਨਾਂ ਕੈਨੇਡਾ ਵਿਚ ਆਏ ਮੋਢੀ ਪੰਜਾਬੀਆਂ ਨਾਲ ਗੱਲਬਾਤ ਕਰਨ ਦੀ ਖਾਸ ਕੋਸ਼ਿਸ਼ ਕੀਤੀ ਜਾਂਦੀ ਸੀ।

ਬੇਸ਼ੱਕ 'ਸਮੇਂ ਦੀ ਅਵਾਜ਼' ਵਿਚ ਹਿੰਦੁਸਤਾਨ ਬਾਰੇ ਵੀ ਗੱਲਬਾਤ ਕੀਤੀ ਜਾਂਦੀ ਸੀ, ਪਰ ਇਸ ਵਿਚ ਪੇਸ਼ ਕੀਤੇ ਜਾਂਦੇ ਪ੍ਰੋਗਰਾਮਾਂ ਦਾ ਮੁੱਖ ਧਿਆਨ ਕੈਨੇਡਾ 'ਤੇ ਕੇਂਦਰਿਤ ਹੁੰਦਾ ਸੀ। ਇਸ ਤਰ੍ਹਾਂ ਕਰਨ ਪਿੱਛੇ ਇਹ ਸੋਚ ਕੰਮ ਕਰਦੀ ਸੀ ਕਿ ਹੁਣ ਅਸੀਂ ਕੈਨੇਡਾ ਵਿਚ ਆ ਗਏ ਹਾਂ, ਅਸੀਂ ਇੱਥੇ ਹੀ ਰਹਿਣਾ ਹੈ, ਸਾਡੇ ਬੱਚਿਆਂ ਨੇ ਇੱਥੇ ਵੱਡੇ ਹੋਣਾ ਅਤੇ ਜੀਉਣਾ ਹੈ, ਇਸ ਲਈ ਸਾਨੂੰ ਇੱਥੋਂ ਦੇ ਸਮਾਜ ਬਾਰੇ ਜਾਣਨਾ ਅਤੇ ਸਿੱਖਣਾ ਅਤੇ ਇਸ ਦੀਆਂ ਗਤੀਵਿਧੀਆਂ ਵਿਚ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਹੈ। ਇਕ ਕਮਿਊਨਿਟੀ ਵਜੋਂ ਅਸੀਂ ਅਜਿਹਾ ਤਾਂ ਹੀ ਕਰ ਸਕਾਂਗੇ ਜੇ ਅਸੀਂ ਇਸ ਸਮਾਜ ਬਾਰੇ ਵਿਚਾਰ ਵਟਾਂਦਰਾ ਕਰਾਂਗੇ। ਇਸ ਲਈ 'ਸਮੇਂ ਦੀ ਅਵਾਜ਼' ਦੇ ਬਹੁ-ਗਿਣਤੀ ਪ੍ਰੋਗਰਾਮ ਕੈਨੇਡਾ ਵਿਚ ਪੰਜਾਬੀਆਂ/ਭਾਰਤੀਆਂ ਦੇ ਜੀਵਨ ਅਤੇ ਸਥਿਤੀਆਂ ਬਾਰੇ ਹੁੰਦੇ ਸਨ। 'ਸਮੇਂ ਦੀ ਅਵਾਜ਼' ਵਿਚ ਪ੍ਰੋਗਰਾਮ ਤਿਆਰ ਕਰਨ ਵਾਲਿਆਂ ਨੂੰ ਇਸ ਗੱਲ ਦਾ ਵੀ ਅਹਿਸਾਸ ਸੀ ਕਿ ਕਿਉਂਕਿ ਅਸੀਂ ਪੰਜਾਬ/ਭਾਰਤ ਤੋਂ ਆਏ ਹਾਂ ਅਤੇ ਸਾਡੀ ਉਸ ਦੇਸ਼ ਨਾਲ ਇਕ ਜਜ਼ਬਾਤੀ ਸਾਂਝ ਹੈ ਅਤੇ ਉਸ ਦੇਸ਼ ਬਾਰੇ ਵੀ ਜਾਣਨਾ ਚਾਹੁੰਦੇ ਹਾਂ। ਇਸ ਲਈ ਪੰਜਾਬ/ਹਿੰਦੁਸਤਾਨ ਬਾਰੇ ਵੀ ਪ੍ਰੋਗਰਾਮ ਕੀਤੇ ਜਾਂਦੇ ਸਨ, ਪਰ ਜ਼ਿਆਦਾ ਪ੍ਰੋਗਰਾਮਾਂ ਦਾ ਵਿਸ਼ਾ-ਵਸਤੂ ਕੈਨੇਡਾ ਨਾਲ ਸੰਬੰਧਿਤ ਹੁੰਦਾ ਸੀ।

ਪ੍ਰੋਗਰਾਮ ਵਿਚ ਵਿਚਾਰੇ ਜਾਣ ਵਾਲੇ ਵਿਸ਼ਿਆਂ ਦੀ ਚੋਣ ਕਰਨ ਸਮੇਂ ਇਕ ਹੋਰ ਗੱਲ ਦਾ ਧਿਆਨ ਰੱਖਿਆ ਜਾਂਦਾ ਸੀ ਕਿ ਇਸ ਵਿਚ ਸਿਰਫ ਪੰਜਾਬੀ/ਭਾਰਤੀ ਕਮਿਊਨਿਟੀ ਬਾਰੇ ਹੀ ਗੱਲਬਾਤ ਨਾ ਹੋਵੇ ਸਗੋਂ ਸਮੁੱਚੇ ਕੈਨੇਡੀਅਨ ਸਮਾਜ ਬਾਰੇ ਗੱਲਬਾਤ ਹੋਵੇ। ਇਸ ਲਈ ਕੈਨੇਡਾ ਦੀ ਮੁੱਖ ਧਾਰਾ ਦੀ ਵੱਡੀ ਕਮਿਊਨਿਟੀ ਅਤੇ ਕੈਨੇਡਾ ਦੀਆਂ ਹੋਰ ਬਹੁ-ਸਭਿਆਚਾਰਕ ਕਮਿਊਨਿਟੀਆਂ ਬਾਰੇ ਵੀ ਗੱਲਬਾਤ ਕੀਤੀ ਜਾਂਦੀ ਸੀ। ਇਸ ਦੇ ਨਾਲ ਨਾਲ ਅੰਤਰਰਾਸ਼ਟਰੀ ਪੱਧਰ ਉਤੇ ਵਾਪਰ ਰਹੀਆਂ ਘਟਨਾਵਾਂ ਅਤੇ ਵਰਤਾਰਿਆਂ ਨਾਲ ਸੰਬੰਧਿਤ ਗੱਲਬਾਤ ਨੂੰ ਵੀ ਪ੍ਰੋਗਰਾਮ ਦਾ ਹਿੱਸਾ ਬਣਾਇਆ ਜਾਂਦਾ ਸੀ। ਅਜਿਹਾ ਕਰਨ ਪਿੱਛੇ ਇਹ ਸੋਚ ਕੰਮ ਕਰਦੀ ਸੀ ਕਿ ਅਸੀਂ ਕੈਨੇਡਾ ਵਿਚ ਇਕ 'ਗੈਟੋਆਈਜ਼ਡ' ਕਮਿਊਨਿਟੀ ਰਹਿ ਕੇ ਤਰੱਕੀ ਨਹੀਂ ਕਰ ਸਕਦੇ ਸਗੋਂ ਅਸੀਂ ਤਾਂ ਹੀ ਪ੍ਰਫੁੱਲਤ ਹੋਵਾਂਗੇ ਜੇ ਅਸੀਂ ਆਪਣੀ ਕਮਿਊਨਿਟੀ ਤੋਂ ਬਾਹਰਲੇ, ਦੇਸ਼-ਵਿਦੇਸ਼ ਦੇ ਮਸਲਿਆਂ ਤੋਂ ਵੀ ਜਾਣੂ ਹੋਵਾਂਗੇ।

ਇੱਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ 'ਸਮੇਂ ਦੀ ਅਵਾਜ਼' ਦੇ ਬਹੁਤੇ ਪ੍ਰੋਗਰਾਮਾਂ ਵਿਚ ਦੋ ਹੋਸਟ ਹੁੰਦੇ ਸਨ। ਇਕ ਪਹਿਲੀ ਪੀੜ੍ਹੀ ਵਿਚੋਂ ਪੰਜਾਬੀ ਬੋਲਣ ਵਾਲਾ ਅਤੇ ਦੂਸਰਾ ਦੂਜੀ ਪੀੜ੍ਹੀ ਵਿਚੋਂ ਅੰਗਰੇਜ਼ੀ ਬੋਲਣ ਵਾਲਾ। ਪ੍ਰੋਗਰਾਮ ਵਿਚ ਇਸ ਤਰ੍ਹਾਂ ਦਾ ਪ੍ਰਬੰਧ ਕਰਨ ਦਾ ਮਕਸਦ ਇਹ ਸੀ ਕਿ ਪ੍ਰੋਗਰਾਮ ਪਹਿਲੀ ਅਤੇ ਦੂਜੀ ਪੀੜ੍ਹੀ ਵਿਚਕਾਰ ਵਿਚਾਰ ਵਟਾਂਦਰੇ ਦਾ ਮੰਚ ਬਣ ਸਕੇ। ਪ੍ਰੋਗਰਾਮ ਵਿਚ ਦੋਹਾਂ ਪੀੜ੍ਹੀਆਂ ਨਾਲ ਸੰਬੰਧਿਤ ਸਰੋਕਾਰਾਂ ਬਾਰੇ ਗੱਲ ਹੋ ਸਕੇ ਅਤੇ ਕਮਿਊਨਿਟੀ ਦੇ ਮਸਲਿਆਂ ਬਾਰੇ ਦੋਹਾਂ ਪੀੜ੍ਹੀਆਂ ਦੇ ਨਜ਼ਰੀਏ ਦੀ ਨੁਮਾਇੰਦਗੀ ਹੋ ਸਕੇ।


'ਸਮੇਂ ਦੀ ਅਵਾਜ਼' ਪ੍ਰੋਗਰਾਮ ਦੀ ਇਕ ਹੋਰ ਵਿਸ਼ੇਸ਼ਤਾ 'ਫੀਲਡ ਵਰਕ' ਵੀ ਜ਼ਿਕਰਯੋਗ ਹੈ। ਇਸ ਵਿਚ ਪੇਸ਼ ਕੀਤੇ ਜਾਂਦੇ ਪ੍ਰੋਗਰਾਮ ਸਿਰਫ ਸਟੂਡੀਓ ਵਿਚ ਬਹਿ ਕੇ ਹੀ ਤਿਆਰ ਨਹੀਂ ਕੀਤੇ ਜਾਂਦੇ ਸਨ ਸਗੋਂ 'ਸਮੇਂ ਦੀ ਅਵਾਜ਼' ਨਾਲ ਕੰਮ ਕਰਨ ਵਾਲੇ ਵਾਲੰਟੀਅਰ ਕਮਿਊਨਿਟੀ ਵਿਚ ਹੋ ਰਹੀਆਂ ਮੀਟਿੰਗਾਂ, ਸਮਾਗਮਾਂ, ਮੁਜ਼ਾਹਰਿਆਂ, ਜਲਸੇ ਅਤੇ ਜਲੂਸਾਂ ਵਿਚ ਜਾਂਦੇ ਸਨ ਅਤੇ ਉੱਥੇ ਜੋ ਕੁੱਝ ਹੁੰਦਾ ਸੀ ਉਸ ਨੂੰ ਰਿਕਾਰਡ ਕਰ ਕੇ ਲਿਆਉਂਦੇ ਸਨ। ਫਿਰ ਉਨ੍ਹਾਂ ਰਿਕਾਰਡਿੰਗਾਂ ਨੂੰ ਐਡਿਟ ਕਰ ਕੇ ਪ੍ਰੋਗਰਾਮ ਲਈ ਰਿਪੋਰਟਾਂ ਤਿਆਰ ਕਰਦੇ ਸਨ। ਇਸ ਨਾਲ ਇਨ੍ਹਾਂ ਮੀਟਿੰਗਾਂ/ ਸਮਾਗਮਾਂ ਆਦਿ ਦੀ ਰਿਪੋਰਟਿੰਗ ਦੀ ਪ੍ਰਮਾਣਿਕਤਾ ਵਿਚ ਵਾਧਾ ਹੁੰਦਾ ਸੀ। ਅਜਿਹਾ ਕਰਨ ਦਾ ਕਾਰਜ ਬੜਾ ਦਿਲਚਸਪ ਹੁੰਦਾ ਸੀ। 'ਸਮੇਂ ਦੀ ਅਵਾਜ਼' ਦੇ ਵਾਲੰਟੀਅਰਾਂ ਕੋਲ ਨਾ ਤਾਂ ਕੈਸਿਟਾਂ ਨੂੰ ਐਡਿਟ ਕਰਨ ਦੀਆਂ ਸਹੂਲਤਾਂ ਸਨ ਅਤੇ ਨਾ ਹੀ ਇੰਨੀ ਜ਼ਿਆਦਾ ਜਾਚ। ਉਹ ਇਹ ਕੰਮ ਕੈਸਿਟ ਟੇਪਾਂ ਚਲਾਉਣ ਵਾਲੀਆਂ ਡਬਲ ਡੈੱਕ ਵਾਲੀਆਂ ਮਸ਼ੀਨਾਂ ਦੀ ਵਰਤੋਂ ਨਾਲ ਕਰਦੇ ਸਨ। ਇਕ ਡੈੱਕ ਵਿਚ ਮੀਟਿੰਗ/ਸਮਾਗਮ ਆਦਿ ਦੀ ਅਸਲੀ ਰਿਕਾਰਡਿੰਗ ਵਾਲੀ ਕੈਸਟ ਪਾ ਦੇਣੀ ਅਤੇ ਦੂਜੇ ਵਿਚ ਉਹ ਟੇਪ ਪਾ ਦੇਣੀ ਜਿਸ ਵਿਚ ਐਡਿਟ ਕੀਤੀ ਸਮੱਗਰੀ ਰਿਕਾਰਡ ਕਰਨੀ ਹੁੰਦੀ ਸੀ ਅਤੇ ਉਸ ਉਤੇ ਲੋੜੀਂਦੀ ਸਮੱਗਰੀ ਰਿਕਾਰਡ ਕਰੀ ਜਾਣੀ। ਇਸ ਲਈ ਹੋ ਸਕਦਾ ਹੈ ਕਿ ਅੱਜ ਜਦੋਂ ਕੋਈ ਸ੍ਰੋਤਾ ਇਸ ਪ੍ਰੋਗਰਾਮ ਦੀਆਂ ਫੀਲਡ ਵਿਚ ਜਾ ਕੇ ਰਿਕਾਰਡ ਕੀਤੀਆਂ ਟੇਪਾਂ ਤੋਂ ਤਿਆਰ ਕੀਤੀਆਂ ਰਿਪੋਰਟਾਂ ਨੂੰ ਸੁਣੇ ਤਾਂ ਉਸ ਨੂੰ ਇਹ ਰਿਪੋਰਟਾਂ ਥੋੜ੍ਹੀਆਂ ਜਿਹੀਆਂ ਅਣਘੜਤ ਲੱਗਣ। ਪਰ ਇਸ ਬਾਰੇ ਕੀ ਕੀਤਾ ਜਾ ਸਕਦਾ ਸੀ। ਉਸ ਵੇਲੇ ਦੀਆਂ ਹਾਲਤਾਂ ਵਿਚ 'ਸਮੇਂ ਦੀ ਅਵਾਜ਼' ਦੇ ਵਾਲੰਟੀਅਰ ਇਹ ਹੀ ਕਰ ਸਕਦੇ ਸਨ।

'ਸਮੇਂ ਦੀ ਅਵਾਜ਼' ਨੂੰ ਪੇਸ਼ ਕਰਨ ਵਾਲੇ ਲੋਕਾਂ ਬਾਰੇ ਇਕ ਹੋਰ ਦਿਲਚਸਪ ਗੱਲ ਇਹ ਸੀ ਕਿ ਉਨ੍ਹਾਂ ਵਿਚੋਂ ਬਹੁਤੇ ਕਮਿਊਨਿਟੀ ਦੀ ਬਿਹਤਰੀ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਅਤੇ ਸਭਿਆਚਾਰਕ ਅਤੇ ਸਾਹਿਤਕ ਸੰਸਥਾਵਾਂ ਨਾਲ ਮੁੱਖ ਕਾਰਕੁਨਾਂ ਜਾਂ ਹਮਦਰਦੀ ਰੱਖਣ ਵਾਲੇ ਕਾਰਕੁੰਨਾਂ ਵਜੋਂ ਜੁੜੇ ਹੋਏ ਸਨ। ਇਸ ਲਈ ਉਹ ਬਹੁਤੀ ਵਾਰ ਆਪਣੀ ਪਛਾਣ ਰੇਡੀਓ ਬਰਾਡਕਾਸਟਰਾਂ ਵਜੋਂ ਘੱਟ ਅਤੇ ਸਮਾਜਕ ਕਾਰਕੁੰਨਾਂ ਵਜੋਂ ਜ਼ਿਆਦਾ ਕਰਦੇ ਸਨ ਅਤੇ ਰੇਡੀਓ ਬਰਾਡਕਾਸਟਿੰਗ ਨੂੰ ਕਮਿਊਨਿਟੀ ਵਿਚ ਵੱਖ-ਵੱਖ ਮਸਲਿਆਂ ਬਾਰੇ ਜਾਗਰਿਤੀ ਲਿਆਉਣ ਦਾ ਵਸੀਲਾ ਸਮਝਦੇ ਸਨ। 'ਸਮੇਂ ਦੀ ਅਵਾਜ਼' ਦੇ ਬਹੁਤੇ ਪ੍ਰੋਗਰਾਮਾਂ 'ਤੇ ਉਨ੍ਹਾਂ ਦੇ ਇਸ ਨਜ਼ਰੀਏ ਦਾ ਪ੍ਰਭਾਵ ਸਪਸ਼ਟ ਰੂਪ ਵਿਚ ਦਿਖਾਈ ਦਿੰਦਾ ਹੈ।

ਇਹ ਬੜੀ ਖੁਸ਼ੀ ਵਾਲੀ ਗੱਲ ਹੈ ਕਿ 1986-1989 ਵਿਚਕਾਰ 'ਸਮੇਂ ਦੀ ਅਵਾਜ਼' ਵਿਚ ਪ੍ਰਸਾਰਿਤ ਕੀਤੇ ਗਏ ਪ੍ਰੋਗਰਾਮਾਂ ਵਿਚੋਂ 70 ਦੇ ਕਰੀਬ ਪ੍ਰੋਗਰਾਮਾਂ ਦੀ ਆਰਕਾਈਵ ਤਿਆਰ ਹੋ ਚੁੱਕੀ ਹੈ। ਭਾਵ ਇਨ੍ਹਾਂ ਪ੍ਰੋਗਰਾਮਾਂ ਨੂੰ ਆਨਲਾਈਨ ਪਾਉਣ ਲਈ ਡਿਜੀਟਾਈਜ਼ ਕਰ ਲਿਆ ਗਿਆ ਹੈ। 'ਸਮੇਂ ਦੀ ਅਵਾਜ਼' ਦੇ ਪੁਰਾਣੇ ਪ੍ਰੋਗਰਾਮਾਂ ਦੀ ਇਸ ਆਰਕਾਈਵ ਵਿਚ ਉਸ ਸਮੇਂ ਦੀ ਕੈਨੇਡਾ ਦੀ ਪੰਜਾਬੀ/ ਭਾਰਤੀ/ ਸਾਊਥ ਏਸ਼ੀਅਨ ਕਮਿਊਨਿਟੀ ਦੇ ਸਭਿਆਚਰਕ ਜੀਵਨ ਅਤੇ ਸਮਾਜਕ ਇਤਿਹਾਸ ਬਾਰੇ ਮਹੱਤਵਪੂਰਨ ਜਾਣਕਾਰੀ ਮੌਜੂਦ ਹੈ। ਸਾਨੂੰ ਆਸ ਹੈ ਕਿ ਇਹ ਆਰਕਾਈਵ ਲੋਕਾਂ ਦੀ ਇਹ ਸਮਝਣ ਵਿਚ ਮਦਦ ਕਰੇਗੀ ਕਿ 1980ਵਿਆਂ ਦੇ ਸਮੇਂ ਵਿਚ ਕੈਨੇਡਾ ਦੀ ਪੰਜਾਬੀ/ ਭਾਰਤੀ ਕਮਿਊਨਿਟੀ ਕਿਸ ਤਰ੍ਹਾਂ ਦੀ ਸੀ? ਇਸ ਦੇ ਸਾਹਮਣੇ ਕੀ ਮਸਲੇ ਸਨ? ਇਹ ਉਨ੍ਹਾਂ ਨਾਲ ਨਿਪਟਣ ਲਈ ਕੀ ਕਰ ਰਹੀ ਸੀ? ਇਹ ਆਰਕਾਈਵ ਆਮ ਲੋਕਾਂ, ਕਮਿਊਨਿਟੀ ਦੇ ਇਤਿਹਾਸ ਦੇ ਵਿਦਿਆਰਥੀਆਂ ਅਤੇ ਖੋਜੀਆਂ ਲਈ ਇਕ ਪ੍ਰਮਾਣਕ ਅਤੇ ਕੀਮਤੀ ਜਾਣਕਾਰੀ ਦਾ ਸ੍ਰੋਤ ਬਣੇਗੀ। ਇਹ ਆਰਕਾਈਵ 17 ਅਗਸਤ ਨੂੰ ਆਨਲਾਈਨ ਰੂਪ ਵਿਚ ਲਾਂਚ ਕਰ ਦਿੱਤੀ ਜਾਵੇਗੀ। ਉਸ ਤੋਂ ਬਾਅਦ ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਰਹਿਣ ਵਾਲਾ ਵਿਅਕਤੀ ਇਸ ਦੇ ਸਾਈਟ 'ਤੇ ਆਨਲਾਈਨ ਜਾ ਕੇ ਇਨ੍ਹਾਂ ਪ੍ਰੋਗਰਾਮਾਂ ਨੂੰ ਬਿਨਾਂ ਕੋਈ ਫੀਸ ਦਿੱਤਿਆਂ ਸੁਣ ਸਕੇਗਾ। ਇਸ ਆਰਕਾਈਵ ਨੂੰ ਲਾਂਚ ਕਰਨ ਦਾ ਸਮਾਗਮ 17 ਅਗਸਤ ਨੂੰ ਦੁਪਹਿਰ ਦੇ 1:15 ਵਜੇ ਸਰੀ ਦੀ ਪਬਲਿਕ ਲਾਇਬ੍ਰੇਰੀ ਦੀ ਸੈਂਟਰਲ ਬਰਾਂਚ ਵਿਚ ਕੀਤਾ ਜਾ ਰਿਹਾ ਹੈ। ਸਾਰੇ ਲੋਕਾਂ ਨੂੰ ਇਸ ਵਿਚ ਆਉਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।***

# ਪੰਜਾਬ ਸਰਕਾਰ ਦੀ ਜਾਇਜ਼ ਸਿਫਤ!

ਲੰਘੇ ਜੁਲਾਈ ਮਹੀਨੇ ਦੇ ਇਕ ਦਿਨ ਸਾਡੇ ਪਿੰਡ ਸਵੇਰੇ ਸੁਵਖਤੇ ਗੁਰਦੁਆਰਾ ਸਾਹਿਬ ਦੇ ਲਾਊਡ ਸਪੀਕਰ ਤੋਂ ਹੋਈ ਅਨੋਖੀ ਅਨਾਊਂਸਮੈਂਟ ਸੁਣ ਕੇ ਕੰਨ ਖੜ੍ਹੇ ਹੋ ਗਏ! ਭਾਈ ਸਾਹਿਬ ਲਾਗੇ-ਚਾਗੇ ਦੇ ਪਿੰਡਾਂ ਦੇ ਵੀ ਨਾਂ ਲੈ ਕੇ 'ਜਿੱਥੇ ਤੱਕ ਅਵਾਜ਼ ਜਾਂਦੀ ਹੈ!' ਕਹਿੰਦਿਆਂ ਸੂਚਨਾ ਦੇ ਰਹੇ ਸਨ ਕਿ ਅੱਜ ਦਸ ਕੁ ਵਜੇ ਨਹਿਰੀ ਵਿਭਾਗ ਦੇ ਉੱਚ ਅਫਸਰ ਸਾਡੇ ਪਿੰਡ ਪਹੁੰਚ ਰਹੇ ਹਨ। ਜਿਨ੍ਹਾਂ-ਜਿਨ੍ਹਾਂ ਜ਼ਿਮੀਂਦਾਰ ਭਰਾਵਾਂ ਨੇ ਸਿੰਜਾਈ ਵਾਸਤੇ ਆਪਣੇ ਖੇਤਾਂ ਨੂੰ ਨਹਿਰੀ ਪਾਣੀ ਦਾ ਮੋਘਾ ਲਵਾਉਣਾ ਹੋਵੇ ਉਹ ਸਮੇਂ ਸਿਰ ਗੁਰਦੁਆਰਾ ਸਾਹਿਬ




**ਤਰਲੋਚਨ ਸਿੰਘ 'ਦੁਪਾਲਪੁਰ'**
**ਫੋਨ: 78146-92724**

ਪਹੁੰਚ ਕੇ ਮਹਿਕਮੇ ਦੇ ਅਫਸਰਾਂ ਕੋਲ ਆਪੋ ਆਪਣੇ ਨਾਂ ਦਰਜ ਕਰਾਉਣ ਦੀ ਕਿਰਪਾਲਤਾ ਕਰਨ ਜੀ!

ਦਰਅਸਲ ਸਾਡੇ ਪਿੰਡ ਦੁਪਾਲ ਪੁਰ ਦੇ ਚਾਹੇ ਵਾਲੇ ਪਾਸੇ ਮੀਲ ਕੁ ਦੂਰ ਵਗਦੀ ਬਿਸਤ ਦੁਆਬ ਨਹਿਰ ਮੇਰੇ ਜਨਮ ਸੰਨ (1957) ਤੋਂ ਵੀ ਕਈ ਵਰ੍ਹੇ ਪਹਿਲਾਂ ਦੀ ਬਣੀ ਹੋਈ ਹੈ। ਸਤਲੁਜ ਦਰਿਆ 'ਤੇ ਬਣੇ ਰੋਪੜ ਹੈੱਡਵਰਕਸ ਤੋਂ ਨਿਕਲਦੀ ਇਸ ਨਹਿਰ 'ਚੋਂ ਆਰ.ਡੀ 94 ਪਿੰਡ ਮਹਿਤ ਪੁਰ ਤੋਂ ਆਦਮ ਪੁਰ ਬ੍ਰਾਂਚ ਨਿਕਲਦੀ ਹੈ ਅਤੇ ਸਾਡੇ ਪਿੰਡੋਂ ਛੇ ਕੁ ਮੀਲ ਦੂਰ ਰਾਹੋਂ ਵੱਲ ਆਰ.ਡੀ 122 'ਤੇ ਨਵਾਂਸ਼ਹਿਰ ਡਿਸਟ੍ਰੀਬਿਊਟਰੀ (ਸੁਭਾਜ ਪੁਰ ਵਾਲੀ ਝਲਾਰ) ਤੋਂ ਵੱਖ-ਵੱਖ ਦਿਸ਼ਾਵਾਂ ਨੂੰ ਤਿੰਨ ਸੂਏ ਕੱਢੇ ਗਏ ਹਨ ਜੋ ਨਵਾਂਸ਼ਹਿਰ ਅਤੇ ਰਾਹੋਂ ਦੇ ਇਰਦ-ਗਿਰਦ ਇਲਾਕੇ ਨੂੰ ਸਿੰਜਾਈ ਸਹੂਲਤ ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ ਸਾਡੇ ਪਿੰਡਾਂ ਵਾਲਿਆਂ ਨੇ ਕਦੇ ਨਹਿਰੀ ਪਾਣੀ ਨਾਲ ਸਿੰਜਾਈ ਕਰਨ ਬਾਰੇ ਸੋਚਿਆ ਚਿਤਵਿਆ ਵੀ ਨਹੀਂ ਸੀ। ਪਰ ਹੁਣ ਗੁਰਦੁਆਰੇ ਤੋਂ ਹੋਈ ਅਨਾਊਂਸਮੈਂਟ ਨੇ ਹੈਰਾਨੀ ਪੈਦਾ ਕਰ ਦਿੱਤੀ!

ਨਿਜੀ ਰੁਝੇਵੇਂ ਕਾਰਨ ਭਾਵੇਂ ਮੈਂ ਆਪਣੇ ਪਿੰਡ ਵਾਲੀ ਉਕਤ ਮੀਟਿੰਗ ਵਿਚ ਹਾਜ਼ਰ ਨਹੀਂ ਹੋ ਸਕਿਆ ਪਰ ਸ਼ਾਮ ਨੂੰ ਘਰੇ ਆ ਕੇ ਇਸ ਮੀਟਿੰਗ ਬਾਰੇ ਨਹਿਰੀ ਵਿਭਾਗ ਦੀ ਨੌਕਰੀ ਤੋਂ ਸੇਵਾ ਮੁਕਤ ਹੋਏ ਆਪਣੇ ਗਰਾਈਂ ਹਮਜਮਾਤੀ ਤੋਂ ਪੂਰੀ ਜਾਣਕਾਰੀ ਲਈ! ਉਸ ਨੇ ਦੱਸਿਆ ਕਿ ਧਰਤੀ ਹੇਠਲੇ ਪਾਣੀ ਦੀ ਸਤ੍ਹਾ ਆਏ ਸਾਲ ਹੋਰ ਡੂੰਘੀ ਹੋਈ ਜਾਣ ਤੋਂ ਚਿੰਤਤ ਪੰਜਾਬ ਦੀ ਮਾਨ ਸਰਕਾਰ ਨੇ ਇਹ ਯੋਜਨਾ ਬਣਾਈ ਹੈ ਕਿ ਇਸ ਇਲਾਕੇ ਨੂੰ ਵੀ ਸਿੰਜਾਈ ਲਈ ਨਹਿਰੀ ਪਾਣੀ ਦੀ ਸਹੂਲਤ ਮੁਹੱਈਆ ਕਰਵਾਈ ਜਾਵੇ। ਇਸ ਨਾਲ ਇਕ ਤਾਂ ਧੜਾ ਧੜ ਨਵੇਂ ਪੁੱਟੇ ਜਾ ਰਹੇ ਟਿਊਬਵੈੱਲਾਂ ਦੀ ਗਿਣਤੀ ਨੂੰ ਠੱਲ੍ਹ ਪਵੇਗੀ। ਦੂਸਰਾ ਨਹਿਰ ਤੋਂ ਨਿਕਲਦੇ ਨਾਲਿਆਂ ਦੀ ਬਦੌਲਤ ਧਰਤੀ ਲਈ ਜੀਰਣ ਪ੍ਰਕਿਰਿਆ ਵੀ ਹੋਵੇਗੀ। ਜੋ ਦਿਨ-ਬ-ਦਿਨ ਹੇਠਾਂ ਜਾ ਰਹੀ ਪਾਣੀ ਦੀ ਸਤ੍ਹਾ ਲਈ ਬਹੁਤ



ਲਾਹੇਵੰਦ ਹੋਵੇਗੀ।

ਮੇਰੇ ਇਸ ਹਮਜਮਾਤੀ ਦੋਸਤ ਨੇ ਮੈਨੂੰ ਸੁਝਾਅ ਦਿੱਤਾ ਕਿ ਮਾਨ ਸਰਕਾਰ ਦੀ ਇਸ ਯੋਜਨਾ ਉਤੇ ਫੌਰੀ ਅਮਲ ਵੀ ਹੋਇਆ ਦੇਖਣਾ ਹੈ ਤਾਂ ਨਹਿਰ 'ਤੇ ਗੇੜਾ ਮਾਰ ਕੇ ਆਉ! ਸੱਚਮੁਚ ਮੈਂ ਪਿੰਡੋਂ ਨਵਾਂਸ਼ਹਿਰ ਜਾਂਦਿਆਂ ਦੇਖਿਆ ਕਿ ਅਸਮਾਨ ਪੁਰ ਅਤੇ ਰਾਣੇਵਾਲ ਪਿੰਡਾਂ ਲਾਗੇ ਤਿੰਨ ਮੋਘੇ



ਤਾਮੀਰ ਹੋ ਚੁੱਕੇ ਨੇ ਅਤੇ ਨਹਿਰੀ ਪਾਣੀ ਸਿੰਜਾਈ ਕਰ ਰਿਹਾ ਹੈ! ਹੋਰ ਤਾਂ ਹੋਰ ਹੁਣ ਸੁਭਾਜ ਪੁਰ ਦੀ ਝਲਾਰ ਤੋਂ ਨਿਕਲੇ ਹੋਏ ਸੂਏ ਵੀ ਕੰਢਿਆਂ ਤੱਕ ਡਕਾ ਡੀਕ ਭਰੇ ਵਗਦੇ ਹਨ। ਸੰਨ 73-74 ਵਿਚ ਨਵਾਂਸ਼ਹਿਰ ਦੁਆਬੇ ਸਕੂਲ ਪੜ੍ਹਦਿਆਂ ਅਸੀਂ ਪਿੰਡ ਸਲੋਹ ਲਾਗੇ ਵਗਦੇ ਜਿਸ ਨਹਿਰੀ ਸੂਏ ਵਿਚ ਤਾਰੀਆਂ ਲਾ-ਲਾ ਨਹਾਉਂਦੇ ਹੁੰਦੇ ਸਾਂ, ਉਸ 'ਟੇਲ' ਤੱਕ ਹੁਣ ਕਈ ਦਹਾਕਿਆਂ ਬਾਅਦ ਪਾਣੀ ਵਗਦਾ ਦੇਖਿਆ ਮੈਂ! ਅਮਰੀਕਾ ਤੋਂ ਹਰੇਕ ਸਾਲ ਆਪਣੇ ਪਿੰਡ ਆਉਂਦਾ ਰਹਿੰਦਾ ਹੋਣ ਕਰਕੇ ਮੈਂ ਅਕਸਰ ਉਹ ਸੂਆ ਸੁੱਕ-ਮ-ਸੁੱਕਾ ਹੀ ਦੇਖਦਾ ਰਿਹਾ ਹਾਂ!

ਨਹਿਰੀ ਮਹਿਕਮੇ ਦੇ ਅਫਸਰਾਂ ਨਾਲ ਜਾਣ-ਪਛਾਣ ਰੱਖਣ ਵਾਲੇ ਮੇਰੇ ਹਮਜਮਾਤੀ ਨੇ ਇਕ ਹੋਰ 'ਅੰਦਰਲੀ ਗੱਲ' ਇਹ ਦੱਸੀ ਕਿ ਆਜ਼ਾਦੀ ਤੋਂ ਬਾਅਦ ਪੰਜਾਬ 'ਚ ਬਣਦੀਆਂ ਰਹੀਆਂ ਸਰਕਾਰਾਂ 'ਚੋਂ ਕਿਸੇ ਇਕ ਨੇ ਵੀ ਅੰਗਰੇਜ਼ਾਂ ਵੇਲੇ ਦਾ ਨਹਿਰੀ ਰਿਕਾਰਡ ਫੋਲ ਕੇ ਨਹੀਂ ਦੇਖਿਆ, ਕਿਉਂਕਿ ਬਿਸਤ ਦੁਆਬ ਅਤੇ ਇਸ ਦੀ ਆਦਮ ਪੁਰ ਬ੍ਰਾਂਚ ਤੋਂ ਸਾਡੇ ਇਲਾਕੇ ਦੇ ਪਿੰਡਾਂ ਲਈ ਸੂਏ ਅਤੇ ਨਹਿਰੀ ਮੋਘਿਆਂ ਦੇ ਅੰਗਰੇਜ਼ਾਂ ਵਲੋਂ ਹੀ ਬਣਾਏ ਨਕਸ਼ੇ ਹੁਣ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਰੋਸ਼ਨੀ 'ਚ ਲਿਆਂਦੇ ਹਨ।

ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਸਾਡੇ ਪਿੰਡ ਹੋਈ ਉਕਤ ਮੀਟਿੰਗ ਵਿਚ ਆਲੇ-ਦੁਆਲੇ ਪਿੰਡਾਂ ਦੇ ਜ਼ਿਮੀਂਦਾਰ ਭਰਾ ਭਾਰੀ ਗਿਣਤੀ ਵਿਚ ਹਾਜ਼ਰ ਹੋਏ ਤੇ ਉਨ੍ਹਾਂ ਲੋੜ ਅਨੁਸਾਰ ਨਹਿਰੀ ਮੋਘਿਆਂ ਲਈ ਅਫਸਰਾਂ ਕੋਲ ਨਾਮ ਦਰਜ ਕਰਾਏ!

ਲੋਕ-ਹਿਤਾਂ ਖ਼ਿਲਾਫ ਨੀਤੀਆਂ ਦੀ ਵਿਰੋਧਤਾ ਵੀ ਜ਼ਰੂਰੀ ਹੈ ਪਰ ਸਾਡੇ ਇਲਾਕੇ ਨੂੰ ਨਹਿਰੀ ਪਾਣੀ ਦੀ ਅਨੂਠੀ ਭੇਂਟ ਦੇਣ ਲਈ ਮਾਨ ਸਰਕਾਰ ਦੀ ਸਿਫਤ ਕਰਨੀ ਜਾਇਜ਼ ਹੈ!

# ਭਾਰਤ ਵਿਚ ਡਿਜੀਟਲ ਆਜ਼ਾਦੀ ਦਾ ਹਨੇਰਾ ਪਾਸਾ

ਪਿਛਲੇ ਦਸ ਸਾਲਾਂ ਵਿਚ, ਭਾਰਤ ਨੇ ਇੱਕ ਡਿਜੀਟਲ ਕ੍ਰਾਂਤੀ ਦਾ ਅਨੁਭਵ ਕੀਤਾ ਹੈ। ਸਸਤੇ ਸਮਾਰਟ ਫੋਨ, ਸਸਤੇ ਦਰ 'ਤੇ ਇੰਟਰਨੈੱਟ ਡਾਟਾ, ਅਤੇ ਔਨਲਾਈਨ ਪਲੇਟਫਾਰਮਾਂ ਦੇ ਵਾਧੇ ਨੇ ਭਾਰਤੀ ਲੋਕਾਂ ਦੀ ਸਮੱਗਰੀ ਦੇ ਉਪਭੋਗ ਦੀ ਧਾਰਾ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਨੈੱਟਫਲਿਕਸ ਅਤੇ ਯੂਟਿਊਬ ਤੋਂ ਲੈ ਕੇ ਇੰਸਟਾਗ੍ਰਾਮ, ਟੈਲੀਗ੍ਰਾਮ ਅਤੇ ਅਣਗਿਣਤ ਓਟੀਟੀ ਐਪਲੀਕੇਸ਼ਨਾਂ ਤੱਕ, ਮਨੋਰੰਜਨ ਹੁਣ ਸਿਰਫ਼ ਇੱਕ ਕਲਿੱਕ ਦੂਰ ਹੈ। ਇਸ ਡਿਜੀਟਲ ਆਜ਼ਾਦੀ ਨੇ ਰਚਨਾਤਮਕ ਲੋਕਾਂ ਨੂੰ ਆਪਣੀ ਅਵਾਜ਼ ਦੇਣ ਦੀ ਤਾਕਤ ਦਿੱਤੀ ਹੈ ਅਤੇ



**ਡਾ. ਗੁਰਜੀਤ ਸਿੰਘ ਭੱਠਲ**
**ਫੋਨ: 98142-05475**

ਸਰਹੱਦਾਂ ਤੋਂ ਪਰੇ ਬੈਠੇ ਲੋਕਾਂ ਨੂੰ ਵੀ ਜੁੜਨ ਦਾ ਮੌਕਾ ਦਿੱਤਾ ਹੈ। ਪਰ ਇਸ ਆਜ਼ਾਦੀ ਦੇ ਪਿੱਛੇ ਇੱਕ ਵਧਦੀ ਹੋਈ ਚਿੰਤਾ ਵੀ ਛੁਪੀ ਹੋਈ ਹੈ, ਜੋ ਕਿ ਡਿਜੀਟਲ ਸਮੱਗਰੀ ਦਾ ਅਣਨਿਯੰਤਰਿਤ ਅਤੇ ਬਿਨਾ ਨਿਗਰਾਨੀ ਦਾ ਖ਼ਤਰਨਾਕ ਰੂਪ ਹੈ।

ਅੱਜ, ਕੋਈ ਵੀ ਫਿਲਟਰ ਜਾਂ ਜਵਾਬਦੇਹੀ ਤੋਂ ਬਿਨਾਂ ਸਮੱਗਰੀ ਬਣਾ ਸਕਦਾ ਹੈ, ਪੋਸਟ ਕਰ ਸਕਦਾ ਹੈ ਅਤੇ ਸਾਂਝੀ ਕਰ ਸਕਦਾ ਹੈ। ਬੱਚੇ ਆਪਣੀ ਉਮਰ ਦੇ ਹਿਸਾਬ ਨਾਲ ਅਣਉਚਿਤ ਸਮੱਗਰੀ ਦੇਖ ਰਹੇ ਹਨ। ਕਿਸ਼ੋਰ ਜੋਖਮ ਭਰੇ ਇੰਟਰਨੈੱਟ ਸਟੰਟ ਦੀ ਕੋਸ਼ਿਸ਼ ਕਰ ਰਹੇ ਹਨ। ਗਲਤ ਜਾਣਕਾਰੀ ਤੱਥਾਂ ਨਾਲੋਂ ਤੇਜ਼ੀ ਨਾਲ ਫੈਲਦੀ ਹੈ। ਨਫ਼ਰਤ ਭਰੇ ਭਾਸ਼ਣ, ਸਾਈਬਰ ਧੱਕੇਸ਼ਾਹੀ, ਅਤੇ ਇੱਥੋਂ ਤੱਕ ਕਿ ਕੱਟੜਪੰਥੀ ਵਿਚਾਰਧਾਰਾਵਾਂ ਵੀ ਇਸ ਕਾਨੂੰਨਹੀਣ ਡਿਜੀਟਲ ਲੈਂਡਸਕੇਪ ਵਿਚ ਜਗ੍ਹਾ ਲੱਭ ਰਹੀਆਂ ਹਨ। ਸਟ੍ਰੀਮਿੰਗ ਪਲੇਟਫਾਰਮ ਸਹੀ ਉਮਰ ਸੀਮਾਵਾਂ ਤੋਂ ਬਿਨਾਂ ਅਸ਼ਲੀਲ ਦ੍ਰਿਸ਼ ਦਿਖਾਉਂਦੇ ਹਨ। ਯੂਟਿਊਬ ਵੀਡੀਓ ਗ਼ਲਤ ਡਾਕਟਰੀ ਸਲਾਹ ਦਿੰਦੇ ਹਨ। ਇੰਸਟਾਗ੍ਰਾਮ ਰੀਲਾਂ ਅੱਜ ਦੇ ਰੁਝਾਨ ਦੇ ਨਾਮ 'ਤੇ ਹਿੰਸਾ ਜਾਂ ਅਸ਼ਲੀਲਤਾ ਦੀ ਵਡਿਆਈ ਕਰਦੀਆਂ ਹਨ। ਟੈਲੀਗ੍ਰਾਮ ਸਮੂਹ ਬਿਨਾਂ ਕਿਸੇ ਨਿਯਮ ਤੇ ਡਰ ਦੇ ਪਾਈਰੇਟਿਡ ਜਾਂ ਅਸ਼ਲੀਲ ਸਮੱਗਰੀ ਪ੍ਰਸਾਰਿਤ ਕਰਦੇ ਹਨ। ਹਾਲ ਹੀ ਵਿਚ, ਰਾਸ਼ਟਰੀ ਸੁਰੱਖਿਆ ਨੂੰ ਵੀ ਖਤਰੇ ਵਿਚ ਪਾ ਦਿੱਤਾ ਗਿਆ ਹੈ - ਸਮੱਗਰੀ ਬਣਾਉਣ ਦੀ ਆੜ ਵਿਚ ਸੰਵੇਦਨਸ਼ੀਲ ਜਾਣਕਾਰੀ ਦੀ ਜਾਸੂਸੀ ਅਤੇ ਲੀਕ ਕਰਨ ਦੇ ਦੋਸ਼ ਵਿਚ ਕਈ ਅਖੌਤੀ ਵਲੌਗਰਾਂ ਅਤੇ ਪ੍ਰਭਾਵਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਚਿੰਤਾਜਨਕ ਰੁਝਾਨ ਇਹ ਦਰਸਾਉਂਦਾ ਹੈ ਕਿ ਕਿਵੇਂ ਅਣਚਾਹੇ ਡਿਜੀਟਲ ਆਜ਼ਾਦੀ ਹੁਣ ਸਿਰਫ਼ ਇੱਕ ਸਮਾਜਿਕ ਚਿੰਤਾ ਨਹੀਂ ਹੈ, ਸਗੋਂ ਰਾਸ਼ਟਰੀ ਅਖੰਡਤਾ ਅਤੇ ਜਨਤਕ ਸੁਰੱਖਿਆ ਲਈ ਇੱਕ ਗੰਭੀਰ ਖ਼ਤਰਾ ਹੈ।

2025 ਵਿਚ, ਅਣਨਿਯੰਤਰਿਤ ਡਿਜੀਟਲ ਸਮੱਗਰੀ ਦੇ ਖ਼ਤਰੇ ਹੋਰ ਵੀ ਸਪੱਸ਼ਟ ਹੋ ਗਏ ਹਨ। ਅਪ੍ਰੈਲ ਵਿਚ, ਪੰਜਾਬ ਦੀ ਇੱਕ 16 ਸਾਲਾ ਕੁੜੀ ਨੂੰ ਇੰਸਟਾਗ੍ਰਾਮ ਰੀਲਜ਼ 'ਤੇ ਵਾਇਰਲ "ਹੌਟ ਵੈਕਸ ਚੈਲੇਂਜ" ਦੀ ਕੋਸ਼ਿਸ਼ ਕਰਨ ਤੋਂ ਬਾਅਦ ਗੰਭੀਰ ਸੜਨ ਨਾਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਉਸੇ ਮਹੀਨੇ, ਮੱਧ ਪ੍ਰਦੇਸ਼ ਵਿਚ 8ਵੀਂ ਜਮਾਤ ਦੇ ਇੱਕ ਵਿਦਿਆਰਥੀ ਨੇ ਇੱਕ ਯੂਟਿਊਬ ਸ਼ਾਰਟ ਤੋਂ ਇੱਕ ਰੁਝਾਨ, ਪਾਰਕੌਰ ਜੰਪ ਨੂੰ ਦੁਬਾਰਾ ਬਣਾਉਣ ਦੀ ਕੋਸ਼ਿਸ਼ ਵਿਚ ਆਪਣੀ ਲੱਤ ਤੁੜਵਾ ਲਈ। ਮਈ ਵਿਚ, ਬੰਗਲੁਰੂ 'ਚ 10 ਸਾਲਾ ਲੜਕੇ ਨੇ ਸਮਾਰਟ ਟੀਵੀ 'ਤੇ ਓਟੀਟੀ ਪਲੇਟਫਾਰਮ ਬ੍ਰਾਊਜ਼ ਕਰਦੇ ਸਮੇਂ ਗਲਤੀ ਨਾਲ ਅਸ਼ਲੀਲ ਸਮੱਗਰੀ ਤੱਕ ਪਹੁੰਚ ਕੀਤੀ, ਜਿਸ ਕਾਰਨ ਉਸਦੇ ਮਾਪਿਆਂ ਨੇ ਸਾਈਬਰ ਕ੍ਰਾਈਮ ਸੈੱਲ ਕੋਲ ਰਸਮੀ ਸ਼ਿਕਾਇਤ ਦਰਜ ਕਰਵਾਈ। ਲੋਕ ਸਭਾ ਚੋਣਾਂ ਦੇ ਸੀਜ਼ਨ ਦੌਰਾਨ, ਇੱਕ ਮਸ਼ਹੂਰ ਬਾਲੀਵੁੱਡ ਅਦਾਕਾਰਾ ਦਾ ਕਥਿਤ ਤੌਰ 'ਤੇ ਇੱਕ ਰਾਜਨੀਤਕ ਪਾਰਟੀ ਦਾ ਸਮਰਥਨ ਕਰਨ ਦਾ ਇੱਕ ਡੀਪ ਫੇਕ ਵੀਡੀਓ ਵ੍ਹਟਸਐਪ ਅਤੇ ਯੂਟਿਊਬ 'ਤੇ ਵਾਇਰਲ ਹੋ ਗਿਆ, ਜਿਸ ਤੋਂ ਬਾਅਦ ਇਸਨੂੰ ਨਕਾਰਿਆ ਗਿਆ। ਇੱਕ ਹੋਰ ਚਿੰਤਾਜਨਕ ਘਟਨਾ ਵਿਚ, ਦਿੱਲੀ ਦੇ ਦੋ ਵਲੌਗਰਾਂ ਨੂੰ "ਸ਼ਹਿਰੀ ਖੋਜ ਸਮੱਗਰੀ" ਦੇ ਬਹਾਨੇ ਇੱਕ ਸੀਮਤ ਫੌਜੀ ਖੇਤਰ ਦੀ ਡਰੋਨ ਫੁਟੇਜ ਨੂੰ ਕਥਿਤ ਤੌਰ 'ਤੇ ਫਿਲਮਾਉਣ ਅਤੇ ਸਾਂਝਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਨਕਲੀ ਖ਼ਬਰਾਂ ਦੇ ਵੀਡੀਓ - ਝੂਠੀਆਂ ਫਿਰਕੂ ਅਫ਼ਵਾਹਾਂ ਤੋਂ ਲੈ ਕੇ ਹੇਰਾਫੇਰੀ ਵਾਲੇ ਮੌਸਮ ਚੇਤਾਵਨੀਆਂ ਤੱਕ - ਨਾਬਾਲਗ ਸਿਰਜਣਹਾਰਾਂ ਦੁਆਰਾ ਤੇਜ਼ੀ ਨਾਲ ਪੈਸੇ ਕਮਾਉਣ ਦੇ ਚੱਕਰਾਂ ਵਿਚ ਇਹੋ ਜਿਹੇ ਵੀਡੀਓ ਅਪਲੋਡ ਕੀਤੇ ਜਾਂਦੇ ਰਹਿੰਦੇ ਹਨ। ਪੂਰਵ-ਜਾਂਚ ਦੀ ਅਣਹੋਂਦ, ਅਜਿਹੀ ਸਮੱਗਰੀ, ਜਿਸ ਵਿਚ ਨਫ਼ਰਤ ਭਰੇ ਭਾਸ਼ਣ ਅਤੇ ਛੇੜਛਾੜ ਵਾਲੇ ਵੀਡੀਓ ਸ਼ਾਮਲ ਹਨ, ਨੂੰ ਕਿਸੇ ਵੀ ਸੰਜਮ ਤੋਂ ਪਹਿਲਾਂ ਤੇਜ਼ੀ ਨਾਲ ਫੈਲਣ ਦੀ ਆਗਿਆ ਦਿੰਦੀ ਹੈ, ਜਿਸ ਨਾਲ ਅਕਸਰ ਜਨਤਕ ਵਿਸ਼ਵਾਸ ਅਤੇ ਸੁਰੱਖਿਆ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਹੁੰਦਾ ਹੈ।

ਭਾਰਤ ਸਰਕਾਰ ਨੇ ਜਨਤਕ ਚਿੰਤਾ ਦੇ ਜਵਾਬ ਵਿਚ ਕੁਝ ਕਦਮ ਚੁੱਕੇ ਹਨ। ਸੂਚਨਾ ਤਕਨਾਲੋਜੀ (ਆਈ.ਟੀ.) ਨਿਯਮ 2021 ਨੇ ਓ.ਟੀ.ਟੀ. ਪਲੇਟਫਾਰਮਾਂ ਲਈ ਉਮਰ ਦੇ ਆਧਾਰ 'ਤੇ ਸਮੱਗਰੀ ਦਾ ਵਰਗੀਕਰਨ ਕਰਨਾ ਅਤੇ ਮਾਪਿਆਂ ਦੇ ਲਾਕ ਪ੍ਰਦਾਨ ਕਰਨਾ ਲਾਜ਼ਮੀ ਕਰ ਦਿੱਤਾ। ਉਨ੍ਹਾਂ ਨੇ ਤਿੰਨ-ਪੱਧਰੀ ਸ਼ਿਕਾਇਤ ਨਿਵਾਰਣ ਵਿਧੀ ਵੀ ਪੇਸ਼ ਕੀਤੀ ਅਤੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੂੰ ਨਿਗਰਾਨੀ ਸ਼ਕਤੀਆਂ ਦਿੱਤੀਆਂ। ਰਾਸ਼ਟਰੀ ਸੁਰੱਖਿਆ ਜਾਂ ਜਨਤਕ ਵਿਵਸਥਾ ਦਾ ਹਵਾਲਾ ਦਿੰਦੇ ਹੋਏ, ਆਈ.ਟੀ. ਐਕਟ ਦੀ ਧਾਰਾ 69A ਦੇ ਤਹਿਤ ਭਾਰਤ ਵਿਚ 500 ਤੋਂ ਵੱਧ ਐਪਸ ਅਤੇ ਵੈੱਬਸਾਈਟਾਂ ਨੂੰ ਬਲੌਕ ਕੀਤਾ ਗਿਆ ਹੈ ਅਤੇ ਥੋੜ੍ਹੇ ਦਿਨ ਪਹਿਲਾਂ 25 ਦੇ ਕਰੀਬ ਓਟੀਟੀ ਐਪਲੀਕੇਸ਼ਨਾਂ ਦੇ ਪ੍ਰਸਾਰਣ 'ਤੇ ਰੋਕ ਲੈ ਦਿੱਤੀ ਹੈ। Alt Balaji, ULLU, ਅਤੇ ਹੋਰਨਾਂ ਪਲੇਟਫਾਰਮਾਂ ਨੂੰ ਅਸ਼ਲੀਲ ਜਾਂ ਗੁੰਮਰਾਹਕੁੰਨ ਸਮੱਗਰੀ ਲਈ ਨੋਟਿਸ ਪ੍ਰਾਪਤ ਹੋਏ ਹਨ। ਸਰਕਾਰ ਨੇ ਯੂਟਿਊਬ ਨੂੰ ਜਾਅਲੀ ਖ਼ਬਰਾਂ



ਜਾਂ ਗੈਰ-ਪ੍ਰਮਾਣਿਤ ਡਾਕਟਰੀ ਦਾਅਵਿਆਂ ਨੂੰ ਉਤਸ਼ਾਹਿਤ ਕਰਨ ਵਾਲੇ ਵੀਡੀਓਜ਼ ਨੂੰ ਹਟਾਉਣ ਲਈ ਵੀ ਕਿਹਾ। ਗਲਤ ਜਾਣਕਾਰੀ ਨੂੰ ਕੰਟਰੋਲ ਕਰਨ ਲਈ ਸਰਕਾਰ-ਸਮਰਥਿਤ ਤੱਥ-ਜਾਂਚ ਸੰਸਥਾ ਦਾ ਪ੍ਰਸਤਾਵ ਰੱਖਿਆ ਗਿਆ ਸੀ, ਖਾਸ ਕਰਕੇ ਸਰਕਾਰੀ ਨੀਤੀਆਂ ਦੇ ਆਲੇ-ਦੁਆਲੇ, ਹਾਲਾਂਕਿ ਇਹ ਅਜੇ ਵੀ ਕਾਨੂੰਨੀ ਅਤੇ ਰਾਜਨੀਤਕ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਇਨ੍ਹਾਂ ਕਦਮਾਂ ਦੇ ਬਾਵਜੂਦ, ਲਾਗੂਕਰਨ ਅਸੰਗਤ ਅਤੇ ਪ੍ਰਤੀਕਿਰਿਆਸ਼ੀਲ ਰਹਿੰਦਾ ਹੈ। ਡਿਜੀਟਲ ਈਕੋਸਿਸਟਮ ਕਾਨੂੰਨਾਂ ਨਾਲੋਂ ਤੇਜ਼ੀ ਨਾਲ ਵਿਕਸਤ ਹੁੰਦਾ ਹੈ।

ਇੰਟਰਨੈੱਟ ਐਂਡ ਮੋਬਾਈਲ ਐਸੋਸੀਏਸ਼ਨ ਆਫ਼ ਇੰਡੀਆ (IAMAI) ਅਤੇ ਨੀਲਸਨ ਦੇ ਅੰਕੜਿਆਂ ਅਨੁਸਾਰ, 2024 ਤੱਕ ਭਾਰਤ ਵਿਚ 760 ਮਿਲੀਅਨ ਤੋਂ ਵੱਧ ਇੰਟਰਨੈੱਟ ਉਪਭੋਗਤਾ ਹਨ, ਜਿਨ੍ਹਾਂ ਵਿਚ ਲਗਭਗ 450 ਮਿਲੀਅਨ ਸਮਾਰਟਫੋਨ ਉਪਭੋਗਤਾ ਸ਼ਾਮਲ ਹਨ। KPMG ਇੰਡੀਆ ਦੀ ਇੱਕ ਰਿਪੋਰਟ ਅਨੁਸਾਰ, 35% ਤੋਂ ਵੱਧ ਭਾਰਤੀ OTT ਉਪਭੋਗਤਾ 25 ਸਾਲ ਤੋਂ ਘੱਟ ਉਮਰ ਦੇ ਹਨ, ਜਿਨ੍ਹਾਂ ਵਿਚੋਂ ਬਹੁਤ ਸਾਰੇ ਬਿਨਾਂ ਨਿਗਰਾਨੀ ਦੇ ਸਮੱਗਰੀ ਦੀ ਵਰਤੋਂ ਕਰਦੇ ਹਨ। Google ਦੀ ਇੰਡੀਆ ਯੂਜ਼ਰ ਰਿਪੋਰਟ (2023) ਵਿਚ ਦੱਸੇ ਅਨੁਸਾਰ, YouTube ਵਿਚ 500 ਮਿਲੀਅਨ ਤੋਂ ਵੱਧ ਸਰਗਰਮ ਭਾਰਤੀ ਉਪਭੋਗਤਾ ਹਨ, ਅਤੇ ਸਮੱਗਰੀ ਦਾ ਇੱਕ ਮਹੱਤਵਪੂਰਨ ਹਿੱਸਾ ਉਮਰ-ਪ੍ਰਤੀਬੰਧਿਤ ਨਹੀਂ ਹੈ। 2023 ਵਿਚ Local Circles ਦੁਆਰਾ ਕੀਤੇ ਗਏ ਇੱਕ ਸਰਵੇਖਣ ਵਿਚ ਪਾਇਆ ਗਿਆ ਕਿ 71% ਮਾਪੇ ਮਹਿਸੂਸ ਕਰਦੇ ਹਨ ਕਿ ਓ.ਟੀ.ਟੀ. ਸਮੱਗਰੀ ਬੱਚਿਆਂ ਲਈ ਢੁਕਵੀਂ ਨਹੀਂ ਹੈ, ਅਤੇ 62% ਨੇ ਰਿਪੋਰਟ ਕੀਤੀ ਕਿ ਉਨ੍ਹਾਂ ਦੇ ਬੱਚੇ ਨੇ ਗਲਤੀ ਨਾਲ ਬਾਲਗ ਸਮੱਗਰੀ ਤੱਕ ਪਹੁੰਚ ਕੀਤੀ ਸੀ।

ਇਸ ਲਈ ਸਖ਼ਤ ਕਾਰਵਾਈ ਦੀ ਤੁਰੰਤ ਲੋੜ ਹੈ। ਸਰਕਾਰ ਨੂੰ ਫਿਲਮਾਂ ਲਈ CBFC ਵਾਂਗ ਓ.ਟੀ.ਟੀ. ਲਈ ਇੱਕ ਸਮੱਗਰੀ ਰੈਗੂਲੇਸ਼ਨ ਬੋਰਡ ਸ਼ੁਰੂ ਕਰਨਾ ਚਾਹੀਦਾ ਹੈ। ਰੀਅਲ-ਟਾਈਮ ਫਲੈਗਿੰਗ ਦੇ ਨਾਲ AI-ਅਧਾਰਤ ਸਮੱਗਰੀ ਸੰਚਾਲਨ ਨੁਕਸਾਨਦੇਹ ਸਮੱਗਰੀ ਨੂੰ ਫੈਲਣ ਤੋਂ ਪਹਿਲਾਂ ਹਟਾਉਣ ਵਿਚ ਮਦਦ ਕਰ ਸਕਦਾ ਹੈ। ਪਲੇਟਫਾਰਮਾਂ ਦੁਆਰਾ ਵਾਰ-ਵਾਰ ਉਲੰਘਣਾਵਾਂ ਲਈ ਭਾਰੀ ਜੁਰਮਾਨੇ ਲਗਾਏ ਜਾਣੇ ਚਾਹੀਦੇ ਹਨ। ਇੱਕ ਕੇਂਦਰੀ ਰਿਪੋਰਟਿੰਗ ਐਪ ਜਿੱਥੇ ਉਪਭੋਗਤਾ ਇਤਰਾਜ਼ਯੋਗ ਜਾਂ ਗੁੰਮਰਾਹਕੁੰਨ ਸਮੱਗਰੀ ਨੂੰ ਫਲੈਗ ਕਰ ਸਕਦੇ ਹਨ, ਨਾਗਰਿਕਾਂ ਨੂੰ ਸ਼ਕਤੀ ਪ੍ਰਦਾਨ ਕਰ ਸਕਦਾ ਹੈ। ਨਾਲ ਹੀ, ਸਮੱਗਰੀ ਸਿਰਜਣਹਾਰਾਂ ਲਈ ਲਾਜ਼ਮੀ ਪ੍ਰਮਾਣਿਤ ਪਛਾਣ ਜਵਾਬਦੇਹੀ ਵਧਾਏਗੀ ਅਤੇ ਗੁਮਨਾਮਤਾ-ਸੰਚਾਲਿਤ ਦੁਰਵਰਤੋਂ ਨੂੰ ਘਟਾਏਗੀ। ਪਲੇਟਫਾਰਮਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਨੂੰ ਉਮਰ-ਉਚਿਤਤਾ ਲਈ ਸਖ਼ਤ ਏ.ਆਈ. ਫਿਲਟਰ ਅਪਣਾਉਣੇ ਚਾਹੀਦੇ ਹਨ, ਤੇਜ਼ ਅਤੇ ਵਧੇਰੇ ਪ੍ਰਭਾਵਸ਼ਾਲੀ ਹੋਣ ਲਈ ਰਿਪੋਰਟ-ਅਤੇ-ਟੇਕਡਾਊਨ ਪ੍ਰਣਾਲੀਆਂ ਵਿਚ ਸੁਧਾਰ ਕਰਨਾ ਚਾਹੀਦਾ ਹੈ, ਸਪੱਸ਼ਟ ਸਮੱਗਰੀ ਚੇਤਾਵਨੀਆਂ ਅਤੇ ਵਰਗੀਕਰਨ ਪ੍ਰਦਰਸ਼ਿਤ ਕਰਨੇ ਚਾਹੀਦੇ ਹਨ, ਅਤੇ ਆਪਣੇ ਐਲਗੋਰਿਦਮ ਰਾਹੀਂ ਸਦਮਾ-ਮੁੱਲ ਸਮੱਗਰੀ ਨੂੰ ਉਤਸ਼ਾਹਿਤ ਕਰਨਾ ਬੰਦ ਕਰਨਾ ਚਾਹੀਦਾ ਹੈ।

ਡਿਜੀਟਲ ਪਾਲਣ-ਪੋਸ਼ਣ ਹੁਣ ਅਸਲ-ਸੰਸਾਰ ਦੇ ਪਾਲਣ-ਪੋਸ਼ਣ ਜਿੰਨਾ ਹੀ ਮਹੱਤਵਪੂਰਨ ਹੈ। ਮਾਪਿਆਂ ਨੂੰ ਮਾਪਿਆਂ ਦੇ ਨਿਯੰਤਰਣ ਅਤੇ ਫਿਲਟਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਬੱਚਿਆਂ ਨਾਲ ਮਿਲ ਕੇ ਸਮੱਗਰੀ ਦੇਖਣੀ ਚਾਹੀਦੀ ਹੈ ਤਾਂ ਜੋ ਉਹ ਕੀ ਵਰਤਦੇ ਹਨ, ਅਤੇ ਸਾਈਬਰ ਧੱਕੇਸ਼ਾਹੀ, ਜਾਅਲੀ ਖ਼ਬਰਾਂ ਅਤੇ ਸਾਥੀਆਂ ਦੇ ਦਬਾਅ ਵਰਗੇ ਔਨਲਾਈਨ ਖ਼ਤਰਿਆਂ 'ਤੇ ਚਰਚਾ ਕਰਨੀ ਚਾਹੀਦੀ ਹੈ। ਸਕੂਲਾਂ ਅਤੇ ਭਾਈਚਾਰਿਆਂ ਨੂੰ ਡਿਜੀਟਲ ਜਾਗਰੂਕਤਾ ਪ੍ਰੋਗਰਾਮ ਚਲਾਉਣੇ ਚਾਹੀਦੇ ਹਨ। NGO ਅਤੇ ਨਿਵਾਸੀ ਭਲਾਈ ਸੰਗਠਨਾਂ ਨੂੰ ਸੁਰੱਖਿਅਤ ਬ੍ਰਾਊਜ਼ਿੰਗ ਅਭਿਆਸਾਂ 'ਤੇ ਵਰਕਸ਼ਾਪਾਂ ਵੀ ਕਰਵਾਉਣੀਆਂ ਚਾਹੀਦੀਆਂ ਹਨ।

ਹਰ ਉਪਭੋਗਤਾ ਇੱਕ ਹਿੱਸੇਦਾਰ ਹੈ। ਜੇਕਰ ਅਸੀਂ ਜਾਅਲੀ ਖ਼ਬਰਾਂ ਸਾਂਝੀਆਂ ਕਰਦੇ ਹਾਂ, ਉਮਰ ਦੀਆਂ ਪਾਬੰਦੀਆਂ ਨੂੰ ਨਜ਼ਰਅੰਦਾਜ਼ ਕਰਦੇ ਹਾਂ, ਜਾਂ ਨਫ਼ਰਤ ਭਰੀ ਸਮੱਗਰੀ ਨੂੰ ਅੱਗੇ ਭੇਜਦੇ ਹਾਂ, ਤਾਂ ਅਸੀਂ ਸਮੱਸਿਆ ਦਾ ਹਿੱਸਾ ਬਣ ਜਾਂਦੇ ਹਾਂ। ਹਰ ਸ਼ੇਅਰ, ਪਸੰਦ ਜਾਂ ਟਿੱਪਣੀ ਅਜਿਹੀ ਸਮੱਗਰੀ ਦੀ ਦਿੱਖ ਵਿਚ ਯੋਗਦਾਨ ਪਾਉਂਦੀ ਹੈ। ਜ਼ਿੰਮੇਵਾਰ ਡਿਜੀਟਲ ਵਿਵਹਾਰ ਵਿਚ ਅੱਗੇ ਭੇਜਣ ਤੋਂ ਪਹਿਲਾਂ ਖ਼ਬਰਾਂ ਦੀ ਪੁਸ਼ਟੀ ਕਰਨਾ, ਨਫ਼ਰਤ, ਅਸ਼ਲੀਲਤਾ ਜਾਂ ਖ਼ਤਰੇ ਨੂੰ ਉਤਸ਼ਾਹਿਤ ਕਰਨ ਵਾਲੀ ਸਮੱਗਰੀ ਦੀ ਰਿਪੋਰਟ ਕਰਨਾ, ਉਮਰ ਦੀਆਂ ਪਾਬੰਦੀਆਂ ਦਾ ਸਤਿਕਾਰ ਕਰਨਾ, ਅਤੇ ਸਾਥੀਆਂ ਅਤੇ ਪਰਿਵਾਰਕ ਮੈਂਬਰਾਂ ਨੂੰ ਔਨਲਾਈਨ ਨੈਤਿਕਤਾ ਬਾਰੇ ਸਿੱਖਿਆ ਦੇਣਾ ਸ਼ਾਮਲ ਹੈ।

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇੰਟਰਨੈੱਟ ਸਮਾਜ ਦਾ ਸ਼ੀਸ਼ਾ ਹੈ। ਜੇਕਰ ਅਸੀਂ ਇਸਨੂੰ ਹਫੜਾ-ਦਫੜੀ, ਅਸੰਵੇਦਨਸ਼ੀਲਤਾ ਅਤੇ ਗਲਤ ਜਾਣਕਾਰੀ ਨੂੰ ਦਰਸਾਉਣ ਦਿੰਦੇ ਹਾਂ, ਤਾਂ ਇਹੀ ਉਹ ਚੀਜ਼ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਿਰਾਸਤ ਵਿਚ ਮਿਲੇਗੀ। ਪਰ ਜੇਕਰ ਅਸੀਂ ਇਸਨੂੰ ਨਿਯਮਾਂ, ਸਤਿਕਾਰ ਅਤੇ ਜ਼ਿੰਮੇਵਾਰੀ ਨਾਲ ਪਾਲਦੇ ਹਾਂ, ਤਾਂ ਇਹ ਸਸ਼ਕਤੀਕਰਨ, ਰਚਨਾਤਮਕਤਾ ਅਤੇ ਤਰੱਕੀ ਦਾ ਸਥਾਨ ਬਣਨਾ ਜਾਰੀ ਰੱਖ ਸਕਦਾ ਹੈ। ਭਾਰਤ ਵਿਚ ਡਿਜੀਟਲ ਆਜ਼ਾਦੀ ਦਾ ਹਨੇਰਾ ਪੱਖ ਸਿਰਫ਼ ਇੱਕ ਤਕਨੀਕੀ ਮੁੱਦਾ ਨਹੀਂ ਹੈ - ਇਹ ਇੱਕ ਨੈਤਿਕ ਅਤੇ ਸਮਾਜਿਕ ਚੁਣੌਤੀ ਹੈ। ਇਹ ਸਰਕਾਰੀ ਸੰਸਥਾਵਾਂ, ਤਕਨੀਕੀ ਕੰਪਨੀਆਂ, ਸਿੱਖਿਅਕਾਂ, ਮਾਪਿਆਂ ਅਤੇ ਨਾਗਰਿਕਾਂ ਵਿਚ ਤੁਰੰਤ ਸਹਿਯੋਗ ਦੀ ਮੰਗ ਕਰਦਾ ਹੈ। ਸਿਰਫ਼ ਨੀਤੀਆਂ ਹੀ ਇਹ ਠੀਕ ਨਹੀਂ ਕਰ ਸਕਦੀਆਂ ਕਿ ਸੱਭਿਆਚਾਰ ਕੀ ਇਜਾਜ਼ਤ ਦਿੰਦਾ ਹੈ। ਸਾਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਨ ਲਈ ਡਿਜੀਟਲ ਨੈਤਿਕਤਾ ਦੀ ਲੋੜ ਹੈ, ਜਿਵੇਂ ਕਿ ਟ੍ਰੈਫਿਕ ਨਿਯਮਾਂ ਜਾਂ ਸਕੂਲ ਅਨੁਸ਼ਾਸਨ। ਭਾਵੇਂ ਇਹ ਘਰ ਵਿਚ ਔਨਲਾਈਨ ਸੀਮਾਵਾਂ ਨੂੰ ਲਾਗੂ ਕਰਨਾ ਹੋਵੇ, ਜ਼ਹਿਰੀਲੀ ਸਮੱਗਰੀ ਦੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨਾ ਹੋਵੇ, ਜਾਂ ਕਾਨੂੰਨ ਨਿਰਮਾਤਾਵਾਂ ਨੂੰ ਤੁਰੰਤ ਕਾਰਵਾਈ ਕਰਨ ਲਈ ਮਜਬੂਰ ਕਰਨਾ ਹੋਵੇ, ਹਰੇਕ ਯੋਗਦਾਨ ਮਾਇਨੇ ਰੱਖਦਾ ਹੈ। ਫਿਲਟਰ ਨਾ ਕੀਤੀ ਗਈ ਆਜ਼ਾਦੀ ਅਤੇ ਜ਼ਿੰਮੇਵਾਰ ਪ੍ਰਗਟਾਵੇ ਵਿਚਕਾਰ ਇਸ ਲੜਾਈ ਵਿਚ, ਚੁੱਪ ਇੱਕ ਵਿਕਲਪ ਨਹੀਂ ਹੈ, ਕਾਰਵਾਈ ਹੈ। ਕਾਰਵਾਈ ਕਰਨ ਦਾ ਸਮਾਂ ਹੁਣ ਹੈ। ਸਾਡੇ ਬੱਚਿਆਂ ਦੀ ਸੁਰੱਖਿਆ, ਸਾਡੇ ਲੋਕਤੰਤਰ ਦੀ ਤਾਕਤ, ਅਤੇ ਸਾਡੇ ਸਾਂਝੇ ਡਿਜੀਟਲ ਭਵਿੱਖ ਦੀ ਸਮਝਦਾਰੀ ਲਈ, ਸਾਨੂੰ ਰੇਖਾ ਖਿੱਚਣੀ ਚਾਹੀਦੀ ਹੈ - ਦ੍ਰਿੜਤਾ ਨਾਲ, ਸਪਸ਼ਟ ਤੌਰ 'ਤੇ, ਅਤੇ ਸਮੂਹਿਕ ਤੌਰ 'ਤੇ। ਇਸ ਨੂੰ ਇੱਕ ਜਾਗਣ ਦੀ ਕਾਲ ਹੋਣ ਦਿਓ। ਆਓ ਅਸੀਂ ਡਿਜੀਟਲ ਆਜ਼ਾਦੀ ਨੂੰ ਇਸਦੇ ਹਨੇਰੇ ਪੱਖ ਨੂੰ ਨਜ਼ਰਅੰਦਾਜ਼ ਕਰਕੇ ਨਹੀਂ, ਸਗੋਂ ਹਿੰਮਤ, ਸਪੱਸ਼ਟਤਾ ਅਤੇ ਜ਼ਮੀਰ ਨਾਲ ਇਸਦਾ ਸਾਹਮਣਾ ਕਰਕੇ ਸੁਰੱਖਿਅਤ ਰੱਖੀਏ।

# ਮੁਬਾਰਕ ਬੇਗ਼ਮ: ਹਮਾਰੀ ਯਾਦ ਆਏਗੀ...

ਮੁਬਾਰਕ ਬੇਗ਼ਮ (5 ਜਨਵਰੀ 1936-18 ਜੁਲਾਈ 2016) ਇੱਕ ਭਾਰਤੀ ਗਾਇਕਾ ਸੀ, ਜਿਸਨੇ ਹਿੰਦੀ ਅਤੇ ਉਰਦੂ ਭਾਸ਼ਾਵਾਂ ਵਿਚ ਗਾਇਆ। ਉਹ 1950 ਅਤੇ 1960 ਦੇ ਦਹਾਕੇ ਦੌਰਾਨ ਬਾਲੀਵੁੱਡ ਫਿਲਮਾਂ ਵਿਚ ਇੱਕ ਚਰਚਿਤ ਪਿੱਠਵਰਤੀ ਗਾਇਕਾ ਸੀ। ਉਸ ਨੇ ਗੀਤਾਂ ਤੇ ਗ਼ਜ਼ਲਾਂ ਸਮੇਤ ਕਈ ਹੋਰ ਸ਼ੈਲੀਆਂ



**ਪ੍ਰੋ. ਨਵ ਸੰਗੀਤ ਸਿੰਘ**
**ਫੋਟੋ: 94176-92015**

ਵਿਚ ਗਾਇਨ ਕੀਤਾ ਅਤੇ ਜਨਤਕ ਪ੍ਰਦਰਸ਼ਨ ਵੀ ਕੀਤੇ।

ਮੁਬਾਰਕ ਬੇਗ਼ਮ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਆਲ ਇੰਡੀਆ ਰੇਡੀਓ ਤੋਂ ਕੀਤੀ। ਇੱਕ ਪਲੇਅਬੈਕ ਗਾਇਕਾ ਵਜੋਂ ਉਸਦਾ ਕਰੀਅਰ 1949 ਵਿਚ ਭਾਰਤੀ ਹਿੰਦੀ ਫਿਲਮ 'ਆਈਏ' ਨਾਲ ਸ਼ੁਰੂ ਹੋਇਆ ਸੀ। ਇਹ ਭਾਰਤ-ਪਾਕਿਸਤਾਨੀ ਸੰਗੀਤਕਾਰ ਸ਼ੌਕਤ ਅਲੀ ਨਾਸ਼ਾਦ ਸੀ, ਜਿਸਨੇ ਬੇਗ਼ਮ ਨੂੰ ਪਹਿਲਾ ਬ੍ਰੇਕ ਦਿੱਤਾ। ਫਿਲਮਾਂ ਲਈ ਉਸਦਾ ਰਿਕਾਰਡ ਕੀਤਾ ਪਹਿਲਾ ਗੀਤ 'ਮੋਹੇ ਆਨੇ ਲਾਗੀ ਅੰਗੜਾਈ ਆਜਾ ਆਜਾ ਬਲਮ' (ਆਈਏ, 1949) ਸੀ। ਉਸ ਨੇ ਉਸੇ ਫਿਲਮ ਵਿਚ ਉਸ ਸਮੇਂ ਦੀ ਉੱਭਰਦੀ ਗਾਇਕਾ ਲਤਾ ਮੰਗੇਸ਼ਕਰ ਨਾਲ ਇੱਕ ਦੋਗਾਣਾ ਵੀ ਗਾਇਆ। ਉਸਦੇ ਕਰੀਅਰ ਦੇ ਮਸ਼ਹੂਰ ਗੀਤਾਂ ਵਿਚੋਂ 'ਕਭੀ ਤਨਹਾਈਓਂ ਮੇਂ ਯੂੰ' ਹੈ, ਜਿਸਨੂੰ ਸਨੇਹਲ ਭਟਕਰ ਦੁਆਰਾ ਕਿਦਾਰ ਸ਼ਰਮਾ ਦੀ ਫਿਲਮ 'ਹਮਾਰੀ ਯਾਦ ਆਏਗੀ' (1961) ਲਈ ਰਚਿਆ ਗਿਆ ਸੀ।

ਮੁਬਾਰਕ ਬੇਗ਼ਮ ਨੇ ਆਪਣੇ ਕਰੀਅਰ ਦੌਰਾਨ ਹਿੰਦੀ ਫਿਲਮਾਂ ਲਈ ਕੁੱਲ 178 ਗਾਣੇ ਗਾਏ, ਜੋ 115 ਫਿਲਮਾਂ ਵਿਚ ਸ਼ਾਮਲ ਹਨ। ਹੇਠਾਂ ਉਸਦੇ ਕੁਝ ਪ੍ਰਸਿੱਧ ਗੀਤਾਂ ਦੀ ਸੂਚੀ ਦਿੱਤੀ ਜਾ ਰਹੀ ਹੈ:

* 'ਮੁਝਕੋ ਅਪਨੇ ਗਲੇ ਲਗਾ ਲੋ, ਐ ਮੇਰੇ ਹਮਰਾਹੀ' (ਗੀਤ ਹਸਰਤ ਜੈਪੁਰੀ; ਸੰਗੀਤ ਸ਼ੰਕਰ ਜੈਕਿਸ਼ਨ; ਫ਼ਿਲਮ ਹਮਰਾਹੀ, 1963)
* 'ਕਭੀ ਤਨਹਾਈਓਂ ਮੇਂ ਯੂੰ ਹਮਾਰੀ ਯਾਦ ਆਏਗੀ' (ਗੀਤ ਕਿਦਾਰ ਸ਼ਰਮਾ; ਸੰਗੀਤ ਸਨੇਹਲ ਭਟਕਰ; ਫ਼ਿਲਮ ਹਮਾਰੀ ਯਾਦ ਆਏਗੀ,1961)
* 'ਨੀਂਦ ਉੜ ਜਾਏ ਤੇਰੀ ਚੈਨ ਸੇ ਸੋਨੇ ਵਾਲੇ' (ਜੁਆਰੀ,1968)
* 'ਵੋ ਨਾ ਆਏਂਗੇ ਪਲਟ ਕਰ' (ਗੀਤ ਸਾਹਿਰ ਲੁਧਿਆਣਵੀ; ਸੰਗੀਤ ਐਸ ਡੀ ਬਰਮਨ; ਫ਼ਿਲਮ ਦੇਵਦਾਸ,1955)
* 'ਹਮ ਹਾਲ-ਏ-ਦਿਲ ਸੁਨਾਏਂਗੇ, ਸੂਰਜ ਕੇ ਨਾ ਸੁਨਾਏ' (ਗੀਤ ਸ਼ੈਲੇਂਦਰ; ਸੰਗੀਤ ਸਲਿਲ ਚੌਧਰੀ; ਫ਼ਿਲਮ ਮਧੂਮਤੀ,1958)
* 'ਵਾਅਦਾ ਹਮਸੇ ਕੀਆ ਦਿਲ ਕਿਸੀ ਕੋ ਦੀਆ (ਸਰਸਵਤੀਚੰਦ੍ਰ,1968)



* 'ਬੇ-ਮੁਰੱਵਤ ਬੇਵਫਾ ਬੇਗਾਨਾ-ਏ ਦਿਲ ਆਪ ਹੈਂ" (ਗੀਤ ਜਾਨ ਨਿਸਾਰ ਅਖਤਰ; ਸੰਗੀਤ ਸੀ. ਅਰਜੁਨ; ਫ਼ਿਲਮ ਸੁਸ਼ੀਲਾ,1966)
* 'ਐ ਦਿਲ ਬਤਾ ਹਮ ਕਹਾਂ ਆ ਗਏ' (ਖ਼ੂਨੀ ਖਜ਼ਾਨਾ, 1965)
* 'ਐਜੀ ਐਜੀ ਯਾਦ ਰਖਨਾ ਸਨਮ' (ਡਾਕੂ ਮੰਸੂਰ, 1961)
* 'ਸ਼ਮਾ ਗੁਲ ਕਰਕੇ ਨਾ ਜਾਬੇਗ਼ਮ ਦੀ ਧੀ, ਜੋ ਪਾਰਕਿੰਸਨਜ਼ ਬਿਮਾਰੀ ਤੋਂ ਪੀੜਤ ਸੀ, ਅਕਤੂਬਰ 2015 ਵਿਚ ਮਰ ਗਈ, ਜਿਸ ਤੋਂ ਬਾਅਦ ਬੇਗ਼ਮ ਦੀ ਆਪਣੀ ਸਿਹਤ ਬਹੁਤ ਵਿਗੜਦੀ ਚਲੀ ਗਈ। ਮਈ 2016 ਵਿਚ, ਪ੍ਰੈਸ ਨੇ ਰਿਪੋਰਟ ਦਿੱਤੀ ਕਿ ਬੇਗ਼ਮ ਹਸਪਤਾਲ ਵਿਚ ਸੀ ਅਤੇ ਉਸਦਾ ਪਰਿਵਾਰ ਉਸਦੇ ਡਾਕਟਰੀ ਬਿੱਲਾਂ ਦਾ ਭੁਗਤਾਨ ਕਰਨ ਵਿਚ ਅਸਮਰੱਥ ਸੀ। ਉਹ ਆਪਣੇ ਪਰਿਵਾਰ ਨਾਲ, ਜਿਸ ਵਿਚ ਇੱਕ ਪੁੱਤਰ, ਨੂੰਹ ਅਤੇ ਪੋਤੀ ਸ਼ਾਮਲ ਸਨ, ਮੁੰਬਈ ਦੇ ਉਪਨਗਰ ਜੋਗੇਸ਼ਵਰੀ ਵਿਚ ਬਹਿਰਾਮ ਬਾਗ ਵਿਚ ਇੱਕ ਬੈੱਡਰੂਮ ਵਾਲੇ ਅਪਾਰਟਮੈਂਟ ਵਿਚ ਰਹਿੰਦੀ ਸੀ। ਉਸਦੀ ਇੱਕੋ ਇੱਕ ਆਮਦਨ ਪੈਨਸ਼ਨ ਸੀ, ਜੋ ਉਸਨੂੰ ਆਪਣੇ ਸਵਰਗਵਾਸੀ ਪਤੀ ਦੀ ਪੈਨਸ਼ਨ ਦੇ ਇਵਜ਼ ਵਜੋਂ ਮਿਲਦੀ ਸੀ। ਇਹ ਪੈਨਸ਼ਨ ਕਰੀਬ 800/- ਰੁਪਏ ਪ੍ਰਤੀ ਮਹੀਨਾ ਸੀ। ਭਾਰਤੀ ਮਿਆਰਾਂ ਅਨੁਸਾਰ ਇਹ ਬਹੁਤ ਹੀ ਮਾਮੂਲੀ ਪੈਨਸ਼ਨ ਹੈ। ਬੇਗ਼ਮ ਆਪਣੇ ਪੁੱਤਰ ਹੁਸੈਨ ਸ਼ੇਖ 'ਤੇ ਨਿਰਭਰ ਸੀ, ਜੋ ਡਰਾਈਵਰ ਸੀ। ਬੇਗ਼ਮ ਦੀ ਦੇਖਭਾਲ ਉਸਦੀ ਨੂੰਹ ਜ਼ਰੀਨਾ ਹੁਸੈਨ ਸ਼ੇਖ ਕਰਦੀ ਸੀ।

ਉਸ ਨੇ ਪ੍ਰੈਸ ਨੂੰ ਦੱਸਿਆ ਕਿ ਅਦਾਕਾਰ ਸਲਮਾਨ ਖਾਨ (ਹਿੰਦੀ ਫਿਲਮ ਇੰਡਸਟਰੀ) ਅਸਲ ਵਿਚ ਇਕਲੌਤਾ ਵਿਅਕਤੀ ਹੈ, ਜੋ ਪਰਿਵਾਰ ਦੀ ਵਿੱਤੀ ਮਦਦ ਕਰ ਰਿਹਾ ਹੈ, ਉਹ ਵੀ ਲਗਾਤਾਰ, ਲੰਬੇ ਸਮੇਂ ਤੋਂ। ਉਹ ਬਜ਼ੁਰਗ ਬੇਗ਼ਮ ਦੀਆਂ ਸਾਰੀਆਂ ਦਵਾਈਆਂ ਦਾ ਸਾਰਾ ਖਰਚਾ ਚੁੱਕ ਰਿਹਾ ਸੀ। ਗਾਇਕਾ ਲਤਾ ਮੰਗੇਸ਼ਕਰ ਨੇ ਬੇਗ਼ਮ ਨੂੰ ਉਸਦੀ ਧੀ ਦੀ ਮੌਤ ਤੋਂ ਬਾਅਦ ਦਿਲਾਸਾ ਦਿੱਤਾ ਅਤੇ ਉਸ ਨਾਲ ਦੁੱਖ ਸਾਂਝਾ ਕੀਤਾ। ਜੂਨ 2016 ਵਿਚ, ਮਹਾਰਾਸ਼ਟਰ ਸਰਕਾਰ ਵਿਚ ਭਾਜਪਾ ਦੇ ਮੰਤਰੀ ਵਿਨੋਦ ਤਾਵੜੇ ਨੇ ਪਰਿਵਾਰ ਦੀ ਮਦਦ ਲਈ ਕਦਮ ਚੁੱਕਿਆ। ਜਦੋਂ ਤਾਵੜੇ ਨੂੰ ਪਤਾ ਲੱਗਾ ਕਿ ਅਜਿਹੀ ਕੋਈ ਸਰਕਾਰੀ ਯੋਜਨਾ ਨਹੀਂ ਹੈ, ਜਿਸ ਤਹਿਤ ਉਹ ਬੇਗ਼ਮ ਦੇ ਪਰਿਵਾਰ ਦੀ ਮਦਦ ਕਰ ਸਕਣ, ਤਾਂ ਉਸਨੇ ਆਪਣੇ ਨੇੜਲੇ ਲੋਕਾਂ ਦੁਆਰਾ ਚਲਾਏ ਜਾ ਰਹੇ ਇੱਕ ਚੈਰੀਟੇਬਲ ਟਰੱਸਟ ਤੋਂ ਮਦਦ ਮੰਗੀ ਅਤੇ ਉਨ੍ਹਾਂ ਨੇ ਬੇਗ਼ਮ ਨੂੰ ਕੁਝ ਪੈਸੇ ਦਿੱਤੇ।

ਬੇਗ਼ਮ ਅਖ਼ਤਰ ਨੇ 80 ਸਾਲ ਦੀ ਉਮਰੇ ਜੋਗੇਸ਼ਵਰੀ, ਮੁੰਬਈ (ਮਹਾਰਾਸ਼ਟਰ) ਵਿਚ ਆਖਰੀ ਸਾਹ ਲਿਆ। ਸੰਗੀਤ, ਖਾਸ ਕਰਕੇ ਕਲਾਸੀਕਲ ਸੰਗੀਤ ਦੀ ਦੁਨੀਆਂ ਵਿਚ ਬੇਗ਼ਮ ਅਖ਼ਤਰ ਦਾ ਨਾਂ ਹਮੇਸ਼ਾ ਜ਼ਿੰਦਾ ਰਹੇਗਾ। ਅੱਜ ਵੀ ਉਹਦਾ ਗਾਇਆ ਨਗ਼ਮਾ 'ਕਭੀ ਤਨਹਾਈਓਂ ਮੇਂ ਯੂੰ...' ਜਦ ਕਿਤੇ ਸੁਣਾਈ ਦਿੰਦਾ ਹੈ ਤਾਂ ਮੇਰੀ ਉਮਰ ਦੇ ਲੋਕਾਂ ਦੀਆਂ ਅੱਖਾਂ ਦਾ ਨਮ ਹੋ ਜਾਣਾ ਸੁਭਾਵਕ ਹੈ! ਅਜਿਹਾ ਸੋਜ਼ ਸੀ ਉਹਦੀ ਗਾਇਨ ਸ਼ੈਲੀ ਵਿਚ! ਖ਼ੁਦਾ ਉਹਨੂੰ ਜੰਨਤ ਅਤਾ ਫ਼ਰਮਾਏ!

# ਫ਼ਿਲਮ ਲੋਕ

# ਬਾਲੀਵੁੱਡ ਸਟਾਰਾਂ ਦੀਆਂ ਪੰਜਾਬੀ ਸਿਨੇਮਾਂ ’ਚ ਬਹਾਰਾਂ

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ




ਸੰਨ 1932 ਵਿੱਚ ਰਿਲੀਜ਼ ਹੋਈ ਫ਼ਿਲਮ ‘ਹੀਰ ਰਾਂਝਾ’ ਜਿਸਦਾ ਅਸਲ ਸਿਰਲੇਖ ‘ਹੂਰ’ ਰੱਖਿਆ ਗਿਆ ਸੀ , ਨੂੰ ਪੰਜਾਬੀ ਸਿਨੇਮਾ ਦੀ ਪਹਿਲੀ ਫ਼ਿਲਮ ਆਖਿਆ ਜਾ ਸਕਦਾ ਹੈ। ਇਸ ਫ਼ਿਲਮ ਦੇ ਨਿਰਮਾਤਾ ਹਕੀਮ ਰਾਮ ਪ੍ਰਸਾਦ ਅਤੇ ਨਿਰਦੇਸ਼ਕ ਏ.ਆਰ. ਕਾਰਦਾਰ ਸਨ।ਇਸ ਤੋਂ ਬਾਅਦ ਸੰਨ 1935 ਵਿਚ ਬਣੀ ਬਹੁ ਚਰਚਿਤ ਫ਼ਿਲਮ ‘ਪਿੰਡ ਦੀ ਕੁੜੀ’ ਦਾ ਨਿਰਦੇਸ਼ਨ ਸ੍ਰੀ ਕੇ.ਡੀ.ਮਹਿਰਾ ਨੇ ਦਿੱਤਾ ਸੀ ਤੇ ਇਸ ਫ਼ਿਲਮ ਵਿੱਚ ਉੱਘੀ ਗਾਇਕਾ ਨੂਰਜਹਾਂ ਨੇ ਗੀਤ ਵੀ ਗਾਏ ਸਨ ਤੇ ਅਦਾਕਾਰੀ ਦੇ ਜੌਹਰ ਵੀ ਵਿਖਾਏ ਸਨ।ਸੰਨ 1947 ਵਿੱਚ ਮੁਲਕ ਦੇ ਬਟਵਾਰੇ ਤੋਂ ਬਾਅਦ ਜਿਹੜੀ ਪਹਿਲੀ ਪੰਜਾਬੀ ਫ਼ਿਲਮ ਰਿਲੀਜ਼ ਹੋਈ ਸੀ ਉਸਦਾ ਨਿਰਦੇਸ਼ਕ ਆਰ. ਕੇ. ਸ਼ੋਰੀ ਸੀ।ਸੰਨ 1948 ਤੋਂ ਲੈ ਕੇ ਸੰਨ 1964 ਤੱਕ ਸੁਪਰਹਿੱਟ ਰਹੀਆਂ ਪੰਜਾਬੀ ਫ਼ਿਲਮਾਂ ਵਿੱਚ ‘ਲੱਛੀ, ਮੁੰਦਰੀ, ਫ਼ੇਰੇ, ਪੋਸਤੀ ਅਤੇ ਭੰਗੜਾ’ ਆਦਿ ਫ਼ਿਲਮਾਂ ਦੇ ਨਾਂ ਪ੍ਰਮੁੱਖ ਸਨ। ਸੰਨ 1964 ਵਿੱਚ ਬਣੀ ਫ਼ਿਲਮ ‘ਸਤਲੁਜ਼ ਦੇ ਕੰਢੇ’ ਪੰਜਾਬੀ ਦੀ ਪਹਿਲੀ ਮਲਟੀਸਟਾਰਰ ਫ਼ਿਲਮ ਸੀ ਜਿਸ ਵਿੱਚ ਬਲਰਾਜ ਸਾਹਨੀ,ਨਿਸ਼ੀ, ਵਾਸਤੀ , ਮਿਰਜ਼ਾ ਮੁਸ਼ੱਰਫ਼ ਸਣੇ ਕਈ ਵੱਡੇ ਸਿਤਾਰਿਆਂ ਨੇ ਕੰਮ ਕੀਤਾ ਸੀ।ਇਹ ਫ਼ਿਲਮ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤੀ ਗਈ ਸੀ।ਸੰਨ 1969 ਵਿਚ ਆਈ ਫ਼ਿਲਮ’ ਨਾਨਕ ਨਾਮ ਜਹਾਜ਼ ਹੈ’ ਨੇ ਤਾਂ ਸਫ਼ਲਤਾ ਦੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਸਨ। ਪ੍ਰਿਥਵੀ ਰਾਜ ਕਪੂਰ, ਵਿੰਮੀ, ਆਈ.ਐਸ. ਜੌਹਰ, ਸੋਮ ਦੱਤ,ਨਿਸ਼ੀ ਅਤੇ ਡੇਵਿਡ ਜਿਹੇ ਅਦਾਕਾਰਾਂ ਨਾਲ ਸਜੀ ਇਹ ਫ਼ਿਲਮ ਪੰਜਾਬੀ ਸਿਨੇਮਾ ਦੀ ਪਹਿਲੀ ‘ਬਲਾਕਬਸਟਰ’ ਫ਼ਿਲਮ ਹੋਣ ਦਾ ਸ਼ਰਫ਼ ਰੱਖਦੀ ਹੈ। ਇਸ ਤੋਂ ਬਾਅਦ ਕਈ ਸੁਪਰਹਿੱਟ ਪੰਜਾਬੀ ਫ਼ਿਲਮਾਂ ਸਿਨੇਮਾ ਘਰਾਂ ਦਾ ਸ਼ਿੰਗਾਰ ਬਣੀਆਂ ਤੇ ਫਿਰ ਸੰਨ 1980 ਦੇ ਨੇੜੇ ਤੇੜੇ ‘ਜੱਟ’ ਸ਼ਬਦ ਨੂੰ ਕਲਾਵੇ ਵਿੱਚ ਲੈਂਦੀਆਂ ਬੇਸ਼ੁਮਾਰ ਫ਼ਿਲਮਾਂ ਬਣੀਆਂ ਜਿਨ੍ਹਾ ਵਿੱਚੋਂ ਬਹੁਤੀਆਂ ਤਾਂ ਅਸਫਲ ਰਹੀਆਂ ਪਰ ਅਦਾਕਾਰ-ਨਿਰਦੇਸ਼ਕ ਵਰਿੰਦਰ ਕਈ ਸਫ਼ਲ ਫ਼ਿਲਮਾਂ ਦੇਣ ਵਿੱਚ ਕਾਮਯਾਬ ਰਿਹਾ। ਫ਼ਿਲਮ ‘ਜੱਟ ਤੇ ਜ਼ਮੀਨ’ ਦੀ ਸ਼ੂਟਿੰਗ ਵੇਲੇ ਅੱਤਵਾਦੀਆਂ ਨੇ ਵਰਿੰਦਰ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ।ਉਪਰੰਤ ‘ਮੜ੍ਹੀ ਦਾ ਦੀਵਾ,ਕਚਹਿਰੀ ਅਤੇ ਇੱਕਾ ਦੁੱਕਾ ਹੋਰ ਫ਼ਿਲਮਾਂ ਤੋ. ਇਲਾਵਾ ਅਧਿਕਤਰ ਫ਼ਿਲਮਾਂ ਫ਼ਲੱਾਪ ਰਹੀਆਂ ਤੇ ਫਿਰ ਸੰਨ 1999 ਵਿੱਚ ਆਈ ‘ਮਾਹੌਲ ਠੀਕ ਹੈ’ ਅਤੇ ਸੰਨ 2001 ਵਿੱਚ ਆਈ ਫ਼ਿਲਮ ‘ ਜੀ ਆਇਆਂ ਨੂੰ ‘ ਨੇ ਪੰਜਾਬੀ ਸਿਨੇਮਾ ਨੂੰ ਮੁੜ ਕਾਮਯਾਬੀ ਦੇ ਸਫ਼ਰ ਤੇ ਪਾ ਦਿੱਤਾ ਜਿੱਥੇ ਹੁਣ ਇਹ ਆਪਣੀ ਭਰ ਜਵਾਨੀ ਹੰਢਾਅ ਰਿਹਾ ਹੈ ਤੇ ਨਿੱਤ ਨਵੀਆਂ ਮੰਜ਼ਿਲਾਂ ਸਰ ਕਰ ਰਿਹਾ ਹੈ।ਤਾਜ਼ਾ ਰਿਲੀਜ਼ ‘ ਕੈਰੀ ਆਨ ਜੱਟਾ 3’ ਦੇ ਸੌ ਕਰੋੜੀ ਕਲੱਬ ਵਿੱਚ ਸ਼ਾਮਿਲ ਹੋ ਜਾਣ ਨਾਲ ਪੰਜਾਬੀ ਸਿਨੇਮਾ ਨੇ ਇਕ ਨਵਾਂ ਮਾਅਰਕਾ ਮਾਰਿਆ ਹੈ ਤੇ ਇਸਨੂੰ ਇਕ ਫ਼ਖ਼ਰਯੋਗ ਪ੍ਰਾਪਤੀ ਕਿਹਾ ਜਾ ਸਕਦਾ ਹੈ।





ਬਹੁਤ ਘੱਟ ਦਰ਼ਸਕ ਤੇ ਪਾਠਕ ਜਾਣਦੇ ਹਨ ਕਿ ਸੰਨ 1981 ਵਿੱਚ ਬਣੀ ਫ਼ਿਲਮ ‘ਵਿਲਾਇਤੀ ਬਾਬੂ’ ਵਿੱਚ ਬਾਲੀਵੁੱਡ ਦੇ ਮਹਾਂਨਾਇਕ ਅਮਿਤਾਬ ਬੱਚਨ ਅਤੇ ਅਦਾਕਾਰਾ ਰੀਨਾ ਰਾਏ ਨੇ ਮਹੱਤਵਪੂਰਨ ਭੂਮਿਕਾਵਾਂ ਅਦਾ ਕੀਤੀਆਂ ਸਨ। ਇਸੇ ਤਰ੍ਹਾਂ ਬਾਲੀਵੁੱਡ ਦੇ ਹੀਮੈਨ ਅਖਵਾਉਂਦੇ ਧਰਮਿੰਦਰ ਨੇ ‘ ਗਿੱਧਾ, ਕਣਕਾਂ ਦੇ ਓਹਲੇ, ਦੋ ਸ਼ੇਰ,ਪੁੱਤ ਜੱਟਾਂ ਦੇ,ਕੁਰਬਾਨੀ ਜੱਟ ਦੀ, ਡਬਲ ਦੀ ਟਰਬਲ,ਸੰਤੋ ਬੰਤੋ, ਰਾਂਝਣ ਮੇਰਾ ਯਾਰ,ਤੇਰੀ ਮੇਰੀ ਇਕ ਜਿੰਦੜੀ’ ਆਦਿ ਸਮੇਤ ਕੁਝ ਹੋਰ ਪੰਜਾਬੀ ਫ਼ਿਲਮਾਂ ਨੂੰ ਭਾਗ ਲਾਏ ਹਨ।ਬਾਲੀਵੁੱਡ ਦੇ ‘ਜੁਬਲੀ ਸਟਾਰ’ ਕਹੇ ਜਾਂਦੇ ਰਜਿੰਦਰ ਕੁਮਾਰ ਨੇ ਫ਼ਿਲਮ ‘ਦੋ ਸ਼ੇਰ’ ਵਿੱਚ ਵੱਡੀ ਭੂਮਿਕਾ ਅਦਾ ਕੀਤੀ ਸੀ ਜਦੋਂ ਕਿ ਬਾਲੀਵੁੱਡ ਦੇ ਪਹਿਲੇ ਸੁਪਰ ਸਟਾਰ ਅਖਵਾਉਣ ਵਾਲੇ ਰਾਜੇਸ਼ ਖੰਨਾ ਨੇ ‘ਤਿਲ ਤਿਲ ਦਾ ਲੇਖਾ’ ਅਤੇ ‘ ਸਵਾ ਲਾਖ ਸੇ ਏਕ ਲੜਾਊਂ” ਨਾਮਕ ਫ਼ਿਲਮਾਂ ਰਾਹੀਂ ਪਾਲੀਵੁੱਡ ਵਿੱਚ ਆਪਣੀ ਹਾਜ਼ਰੀ ਦਰਜ ਕੀਤੀ ਸੀ।ਸ਼ਤਰੂਘਨ ਸਿਨਹਾ ਨੇ ਫ਼ਿਲਮ ‘ ਪੁੱਤ ਜੱਟਾਂ ਦੇ ਅਤੇ ਮੇਰਾ ਪੰਜਾਬ’, ਵਿਨੋਦ ਖੰਨਾ ਨੇ ‘ ਚੂੜੀਆਂ’, ਮਨੋਜ਼ ਕੁਮਾਰ ਨੇ ‘ ਜੱਟ ਪੰਜਾਬੀ’, ਬਲਰਾਜ ਸਾਹਨੀ ਨੇ ‘ ਸਤਲੁਜ ਦੇ ਕੰਢੇ ਅਤੇ ਨਾਨਕ ਦੁਖੀਆ ਸਭ ਸੰਸਾਰ’, ਪ੍ਰਿਥਵੀ ਰਾਜ ਕਪੂਰ ਨੇ ‘ ਨਾਨਕ ਨਾਮ ਜਹਾਜ਼ ਹੈ,ਨਾਨਕ ਦੁਖੀਆ ਸਭ ਸੰਸਾਰ ਅਤੇ ਮੇਲੇ ਮਿੱਤਰਾਂ ਦੇ’ ਸੰਜੀਵ ਕੁਮਾਰ ਨੇ ‘ ਉਡੀਕਾਂ’, ਆਈ. ਐਸ. ਜੌਹਰ ਨੇ ‘ਛੜਿਆਂ ਦੀ ਡੋਲੀ,ਨਾਨਕ ਨਾਮ ਜਹਾਜ਼ ਹੈ ਅਤੇ ਯਮਲਾ ਜੱਟ ‘ ਅਤੇ ਅਦਾਕਾਰ ਨਵੀਨ ਨਿਸ਼ਚਲ ਨੇ ‘ਤੇਰੇ ਰੰਗ ਨਿਆਰੇ,ਮਿੱਤਰ ਪਿਆਰੇ ਨੂੰ,ਮਾਹੌਲ ਠੀਕ ਹੈ ਅਤੇ ਸਵਾ ਲਾਖ ਸੇ ਏਕ ਲੜਾਊਂ” ਨਾਮਕ ਪੰਜਾਬੀ ਫ਼ਿਲਮਾਂ ਵਿੱਚ ਆਪਣੀ ਅਭਿਨੈ ਪ੍ਰਤਿਭਾ ਦਾ ਮੁਜ਼ਾਹਰਾ ਕੀਤਾ ਸੀ।ਅਦਾਕਾਰ ਭਾਰਤ ਭੂਸ਼ਨ,ਫ਼ਿਰੋਜ਼ ਖ਼ਾਨ,ਯੋਗਿਤਾ ਬਾਲੀ,ਅਭੀ ਭੱਟਾਚਾਰੀਆ ,ਰਣਧੀਰ ਕਪੂਰ, ਮੋਹਨ ਚੋਟੀ ਅਤੇ ਜੈ ਸ੍ਰੀ ਗਡਕਰ ਜਿਹੇ ਨਾਮੀ ਬਾਲੀਵੁੱਡ ਕਲਾਕਾਰਾਂ ਨੂੰ ਅਦਾਕਾਰ ਤੇ ਨਿਰਦੇਸ਼ਕ ਦਾਰਾ ਸਿੰਘ ਨੇ ਆਪਣੀਆਂ ਫ਼ਿਲਮਾਂ ‘ਭਗਤ ਧੰਨਾ ਜੱਟ ਅਤੇ ਧਿਆਨੂੰ ਭਗਤ’ ਰਾਹੀਂ ਪੰਜਾਬੀ ਸਿਨੇ ਪ੍ਰੇਮੀਆਂ ਦੇ ਸਨਮੁੱਖ ਪੇਸ਼ ਕੀਤਾ ਸੀ।

ਬਾਲੀਵੁੱਡ ਦੇ ਵਿਲੱਖਣ ਅਦਾਕਾਰ ਪ੍ਰਾਣ ਨੇ ਤਾਂ ਆਪਣੇ ਕਰੀਅਰ ਦੀ ਸ਼ੁਰੂਆਤ ਹੀ ਪੰਜਾਬੀ ਫ਼ਿਲਮ ‘ ਯਮਲਾ ਜੱਟ’ ਰਾਹੀਂ ਸੰਨ 1940 ਵਿੱਚ ਕੀਤੀ ਸੀ ਤੇ ਫਿਰ ਉਸਨੇ ‘ਛਾਈ,ਚੌਧਰੀ ਕਰਨੈਲ ਸਿੰਘ ਅਤੇ ਨਾਨਕ ਦੁਖੀਆ ਸਭ ਸੰਸਾਰ’ ਜਿਹੀਆਂ ਸੁਪਰਹਿੱਟ ਫ਼ਿਲਮਾਂ ਵੀ ਦਿੱਤੀਆਂ ਸਨ।ਓਮ ਪੁਰੀ ਨੇ ਤਾਂ ‘ਚੰਨ ਪ੍ਰਦੇਸੀ, ਲੌਂਗ ਦਾ ਲਿਸ਼ਕਾਰਾ, ਯਾਰੀਆਂ, ਆ ਗਏ ਮੁੰਡੇ ਯੂ.ਕੇ. ਦੇ, ਭਾਜੀ ਇਨ ਪ੍ਰਾਬਲਮ ਅਤੇ ਚਾਰ ਸਾਹਿਬਜ਼ਾਦੇ’ ਜਿਹੀਆਂ ਫ਼ਿਲਮਾਂ ਕਰਕੇ ਕਮਾਲ ਹੀ ਕਰ ਦਿੱਤੀ ਸੀ।ਅਦਾਕਾਰ ਓਮ ਸ਼ਿਵਪੁਰੀ ਨੂੰ ਵੀ ਦਰਸ਼ਕਾਂ ਨੇ ‘ਅੱਜ ਦੀ ਹੀਰ, ਲੌਂਗ ਦਾ ਲਿਸ਼ਕਾਰਾ ਅਤੇ ਧਿਆਨੂੰ ਭਗਤ’ ਆਦਿ ਫ਼ਿਲਮਾਂ ਵਿੱਚ ਬਹੁਤ ਹੀ ਸਲਾਹਿਆ ਸੀ। ਅਦਾਕਾਰ ਕਿਰਨ ਕੁਮਾਰ ਦੀ ‘ਲਾਡਲੀ’ , ਕੁਲਭੂਸ਼ਨ ਖਰਬੰਦਾ ਦੀਆਂ ‘ ਉੱਚਾ ਦਰ ਬਾਬੇ ਨਾਨਕ ਦਾ,ਮਾਹੌਲ ਠੀਕ ਹੈ, ਖ਼ੁਸ਼ੀਆਂ,ਦਿਲਦਾਰਾ,ਕਿਰਪਾਨ,ਚੰਨ ਪ੍ਰਦੇਸੀ ਅਤੇ ਸਾਡੀ ਲਵ ਸਟੋਰੀ’, ਮੁਕੇਸ਼ ਰਿਸ਼ੀ ਦੀਆਂ ‘ਮਿੱਤਰ ਪਿਆਰੇ ਨੂੰ,ਨਿਡਰ,ਵਾਰਿਸ ਸ਼ਾਹ,ਜੱਟ ਜੇਮਸ ਬਾਂਡ,ਟੌਅਰ ਮਿੱਤਰਾਂ ਦੀ ਅਤੇ ਸਿੱਕਾ’ਆਦਿ ਫ਼ਿਲਮਾਂ ਤਾਂ ਲਾਜਵਾਬ ਰਹੀਆਂ ਹਨ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਅਦਾਕਾਰ ਅਸ਼ੋਕ ਕੁਮਾਰ ਅਤੇ ਪਰਦੀਪ ਕੁਮਾਰ ਜਿਹੇ ਮੰਨੇ ਪ੍ਰਮੰਨੇ ਅਦਾਕਾਰਾਂ ਵੀ ਨੇ ਫ਼ਿਲਮ ‘ਬੰਤੋ’ ਵਿੱਚ ਦਰ਼ਸਕਾਂ ਦਾ ਭਰਪੂਰ ਮਨੋਰਜੰਨ ਕੀਤਾ ਸੀ। ਜਾਨਕੀ ਦਾਸ ਨੇ ‘ਧੰਨਾ ਜੱਟ, ਮਨ ਜੀਤੇ ਜਗ ਜੀਤ,ਰਾਂਝਣ ਮੇਰਾ ਯਾਰ’ ਅਤੇ ਹੀਰਾ ਲਾਲ ਨੇ ‘ਮੇਰਾ ਪੰਜਾਬ, ਧਿਆਨੂੰ ਭਗਤ,ਮੁਟਿਆਰ, ਸੱਪਣੀ ਅਤੇ ਸਵਾ ਲਾਖ ਸੇ ਏਕ ਲੜਾਊਂ” ਅਤੇ ਜਗਦੀਸ਼ ਰਾਜ ਨੇ ‘ਪਵਿੱਤਰ ਪਾਪੀ,ਧਰਮਜੀਤ,ਸਵਾ ਲਾਖ ਸੇ ਏਕ ਲੜਾਊਂ”, ਹਾਸ ਅਦਾਕਾਰ ਓਮ ਪ੍ਰਕਾਸ਼ ਨੇ ‘ਚਮਨ,ਲੱਛੀ,ਮਦਾਰੀ,ਮਨ ਜੀਤੇ ਜਗ ਜੀਤ,ਪਾਪੀ ਤਾਰੇ ਅਨੇਕ ਅਤੇ ਸੁਖੀ ਪਰਿਵਾਰ’, ਅਦਾਕਾਰ ਜਾਨੀ ਵਾਕਰ ਨੇ ‘ਤੇਰੀ ਮੇਰੀ ਇਕ ਜਿੰਦੜੀ, ਦੁੱਖ ਭੰਜਨ ਤੇਰਾ ਨਾਮ ਅਤੇ ਵਿਲਾਇਤ ਪਾਸ’, ਸੁੰਦਰ ਨੇ ‘ਵਿਲਾਇਤੀ ਬਾਬੂ,ਚੰਨ ਪ੍ਰਦੇਸੀ,ਚੋਰਾਂ ਨੂੰ ਮੋਰ,ਟਾਕਰਾ,ਭਗਤੀ ਮੇਂ ਸ਼ਕਤੀ,ਯਮਲਾ ਜੱਟ,ਦੁੱਲਾ ਭੱਟੀ,ਭੰਗੜਾ,ਜੀਜਾ ਜੀ,ਮਦਾਰੀ, ਜੁਗਨੀ, ਛਾਈ,ਸੱਸੀ ਪੁੰਨੂੰ,ਲਾਰਾ ਲੱਪਾ,ਬੰਤੋ’ ਅਤੇ ਮਨਮੋਹਨ ਕ੍ਰਿਸਨ ਜਿਹੇ ਸੀਨੀਅਰ ਬਾਲੀਵੁੱਡ ਅਦਾਕਾਰਾਂ ਨੇ ‘ ਦੁੱਖ ਭੰਜਨ ਤੇਰਾ ਨਾਮ,ਗੁਰੂ ਮਾਨਿਓ ਗ੍ਰੰਥ,ਮੈਂ ਜੱਟੀ ਪੰਜਾਬ ਦੀ ਅਤੇ ਛੜਿਆਂ ਦੀ ਡੋਲੀ’ ਆਦਿ ਪੰਜਾਬੀ ਫ਼ਿਲਮਾਂ ਕਰਕੇ ਪੰਜਾਬੀ ਸਿਨੇਮਾ ਦੀ ਸ਼ੋਭਾ ਵਧਾਈ ਸੀ।




ਇਨ੍ਹਾ ਦੇ ਇਲਾਵਾ ਨਵੀਂ ਪੀੜ੍ਹੀ ਦੇ ਬਾਲੀਵੁੱਡ ਅਦਾਕਾਰਾਂ ਵਿੱਚੋਂ ਅਕਸ਼ੇ ਕੁਮਾਰ ਨੇ ‘ਦਿਲ ਪਰਦੇਸੀ ਹੋ ਗਿਆ,ਭਾਜੀ ਇਨ ਪ੍ਰਾਬਲਮ ਅਤੇ ਮਿੱਤਰ ਪਿਆਰੇ ਨੂੰ ਹਾਲ ਮਰੀਦਾਂ ਦਾ ਕਹਿਣਾ’,ਜੈਕੀ ਸ਼ਰਾਫ਼ ਨੇ ‘ਸਰਦਾਰ ਸਾਬ੍ਹ’,ਅਦਾਕਾਰ ਸ਼ਕਤੀ ਕਪੂਰ ਨੇ ‘ਰਹੇ ਚੜ੍ਹਦੀ ਕਲਾ ਪੰਜਾਬ ਦੀ,ਛੜੇ ਮਲੰਗ ਅਤੇ ਮੈਰਿਜ ਦਾ ਗੈਰਿਜ’,ਰਾਜ ਬੱਬਰ ਨੇ ‘ਲੌਂਗ ਦਾ ਲਿਸ਼ਕਾਰਾ,ਮੜ੍ਹੀ ਦਾ ਦੀਵਾ,ਯਾਰਾਂ ਨਾਲ ਰਹਾਰਾਂ,ਨਸੀਬੋ,ਮਾਹੌਲ ਠੀਕ ਹੈ,ਇਕ ਜਿੰਦ ਇਕ ਜਾਨ,ਸ਼ਹੀਦ ਊਧਮ ਸਿੰਘ,ਕੁਰਬਾਨੀ ਜੱਟ ਦੀ,ਤੇਰਾ ਮੇਰਾ ਕੀ ਰਿਸ਼ਤਾ,ਆਪਣੀ ਬੋਲੀ ਆਪਣਾ ਦੇਸ਼ ਅਤੇ ਆਸਰਾ ਪਿਆਰ ਦਾ’, ਹੁਸੀਨ ਅਦਾਕਾਰਾ ਜੂਹੀ ਚਾਵਲਾ ਨੇ ‘ਵਾਰਿਸ ਸ਼ਾਹ,ਦੇਸ ਹੋਇਆ ਪਰਦੇਸ,ਸੁਖਮਨੀ’, ਸੁਲਝੀ ਹੋਈ ਅਭਿਨੇਤਰੀ ਗ੍ਰੇਸੀ ਸਿੰਘ ਨੇ ‘ਲੱਖ ਪਰਦੇਸੀ ਹੋਈਏ,ਆਪਾਂ ਫੇਰ ਮਿਲਾਂਗੇ, ਚੂੜੀਆਂ’, ਕਵਿਤਾ ਕੌਸ਼ਿਕ ਨੇ ‘ ਨਨਕਾਣਾ,ਵਧਾਈਆਂ ਜੀ ਵਧਾਈਆਂ,ਵੇਖ ਬਰਾਤਾਂ ਚੱਲੀਆਂ, ਮਿੰਦੋ ਤਹਿਸੀਲਦਾਰਨੀ ਅਤੇ ਕੈਰੀ ਆਨ ਜੱਟਾ 3’,ਰਾਜਪਾਲ ਯਾਦਵ ਨੇ ‘ਆਰ.ਐਸ.ਵੀ.ਪੀ. ਅਤੇ ਚੰਡੀਗੜ੍ਹ ਅਮ੍ਰਿਤਸਰ ਚੰਡੀਗੜ੍ਹ’, ਬਾਲੀਵੁੱਡ ਦੇ ਚਰਚਿਤ ਖਲਨਾਇਕ ਰਾਹੁਲ ਦੇਵ ਨੇ ‘ਮਿਰਜ਼ਾ,ਧਰਤੀ,ਯੋਧਾ,ਜੀ ਕਰਦਾ,ਰਮਤਾ ਜੋਗੀ,ਯਾਰਾਂ ਦਾ ਰੁਤਬਾ,ਬੰਬ ਜਿਗਰਾ’ ਅਤੇ ਮੁਕੁਲ ਦੇਵ ਨੇ ‘ਹਵਾਏਂ’, ਬੁੱਰਰਾ..., ਹੀਰ ਐਂਡ ਹੀਰੋ,ਬਾਜ਼, ਸ਼ਰੀਕ,ਹੀਰੋ ਨਾਮ ਯਾਦ ਰੱਖੀਂ,ਜ਼ੋਰਾਵਰ,ਡਾਕਾ, ਜ਼ੋਰਾ 10 ਨੰਬਰੀਆ ਅਤੇ ਮੁੰਡਾ ਫ਼ਰੀਦਕੋਟੀਆ’ ਸਣੇ ਕੁਝ ਹੋਰ ਫ਼ਿਲਮਾਂ ਵਿੱਚ ਆਪਣੀ ਜਾਨਦਾਰ ਤੇ ਸ਼ਾਨਦਾਰ ਅਦਾਕਾਰੀ ਵਿਖਾ ਕੇ ਦਰ਼ਸਕਾਂ ਦੇ ਮਨ ਮੋਹੇ ਹਨ।ਇਨ੍ਹਾ ਤੋਂ ਇਲਾਵਾ ਅਦਾਕਾਰ ਮਨੋਜ ਪਾਹਵਾ ਨੇ ‘ਡਿਸਕੋ ਸਿੰਘ’,ਮੁਕੇਸ਼ ਤਿਵਾੜੀ ਨੇ ‘ਜ਼ੋਰਾ 10 ਨੰਬਰੀਆ,ਜ਼ੋਰਾ ਦਿ ਸੈਕਿੰਡ ਚੈਪਟਰ’, ਹਾਸ ਅਭਿਨੇਤਾ ਰਜ਼ਾਕ ਖ਼ਾਨ ਨੇ ‘ਮੈਰਿਜ ਦਾ ਗੈਰਿਜ’,ਗੁੜ੍ਹੇ ਹੋਏ ਅਦਾਕਾਰ ਪਵਨ ਮਲਹੋਤਰਾ ਨੇ ‘ਸੁਪਰ ਸਿੰਘ, ਪੰਜਾਬ 1984,ਇਕ ਸੰਧੂ ਹੁੰਦਾ ਸੀ,ਵਨਸ ਅਪੌਨ ਏ ਟਾਈਮ ਇਨ ਅਮ੍ਰਿਤਸਰ,ਏਹੁ ਹਮਾਰਾ ਜੀਵਣਾ ਅਤੇ ਗੇਲੋ’,ਪ੍ਰਮੋਦ ਮਾਊਥੋ ਨੇ ‘ਜਿੰਦੜੀ,ਸਾਡਾ ਹੱਕ, ਹਾਏ ਓ ਰੱਬਾ ਇਸ਼ਕ ਨਾ ਹੋਵੇ,ਮਿੰਨੀ ਪੰਜਾਬ’, ਗੋਵਿੰਦ ਨਾਮਦੇਵ ਨੇ ‘ਵੇਖ ਬਰਾਤਾਂ ਚੱਲੀਆਂ’, ਪੁਨੀਤ ਇਸਰ ਨੇ ‘ਫ਼ਤਿਹ,ਬੈਸਟ ਆਫ਼ ਲੱਕ,ਰੱਬ ਨੇ ਬਣਾਈਆਂ ਜੋੜੀਆਂ,ਤੇਰੀ ਮੇਰੀ ਗੱਲ ਬਣ ਗਈ ਅਤੇ ਜਗ ਜਿਊਂਦਿਆਂ ਦੇ ਮੇਲੇ’, ਸ਼ਾਹਬਾਜ਼ ਖ਼ਾਨ ਨੇ ‘ਜੱਟ ਜੇਮਸ ਬਾਂਡ,ਬਿੱਕਰ ਬਾਈ ਸੈਂਟੀਮੈਂਟਲ ਅਤੇ ਦਾਸਤਾਨ ਏ ਸਰਹਿੰਦ’ ਅਤੇ ਪੰਕਜ ਤ੍ਰਿਪਾਠੀ ਜਿਹੇ ਅਦਾਕਾਰਾਂ ਨੇ ‘ਹਰਜੀਤਾ’ ਆਦਿ ਫ਼ਿਲਮਾਂ ਵਿੱਚ ਦਮਦਾਰ ਕਿਰਦਾਰ ਨਿਭਾਅ ਕੇ ਪੰਜਾਬੀ ਸਿਨੇਮਾ ਦੀ ਸਾਖ ਵਧਾਈ ਹੈ।







ਬਾਲੀਵੁੱਡ ਦੇ ਕਈ ਹੋਰ ਵੱਡੇ ਅਤੇ ਨਾਮਵਰ ਅਦਾਕਾਰ ਜਿਨ੍ਹਾ ਨੇ ਪੰਜਾਬੀ ਫ਼ਿਲਮਾਂ ਨੂੰ ਚਾਰ ਚੰਨ ਲਗਾਏ ਹਨ, ਉਨ੍ਹਾ ਵਿੱਚ ਕਬੀਰ ਬੇਦੀ ਨੇ ‘ਯਾਰਾ ਓ ਦਿਲਦਾਰਾ ਅਤੇ ਯਾਰੀ ਤੇ ਸਰਦਾਰੀ’,ਰਜਿੰਦਰ ਨਾਥ ਨੇ ‘ਦੋ ਪੋਸਤੀ ਅਤੇ ਸੱਚਾ ਮੇਰਾ ਰੂਪ ਹੈ’, ਮੁਕੇਸ਼ ਖੰਨਾ ਨੇ ‘ਮਾਂਵਾਂ ਠੰਡੀਆਂ ਛਾਂਵਾਂ’, ਰਾਕੇਸ਼ ਬੇਦੀ ਨੇ ‘ਮੈਂ ਤੂੰ ਅਸੀਂ ਤੁਸੀਂ’,ਗਿਰਜਾ ਸ਼ੰਕਰ ਨੇ ‘ਉੱਚਾ ਦਰ ਬਾਬੇ ਨਾਨਕ ਦਾ, ਬਾਗ਼ੀ, ਗ਼ੱਦਾਰ, ਫ਼ਰਾਰ ਅਤੇ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ’ਪੰਕਜ ਧੀਰ ਨੇ ‘ਚੂੜੀਆਂ,ਕਪਤਾਨ ਅਤੇ ਸਰਦਾਰ ਜੀ’ ,ਗਜੇਂਦਰ ਚੌਹਾਨ ਨੇ ‘ਇਕ ਉਂਕਾਰ’,ਗੋਗਾ ਕਪੂਰ ਨੇ ‘ਖੇਲ ਤਕਦੀਰਾਂ ਦੇ’,ਪੰਕਜ ਬੇਰੀ ਨੇ ‘ਸੂਬੇਦਾਰ,ਸੀਤੋ ਮਰਜਾਣੀ,ਦਿਲ ਦੀਆਂ ਗੱਲਾਂ ਅਤੇ ਜੰਗ 1984’, ਅਵਤਾਰ ਗਿੱਲ ਨੇ ‘ ਉਡੀਕਾਂ,ਰੱਬ ਦਾ ਰੇਡੀਓ 2,ਮੁੰਡੇ ਕਮਾਲ ਦੇ,ਡਬਲ ਦਿ ਟਰਬਲ,ਮਿੱਤਰ ਪਿਆਰੇ ਨੂੰ, ਸਿੰਘ ਵਰਸਿਜ਼ ਕੌਰ,ਜੱਟ ਜੇਮਸ ਬਾਂਡ,ਤੂਫ਼ਾਨ ਸਿੰਘ’ ਆਦਿ ਜਿਹੀਆਂ ਬੇਹਤਰੀਨ ਫ਼ਿਲਮਾਂ ਸਦਕਾ ਪਾਲੀਵੁੱਡ ਨੂੰ ਬੁਲੰਦੀਆਂ ਤੇ ਪਹੁੰਚਾਉਣ ਲਈ ਘਾਲਣਾ ਘਾਲੀ ਹੈ।




ਬਾਲੀਵੁੱਡ ਜਿਹੀ ਵੱਡੀ ਫ਼ਿਲਮ ਇੰਡਸਟਰੀ ਚੋਂ ਵਕਤ ਕੱਢ ਕੇ ਪੰਜਾਬੀ ਸਿਨੇਮਾ ਜਿਹੇ ਖੇਤਰੀ ਸਿਨੇਮਾ ਨੂੰ ਵੱਡਾ ਕੈਨਵਸ ਪ੍ਰਦਾਨ ਕਰਨ ਲਈ ਕੁਝ ਹੋਰ ਅਹਿਮ ਸਿਤਾਰਿਆਂ ਨੇ ਵੀ ਵੱਡਾ ਯੋਗਦਾਨ ਪਾਇਆ ਹੈ ਜਿਸ ਵਾਸਤੇ ਸਮੁੱਚਾ ਪਾਲੀਵੁੱਡ ਉਨ੍ਹਾ ਦਾ ਸ਼ੁਕਰਗੁਜ਼ਾਰ ਮਹਿਸੂਸ ਕਰਦਾ ਹੈ।ਆਇਸ਼ਾ ਜ਼ੁਲਕਾ ਤੇ ਅਵਿਨਾਸ਼ ਵਧਾਵਨ ਨੇ ‘ਖ਼ਾਲਸਾ ਮੇਰੋ ਰੂਪ ਹੈ ਖ਼ਾਸ’, ਯਾਮੀ ਗੌਤਮ ਨੇ ‘ਏਕ ਨੂਰ’,ਰਜਤ ਬੇਦੀ ਨੇ ‘ਗੋਲ ਗੱਪੇ’,ਜ਼ਹੀਰਾ ਨੇ ‘ਲਾਡਲੀ ਅਤੇ ਸਾਲ ਸੋਲ੍ਹਵਾਂ ਚੜ੍ਹਿਆ’,ਤਨੂਜਾ ਨੇ ‘ ਉੱਚਾ ਦਰ ਬਾਬੇ ਨਾਨਕ ਦਾ ਅਤੇ ਦਿਲਦਾਰਾ’, ਵੱਡੇ ਅਦਾਕਾਰ ਵਿਨੋਦ ਮਹਿਰਾ ਨੇ ‘ਮੌਜਾਂ ਦੁਬਈ ਦੀਆਂ’ ਪੂਨਮ ਢਿੱਲੋਂ ਨੇ ‘ ਡਬਲ ਦੀ ਟਰਬਲ ਅਤੇ ਉਮਰਾਂ ‘ਚ ਕੀ ਰੱਖਿਆ’, ਵਿੱਦਿਆ ਸਿਨਹਾ ਅਤੇ ਸਿੰਮੀ ਗਰੇਵਾਲ ਨੇ ‘ਉਡੀਕਾਂ’, ਰੇਖਾ ਨੇ ‘ਸਾਲ ਸੋਲ੍ਹਵਾਂ ਚੜ੍ਹਿਆ’,ਮਧੂਮਤੀ ਨੇ ‘ ਸੱਪਣੀ,ਚੰਬੇ ਦੀ ਕਲੀ, ਮਨ ਜੀਤੇ ਜਗ ਜੀਤ’,ਹੈਲਨ ਨੇ ‘ਯਮਲਾ ਜੱਟ ਅਤੇ ਸੁਖੀ ਪਰਿਵਾਰ’, ਅਰੁਣਾ ਈਰਾਨੀ ਨੇ ‘ ਉੱਚਾ ਦਰ ਬਾਬੇ ਨਾਨਕ ਦਾ,ਲੰਬੜਦਾਰਨੀ ਅਤੇ ਜੱਟ ਦੁਬਈ ਦਾ’,ਉਮਾ ਦੇਵੀ ਉਰਫ਼ ਟੁਨਟੁਨ ਨੇ ‘ ਪਰਦੇਸਣ,ਸੱਪਣੀ,ਗੋਰੀ ਦੀਆਂ ਝਾਂਜਰਾਂ,ਮੇਲੇ ਮਿੱਤਰਾਂ ਦੇ,ਪਿੰਡ ਦੀ ਕੁੜੀ,ਮੈਂ ਜ਼ੱਟੀ ਪੰਜਾਬ ਦੀ’, ਅਦਾਕਾਰਾ ਮਨੋਰਮਾ ਨੇ ‘ਖ਼ਜ਼ਾਨਚੀ,ਸਹਿਤੀ ਤੇ ਮੁਰਾਦ,ਮੇਰਾ ਮਾਹੀ,ਕੋਇਲ, ਲੱਛੀ,ਪੋਸਤੀ,ਜੁਗਨੀ’, ਪਦਮਾ ਖੰਨਾ ਨਾਮਕ ਅਦਾਕਾਰਾ ਨੇ ‘ਧੰਨਾ ਜੱਟ, ਜਿੰਦੜੀ ਯਾਰ ਦੀ, ਅਤੇ ਸ਼ੇਰ ਪੁੱਤਰ’,ਨ ਸ਼ੀਲੇ ਨੈਣਾਂ ਵਾਲੀ ਨਿਸ਼ੀ ਨੇ ‘ਡੰਕਾ,ਨਾਨਕ ਨਾਮ ਜਹਾਜ਼ ਹੈ,ਲਾਈਏ ਤੇ ਤੋੜ ਨਿਭਾਈਏ,ਧਰਤੀ ਵੀਰਾਂ ਦੀ,ਸਤਲੁਜ ਦੇ ਕੰਢੇ,ਲਾਜੋ, ਲਾਡੋ ਰਾਣੀ,ਸੱਪਣੀ,ਪਿੰਡ ਦੀ ਕੁੜੀ, ਬੰਤੋ,ਢੋਲ ਜਾਨੀ, ਗੁੱਡੀ, ਭੰਗੜਾ, ਜੀਜਾ ਜੀ ਅਤੇ ਮੈਂ ਜੱਟੀ ਪੰਜਾਬ ਦੀ’ ਅਤੇ ਖ਼ੂਬਸੂਰਤੀ ਦਾ ਮੁਜੱਸਮਾ ਕਹੀ ਜਾਂਦੀ ਵਿੰਮੀ ਨੇ ‘ਨਾਨਕ ਨਾਮ ਜਹਾਜ਼ ਹੈ’ ਜਿਹੀ ਕੌਮੀ ਪੁਰਸਕਾਰ ਵਿਜੇਤਾ ਫ਼ਿਲਮ ਵਿੱਚ ਅਦਾਕਾਰੀ ਕਰਕੇ ਪੰਜਾਬੀ ਸਿਨੇਮਾ ਦੀ ਪੱਗ ਦਾ ਸ਼ਮਲਾ ਹੋਰ ਉੱਚਾ ਕਰ ਦਿੱਤਾ ਸੀ।

410, ਚੰਦਰ ਨਗਰ, ਬਟਾਲਾ।
ਮੋ:97816 46008

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 4643 Sloan St Fremont CA 94538
2. 30252 Cedarbrook Dr Hayward ca 94544
3. 4452 Alice Way Union city CA 94587
4. 776 Vereda ct San Jose CA 95123
5. 8455 Peachtree Ave Newark CA 94560
6. 2125 Neptune Rd Livermore CA 94550
7. 2169 Charger Dr San Jose CA 95131
8. 9550 Appaloosa Pl Elk Grove CA 95624
9. 9810 Bobcat Ct Gilroy CA 95020
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 985 Silver Birch Ln Hayward CA 94544
14. 1672 Northgate Manteca CA 95336

## Purchase Loan and Refinance

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095

19-20